ਰਾਗਮਾਲਾ ਦਾ ਵਿਵਾਦ
ਅਤੇ
ਇਕ ਵਿਸ਼ੇਸ਼ ਸਿਧਾਂਤ-ਚਰਚਾ

ਡਾ. ਹਰਭਜਨ ਸਿੰਘ

ਬਿਬੇਕ ਪ੍ਰਕਾਸ਼ਨ
ਚੌਕ ਕਟੜਾ ਆਹਲੂਵਾਲੀਆ, ਸ਼੍ਰੀ ਅੰਮ੍ਰਿਤਸਰ

ਰਾਗਮਾਲਾ ਦਾ ਵਿਵਾਦ

ਅਤੇ

ਇਕ ਵਿਸ਼ੇਸ਼ ਸਿਧਾਂਤ-ਚਰਚਾ

ੴ ਵਾਹਿਗੁਰੂ ਜੀ ਕੀ ਫਤਹਿ ॥

ਰਾਗਮਾਲਾ ਦਾ ਵਿਵਾਦ
ਅਤੇ
ਇਕ ਵਿਸ਼ੇਸ਼ ਸਿਧਾਂਤ-ਚਰਚਾ

ਡਾ. ਹਰਭਜਨ ਸਿੰਘ

ਪ੍ਰਕਾਸ਼ਕ
ਬਿਬੇਕ ਪ੍ਰਕਾਸ਼ਨ
ਚੌਕ ਕਟੜਾ ਆਹਲੂਵਾਲੀਆ, ਸ੍ਰੀ ਅਮ੍ਰਿਤਸਰ

©
ਲੇਖਕ ਡਾ. ਹਰਭਜਨ ਸਿੰਘ
C-34, ਪੰਜਾਬੀ ਯੂਨੀਵਰਸਿਟੀ, ਪਟਿਆਲਾ
ਫੋਨ ਨੰ. 94633-62026, 99971-39539, 8427955727
email : drhbnsingh@gmail.com

Controversy of Raagmala
and
An Intellectual Discussion on Sikh Principles

Writer
Dr. Harbhajan Singh

2012
ਕਾਪੀਆਂ: 1000
ਮੁੱਲ: 210/-

Price US$ 10.00
(Outside India)

ਪ੍ਰਕਾਸ਼ਕ : ਬਿਬੇਕ ਪ੍ਰਕਾਸ਼ਨ
ਚੌਂਕ ਕਟੜਾ ਆਹਲੂਵਾਲੀਆ, ਸ੍ਰੀ ਅੰਮ੍ਰਿਤਸਰ, ਪੰਜਾਬ (ਭਾਰਤ)
ਫੋਨ: +91 98148 98108, 99886 58307
98149 49590, 98152 01233
email: bibekparkashan09@gmail.com

ਕੰਪਿਊਟਰਗ੍ਰਾਫ਼ੀ : ਰਾਹੁਲ ਕੰਪਿਊਟਰਜ਼
ਸ਼ੇਰਾਂਵਾਲਾ ਗੇਟ, ਪਟਿਆਲਾ
ਫੋਨ: +91 0175 5008675, 98769 30229

ਛਾਪਕ : ਮਾਸਟਰ ਪ੍ਰਿੰਟਰਜ਼
ਸ਼ੇਰਾਂਵਾਲਾ ਗੇਟ, ਪਟਿਆਲਾ
ਫੋਨ: +91 98720 19603

ਸਾਦਰ ਸਮਰਪਣ

ਪਰਮ ਪਵਿੱਤਰ, ਪਰਮ ਸਨਮਾਨਿਤ,
ਪਰਮ ਸੁਹਿਰਦ, ਉਜ੍ਵਲ ਬੁਧਿ ਸ੍ਰੀ ਮਾਨ
ਡਾ. ਸੰਤੋਖ ਸਿੰਘ ਜੀ 'ਭੋਪਾਲ'
ਦੇ ਮਹਾ-ਪੁਨੀਤ ਕਲਿਆਣਕਾਰੀ ਜੀਵਨ
ਅਤੇ ਪੰਥ-ਪ੍ਰਸਤੀ ਨੂੰ।

ਪ੍ਰਸਤਾਵਨਾ

ਮੈਂ ਆਪਣੀ ਪੁਸਤਕ 'ਸ੍ਰੀ ਦਸਮ ਗ੍ਰੰਥ ਸਾਹਿਬ ਕਰਤਾ ਸੰਬੰਧੀ ਵਿਵਾਦ ਦੀ ਪੁਨਰ-ਸਮੀਖਿਆ' ਵਿਚ ਕਿਹਾ ਸੀ, "ਅਸੀਂ ਇਹ ਵੀ ਜਾਣਦੇ ਹਾਂ ਕਿ ਜਿਨ੍ਹਾਂ ਲੋਕਾਂ ਨੂੰ 'ਦਸਮ ਗ੍ਰੰਥ' ਵਿਚੋਂ ਹਿੰਦੂਵਾਦ ਦੀਆਂ ਝਲਕਾਂ ਪ੍ਰਤੀਤ ਹੋਈਆਂ ਸਨ, ਉਨ੍ਹਾਂ ਨੂੰ ਭੱਟਾਂ ਅਤੇ ਭਗਤਾਂ ਦੀ ਬਾਣੀ ਵਿਚੋਂ ਵੀ ਹਿੰਦੂਵਾਦ ਦੀ ਦੁਰਗੰਧ ਆਈ ਸੀ। ਜਿਤਨੇ ਵੀ ਲੋਕ 'ਦਸਮ ਗ੍ਰੰਥ' ਦੇ ਵਿਰੋਧੀ ਹਨ, ਉਹ ਗੁਰੂ ਗ੍ਰੰਥ ਸਾਹਿਬ ਨੂੰ ਵੀ ਖੰਡਿਤ ਕਰਨਾ ਲੋਚਦੇ ਹਨ, ਭਾਵੇਂ ਉਹ ਅਜੇ ਡਰਦੇ ਹੋਏ ਭਗਤ ਬਾਣੀ ਅਤੇ ਭਟ ਬਾਣੀ ਦਾ ਜ਼ਿਕਰ ਤਿਆਗ ਕੇ ਰਾਗਮਾਲਾ ਦਾ ਵਿਰੋਧ ਹੀ ਕਿਉਂ ਨਾ ਕਰਦੇ ਹੋਣ"? ਮੇਰਾ ਇਹ ਕਥਨ ਤਥਾਂ ਉਤੇ ਆਧਾਰਿਤ ਸੀ। ਹਿੰਦੂਵਾਦ ਦੀ ਜਿਹੜੀ ਬਦਬੂ ਇਸ ਵਰਗ ਨੂੰ 'ਸ੍ਰੀ ਦਸਮ ਗ੍ਰੰਥ' ਵਿਚੋਂ ਆਉਂਦੀ ਹੈ, ਉਹੋ ਭਗਤ ਬਾਣੀ, ਭਟ ਬਾਣੀ, ਰਾਗਮਾਲਾ ਆਦਿ ਵਿਚੋਂ ਵੀ ਆਉਂਦੀ ਹੈ। ਸ੍ਰੀ ਦਸਮ ਗ੍ਰੰਥ ਦੀ ਵਿਰੋਧਤਾ ਕਰਨ ਵੇਲੇ ਲੋਕਾਂ ਨੂੰ ਗੁੰਮਰਾਹ ਕਰਨ ਵਾਸਤੇ ਇਹ ਲੋਕ ਕੇਵਲ ਗੁਰੂ ਗ੍ਰੰਥ ਸਾਹਿਬ ਨੂੰ ਪ੍ਰਮਾਣਿਕ ਅਤੇ ਪੂਰਨ ਗੁਰੂ ਮੰਨਣ ਦੇ ਦਾਵੇ ਕਰਦੇ ਹਨ ਅਤੇ ਭੋਲੇ-ਭਾਲੇ ਲੋਕਾਂ ਨੂੰ ਦਸਦੇ ਨਹੀਂ ਥਕਦੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਂਗ ਸ੍ਰੀ ਦਸਮ ਗ੍ਰੰਥ ਦਾ ਪ੍ਰਕਾਸ਼ ਕਰਨ ਨਾਲ ਗੁਰੂ ਗ੍ਰੰਥ ਦੀ ਗੁਰਤਾ ਲਈ ਖ਼ਤਰਾ ਬਣ ਜਾਂਦਾ ਹੈ, ਪਰ ਇਨ੍ਹਾਂ ਦੀ ਇਹ ਨਕਲੀ ਵਫ਼ਾਦਾਰੀ ਅਤੇ ਗੁਰੂ-ਭਗਤੀ ਬਹੁਤ ਜਲਦੀ ਅਸਥਿਰ ਹੋ ਜਾਂਦੀ ਹੈ ਅਤੇ ਅਸਲ ਰੂਪ ਨਗਨ ਹੋ ਜਾਂਦਾ ਹੈ, ਜਦੋਂ ਇਹ ਗੁਰੂ ਗ੍ਰੰਥ ਸਾਹਿਬ ਵਿਚ ਵੀ ਮਿਲਾਵਟੀ ਬਾਣੀ ਹੋਣ ਦਾ ਪੁਰਜ਼ੋਰ ਪ੍ਰਚਾਰ ਕਰਦੇ ਹਨ। ਸ੍ਰੀ ਦਸਮ ਗ੍ਰੰਥ ਸੰਬੰਧੀ ਚਲੇ ਪ੍ਰਚੰਡ ਵਿਵਾਦ ਵਿਚੋਂ ਭਾਜ ਖਾਣ ਪਿਛੋਂ ਹੁਣ ਇਹ ਅਖੌਤੀ ਵਿਦਵਾਨ ਰਾਗਮਾਲਾ ਦੇ ਵਿਰੋਧ ਵਿਚ ਇਕਜੁਟ ਹੋਣ ਲਈ ਯਤਨਸ਼ੀਲ ਹਨ। ਪ੍ਰੋ. ਹਰਪਾਲ ਸਿੰਘ ਪਨੂੰ ਜੀ ਦੀ ਵਿਸ਼ੇਸ਼ ਪ੍ਰੇਰਨਾ ਸਦਕਾ ਮੈਂ ਇਸ ਮੁਦੇ ਉਤੇ ਆਪਣੇ ਵਿਚਾਰਾਂ ਨੂੰ ਸ਼ਾਬਦਿਕ ਰੂਪ ਦੇਣ ਦਾ ਯਤਨ ਕੀਤਾ ਹੈ। ਇਹ ਪਾਠਕਾਂ ਦੇ ਵਿਵੇਕ ਉਤੇ ਹੈ, ਕਿ ਉਹ ਇਸ ਛੋਟੇ ਜਿਹੇ ਸਾਹਿਤਿਕ ਪ੍ਰਯਤਨ ਦਾ ਮੁਲਾਂਕਣ ਕਿਵੇਂ ਕਰਦੇ ਹਨ ?

ਇਹ ਕ੍ਰਿਤੀ ਦੋ ਭਾਗਾਂ ਵਿਚ ਵਿਭਾਜਿਤ ਹੈ। ਪਹਿਲੇ ਭਾਗ ਵਿਚ ਰਾਗਮਾਲਾ ਦੇ ਮਸਲੇ ਦਾ ਵਿਵੇਚਨ ਕੀਤਾ ਗਿਆ ਹੈ, ਜਦੋਂ ਕਿ ਦੂਜੇ ਭਾਗ ਵਿਚ ਸਿਖ ਧਰਮ-ਸ਼ਾਸਤ੍ਰ ਦੇ ਕੁਝ ਅਹਿਮ ਨੁਕਤੇ ਵਿਚਾਰੇ ਹਨ, ਜੋ ਇਕ ਵਿਸ਼ੇਸ਼ ਵਿਵਾਦ ਵਿਚੋਂ ਸਾਹਮਣੇ ਆਏ ਸਨ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਚਾਰ ਸਮੁਚੀ ਮਾਨਵਤਾ ਨੂੰ ਧਰਮ ਦਾ ਸਹੀ ਮਾਰਗ ਦਰਸਾਉਣ ਵਾਲੇ ਸਨ। ਸਿਧਾਂ, ਯੋਗੀਆਂ ਅਤੇ ਨਾਥਾਂ ਦੇ ਸਰਵੁਚ ਟਿਕਾਣਿਆਂ ਉਤੇ ਪਹੁੰਚ ਕੇ ਉਨ੍ਹਾਂ ਨੇ ਯੋਗ ਨੂੰ ਨਵੇਂ ਤਰੀਕੇ ਨਾਲ ਪਰਿਭਾਸ਼ਿਤ ਕਰ ਕੇ ਗ੍ਰਿਹਸਥ ਅਤੇ ਯੋਗ ਵਿਚ ਸਦੀਆਂ ਤੋਂ ਸਥਾਪਿਤ ਕੀਤੀ ਗਈ ਦੂਰੀ ਨੂੰ ਸਮਾਪਿਤ ਕਰ ਦਿੱਤਾ। ਇਨ੍ਹਾਂ ਤਿਆਗਵਾਦੀ ਸੰਪ੍ਰਦਾਵਾਂ ਦੇ ਸਾਧੂਆਂ ਨੂੰ ਉਨ੍ਹਾਂ ਨੇ ਦਸਿਆ ਕਿ ਮਾਇਆ ਵਿਚ ਸੁਰਤਿ ਨੂੰ ਖਚਿਤ ਕਰਨਾ ਭੋਗਵਾਦ ਹੈ ਅਤੇ ਮਾਇਆ ਵਿਚ ਰਹਿੰਦਿਆਂ ਸੁਰਤਿ ਨੂੰ ਇਸ ਦੀ ਕਾਲਖ ਤੋਂ ਉਪਰ ਰਖਣਾ ਵਾਸਤਵਿਕ ਤਿਆਗ ਹੈ। ਇੰਞ ਤਿਆਗਵਾਦ ਦੇ ਭੇਖ ਵਿਚ ਮਹਾ-ਭੋਗੀ ਹੋ ਸਕਦੇ ਹਨ ਅਤੇ ਗ੍ਰਿਹਸਥ ਧਰਮ ਦਾ ਪਰਿਪਾਲਨ ਕਰਨ ਵਾਲੇ ਭੋਗ-ਮੁਕਤ ਹੋ ਸਕਦੇ ਹਨ। ਉਨ੍ਹਾਂ ਨੇ ਹਰਿਦੁਆਰ, ਕੁਰੂਕਸ਼ੇਤਰ, ਕਾਸ਼ੀ, ਜਗਨਨਾਥਪੁਰੀ, ਓਅੰਕਾਰੇਸ਼ਵਰ ਜੈਸੇ ਅਨੇਕਾਂ ਹੀ ਹਿੰਦੂ ਤੀਰਥਾਂ ਦੀ ਯਾਤਰਾ ਕਰ ਕੇ ਉਪਦੇਸ਼ ਦਿੱਤਾ ਕਿ ਜੋ ਕਰਮ-ਕਾਂਡ ਉਨ੍ਹਾਂ ਦੇ ਜੀਵਨ ਉਤੇ ਭਾਰੂ ਹੋ ਗਿਆ ਹੈ, ਉਸ ਦਾ ਅਧਿਆਤਮਕ ਮੁਲ ਇਕ ਕੌਡੀ ਵੀ ਨਹੀਂ ਹੈ। ਕਰਮ-ਕਾਂਡ ਦੇ ਬੰਧਨ ਮਾਨਵੀ ਮਨ ਨੂੰ ਇਤਨਾ ਪਰਾਧੀਨ ਕਰ ਦੇਂਦੇ ਹਨ ਕਿ ਇਸ ਸਥਿਤੀ ਵਿਚ ਕਿਸੇ ਮੁਕਤੀ ਦੀ ਕੋਈ ਸੰਭਾਵਨਾ ਨਹੀਂ ਹੋ ਸਕਦੀ। ਮੁਕਤੀ-ਮਾਰਗ ਉਤੇ ਅਗੇ ਵਧਣ ਵਾਸਤੇ ਮਨੁੱਖ ਦਾ ਸਹਾਈ ਸਿਰਫ਼ ਪ੍ਰਭੂ-ਨਾਮ ਦਾ ਸਿਮਰਨ ਹੈ। ਅਕਾਲ-ਪੁਰਖ਼ ਦੇ ਸਿਮਰਨ ਬਿਨਾ ਹੋਰ ਯਤਨ ਸਰਬ-ਭਾਂਤਿ ਨਿਸਫਲ ਹਨ। ਪ੍ਰਭੂ ਨੂੰ ਕਰਨ-ਕਾਰਨ ਸਮਰਥ ਜਾਣ ਕੇ ਗੁਰੂ ਦੀ ਕ੍ਰਿਪਾ ਦੁਆਰਾ ਉਸ ਨਾਲ ਸਾਂਝ ਕਾਇਮ ਕੀਤਿਆਂ ਹੀ ਜਗਤ ਦੇ ਮੋਹ-ਮਾਇਆ ਨੂੰ ਪਾਰ ਪਾਇਆ ਜਾ ਸਕਦਾ ਹੈ-

ਨਿਹਫਲੰ ਤਸ੍ਯ ਜਨਮਸ੍ਯ ਜਾਵਦ ਬ੍ਰਹਮ ਨ ਬਿੰਦਤੇ ॥
ਸਾਗਰੰ ਸੰਸਾਰਸ੍ਯ ਗੁਰ ਪਰਸਾਦੀ ਤਰਹਿ ਕੇ ॥
ਕਰਣ ਕਾਰਣ ਸਮਰਥੁ ਹੈ ਕਹੁ ਨਾਨਕ ਬੀਚਾਰਿ ॥
ਕਾਰਣੁ ਕਰਤੇ ਵਸਿ ਹੈ ਜਿਨਿ ਕਲ ਰਖੀ ਧਾਰਿ ॥ ੨ ॥

ਸਰਬ ਸਮਰਥ ਸ੍ਰੀ ਗੁਰੂ ਜੀ ਆਪਣੀ ਅਨੰਤ ਕਲਾ ਦੁਆਰਾ ਦੂਰ ਦੇਸ਼ਾਂ ਵਿਚ

ਪਹੁੰਚੇ। ਉਹ ਹਾਜੀਆਂ ਦਾ ਭੇਸ ਧਾਰਨ ਕਰ ਕੇ ਗੈਰ-ਮੁਸਲਿਮਾਂ ਵਾਸਤੇ ਪੂਰੀ ਤਰ੍ਹਾਂ ਵਿਵਰਜਿਤ ਪਵਿਤਰ ਸ਼ਹਿਰ ਮੱਕੇ ਵਿਚ ਸਥਿਤ ਕੇਂਦਰੀ ਧਰਮ-ਸਥਾਨ ਕਾਅਬੇ ਦੇ ਬਿਲਕੁਲ ਨਜ਼ਦੀਕ ਪਹੁੰਚੇ ਅਤੇ ਹੱਜ ਵਾਸਤੇ ਉਥੇ ਆਏ ਲੱਖਾਂ ਹਾਜੀਆਂ ਨੂੰ ਅੱਲਾਹ ਦੀ ਹਰ ਸਥਾਨ ਅਤੇ ਹਰ ਦਿਸ਼ਾ ਵਿਚ ਮੌਜੂਦਗੀ ਦਾ ਇਹਸਾਸ ਕਰਵਾਇਆ। ਇਸਲਾਮ ਦੀ ਹਰ ਕੀਮਤੀ ਚੀਜ਼ ਨੂੰ ਨਵੇਂ ਤਰੀਕੇ ਨਾਲ ਪਰਿਭਾਸ਼ਿਤ ਕੀਤਾ। ਰੋਜ਼ਾ, ਹੱਜ, ਨਮਾਜ, ਜ਼ਕਾਤ ਅਤੇ ਵਿਸ਼ਵਾਸ ਦੇ ਨਵੇਂ ਅਰਥ ਸਥਾਪਿਤ ਕੀਤੇ। ਉਨ੍ਹਾਂ ਦੇ ਬੋਲਾਂ ਦਾ ਇਤਨਾ ਪ੍ਰਭਾਵ ਸੀ ਕਿ ਹਰ ਹਾਜੀ ਨੂੰ ਉਹ ਇਸਲਾਮ ਦੇ ਮਹਾਨ ਪੀਰ ਲਗਦੇ ਸਨ। ਇਸਲਾਮ ਦੀ ਧਾਰਨਾ ਦੇ ਉਲਟ ਉਨ੍ਹਾਂ ਦੇ ਲਖਾਂ ਆਕਾਸ਼-ਪਾਤਾਲ ਦੇ ਵਿਚਾਰ ਨੂੰ ਮੁਸਲਮਾਨ ਸ਼੍ਰੋਤਿਆਂ ਨੇ ਸੁਹਿਰਦਤਾ ਨਾਲ ਸੁਣਿਆ ਅਤੇ ਸਤਿਕਾਰ ਦਿੱਤਾ। ਹੇਠਾਂ ਦਿਤੀਆਂ ਸੱਤਰਾਂ ਉਨ੍ਹਾਂ ਸ਼੍ਰੋਤਿਆਂ ਵਾਸਤੇ ਪੈਗੰਬਰੀ ਗਿਆਨ ਤੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ ਸਨ-

ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ ॥
ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ ॥
ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ ॥
ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ ॥
ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ ॥ ੧ ॥...
ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ ॥
ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ ॥
ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ ॥
ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ ॥
ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ ॥ ੩ ॥

ਇਹ ਅਸੀਂ ਕੁਝ ਧਰਮਾਂ ਅਤੇ ਕੁਝ ਧਾਰਮਿਕ ਪੰਥਾਂ ਬਾਰੇ ਕਹਿ ਸਕੇ ਹਾਂ। ਚੀਨ, ਰੂਸ, ਸ੍ਰੀ ਲੰਕਾ, ਤੁਰਕੀ ਵਰਗੇ ਅਨੇਕਾਂ ਦੇਸ਼ਾਂ ਵਿਚ ਜਾਣ ਵਾਲੇ ਗੁਰੂ ਜੀ ਨੇ ਕਿਤਨੇ ਧਰਮਾਂ ਅਤੇ ਧਾਰਮਿਕ ਸੰਪ੍ਰਦਾਵਾਂ ਦੇ ਲੋਕਾਂ ਨੂੰ ਪ੍ਰਭਾਵਿਤ ਕੀਤਾ ਹੋਵੇਗਾ, ਇਸ ਦਾ ਜਵਾਬ ਸ਼ਾਇਦ ਇਤਿਹਾਸ ਕਦੇ ਦੇ ਨਹੀਂ ਸਕੇਗਾ, ਕਿਉਂਕਿ ਪੂਰਨ ਗੁਰੂਦੇਵ ਦੇ ਸਾਰੇ ਕੌਤੁਕ ਇਤਿਹਾਸ ਦੇ ਨਿਗੂਣੇ ਤਥਾਂ ਦੀ ਪਹੁੰਚ ਵਿਚ ਨਹੀਂ ਹੋ ਸਕਦੇ। ਨਿਸ਼ਚਿਤ

ਤੌਰ ਤੇ ਉਹ ਇਕਲੇ ਅਜਿਹੇ ਧਾਰਮਿਕ ਆਗੂ ਸਨ, ਜਿਨ੍ਹਾਂ ਦੇ ਵਿਚਾਰਾਂ ਨੂੰ ਹਰ ਵਿਅਕਤੀ ਨੇ ਸੁਹਿਰਦ ਨਮਨ ਕੀਤੀ। ਉਹ ਸਭ ਲਈ ਸਾਂਝੇ ਜਗਤ ਗੁਰੂ ਦੇ ਰੂਪ ਵਿਚ ਉਭਰ ਕੇ ਮਨੁੱਖਤਾ ਦੇ ਸਾਹਮਣੇ ਆਏ। ਫ਼ਰਕ ਇਹੋ ਰਿਹਾ ਕਿ ਹਰ ਵਿਅਕਤੀ ਨੇ ਉਨ੍ਹਾਂ ਨੂੰ ਆਪਣੇ ਧਾਰਮਿਕ ਵਿਸ਼ਵਾਸਾਂ ਦੇ ਦ੍ਰਿਸ਼ਟੀਕੋਣ ਤੋਂ ਵੇਖਿਆ ਅਤੇ ਉਸੇ ਤਰ੍ਹਾਂ ਪਛਾਣਿਆ। ਹਿੰਦੂ ਉਨ੍ਹਾਂ ਨੂੰ ਆਪਣੇ ਅਵਤਾਰਾਂ ਦੀ ਸ਼੍ਰੇਣੀ ਵਿਚ ਦਰਸਾਉਣ ਲਈ ਉਤਸੁਕ ਸਨ, ਤਾਂ ਮੁਸਲਮਾਨ ਉਨ੍ਹਾਂ ਨੂੰ ਆਪਣਾ ਦਰਵੇਸ਼-ਪੀਰ ਮੰਨਣ ਤੋਂ ਕੋਈ ਸੰਕੋਚ ਨਹੀਂ ਕਰਦੇ ਸਨ। ਅਜਿਹੀ ਭਿੰਨ ਮਾਨਤਾ ਕੇਵਲ ਉਨ੍ਹਾਂ ਦੇ ਵਿਅਕਤਿਤ੍ਵ ਸੰਬੰਧੀ ਹੀ ਨਹੀਂ ਸੀ, ਉਨ੍ਹਾਂ ਦੇ ਵਿਚਾਰਾਂ ਪ੍ਰਤੀ ਵੀ ਲੋਕਾਂ ਦੇ ਨਜ਼ਰੀਏ ਵਿਚ ਭਾਰੀ ਅੰਤਰ ਰਿਹਾ ਹੈ। ਹਿੰਦੂਆਂ ਨੂੰ ਉਹ ਵੈਦਿਕ ਧਰਮ ਨੂੰ ਸੁਰਜੀਤ ਕਰਨ ਵਾਲੇ ਅਵਤਾਰੀ ਪੁਰਸ਼ ਜਾਪਦੇ ਸਨ, ਤਾਂ ਮੁਸਲਮਾਨਾਂ ਨੂੰ ਉਨ੍ਹਾਂ ਦੇ ਵਿਚਾਰਾਂ ਵਿਚੋਂ ਇਸਲਾਮ ਦੇ ਗੂੜ੍ਹੇ ਪ੍ਰਭਾਵ ਦ੍ਰਿਸ਼ਟਮਾਨ ਹੁੰਦੇ ਸਨ। ਹਾਲਾਕਿ ਇਸ ਵਿਚ ਕੋਈ ਸੰਦੇਹ ਨਹੀਂ ਕਿ ਉਨ੍ਹਾਂ ਨੇ ਜਿਸ 'ਨਿਰਮਲ ਪੰਥ' ਦੀ ਸਥਾਪਨਾ ਕੀਤੀ ਸੀ, ਉਹ ਸਮਨਵੈਵਾਦੀ, ਸਰਵ-ਪ੍ਰਵਾਨਿਤ, ਸਰਵ-ਸੁਖਦਾਈ ਵਿਚਾਰ ਰਖਦਿਆਂ ਵੀ ਹਿੰਦੂ, ਮੁਸਲਮਾਨ ਆਦਿ ਧਰਮਾਂ ਤੋਂ ਸਰਵਥਾ ਵਖਰੀ ਅਤੇ ਪੁਸ਼ਟ ਵਿਚਾਰਧਾਰਾ ਰਖਦਾ ਸੀ। ਨਾ ਉਸ ਪੰਥ ਨੇ ਕਿਸੇ ਧਰਮ ਤੋਂ ਕੁਝ ਉਧਾਰਾ ਲਿਆ ਸੀ, ਨਾ ਹੀ ਕਿਸੇ ਧਰਮ ਗ੍ਰੰਥ ਦੇ ਬਚਨਾਂ ਦਾ ਕੋਈ ਪ੍ਰਭਾਵ ਉਨ੍ਹਾਂ ਦੇ 'ਨਿਰਮਲ ਪੰਥ' ਦੀ ਧਾਰਮਿਕ ਬਾਣੀ ਉਤੇ ਵੇਖਿਆ ਜਾ ਸਕਦਾ ਹੈ। ਕਿਸੇ ਧਰਮ ਗ੍ਰੰਥ ਦੀ ਇਕ ਵੀ ਪੰਕਤੀ ਸ੍ਰੀ ਗੁਰੂ ਜੀ ਨੇ ਆਪਣੇ ਮੁਖ ਤੋਂ ਉਚਾਰਨ ਨਹੀਂ ਕੀਤੀ, ਨਾ ਹੀ ਉਨ੍ਹਾਂ ਕਦੇ ਕਿਸੇ ਪੂਰਬਲੇ ਅਵਤਾਰ, ਪੈਗੰਬਰ ਦੀ ਪ੍ਰਸ਼ੰਸਾ ਕੀਤੀ। ਬਸ ਉਨ੍ਹਾਂ ਨੇ ਇਕ ਅਕਾਲ-ਪੁਰਖ਼ ਨੂੰ ਸਭ ਦਾ ਅਸਲ ਮਾਤਾ-ਪਿਤਾ ਦਸਦਿਆਂ ਉਸੇ ਦੀ ਮਹਿਮਾ-ਗਾਇਨ ਦਾ ਸਰਬ-ਸਾਂਝਾ, ਸਰਬ-ਮਾਨਯ ਸੰਦੇਸ਼ ਦਿਤਾ। ਉਨ੍ਹਾਂ ਦੇ ਸਰਵ-ਸਾਂਝੀਵਾਲਤਾ ਵਾਲੇ ਵਿਚਾਰਾਂ ਨੂੰ ਲੈ ਕੇ ਕਿਸੇ ਨੇ ਉਨ੍ਹਾਂ ਦਾ ਝੁਕਾਅ ਇਸਲਾਮ ਵਲ ਵੇਖਿਆ, ਤਾਂ ਕਿਸੇ ਨੇ ਵੈਦਿਕ ਧਰਮ ਵਲ, ਕਿਸੇ ਨੇ ਉਨ੍ਹਾਂ ਦੇ ਵਿਚਾਰਾਂ ਨੂੰ ਦੋਹਾਂ ਧਰਮਾਂ ਦਾ ਮਿਲਗੋਭਾ ਹੀ ਮੰਨ ਲਿਆ। ਹਕੀਕਤਨ ਅਜਿਹੀਆਂ ਮਾਨਤਾਵਾਂ ਨਾਲ ਸੰਬੰਧਿਤ ਲੋਕ ਆਪਣੇ ਸੀਮਿਤ ਵਿਵੇਕ ਅਤੇ ਸੰਕੀਰਣ ਸੋਚ ਦਾ ਸ਼ਿਕਾਰ ਹੀ ਕਹੇ ਜਾ ਸਕਦੇ ਹਨ, ਕਿਉਂਕਿ ਉਨ੍ਹਾਂ ਦੁਆਰਾ ਕਲਪਿਤ ਇਹ ਸਥਾਪਨਾਵਾਂ ਗੁਰਮਤਿ ਦੀ ਆਤਮਾ ਨਾਲ ਰਤਾ ਭਰ ਵੀ ਮੇਲ ਨਹੀਂ ਖਾਂਦੀਆਂ।

ਜੇ ਅਜਿਹੇ ਵਿਚਾਰ ਕੇਵਲ ਅਨਮਤੀ ਰਖਣ ਤਾਂ ਸਾਨੂੰ ਕੋਈ ਹੈਰਾਨੀ ਨਾ ਹੋਵੇ, ਪਰ ਸਮਸਿਆ ਇਹ ਰਹੀ ਹੈ ਕਿ ਗੁਰੂ ਜੀ ਦੀ ਸੁਤੰਤਰ ਵਿਚਾਰਧਾਰਾ ਤੋਂ ਬਹੁਤ ਵਾਰ ਉਨ੍ਹਾਂ ਦੇ ਆਪਣੇ ਸਿਖ ਹੀ ਮੁਨਕਰ ਹੋ ਜਾਂਦੇ ਹਨ। ਸਾਡੇ ਵਿਚੋਂ ਕਦੇ ਕੋਈ ਇਕ ਵਿਦਵਾਨ ਉਨ੍ਹਾਂ ਨੂੰ ਵੇਦ-ਪ੍ਰਸਤ ਸਥਾਪਿਤ ਕਰ ਦੇਂਦਾ ਹੈ ਅਤੇ ਕਦੇ ਕੋਈ ਦੂਜਾ ਵਿਅਕਤੀ ਉਨ੍ਹਾਂ ਦੇ ਵਿਚਾਰਾਂ ਉਤੇ ਇਸਲਾਮਿਕ ਵਿਚਾਰਧਾਰਾ ਅਤੇ ਸ਼ਬਦਾਵਲੀ ਦਾ ਅਜਿਹਾ ਗੂੜ੍ਹਾ ਲੇਪ ਚੜ੍ਹਾ ਦੇਂਦਾ ਹੈ ਕਿ ਗੁਰੂ ਜੀ ਦੇ ਆਪਣੇ ਵਿਚਾਰ ਧੁੰਦਲੇ ਜਿਹੇ ਨਜ਼ਰ ਆਉਣ ਲਗ ਪੈਂਦੇ ਹਨ। ਇੰਵ ਅਸੀਂ ਗੁਰੂ ਜੀ ਦੇ ਸਿਖ ਹੁੰਦਿਆਂ ਹੋਇਆਂ ਵੀ, ਉਨ੍ਹਾਂ ਦੀ ਵਿਚਾਰਧਾਰਾ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਦੇ ਪਾਪ ਦਾ ਪ੍ਰਵਾਹ ਨਿਰੰਤਰ ਜਾਰੀ ਰਖਣ ਦੇ ਦੋਸ਼ੀ ਹਾਂ। ਅਜਿਹੀਆਂ ਪ੍ਰਸਥਿਤੀਆਂ ਇਸ ਕ੍ਰਿਤੀ ਵਿਚ ਆਏ ਵਿਚਾਰਾਂ ਦੀਆਂ ਜਨਮ-ਦਾਤੀਆਂ ਹਨ।

ਸ. ਹਰਿੰਦਰ ਸਿੰਘ ਮਹਿਬੂਬ ਦੀ ਪੁਸਤਕ 'ਸਹਿਜੇ ਰਚਿਓ ਖਾਲਸਾ' ਵਿਚ ਸਿਖ ਧਰਮ ਦੀ ਸੁਤੰਤਰ ਵਿਚਾਰਧਾਰਾ ਨੂੰ ਇਸਲਾਮ ਦੀ ਚੜ੍ਹਤਲ ਦੇ ਭਾਰੀ ਬੋਝ ਹੇਠ ਦਬਾਉਣ ਦਾ ਯਤਨ ਕੀਤਾ ਗਿਆ ਸੀ। ਇਤਿਹਾਸਿਕ ਤਥਾਂ ਦਾ ਘੋਰ ਉਲੰਘਣ ਕਰਦਿਆਂ ਸਾਰੇ ਮੁਗ਼ਲ ਸ਼ਹਿਨਸ਼ਾਹਾਂ ਨੂੰ ਬਹੁਤ ਨਿਆਇਕਾਰੀ ਅਤੇ ਰੱਬੀ ਰਹਿਮਤਾਂ ਨਾਲ ਸੁਸਜਿਤ ਸ਼ਾਸਕ ਸਿਧ ਕਰਨ ਦਾ ਯਤਨ ਕੀਤਾ ਗਿਆ ਸੀ। ਇਸ ਪੁਸਤਕ ਨੂੰ ਪੜ੍ਹ ਕੇ ਇਸਲਾਮ ਦੀ ਸ਼ਬਦਾਵਲੀ ਦੇ ਬੋਝ ਹੇਠ ਸਿਖ ਸਿਧਾਂਤ ਸਿਸਕਦਾ ਨਜ਼ਰ ਆਉਣ ਲਗ ਪੈਂਦਾ ਹੈ। ਚਰਚਿਤ ਰਚਨਾ ਵਿਚ ਬਾਬਾ ਫ਼ਰੀਦ ਜੀ ਸਾਹਮਣੇ ਭਗਤ ਕਬੀਰ ਜੀ ਨੂੰ ਤੁਛ ਦਰਸਾਉਣ ਦੇ ਮਾੜੇ ਯਤਨ ਕਰਦਿਆਂ ਰਤਾ ਵੀ ਲਜਾ ਮਹਿਸੂਸ ਨਹੀਂ ਕੀਤੀ ਗਈ। ਭਗਤਾਂ ਅਤੇ ਫ਼ਕੀਰਾਂ ਵਿਚ ਮਜ਼ਹਬ ਦੀਆਂ ਅਜਿਹੀਆਂ ਦੀਵਾਰਾਂ ਅਤੇ ਊਚ-ਨੀਚ ਦੀ ਸਿਰਜਣਾ ਕਰਨਾ ਸਿਖ ਸਿਧਾਂਤ ਦੀ ਰੂਹ ਨੂੰ ਕੁਚਲਣ ਤੁਲ ਸੀ। ਉਪਰੋਕਤ ਪੁਸਤਕ ਦੇ ਕਰਤਾ ਦੇ ਵਿਚਾਰ ਪੜ੍ਹ ਕੇ ਇੰਵ ਲਗਦਾ ਹੈ ਕਿ ਭਗਤ ਬਾਣੀ ਅਤੇ ਗੁਰਬਾਣੀ ਵਿਚ ਪਾੜਾ ਪਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਖੰਡਤਾ ਨੂੰ ਨਸ਼ਟ ਕਰਨ ਵਾਸਤੇ ਫਿਰ ਭਸੌੜ ਮੱਤ ਨੇ ਕੋਝਾ ਰੂਪ ਧਾਰ ਕੇ ਸਿਰ ਚੁਕ ਲਿਆ ਹੈ।

ਇਨ੍ਹਾਂ ਮਾਰੂ ਪ੍ਰਵਿਰਤੀਆਂ ਵਿਰੁਧ ਆਵਾਜ਼ ਚੁਕਦਿਆਂ ਮੈਂ ਬਹੁਤ ਪਹਿਲਾਂ ਇਕ ਲੇਖ 'ਹਰਿੰਦਰ ਸਿੰਘ ਮਹਿਬੂਬ ਦਾ ਇਸਲਾਮਿਕ ਉਲਾਰ' ਲਿਖਿਆ ਸੀ। ਇਹ ਲੇਖ ਪਹਿਲਾਂ *2000* ਵਿਚ 'ਪੰਜਾਬ ਟੂਡੇ' ਨੇ ਪ੍ਰਕਾਸ਼ਿਤ ਕੀਤਾ ਸੀ। ਜਦੋਂ *2008*

ਤੌਰ ਤੇ ਉਹ ਇਕਲੇ ਅਜਿਹੇ ਧਾਰਮਿਕ ਆਗੂ ਸਨ, ਜਿਨ੍ਹਾਂ ਦੇ ਵਿਚਾਰਾਂ ਨੂੰ ਹਰ ਵਿਅਕਤੀ ਨੇ ਸੁਹਿਰਦ ਨਮਨ ਕੀਤੀ। ਉਹ ਸਭ ਲਈ ਸਾਂਝੇ ਜਗਤ ਗੁਰੂ ਦੇ ਰੂਪ ਵਿਚ ਉਭਰ ਕੇ ਮਨੁੱਖਤਾ ਦੇ ਸਾਹਮਣੇ ਆਏ। ਫ਼ਰਕ ਇਹੋ ਰਿਹਾ ਕਿ ਹਰ ਵਿਅਕਤੀ ਨੇ ਉਨ੍ਹਾਂ ਨੂੰ ਆਪਣੇ ਧਾਰਮਿਕ ਵਿਸ਼ਵਾਸਾਂ ਦੇ ਦ੍ਰਿਸ਼ਟੀਕੋਣ ਤੋਂ ਵੇਖਿਆ ਅਤੇ ਉਸੇ ਤਰ੍ਹਾਂ ਪਛਾਣਿਆ। ਹਿੰਦੂ ਉਨ੍ਹਾਂ ਨੂੰ ਆਪਣੇ ਅਵਤਾਰਾਂ ਦੀ ਸ਼੍ਰੇਣੀ ਵਿਚ ਦਰਸਾਉਣ ਲਈ ਉਤਸੁਕ ਸਨ, ਤਾਂ ਮੁਸਲਮਾਨ ਉਨ੍ਹਾਂ ਨੂੰ ਆਪਣਾ ਦਰਵੇਸ਼-ਪੀਰ ਮੰਨਣ ਤੋਂ ਕੋਈ ਸੰਕੋਚ ਨਹੀਂ ਕਰਦੇ ਸਨ। ਅਜਿਹੀ ਭਿੰਨ ਮਾਨਤਾ ਕੇਵਲ ਉਨ੍ਹਾਂ ਦੇ ਵਿਅਕਤਿਤ੍ਵ ਸੰਬੰਧੀ ਹੀ ਨਹੀਂ ਸੀ, ਉਨ੍ਹਾਂ ਦੇ ਵਿਚਾਰਾਂ ਪ੍ਰਤੀ ਵੀ ਲੋਕਾਂ ਦੇ ਨਜ਼ਰੀਏ ਵਿਚ ਭਾਰੀ ਅੰਤਰ ਰਿਹਾ ਹੈ। ਹਿੰਦੂਆਂ ਨੂੰ ਉਹ ਵੈਦਿਕ ਧਰਮ ਨੂੰ ਸੁਰਜੀਤ ਕਰਨ ਵਾਲੇ ਅਵਤਾਰੀ ਪੁਰਸ਼ ਜਾਪਦੇ ਸਨ, ਤਾਂ ਮੁਸਲਮਾਨਾਂ ਨੂੰ ਉਨ੍ਹਾਂ ਦੇ ਵਿਚਾਰਾਂ ਵਿਚੋਂ ਇਸਲਾਮ ਦੇ ਗੂੜ੍ਹੇ ਪ੍ਰਭਾਵ ਦ੍ਰਿਸ਼ਟਮਾਨ ਹੁੰਦੇ ਸਨ। ਹਾਲਾਕਿ ਇਸ ਵਿਚ ਕੋਈ ਸੰਦੇਹ ਨਹੀਂ ਕਿ ਉਨ੍ਹਾਂ ਨੇ ਜਿਸ 'ਨਿਰਮਲ ਪੰਥ' ਦੀ ਸਥਾਪਨਾ ਕੀਤੀ ਸੀ, ਉਹ ਸਮਨਵੈਵਾਦੀ, ਸਰਵ-ਪ੍ਰਵਾਣਿਤ, ਸਰਵ-ਸੁਖਦਾਈ ਵਿਚਾਰ ਰਖਦਿਆਂ ਵੀ ਹਿੰਦੂ, ਮੁਸਲਮਾਨ ਆਦਿ ਧਰਮਾਂ ਤੋਂ ਸਰਵਥਾ ਵਖਰੀ ਅਤੇ ਪੁਸ਼ਟ ਵਿਚਾਰਧਾਰਾ ਰਖਦਾ ਸੀ। ਨਾ ਉਸ ਪੰਥ ਨੇ ਕਿਸੇ ਧਰਮ ਤੋਂ ਕੁਝ ਉਧਾਰਾ ਲਿਆ ਸੀ, ਨਾ ਹੀ ਕਿਸੇ ਧਰਮ ਗ੍ਰੰਥ ਦੇ ਬਚਨਾਂ ਦਾ ਕੋਈ ਪ੍ਰਭਾਵ ਉਨ੍ਹਾਂ ਦੇ 'ਨਿਰਮਲ ਪੰਥ' ਦੀ ਧਾਰਮਿਕ ਬਾਣੀ ਉਤੇ ਵੇਖਿਆ ਜਾ ਸਕਦਾ ਹੈ। ਕਿਸੇ ਧਰਮ ਗ੍ਰੰਥ ਦੀ ਇਕ ਵੀ ਪੰਕਤੀ ਸ੍ਰੀ ਗੁਰੂ ਜੀ ਨੇ ਆਪਣੇ ਮੁਖ ਤੋਂ ਉਚਾਰਨ ਨਹੀਂ ਕੀਤੀ, ਨਾ ਹੀ ਉਨ੍ਹਾਂ ਕਦੇ ਕਿਸੇ ਪੂਰਬਲੇ ਅਵਤਾਰ, ਪੈਗੰਬਰ ਦੀ ਪ੍ਰਸ਼ੰਸਾ ਕੀਤੀ। ਬਸ ਉਨ੍ਹਾਂ ਨੇ ਇਕ ਅਕਾਲ-ਪੁਰਖ਼ ਨੂੰ ਸਭ ਦਾ ਅਸਲ ਮਾਤਾ-ਪਿਤਾ ਦਸਦਿਆਂ ਉਸੇ ਦੀ ਮਹਿਮਾ-ਗਾਇਨ ਦਾ ਸਰਬ-ਸਾਂਝਾ, ਸਰਬ-ਮਾਨਯ ਸੰਦੇਸ਼ ਦਿਤਾ। ਉਨ੍ਹਾਂ ਦੇ ਸਰਵ-ਸਾਂਝੀਵਾਲਤਾ ਵਾਲੇ ਵਿਚਾਰਾਂ ਨੂੰ ਲੈ ਕੇ ਕਿਸੇ ਨੇ ਉਨ੍ਹਾਂ ਦਾ ਝੁਕਾਅ ਇਸਲਾਮ ਵਲ ਵੇਖਿਆ, ਤਾਂ ਕਿਸੇ ਨੇ ਵੈਦਿਕ ਧਰਮ ਵਲ, ਕਿਸੇ ਨੇ ਉਨ੍ਹਾਂ ਦੇ ਵਿਚਾਰਾਂ ਨੂੰ ਦੋਹਾਂ ਧਰਮਾਂ ਦਾ ਮਿਲਗੋਭਾ ਹੀ ਮੰਨ ਲਿਆ। ਹਕੀਕਤਨ ਅਜਿਹੀਆਂ ਮਾਨਤਾਵਾਂ ਨਾਲ ਸੰਬੰਧਿਤ ਲੋਕ ਆਪਣੇ ਸੀਮਿਤ ਵਿਵੇਕ ਅਤੇ ਸੰਕੀਰਣ ਸੋਚ ਦਾ ਸ਼ਿਕਾਰ ਹੀ ਕਹੇ ਜਾ ਸਕਦੇ ਹਨ, ਕਿਉਂਕਿ ਉਨ੍ਹਾਂ ਦੁਆਰਾ ਕਲਪਿਤ ਇਹ ਸਥਾਪਨਾਵਾਂ ਗੁਰਮਤਿ ਦੀ ਆਤਮਾ ਨਾਲ ਰਤਾ ਭਰ ਵੀ ਮੇਲ ਨਹੀਂ ਖਾਂਦੀਆਂ।

ਜੇ ਅਜਿਹੇ ਵਿਚਾਰ ਕੇਵਲ ਅਨਮਤੀ ਰਖਣ ਤਾਂ ਸਾਨੂੰ ਕੋਈ ਹੈਰਾਨੀ ਨਾ ਹੋਵੇ, ਪਰ ਸਮਸਿਆ ਇਹ ਰਹੀ ਹੈ ਕਿ ਗੁਰੂ ਜੀ ਦੀ ਸੁਤੰਤਰ ਵਿਚਾਰਧਾਰਾ ਤੋਂ ਬਹੁਤ ਵਾਰ ਉਨ੍ਹਾਂ ਦੇ ਆਪਣੇ ਸਿਖ ਹੀ ਮੁਨਕਰ ਹੋ ਜਾਂਦੇ ਹਨ। ਸਾਡੇ ਵਿਚੋਂ ਕਦੇ ਕੋਈ ਇਕ ਵਿਦਵਾਨ ਉਨ੍ਹਾਂ ਨੂੰ ਵੇਦ-ਪ੍ਰਸਤ ਸਥਾਪਿਤ ਕਰ ਦੇਂਦਾ ਹੈ ਅਤੇ ਕਦੇ ਕੋਈ ਦੂਜਾ ਵਿਅਕਤੀ ਉਨ੍ਹਾਂ ਦੇ ਵਿਚਾਰਾਂ ਉਤੇ ਇਸਲਾਮਿਕ ਵਿਚਾਰਧਾਰਾ ਅਤੇ ਸ਼ਬਦਾਵਲੀ ਦਾ ਅਜਿਹਾ ਗੂੜ੍ਹਾ ਲੇਪ ਚੜ੍ਹਾ ਦੇਂਦਾ ਹੈ ਕਿ ਗੁਰੂ ਜੀ ਦੇ ਆਪਣੇ ਵਿਚਾਰ ਧੁੰਦਲੇ ਜਿਹੇ ਨਜ਼ਰ ਆਉਣ ਲਗ ਪੈਂਦੇ ਹਨ। ਇੰਞ ਅਸੀਂ ਗੁਰੂ ਜੀ ਦੇ ਸਿਖ ਹੁੰਦਿਆਂ ਹੋਇਆਂ ਵੀ, ਉਨ੍ਹਾਂ ਦੀ ਵਿਚਾਰਧਾਰਾ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਦੇ ਪਾਪ ਦਾ ਪ੍ਰਵਾਹ ਨਿਰੰਤਰ ਜਾਰੀ ਰਖਣ ਦੇ ਦੋਸ਼ੀ ਹਾਂ। ਅਜਿਹੀਆਂ ਪ੍ਰਸਥਿਤੀਆਂ ਇਸ ਕ੍ਰਿਤੀ ਵਿਚ ਆਏ ਵਿਚਾਰਾਂ ਦੀਆਂ ਜਨਮ-ਦਾਤੀਆਂ ਹਨ।

ਸ. ਹਰਿੰਦਰ ਸਿੰਘ ਮਹਿਬੂਬ ਦੀ ਪੁਸਤਕ 'ਸਹਿਜੇ ਰਚਿਓ ਖਾਲਸਾ' ਵਿਚ ਸਿਖ ਧਰਮ ਦੀ ਸੁਤੰਤਰ ਵਿਚਾਰਧਾਰਾ ਨੂੰ ਇਸਲਾਮ ਦੀ ਚੜ੍ਹਤਲ ਦੇ ਭਾਰੀ ਬੋਝ ਹੇਠ ਦਬਾਉਣ ਦਾ ਯਤਨ ਕੀਤਾ ਗਿਆ ਸੀ। ਇਤਿਹਾਸਿਕ ਤਥਾਂ ਦਾ ਘੋਰ ਉਲੰਘਣ ਕਰਦਿਆਂ ਸਾਰੇ ਮੁਗ਼ਲ ਸ਼ਹਿਨਸ਼ਾਹਾਂ ਨੂੰ ਬਹੁਤ ਨਿਆਇਕਾਰੀ ਅਤੇ ਰੱਬੀ ਰਹਿਮਤਾਂ ਨਾਲ ਸੁਸਜਿਤ ਸ਼ਾਸਕ ਸਿਧ ਕਰਨ ਦਾ ਯਤਨ ਕੀਤਾ ਗਿਆ ਸੀ। ਇਸ ਪੁਸਤਕ ਨੂੰ ਪੜ੍ਹ ਕੇ ਇਸਲਾਮ ਦੀ ਸ਼ਬਦਾਵਲੀ ਦੇ ਬੋਝ ਹੇਠ ਸਿਖ ਸਿਧਾਂਤ ਸਿਸਕਦਾ ਨਜ਼ਰ ਆਉਣ ਲਗ ਪੈਂਦਾ ਹੈ। ਚਰਚਿਤ ਰਚਨਾ ਵਿਚ ਬਾਬਾ ਫ਼ਰੀਦ ਜੀ ਸਾਹਮਣੇ ਭਗਤ ਕਬੀਰ ਜੀ ਨੂੰ ਤੁਛ ਦਰਸਾਉਣ ਦੇ ਮਾੜੇ ਯਤਨ ਕਰਦਿਆਂ ਰਤਾ ਵੀ ਲਜਾ ਮਹਿਸੂਸ ਨਹੀਂ ਕੀਤੀ ਗਈ। ਭਗਤਾਂ ਅਤੇ ਫ਼ਕੀਰਾਂ ਵਿਚ ਮਜ਼ਹਬ ਦੀਆਂ ਅਜਿਹੀਆਂ ਦੀਵਾਰਾਂ ਅਤੇ ਊਚ-ਨੀਚ ਦੀ ਸਿਰਜਣਾ ਕਰਨਾ ਸਿਖ ਸਿਧਾਂਤ ਦੀ ਰੂਹ ਨੂੰ ਕੁਚਲਣ ਤੁਲ ਸੀ। ਉਪਰੋਕਤ ਪੁਸਤਕ ਦੇ ਕਰਤਾ ਦੇ ਵਿਚਾਰ ਪੜ੍ਹ ਕੇ ਇੰਞ ਲਗਦਾ ਹੈ ਕਿ ਭਗਤ ਬਾਣੀ ਅਤੇ ਗੁਰਬਾਣੀ ਵਿਚ ਪਾੜਾ ਪਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਖੰਡਤਾ ਨੂੰ ਨਸ਼ਟ ਕਰਨ ਵਾਸਤੇ ਫਿਰ ਭਸੌੜ ਮੱਤ ਨੇ ਕੋਝਾ ਰੂਪ ਧਾਰ ਕੇ ਸਿਰ ਚੁਕ ਲਿਆ ਹੈ।

ਇਨ੍ਹਾਂ ਮਾਰੂ ਪ੍ਰਵਿਰਤੀਆਂ ਵਿਰੁਧ ਆਵਾਜ਼ ਚੁਕਦਿਆਂ ਮੈਂ ਬਹੁਤ ਪਹਿਲਾਂ ਇਕ ਲੇਖ 'ਹਰਿੰਦਰ ਸਿੰਘ ਮਹਿਬੂਬ ਦਾ ਇਸਲਾਮਿਕ ਉਲਾਰ' ਲਿਖਿਆ ਸੀ। ਇਹ ਲੇਖ ਪਹਿਲਾਂ *2000* ਵਿਚ 'ਪੰਜਾਬ ਟੂਡੇ' ਨੇ ਪ੍ਰਕਾਸ਼ਿਤ ਕੀਤਾ ਸੀ। ਜਦੋਂ *2008*

ਵਿਚ 'ਪੰਜਾਬ ਟਾਈਮਜ਼' ਦੇ ਵਿਵੇਕੀ ਸੰਪਾਦਕ ਨੇ ਇਸ ਦਾ ਪੁਨਰ ਪ੍ਰਕਾਸ਼ਨ ਕਰ ਦਿੱਤਾ, ਤਾਂ ਡਾ. ਗੁਰਤਰਨ ਸਿੰਘ ਨੇ ਮਹਿਬੂਬ ਦੀ ਮਹਿਮਾ-ਗਾਇਨ ਕਰਨ ਅਤੇ ਮੇਰਾ ਭਰਪੂਰ ਨਿਰਾਦਰ ਕਰਨ ਵਾਸਤੇ ਇਕ ਤਥਹੀਣ ਲਿਖਿਤ ਛਪਵਾ ਦਿਤੀ, ਜਿਸ ਵਿਚ ਇਕ ਪਾਸੇ ਲੇਖਕ ਨੇ ਬਲ-ਪੂਰਵਕ ਸਿਖ ਧਰਮ ਨੂੰ ਇਸਲਾਮ ਦੇ ਬਾਬਰੀ-ਜਲਾਲ ਸਾਹਮਣੇ ਅਸਹਾਇ ਜਿਹਾ ਬਣਾ ਦਿਤਾ ਅਤੇ ਦੂਜੇ ਪਾਸੇ ਸਿਖ ਸਿਧਾਂਤ ਅਤੇ ਧਰਮ ਦਾ ਘੋਰ ਉਲੰਘਣ ਕਰਦਿਆਂ ਗ਼ਲਤ ਸਥਾਪਨਾਵਾਂ ਕੀਤੀਆਂ। ਇਸ ਤਥਹੀਣ ਨਿੰਦਾ-ਪਾਠ ਦਾ ਮੂੰਹ-ਤੋੜ ਜਵਾਬ ਦੇਣ ਵਾਸਤੇ ਮੈਂ ਫਿਰ ਇਕ ਵਿਸਤ੍ਰਿਤ ਖੋਜ-ਪੱਤਰ ਤਿਆਰ ਕੀਤਾ ਸੀ। ਹਾਲਾਕਿ ਇਹ ਖੋਜ-ਪੱਤਰ 'ਪੰਜਾਬ ਟਾਈਮਜ਼' ਨੇ *1* ਅਗਸਤ *2009* ਤੋਂ ਲੜੀਵਾਰ ਪ੍ਰਕਾਸ਼ਿਤ ਕੀਤਾ ਸੀ, ਫਿਰ ਵੀ ਵਿਲਖਣ ਗੁਰਮਤਿ ਵਿਚਾਰਧਾਰਾ ਦੇ ਕੁਝ ਮਹਤਵਪੂਰਨ ਸੂਖਮ ਤਥ ਬਹੁਤੇ ਪਾਠਕਾਂ ਤਕ ਪਹੁੰਚਾਉਣ ਵਾਸਤੇ, ਇਨ੍ਹਾਂ ਨੂੰ ਪੁਸਤਕ ਰੂਪ ਵਿਚ ਵੀ ਪ੍ਰਕਾਸ਼ਿਤ ਕਰਨ ਦਾ ਉਪਰਾਲਾ ਕੀਤਾ ਹੈ। ਪਾਠਕਾਂ ਦੀ ਜਾਣਕਾਰੀ ਵਾਸਤੇ ਮੈਂ ਆਪਣਾ ਪਹਿਲਾ ਲੇਖ ਵੀ ਇਸ ਪੁਸਤਕ ਵਿਚ ਦਿੱਤਾ ਹੈ। ਹਰ ਤਰ੍ਹਾਂ ਦੀ ਤੰਗ-ਦਿਲੀ ਤੋਂ ਮੁਕਤ ਹੋ ਕੇ ਪਾਠਕਾਂ ਦੀ ਜਾਣਕਾਰੀ ਵਾਸਤੇ ਮੈਂ ਆਪਣੇ ਵਿਰੋਧ ਵਿਚ ਲਿਖੇ ਡਾ. ਗੁਰਤਰਨ ਸਿੰਘ ਦੇ ਖੋਜ-ਪੱਤਰ ਨੂੰ ਵੀ ਅੰਤਿਕਾ ਨੰਬਰ *1* ਦੇ ਰੂਪ ਵਿਚ ਦੇ ਰਿਹਾ ਹਾਂ, ਤਾਂ ਕਿ ਪਾਠਕ ਉਨ੍ਹਾਂ ਦੇ ਵਿਚਾਰਾਂ ਤੋਂ ਵੀ ਪਰਿਚਿਤ ਹੋ ਸਕੇ। ਕੁਝ ਸੁਹਿਰਦ ਮਿਤ੍ਰ ਇਹ ਵੀ ਸਲਾਹ ਦਿੰਦੇ ਹਨ ਕਿ ਵਿਰੋਧੀ ਧਿਰ ਦੀ ਲਿਖਿਤ ਨਾਲ-ਨਾਲ ਪ੍ਰਸਤੁਤ ਕਰਨਾ ਉਚਿਤ ਨਹੀਂ, ਕਿਉਂਕਿ ਇੰਵ ਸਾਡੇ ਆਪਣੇ ਮਤ ਦਾ ਖੰਡਣ ਹੋ ਜਾਂਦਾ ਹੈ। ਮੇਰਾ ਵਿਚਾਰ ਇਹ ਹੈ ਕਿ ਅਜਿਹੇ ਵਿਵਾਦਾਂ ਨੂੰ ਇਕ ਖੇਡ ਮੰਨ ਕੇ ਆਨੰਦ ਲੈਣਾ ਚਾਹੀਦਾ ਹੈ। ਜਿਵੇਂ ਖੇਡ ਵਿਚੋਂ ਇਕ ਟੀਮ ਲੁਪਤ ਨਹੀਂ ਹੋ ਸਕਦੀ, ਇੰਵ ਹੀ ਵਿਵਾਦੀ ਦੀ ਸਨਮੁਖਤਾ ਦਾ ਭੈਅ ਵਿਦਵਤ ਟਿਪਣੀਆਂ ਦਾ ਪ੍ਰਭਾਵ ਲੁਪਤ ਕਰ ਦੇਂਦਾ ਹੈ। ਅਜਿਹੀਆਂ ਵਿਵਾਦ-ਗ੍ਰਸਤ ਗੋਸ਼ਠੀਆਂ ਕੇਵਲ ਆਪਣੇ ਵਿਚਾਰ ਦੀ ਪ੍ਰਸਤੁਤੀ ਦਾ ਅਵਸਰ ਹੁੰਦੀਆਂ ਹਨ, ਇਸ ਵਿਚ ਹਾਰ-ਜਿਤ ਦੀ ਨਾ ਕੋਈ ਕਾਮਨਾ ਹੋਣੀ ਚਾਹੀਦੀ ਹੈ, ਨਾ ਅਜਿਹਾ ਪ੍ਰਯਤਨ ਸਫਲ ਹੈ। ਪਾਠਕ ਨੂੰ ਆਪਣੇ ਪ੍ਰਭਾਵ ਅਧੀਨ ਲਿਆ ਕੇ ਗੁਮਰਾਹ ਕਰਨ ਦੀ ਚੇਸ਼ਟਾ ਨਾਲੋਂ ਉਸ ਦੇ ਸਾਹਮਣੇ ਦੋਵੇਂ ਰਸਤੇ ਖੁਲ੍ਹੇ ਰਖਣੇ ਜ਼ਿਆਦਾ ਕਲਿਆਣਕਾਰੀ ਪ੍ਰਯਤਨ ਹੋ ਸਕਦਾ ਹੈ। ਲਿਖਿਤ ਦਾ ਪ੍ਰਯੋਜਨ ਕਲਿਆਣਕਾਰੀ ਹੋਵੇ, ਨਾ ਕਿ ਅਹੰਮਈ।

ਗੁਰੂ ਪੰਥ ਦੇ ਪਰਮ-ਹਿਤਾਂ ਨੂੰ ਧਿਆਨ ਵਿਚ ਰਖਦਿਆਂ ਪੁਸਤਕ ਦੇ ਪ੍ਰਕਾਸ਼ਨ ਦੀ ਜ਼ਿਮੇਵਾਰੀ ਬਿਬੇਕ ਪ੍ਰਕਾਸ਼ਨ, ਸ੍ਰੀ ਅਮ੍ਰਿਤਸਰ ਅਤੇ ਪ੍ਰਚਾਰਨ ਦੀ ਸੇਵਾ ਸ. ਕਸ਼ਮੀਰ ਸਿੰਘ ਕਨਵੀਨਰ 'ਸਿਖ ਜਾਗੋ ਲਹਿਰ' ਅਤੇ ਕਰਤਾ 'ਸਿਖ ਜਾਗੋ' ਪੁਸਤਕ ਨੇ ਲਈ ਹੈ। ਸ. ਕਸ਼ਮੀਰ ਸਿੰਘ ਦੀ ਪੰਥ-ਪ੍ਰਸਤੀ ਨਿਰਵਿਵਾਦ ਹੈ। ਉਨ੍ਹਾਂ ਦਾ ਕੌਮੀ ਜਜ਼ਬਾ, ਦ੍ਰਿੜ੍ਹ-ਸੰਕਲਪ, ਵਿਵੇਕਮਈ ਚਿੰਤਨ, ਅਟੁਟ ਲਗਨ ਅਤੇ ਨਿਰੰਤਰ ਅਥਕ ਪਰਿਸ਼੍ਰਮ ਅਤਿਅੰਤ ਸ਼ਲਾਘਾਯੋਗ ਹਨ। ਉਨ੍ਹਾਂ ਨੇ ਇਸ ਪੁਸਤਕ ਦੇ ਪ੍ਰਕਾਸ਼ਨ ਦੀ ਸੇਵਾ ਸੁਹਿਰਦ ਮਨ ਨਾਲ ਪ੍ਰਵਾਨ ਕੀਤੀ ਹੈ, ਮੈਂ ਬਹੁਤ ਆਭਾਰੀ ਹਾਂ। ਇਨ੍ਹਾਂ ਦੀ ਲੰਬੀ ਆਯੂ ਅਤੇ ਚੜ੍ਹਦੀ ਕਲਾ ਲਈ ਵਾਹਿਗੁਰੂ ਜੀ ਅਗੇ ਅਰਦਾਸ ਹੈ। ਆਸ ਹੈ ਪੁਸਤਕ ਦੇ ਦੋਹਾਂ ਭਾਗਾਂ ਵਿਚ ਕੀਤੀ ਵਿਚਾਰ-ਚਰਚਾ ਪਾਠਕਾਂ ਲਈ ਹਿਤਕਾਰੀ ਹੋਵੇਗੀ। ਪਹਿਲੇ ਭਾਗ ਵਿਚ ਰਾਗਮਾਲਾ ਦੀ ਉਚਿਤਤਾ ਵਾਸਤੇ ਕੀਤੀ ਪ੍ਰਸਤੁਤੀ ਸ੍ਰੀ ਗੁਰੂ ਗ੍ਰੰਥ ਜੀ ਦੇ ਅਖੰਡ ਸਰੂਪ ਸੰਬੰਧੀ ਉਤਪੰਨ ਭ੍ਰਾਂਤੀਆਂ ਦੇ ਨਿਰਾਕਰਣ ਵਿਚ ਸਹਾਇਕ ਹੋਵੇਗੀ, ਜਦੋਂ ਕਿ ਦੂਜੇ ਭਾਗ ਵਿਚ ਕੀਤਾ ਪ੍ਰਯਤਨ ਸਿਖ ਸਿਧਾਂਤ ਸੰਬੰਧੀ ਕੁਝ ਅਹਿਮ ਅਤੇ ਬੁਨਿਆਦੀ ਨੁਕਤਿਆਂ ਨੂੰ ਸਪਸ਼ਟ ਕਰਨ ਵਿਚ ਸਫਲ ਹੋਵੇਗਾ ਅਤੇ ਆਮ ਪਾਠਕ ਦੀ ਬੌਧਿਕ ਸੰਪਦਾ ਵਿਚ ਅਭੂਤਪੂਰਵ ਵਾਧਾ ਕਰੇਗਾ।

ਹਰਭਜਨ ਸਿੰਘ (ਡਾ.)
ਡਾਇਰੈਕਟਰ
ਪੰਜਾਬੀ ਯੂਨੀਵਰਸਿਟੀ ਡਾ. ਬਲਬੀਰ ਸਿੰਘ ਸਾਹਿਤ ਕੇਂਦਰ,
20 ਪ੍ਰੀਤਮ ਰੋਡ, ਦੇਹਰਾਦੂਨ।

ਤਤਕਰਾ

	ਪ੍ਰਸਤਾਵਨਾ	(vii)
1.	ਰਾਗਮਾਲਾ ਦਾ ਵਿਵਾਦ	1
2.	ਰਾਗ-ਪਰਿਵਾਰ	80
3.	ਸ੍ਰੀ ਕਰਤਾਰਪੁਰੀ ਬੀੜ ਵਿੱਚ ਅੰਕਤ ਰਾਗਮਾਲਾ	85
4.	ਹਰਿੰਦਰ ਸਿੰਘ ਮਹਿਬੂਬ ਦਾ ਇਸਲਾਮਿਕ ਉਲਾਰ	86
5.	ਸ਼ਬਦ, ਇਲਹਾਮ, ਭਗਤ ਬਾਣੀ ਆਦਿ	98
6.	ਕਿੰਨਾ ਕੁ ਹੈ ਮਹਿਬੂਬ ਉਤੇ ਇਸਲਾਮੀ ਪਰੰਪਰਾ ਦਾ ਪ੍ਰਭਾਵ	155

ਰਾਗਮਾਲਾ ਦਾ ਵਿਵਾਦ

(ਪੁਨਰ ਸਮੀਖਿਆ)

ਬੁਧੀਮਾਨ ਸਿਖ ਭਲੀ-ਭਾਂਤਿ ਸਮਝਦੇ ਹਨ ਕਿ ਇਸ ਸਮੇਂ ਸਿਖ ਪੰਥ ਦੀ ਧਾਰਮਿਕ ਅਤੇ ਜਥੇਬੰਦਕ ਸਥਿਤੀ ਬਹੁਤ ਚੰਗੀ ਨਹੀਂ। ਸਿਖ ਨੌਜਵਾਨਾਂ ਨੂੰ ਧਰਮ ਪ੍ਰਭਾਵਿਤ ਨਹੀਂ ਕਰ ਰਿਹਾ। ਪੰਥ ਵਿਚ ਪੁਜਾਰੀਵਾਦਿਤਾ ਦਾ ਬੋਲਬਾਲਾ ਹੈ। ਪੁਜਾਰੀ ਵਰਗ ਦਾ ਵਿਵੇਕ ਇਤਨਾ ਹੇਠਾਂ ਜਾ ਚੁਕਾ ਹੈ ਕਿ ਸ੍ਰੀ ਗੁਰੁ-ਵਾਕ ਲੈਣ ਸਮੇਂ ਮੰਗਲਾਚਰਣ ਵਾਸਤੇ 'ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ। ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ' ਜਿਹੀਆਂ ਪੰਕਤੀਆਂ ਨੂੰ ਮੰਗਲਮਈ ਸਮਝਿਆ ਜਾ ਰਿਹਾ ਹੈ। ਜਿਨ੍ਹਾਂ ਨੇ ਇਸ ਵਡਭਾਗੇ ਸਮੇਂ ਗੁਰੁ-ਮਿਲਾਪ ਦੀ ਕੀਰਤੀ ਕਰਦਿਆਂ ਅਜਿਹੇ ਸ਼ੁਭ-ਅਵਸਰ ਦੀ ਪ੍ਰਾਪਤੀ ਲਈ ਉਚਰਿਤ ਵਚਨ ਸੁਣਾਉਣੇ ਸੀ, ਗੁਰੁ-ਸੰਗ ਦੀ ਮਹਿਮਾ ਕਰਨੀ ਸੀ, ਉਹੋ ਅਜਿਹੇ ਮੰਗਲ-ਅਵਸਰ ਤੇ ਸਿਖਾਂ ਸਾਹਮਣੇ ਵਾਮ-ਮਾਰਗੀ 'ਸ਼ਾਕਤ' ਦੇ ਅਮੰਗਲਮਈ ਕੁਸੰਗ ਤੋਂ ਨਸਣ ਦੀ ਨਸੀਹਤ ਦੇ ਰਹੇ ਹਨ। ਵਿਵਸਥਾ ਵਿਚ ਇਤਨਾ ਨਿਘਾਰ ਆ ਚੁਕਾ ਹੈ ਕਿ ਪ੍ਰਮੁਖ ਧਰਮ-ਕੇਂਦਰਾਂ ਵਿਚ ਉਲਟੇ ਰਾਹ ਤੋਂ ਆਗੂਆਂ ਦੀ ਸਿਫ਼ਾਰਿਸ਼ ਜਾਂ ਸੇਵਕਾਂ ਨਾਲ ਗੰਢ-ਤੁਪ ਕਰ ਕੇ ਸ੍ਰੀ ਦਰਬਾਰ ਜੀ ਦੇ ਵੀਆਈਪੀ ਦਰਸ਼ਨ ਹੋਣ ਲਗ ਪਏ ਹਨ ਅਰਥਾਤ ਗੁਰੁ-ਦਰਬਾਰ ਦੇ ਦਰਸ਼ਨਾਂ ਦੀ ਪਵਿਤ੍ਰਤਾ ਬਿਲਕੁਲ ਭ੍ਰਿਸ਼ਟ ਕੀਤੀ ਜਾ ਰਹੀ ਹੈ। ਆਨੰਦ ਮੈਰਿਜ ਐਕਟ ਵਰਗੇ ਕਾਨੂੰਨ, ਜਿਨ੍ਹਾਂ ਲਈ ਪੰਥ ਪੁਰਜ਼ੋਰ ਸੰਘਰਸ਼ ਕਰਦਾ ਰਿਹਾ ਹੈ, ਜਦੋਂ ਸਰਕਾਰ ਬਣਾਉਣ ਵਾਸਤੇ ਤਿਆਰ ਹੋਈ ਹੈ, ਤਾਂ ਸਿਖਾਂ ਦੇ ਆਪੂੰ ਬਣੇ ਅਗਿਆਨੀ ਨੇਤਾਵਾਂ ਨੇ ਪੰਥਕ ਮਨਸੂਬਿਆਂ ਨੂੰ ਮਿਟੀ ਵਿਚ ਮਿਲਾਉਣ ਦੀ ਕੋਈ ਕਸਰ ਨਹੀਂ ਛਡੀ। ਹੈਰਾਨੀ ਹੈ ਉਨ੍ਹਾਂ ਲੋਕਾਂ ਦੀ ਮਤਿ ਉਤੇ ਜੋ ਇਹ ਰੌਲਾ ਪਾ ਰਹੇ ਹਨ ਕਿ ਸਿਖ ਮੈਰਿਜ ਐਕਟ ਵਿਚ ਤਲਾਕ ਦੀ ਕੋਈ ਵਿਵਸਥਾ ਹੋਣੀ ਹੀ ਨਹੀਂ ਚਾਹੀਦੀ। ਇਹ ਨਹੀਂ ਸੋਚਿਆ ਜਾ ਰਿਹਾ ਕਿ ਇਹੋ-ਜਿਹਾ ਐਕਟ ਬਣਨ ਨਾਲ

ਪੜ੍ਹੇ ਲਿਖੇ ਜਾਗਰੂਕ ਸਿਖ ਬਚੇ ਆਨੰਦ ਕਾਰਜ ਦੇ ਨੇੜੇ ਵੀ ਨਹੀਂ ਜਾਣਗੇ। ਇੰਞ ਜੋ ਕਾਨੂੰਨ ਲੰਬੇ ਸਮੇਂ ਤੋਂ ਪੰਥ ਦੀ ਵ੍ਰਿਧੀ ਵਾਸਤੇ ਮੰਗਿਆ ਜਾ ਰਿਹਾ ਸੀ, ਉਹੋ ਉਸ ਲਈ ਘਾਤਕ ਸਿਧ ਹੋਵੇਗਾ। ਇਸ ਤੋਂ ਵਡਾ ਪੁਜਾਰੀਵਾਦ ਹੋਰ ਕੋਈ ਹੋ ਵੀ ਨਹੀਂ ਸਕਦਾ, ਕਿ ਇਹ ਸਵੀਕਾਰ ਕਰ ਲਿਆ ਜਾਵੇ ਕਿ ਭਾਈ ਜੀ ਨੇ ਜੋ ਅਰਦਾਸ ਕਰ ਦਿਤੀ, ਉਹ ਅੰਤਿਮ ਅਤੇ ਅਟਲ ਹੈ। ਅਰਦਾਸ ਕੋਈ ਰਬ ਨਾਲ ਜ਼ੋਰ-ਆਜ਼ਮਾਈ ਨਹੀਂ ਹੈ। ਅਸਾਂ ਅਰਦਾਸ ਕੀਤੀ, ਉਹ ਚਾਹੇਗਾ ਤਾਂ ਨਿਭੇਗੀ, ਨਹੀਂ ਤਾਂ ਕੋਈ ਕਾਨੂੰਨ ਰਬ ਦੀ ਰਜ਼ਾ ਨੂੰ ਪਾਬੰਦ ਨਹੀਂ ਕਰ ਸਕਦਾ। ਆਨੰਦ ਕਾਰਜ ਸਮੇਂ ਅਰਦਾਸ ਵਿਚ ਤਾਂ ਅਕਾਲ-ਪੁਰਖ਼ ਤੋਂ ਆਸੀਸ ਮੰਗਣ ਜਾਈਦਾ ਹੈ ਕਿ ਉਹ ਨਵ-ਵਿਆਹੇ ਜੋੜੇ ਨੂੰ ਸਨਬੰਧ ਨਿਭਾਉਣ ਦੀ ਸਮਰਥਾ ਦੇਵੇ। ਇਹ ਅਰਦਾਸ ਕਦੋਂ ਕੀਤੀ ਸੀ ਕਿ ਰਬ ਚਾਹੇ ਜਾਂ ਨਾ ਚਾਹੇ, ਜਿਨ੍ਹਾਂ ਨੂੰ ਪੁਜਾਰੀ ਨੇ ਇਕਠਿਆਂ ਕੀਤਾ ਹੈ, ਉਨ੍ਹਾਂ ਨੂੰ ਪਰਮੇਸ਼ਰ ਵੀ ਜੁਦਾ ਨਹੀਂ ਕਰ ਸਕਦਾ ? 'ਕੋਇ ਨ ਕਿਸੈ ਵਰਜਈ ਸੋਈ ਕਰੈ ਜੋਈ ਮਨ ਭਾਵੈ' ਵਾਲੇ ਮਨਮਰਜ਼ੀ ਦੇ ਇਸ ਦੌਰ ਵਿਚ ਪੰਥ ਅੰਦਰ ਗੁਰਬਾਣੀ ਦੇ ਸਨਮਾਨ ਦੇ ਨਾਮ ਤੇ ਅਜਿਹੀਆਂ 'ਸਤਿਕਾਰ ਕਮੇਟੀਆਂ' ਹੋਂਦ ਵਿਚ ਆ ਗਈਆਂ ਹਨ, ਜੋ ਲੋਕਾਂ ਤੋਂ ਬਾਣੀ ਦੇ ਗੁਟਕੇ, ਪੋਥੀਆਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਖੋਹਣ ਨੂੰ ਹੀ ਪਰਮ-ਪਵਿਤ੍ਰ ਕਾਰਜ ਦਸ ਰਹੀਆਂ ਹਨ। ਅਜਿਹੇ ਅਵਿਵੇਕੀ ਲੋਕਾਂ ਦਾ ਸਿਖ ਪੰਥ ਵਿਚ ਬੋਲ-ਬਾਲਾ ਹੋ ਰਿਹਾ ਹੈ, ਜਿਨ੍ਹਾਂ ਨੇ ਗੁਰੂ ਜੀ ਦੇ ਮਾਨਵਤਾਵਾਦੀ ਮਨਸੂਬਿਆਂ ਨੂੰ ਸਮੂਲ ਨਸ਼ਟ ਕਰਨ ਲਈ ਗੁਰਬਾਣੀ 'ਤੇ ਅਜਿਹਾ ਅਧਿਕਾਰ ਕਰ ਲਿਆ ਹੈ, ਕਿ ਨਾ ਉਹ ਕਿਸੇ ਸ਼ਰਧਾਵਾਨ ਨੂੰ ਪਾਠ ਕਰਨ ਦੇਣ, ਨਾ ਕਿਸੇ ਪਾਸ ਗੁਟਕੇ-ਪੋਥੀਆਂ ਛਡਣ। ਸਮਝ ਨਹੀਂ ਆਉਂਦਾ ਕਿ ਬਾਣੀ ਦਾ ਇਹ ਕਿਹੋ ਜਿਹਾ ਸਤਿਕਾਰ ਹੈ ? ਸਤਿਕਾਰ ਤਾਂ ਸੀ ਲੋਕਾਂ ਨੂੰ ਪਾਠ ਨਾਲ ਜੋੜਨ ਵਾਸਤੇ ਗੁਟਕੇ-ਪੋਥੀਆਂ ਘਰ-ਘਰ ਜਾ ਕੇ ਵੰਡਣਾ। ਉਨ੍ਹਾਂ ਨੂੰ ਦਸਣਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੇਵਲ ਸਿਖਾਂ ਦੇ ਨਹੀਂ, ਸਾਰੀ ਮਾਨਵਤਾ ਦੇ ਸ਼ਬਦ-ਗੁਰੂ ਹਨ, ਪਰ ਹੋ ਰਿਹਾ ਹੈ ਸਭ ਕੁਝ ਇਸ ਦੇ ਉਲਟ।

ਅਜਿਹੀਆਂ ਪ੍ਰਸਥਿਤੀਆਂ ਨੂੰ ਹੋਰ ਕਸ਼ਟਕਾਰੀ ਬਣਾਉਣ ਵਾਲਾ ਸਿਖ ਪੰਥ ਵਿਚ ਸਕ੍ਰਿਯ ਉਹ ਗਠਜੋੜ ਹੈ, ਜੋ ਗਿਆਨ ਦੇ ਸਮੂਹ ਸਿਖ ਸ੍ਰੋਤਾਂ ਨੂੰ ਸਾੜ-ਫੂਕ ਕੇ ਆਪਣੇ ਅਗਿਆਨ ਦੀ ਕਾਲਖ਼ ਨਾਲ ਸਭ ਕੁਝ ਅੰਧੇਰੇ ਵਿਚ ਡੋਬਣ ਲਈ ਹਮੇਸ਼ਾ ਹੀ ਅਡੀ-ਚੋਟੀ ਦਾ ਜ਼ੋਰ ਲਾਉਂਦਾ ਹੈ। ਇਨ੍ਹਾਂ ਦੀ ਸਥਿਤੀ ਹੈ- 'ਆਪਿ ਨ ਦੇਹਿ ਚੁਰੂ

ਭਰਿ ਪਾਨੀ । ਤਿਹ ਨਿੰਦਹਿ ਜਿਹ ਗੰਗਾ ਆਨੀ।' ਇਨ੍ਹਾਂ ਨੂੰ ਸਾਰੇ ਸਿਖ ਗ੍ਰੰਥ ਹਿੰਦੂਆਂ ਦੀ ਮਿਲਾਵਟ ਨਜ਼ਰ ਆਉਂਦੇ ਹਨ। ਸਾਰੇ ਗੁਰਬਿਲਾਸ, ਜਨਮਸਾਖੀਆਂ, ਭਾਈ ਗੁਰਦਾਸ ਦੀਆਂ ਵਾਰਾਂ, ਸ੍ਰੀ ਦਸਮ ਗ੍ਰੰਥ ਸਾਹਿਬ ਜੀ ਆਦਿ ਸਭ ਕੁਝ ਬ੍ਰਾਹਮਣਾਂ ਦੀ ਸਾਜ਼ਿਸ਼ ਦਿਸਦੇ ਹਨ। ਜਦੋਂ ਇਹ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਨਿੰਦਾ ਕਰਦੇ ਹਨ, ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਪ੍ਰਤੀ ਸੌ ਪ੍ਰਤੀਸ਼ਤ ਵਫ਼ਾਦਾਰੀ ਦੀਆਂ ਸੌਹਾਂ ਖਾਂਦੇ ਨਹੀਂ ਥਕਦੇ। ਸ਼ਰਧਾਵਾਨਾਂ ਅਤੇ ਗਿਆਨ-ਅਭਿਲਾਸ਼ੀਆਂ ਨੂੰ ਗ੍ਰੰਥ ਜੀ ਦੀ ਗੁਰਤਾ ਤੋਂ ਬੇਮੁਖ ਦਸਣ ਦਾ ਪਾਪ ਕਰਨ ਤੋਂ ਨਹੀਂ ਸ਼ਰਮਾਂਦੇ। ਗ੍ਰੰਥ ਜੀ ਦੀ ਗੁਰਗਦੀ ਲਈ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਨੂੰ ਵਡਾ ਖ਼ਤਰਾ ਦਸ ਕੇ ਆਮ ਸਿਖ ਨੂੰ ਭੈਅਭੀਤ ਕਰਦੇ ਹਨ। ਪਰ ਅਗਲੇ ਹੀ ਦਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮਿਲਾਵਟੀ ਸਿਧ ਕਰਨ ਲਈ ਕਮਰਕਸਾ ਕਰ ਲੈਂਦੇ ਹਨ। ਇਨ੍ਹਾਂ ਦਾ ਇਹ ਟੀਚਾ ਹੈ ਕਿ ਪੰਥ ਦੇ ਸਿਰ 'ਤੇ ਇਕ ਅਧ ਮੁਸੀਬਤ ਖੜੀ ਰਖਣੀ ਹੈ, ਤਾਂ ਜੋ ਕੋਈ ਅਜਿਹਾ ਚੈਨ ਦਾ ਵਕਤ ਕਦੇ ਨਾ ਆਵੇ, ਕਿ ਪੰਥ ਕੋਈ ਉਸਾਰੂ ਚਿੰਤਨ ਵੀ ਕਰ ਸਕੇ। ਅਜੇ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦਾ ਮੁਦਾ ਥੋੜ੍ਹਾ ਬਹੁਤ ਹੀ ਸ਼ਾਂਤ ਹੋਇਆ ਹੈ, ਕਿ ਇਹ ਕਲ੍ਹ ਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਖੰਡ ਗੁਰੂ ਮੰਨਣ ਵਾਲੇ ਅਤੇ ਇਸ ਦੀ ਗੁਰਤਾ ਨੂੰ ਕੇਵਲ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਤੋਂ ਖ਼ਤਰਾ ਦਸਣ ਵਾਲੇ, ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬ੍ਰਾਹਮਣਵਾਦੀ ਮਿਲਾਵਟ ਵਾਲਾ ਸਿਧ ਕਰਨ ਲਈ ਤੁਰ ਨਿਕਲੇ ਹਨ। ਸਰਵ-ਵਿਦਿਤ ਹੈ ਕਿ ਇਹ 'ਭਸੌੜ ਪੰਥ' ਕਦੇ ਭਗਤ ਬਾਣੀ ਦੀ, ਕਦੇ ਭਟ-ਬਾਣੀ ਦੀ, ਕਦੇ ਰਾਗਮਾਲਾ ਦੀ ਨਿੰਦਾ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਤੀ ਆਪਨੀ ਘੋਰ-ਅਸ਼ਰਧਾ ਅਤੇ ਪੂਰਨ-ਅਵਿਸ਼ਵਾਸ ਨੂੰ ਜਗ ਜ਼ਾਹਿਰ ਕਰਦਾ ਰਹਿੰਦਾ ਹੈ, ਪਰ ਜਦੋਂ ਗਲ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਹੋਵੇ, ਤਾਂ ਇਹੋ ਟੋਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾ ਦੀ ਦੁਹਾਈ ਦਾ ਪਾਖੰਡ ਰਚਨ ਵਿਚ ਵੀ ਮੋਹਰੀ ਹੁੰਦਾ ਹੈ।

ਇਸ ਸਮੇਂ ਮੇਰੇ ਸਨਮੁਖ ਕਿਸੇ ਸ. ਸਰਵਜੀਤ ਸਿੰਘ ਸੈਕਰਾਮੈਂਟੋ ਨਾਮ ਦੇ ਵਿਅਕਤੀ ਵਲੋਂ ਲਿਖਿਆ 'ਰਾਗਮਾਲਾ ਦਾ ਸਰੋਤ' ਲੇਖ ਹੈ। ਆਪਨੀ ਮਹਤਵਪੂਰਨ ਖੋਜ ਦਾ ਵਿਆਪਕ ਪ੍ਰਭਾਵ ਜਾਣਨ ਵਾਸਤੇ ਇਹ ਸਜਣ ਜੀ ਇਤਨੇ ਉਤਸਾਹਿਤ ਹਨ ਕਿ ਆਪਨੀ ਇਸ ਅਦਭੁਤ ਪ੍ਰਾਪਤੀ ਨੂੰ ਵਾਰ-ਵਾਰ ਈਮੇਲ ਰਾਹੀਂ ਭੇਜ ਰਹੇ ਹਨ। ਇਨ੍ਹਾਂ ਦੀ ਲਿਖਤ ਨੂੰ ਵਾਚ ਕੇ ਇਹ ਅੰਦਾਜ਼ ਕਰਨਾ ਮੁਸ਼ਕਿਲ ਨਹੀਂ ਕਿ ਲੇਖਕ

ਜੀ ਦਸਵੀਂ ਪਾਸ ਹੀ ਹੋ ਸਕਦੇ ਹਨ, ਕਿਉਂਕਿ ਉਹ ਠੀਕ ਪੰਜਾਬੀ ਲਿਖਣ ਦੀ
ਯੋਗਤਾ ਤੋਂ ਵੀ ਵੰਚਿਤ ਹਨ। ਉਹ ਪੁਹਪਾਵਤੀ ਨੂੰ ਪਹੁਪਾਵਤੀ, ਕਲਿਕ ਕਰੋ ਨੂੰ
ਕਲਿੰਕ ਕਰੋ, ਸ਼ਾਮਿਲ ਨੂੰ ਸ਼ਾਮਲ, ਦੂਰ ਨੂੰ ਦੂਰ, ਜ਼ਿਕਰ ਨੂੰ ਜਿਕਰ, ਕਰਿਆ
ਕਰਦੀਆਂ ਨੂੰ ਕਰਿਆਂ ਕਰਦੀਆਂ, ਇਜ਼ਾਜ਼ਤ ਨੂੰ ਇਜਾਜ਼ਤ, ਦੂਜੇ ਨੂੰ ਦੁਜੇ, ਆਰੰਭ
ਨੂੰ ਅਰੰਭ ਹੀ ਲਿਖ ਸਕਦੇ ਹਨ। ਆਪਣੀ ਇਸੇ ਯੋਗਤਾ ਅਨੁਸਾਰ ਉਹ ਟੁਟੀ-ਫੁਟੀ
ਸ਼ਬਦਾਵਲੀ ਵਿਚ ਆਲਮ-ਰਚਿਤ 'ਮਾਧਵਨਲ ਕਾਮਕੰਦਲਾ' ਦੀ ਕਹਾਣੀ ਪਾਠਕਾਂ
ਨਾਲ ਸਾਂਝੀ ਕਰ ਕੇ ਅਤੇ 'ਰਾਗਮਾਲਾ' ਦੇ ਲਚਰ ਕਾਵਿ ਦਾ ਭਾਗ ਹੋਣਾ ਸਿਧ ਕਰ
ਕੇ ਆਮ ਪਾਠਕ ਨੂੰ ਇਸ ਭ੍ਰਮ ਵਿਚ ਫਾਹੁਣ ਲਈ ਪ੍ਰਯਤਨਸ਼ੀਲ ਹਨ ਕਿ
'ਚਰਿਤਰੋਪਾਖਿਆਨ' ਵਾਂਗ 'ਰਾਗਮਾਲਾ' ਵੀ ਬਹੁਤ ਅਸ਼ਲੀਲ ਅਤੇ ਅਪਵਿਤ੍ਰ
ਰਚਨਾ ਹੈ, ਜੋ ਸ੍ਰੀ ਗੁਰੂ ਗ੍ਰੰਥ-ਪੰਥ ਨੂੰ ਵਿਨਸ਼ਟ ਕਰ ਦੇਵੇਗੀ। ਇਸ ਵਿਸ਼ੈ ਉਤੇ ਕੁਝ
ਲਿਖਣਾ ਸਕਾਰਥ ਤਾਂ ਹੀ ਕਿਹਾ ਜਾਂ ਮੰਨਿਆ ਜਾ ਸਕਦਾ ਸੀ, ਜੇ ਲੇਖਕ ਪਾਠਕਾਂ
ਨਾਲ ਕੁਝ ਨਵੇਂ ਤਥ, ਜਾਂ ਪੁਰਾਣੇ ਤਥ ਹੀ ਵਿਵਸਥਿਤ ਢੰਗ ਨਾਲ ਸਾਂਝੇ ਕਰਨ
ਦਾ ਪ੍ਰਯਤਨ ਕਰਦਾ। ਪਰ ਲੇਖਕ ਜੀ ਪਾਸ ਆਪਣੇ ਪੂਰਵਜ ਭਸੌੜੀਆਂ ਜਿਤਨੀ ਵੀ
ਯੋਗਤਾ ਨਜ਼ਰ ਨਹੀਂ ਆਉਂਦੀ। ਉਹ ਸ਼ਾਇਦ ਸਮਝ ਬੈਠੇ ਹਨ ਕਿ 'ਮਾਧਵਨਲ
ਕਾਮਕੰਦਲਾ' ਦੀ ਕਹਾਣੀ ਪਹਿਲੀ ਵਾਰ ਉਨ੍ਹਾਂ ਦੇ ਹੀ ਧਿਆਨ ਵਿਚ ਆਈ ਹੈ,
ਜਦੋਂ ਕਿ ਉਹ ਸ਼ਾਇਦ ਜਾਣਦੇ ਨਹੀਂ ਕਿ ਇਸ ਸਾਹਿਤਿਕ ਕ੍ਰਿਤੀ ਦਾ ਰਾਗਮਾਲਾ
ਦੇ ਵਿਰੋਧੀ ਅਤੇ ਹਿਮਾਇਤੀ ਪਹਿਲਾਂ ਵੀ ਗੰਭੀਰ ਮੰਥਨ ਕਰ ਚੁਕੇ ਹਨ। ਰਾਗਮਾਲਾ
ਦੇ ਸੰਬੰਧ ਵਿਚ ਹੀ ਇਕ ਹੋਰ ਅੰਗਰੇਜ਼ੀ ਕ੍ਰਿਤੀ ਸ. ਮਦਨ ਸਿੰਘ ਨਾਮ ਦੇ ਕਿਸੇ
ਵਿਅਕਤੀ ਨੇ ਲਿਖੀ ਹੈ। ਸ. ਮਦਨ ਸਿੰਘ ਦੁਆਰਾ ਉਹੋ ਤਰਕ ਫਿਰ ਸਾਹਮਣੇ
ਲਿਆਉਣ ਦੀ ਚੇਸ਼ਟਾ ਕੀਤੀ ਗਈ ਹੈ, ਜੋ ਪਹਿਲਾਂ ਵੀ ਰਾਗਮਾਲਾ ਦੇ ਆਲੋਚਕ
ਪੂਰੇ ਤਾਣ ਸਹਿਤ ਪ੍ਰਸਤੁਤ ਕਰਦੇ ਰਹੇ ਹਨ। ਅਗਲੇ ਪੰਨਿਆਂ 'ਤੇ ਅਸੀਂ ਸ. ਮਦਨ
ਸਿੰਘ ਵਰਗੇ ਰਾਗਮਾਲਾ ਦੇ ਆਲੋਚਕਾਂ ਵਲੋਂ ਪ੍ਰਸਤੁਤ ਦਲੀਲਾਂ ਦੇ ਸਨਮੁਖ ਰਾਗਮਾਲਾ
ਸੰਬੰਧੀ ਵਾਸਤਵਿਕ ਸਥਿਤੀ ਪਾਠਕਾਂ ਸਾਹਮਣੇ ਰਖਣ ਦਾ ਯਤਨ ਕਰਾਂਗੇ-

1. ਰਾਗਮਾਲਾ ਦੇ ਆਲੋਚਕ ਸ. ਮਦਨ ਸਿੰਘ ਦੀ ਮਾਨਤਾ ਹੈ ਕਿ ਇਹ ਕਿਸੇ ਅਗਿਆਨੀ ਸਿਖ ਜਾਂ ਈਰਖਾਲੂ ਹਿੰਦੂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਤ ਵਿਚ ਅੰਕਿਤ ਕਰ ਕੇ ਗੁਰੁਬਾਣੀ ਵਿਚ ਹੇਰ-ਫੇਰ ਕੀਤਾ ਹੈ। ਉਹ ਕਹਿੰਦੇ ਹਨ ਕਿ ਅਜਿਹਾ ਕਰਮ ਕਰਨ ਵਾਲੇ ਵਿਅਕਤੀ ਨੇ ਨਹੀਂ ਸਮਝਿਆ ਕਿ

ਇਹ ਪਰਿਵਰਤਨ ਸਿਖ ਪੰਥ ਲਈ ਕਿਤਨਾ ਨੁਕਸਾਨਦੇ ਸਿਧ ਹੋਵੇਗਾ ? ਮੇਰੀ ਮਾਨਤਾ ਹੈ ਕਿ ਅਗਿਆਨੀਆਂ ਦੀ ਪਹਿਚਾਨ ਕਰਵਾਉਂਦਿਆਂ ਸ੍ਰੀ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ, 'ਇਕਨਾ ਨਾਦ ਨ ਬੇਦ ਨ ਗੀਅ ਰਸੁ ਰਸ ਕਸ ਨ ਜਾਣੰਤਿ ॥ ਇਕਨਾ ਸੁਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ ॥ ਨਾਨਕ ਸੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤਿ॥'[1] ਜੋ ਵਿਅਕਤੀ ਨਾਦ, ਗੀਤ ਆਦਿ ਦੀਆਂ ਬਾਰੀਕੀਆਂ ਨੂੰ ਸਮਝਦਾ ਹੋਵੇ ਉਸ ਨੂੰ ਅਗਿਆਨੀ ਕਿਵੇਂ ਕਿਹਾ ਜਾ ਸਕਦਾ ਹੈ? ਅਗਿਆਨੀ ਤਾਂ ਸੰਗੀਤ-ਵਿਰੋਧੀ ਅਣਜਾਣ ਲੋਕ ਹਨ। ਜਿਥੋਂ ਤਕ ਕਿਸੇ ਈਰਖਾਲੂ ਹਿੰਦੂ ਦੁਆਰਾ ਕੀਤੀ ਮਿਲਾਵਟ ਦਾ ਮੁਦਾ ਹੈ, ਤਾਂ ਇਸ ਰਾਗਮਾਲਾ ਵਿਚ ਕਿਹੜਾ ਹਿੰਦੂਵਾਦ ਹੈ? ਰਾਗ ਵਿਚਾਰਾ ਨਾ ਹਿੰਦੂ ਹੈ, ਨਾ ਸਿਖ, ਨਾ ਮੁਸਲਮਾਨ। ਭਾਵੇਂ ਇਸਲਾਮ ਦੀ ਸ਼ਰੀਅਤ ਇਸ ਦੀ ਮਨਾਹੀ ਕਰਦੀ ਹੈ, ਫਿਰ ਵੀ ਭਾਰਤ ਵਿਚ ਇਸ ਨੂੰ ਹਿੰਦੂਆਂ ਤੋਂ ਜ਼ਿਆਦਾ ਮੁਸਲਮਾਨਾਂ ਨੇ ਗਾਇਆ-ਵਜਾਇਆ ਹੈ। ਜੋ ਲੋਕ ਸਤ ਸੁਰਾਂ ਦੀ ਦਿਵਯਤਾ ਨੂੰ ਕੌਮਾਂ ਅਤੇ ਮਜ਼੍ਹਬਾਂ ਵਿਚ ਵੰਡਦੇ ਹਨ, ਉਹ ਨਾ ਵਿਵੇਕੀ ਹੁੰਦੇ ਹਨ, ਨਾ ਧਾਰਮਿਕ। ਜੇ ਰਾਗ ਹਿੰਦੂ ਜਾਂ ਮੁਸਲਮਾਨ ਹੁੰਦੇ ਹਨ, ਤਾਂ ਕੋਈ ਇਕ ਰਾਗ ਵੀ ਦਸੋ, ਜੋ ਸ੍ਰੀ ਗੁਰੂ ਜੀ ਤੋਂ ਪਹਿਲਾਂ ਮੌਜੂਦ ਨਾ ਹੋਵੇ। ਫਿਰ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਰਾਗ 'ਸ੍ਰੀ ਰਾਗ' ਹੀ ਸ਼ਿਵਮਤ ਦਾ ਪਹਿਲਾ ਰਾਗ ਹੈ। 'ਸ੍ਰੀ' ਦਾ ਅਰਥ ਵੀ ਲਛਮੀ ਹੈ। 'ਗਉੜੀ' ਗੌਰੀ ਪਾਰਬਤੀ ਹੈ। 'ਭੈਰਉ' ਸ਼ਿਵ ਦਾ ਇਕ ਨਾਮ ਹੈ। ਇਨ੍ਹਾਂ ਸਾਰੇ ਹਿੰਦੂਆਂ ਦਾ ਕੀ ਕਰਾਂਗੇ ? ਅਸਲ ਵਿਚ ਰਾਗਮਾਲਾ ਸਿਖ ਪੰਥ ਲਈ ਕਿਸੇ ਵੀ ਤਰ੍ਹਾਂ ਨੁਕਸਾਨਦੇ ਨਹੀਂ ਹੋਣ ਲਗੀ, ਸਗੋਂ ਸਿਖਾਂ ਨੂੰ ਸੰਗੀਤ ਪ੍ਰੇਮੀ ਬਣਾ ਕੇ ਉਨ੍ਹਾਂ ਨੂੰ ਅਮੁਕ ਵਿਵੇਕ ਅਤੇ ਅਧਿਆਤਮਕ ਪਵਿਤ੍ਰਤਾ ਪ੍ਰਦਾਨ ਕਰੇਗੀ। ਉਂਞ ਵੀ ਜੇ ਰਾਗਮਾਲਾ ਆਲਮ ਦੁਆਰਾ ਰਚੀ ਗਈ ਸੀ, ਤਾਂ ਉਹ ਵਿਚਾਰਾ ਤਾਂ ਮੁਸਲਮਾਨ ਸੀ, ਉਸ ਦੀ ਰਾਗਮਾਲਾ ਵਿਚ ਬ੍ਰਾਹਮਣਵਾਦ ਕਿਥੋਂ ਆ ਗਿਆ ? ਬ੍ਰਾਹਮਣਵਾਦ ਦਾ ਤਾਂ 'ਮਾਧਵਨਲ ਕਾਮਕੰਦਲਾ' ਦੇ ਪ੍ਰਸੰਗ ਨਾਲ ਵੀ ਕੋਈ ਸੰਬੰਧ ਨਹੀਂ। ਇਹ ਤਾਂ ਕੇਵਲ ਇਕ

1. ਸਾਰੰਗ (ਵਾਰ), ਮਹਲਾ 1, ਪੰਨਾ 1246

ਪ੍ਰੇਮ-ਪ੍ਰਸੰਗ ਹੈ, ਨਾ ਇਹ ਹਿੰਦੂ ਵੇਦ ਹੈ, ਨਾ ਸਮ੍ਰਿਤੀ ਅਤੇ ਨਾ ਹੀ ਪੁਰਾਣ। ਅਜਿਹੇ ਦੋਸ਼ ਆਰੋਪਿਤ ਕਰਦੇ ਸਮੇਂ ਕਦੇ ਆਤਮ-ਚਿੰਤਨ ਵੀ ਕਰਨਾ ਚਾਹੀਦਾ ਹੈ ਕਿ ਕਿਤੇ ਗੁਰਬਿਲਾਸ ਦੇ ਕਰਤਾ ਭਾਈ ਕੋਇਰ ਸਿੰਘ, ਭਾਈ ਕੇਸਰ ਸਿੰਘ ਛਿਬਰ ਆਦਿ ਨਿਸ਼ਠਾਵਾਨ ਸਿਖਾਂ ਨੂੰ 'ਮਿਲਾਵਟਖੋਰ ਹਿੰਦੂ' ਕਹਿਣ ਨਾਲ ਸਾਡੀ ਆਪਣੀ ਆਤਮਾ ਤਾਂ ਮਲੀਨਤਾ ਵਿਚ ਨਹੀਂ ਡੁਬ ਜਾਵੇਗੀ।

2. ਸ. ਮਦਨ ਸਿੰਘ ਸਮੇਤ ਰਾਗਮਲਾ ਦੇ ਆਲੋਚਕਾਂ ਅਤੇ ਕੁਝ ਗੁਰਬਾਣੀ ਸੰਗੀਤ ਦੇ ਨਾਮ ਤੇ ਦੁਕਾਨਦਾਰੀ ਚਲਾਉਣ ਵਾਲਿਆਂ ਦਾ ਮਤ ਹੈ ਕਿ ਭਾਰਤੀ ਸੰਗੀਤ ਵਿਚ ਪ੍ਰਚਲਿਤ ਰਾਗ-ਰਾਗਿਨੀ ਪ੍ਰਬੰਧ ਨਾਲ ਗੁਰਬਾਣੀ ਸੰਗੀਤ ਦਾ ਕੋਈ ਸੰਬੰਧ ਨਹੀਂ, ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨਾਲ ਸੰਬੰਧਿਤ ਕਿਸੇ ਵੀ ਰਾਗ ਨੂੰ ਰਾਗਿਨੀ ਨਾਮ ਨਹੀਂ ਦਿਤਾ ਗਿਆ, ਸਾਰੇ ਰਾਗ ਹੀ ਚੜ੍ਹਾਏ ਹਨ। ਉਨ੍ਹਾਂ ਦੀ ਮਾਨਤਾ ਹੈ ਕਿ ਰਾਗਮਾਲਾ ਵਿਚ ਵਰਣਿਤ ਰਾਗ-ਪਰਿਵਾਰ ਹਿੰਦੂਵਾਦੀ ਹੈ ਅਤੇ ਸਿਖ ਸੰਗੀਤ ਰਾਗ-ਰਾਗਿਨੀ ਮੁਕਤ ਭਿੰਨ ਸੰਗੀਤ ਹੈ। ਇਹ ਯੁਕਤੀ ਗੁਰਵਾਕ 'ਤੁੰਮਾ ਦਿਸਮੁ ਸੋਹਣਾ' ਵਾਂਗ ਅਗਿਆਨ ਵਿਚ ਹੀ ਯਥਾਰਥ ਲਗਦੀ ਹੈ। ਉਂਞ ਇਸ ਦੀ ਸਥਿਤੀ ਤੁੰਮੇ ਵਾਂਗ ਹੀ 'ਅਢੁ ਨ ਲਹੰਦੜੋ ਮੁਲੁ' ਵਾਲੀ ਨਿਕੰਮੀ ਹੈ। ਇਹ ਗਿਆਨਮਈ ਅਗਮ-ਵਾਕ ਉਸ ਸਮੇਂ ਕਹੇ ਜਾ ਰਹੇ ਹਨ, ਜਦੋਂ ਰਾਗ-ਰਾਗਿਨੀ ਪ੍ਰਬੰਧ ਭਾਰਤੀ (ਵਿਰੋਧੀ ਪਖ ਦੇ ਹਿੰਦੂਵਾਦੀ) ਸੰਗੀਤ ਵਿਚੋਂ ਅਲੋਪ ਹੋ ਚੁਕਿਆ ਹੈ, ਪਰ ਅਜ ਵੀ ਭਾਰਤੀ ਸੰਗੀਤ ਵਾਂਗ ਹੀ ਗੁਰਬਾਣੀ ਸੰਗੀਤ ਦਾ ਆਸ਼੍ਰਯ ਦਸ ਥਾਟਾਂ ਵਾਲਾ ਪ੍ਰਬੰਧ ਹੀ ਹੈ, ਜਿਸ ਦਾ ਆਧਾਰ ਕਿਸੇ ਸਿਖ ਕੀਰਤਨਕਾਰ ਦੁਆਰਾ ਪ੍ਰਸਤਾਵਿਤ ਸੰਗੀਤਿਕ ਵਿਧਾਨ ਨਹੀਂ, ਸਗੋਂ ਭਾਤਖੰਡੇ ਦਾ ਸੰਗੀਤ-ਸ਼ਾਸਤ੍ਰ ਹੀ ਹੈ। ਜੇ ਗੁਰਬਾਣੀ ਕੀਰਤਨ ਦਾ ਭਾਰਤੀ ਸੰਗੀਤ ਨਾਲ ਹਿੰਦੂਵਾਦੀ ਹੋਣ ਕਾਰਨ ਕੋਈ ਸੰਬੰਧ ਨਹੀਂ, ਤਾਂ ਸਿਖ ਸੰਗੀਤ ਦਾ ਸ਼ਰੁਤੀ-ਪ੍ਰਬੰਧ, ਸੁਰਾਂ ਦਾ ਨਾਮ, ਸੁਰਾਂ ਦਾ ਸਥਾਨ, ਰਾਗਾਂ ਦੇ ਨਾਮ, ਰਾਗਾਂ ਦੀ ਚਾਲ, ਰਾਗ-ਜਾਤਿ, ਰਾਗ ਦਾ ਗਾਇਨ ਸਮਾਂ, ਵਾਦੀ-ਸੰਵਾਦੀ, ਵਰਜਿਤ ਸੁਰ, ਥਾਟ-ਪ੍ਰਬੰਧ, ਤਾਲ-ਨਾਮ, ਤਾਲ-ਬੋਲ, ਤਾਲ-ਮਾਤ੍ਰਾ ਦਾ ਸਮੁਚਾ ਸਿਸਟਮ ਭਿੰਨ ਕਿਉਂ ਨਹੀਂ ? ਸਾਨੂੰ ਪਤਾ ਹੈ ਕਿ ਇਹ ਸਾਰਾ ਪ੍ਰਬੰਧ ਕਿਸੇ ਵਿਅਕਤੀ ਜਾਂ ਕੌਮ ਨਾਲ ਸੰਬੰਧਿਤ ਨਹੀਂ, ਬਲਕਿ ਸਾਰੇ ਉਤਰ ਭਾਰਤੀ ਸੰਗੀਤ ਦਾ ਸਾਂਝਾ ਹੈ। ਕੌਮਾਂ ਦਾ ਉਹ

ਬ੍ਰਾਹਮਣਵਾਦੀ ਅਤੇ ਔਰੰਗਜ਼ੇਬੀ ਵਿਭਾਜਨ, ਜਿਸ ਦੇ ਗੁਰੂ ਜੀ ਕਟੂ ਆਲੋਚਕ ਸਨ, ਵੀ ਸੰਗੀਤ ਨੂੰ ਸ਼ਾਇਦ ਉਸ ਤਰ੍ਹਾਂ ਵਿਭਾਜਿਤ ਨਹੀਂ ਸੀ ਕਰ ਸਕਿਆ, ਜਿਵੇਂ ਇਹ ਮਲੋਜ਼ੋਰੀ ਬੁਧੀਵਾਦੀ ਬਣ ਬੈਠੇ 'ਏਕੰਕਾਰ' ਦੇ ਉਪਾਸਕ ਕਰਨਾ ਚਾਹੁੰਦੇ ਹਨ। ਜੇ ਭਾਰਤੀ ਹੋਣ ਕਾਰਨ ਰਾਗਮਾਲਾ ਦੇ ਰਾਗ ਹਿੰਦੂਵਾਦੀ ਸਿਸਟਮ ਦਾ ਅੰਗ ਹਨ, ਤਾਂ ਇਸ ਸਮਸਿਆ ਦਾ ਸਾਹਮਣਾ ਵੀ ਕਰਨਾ ਪਵੇਗਾ ਕਿ 'ਸ੍ਰੀ' ਦਾ ਅਰਥ 'ਲਛਮੀ' ਹੈ। ਮਦਨ ਸਿੰਘ ਦਾ ਇਹ ਕਥਨ ਕਿ 'ਹਰ ਰਾਗ ਇਕ ਸੁਤੰਤਰ ਰਾਗ ਹੈ, ਨਾ ਕੋਈ ਪੁਤਰ-ਰਾਗ ਹੈ, ਨਾ ਹੀ ਪਤਨੀ (sub-ragas and sub-sub ragas)' ਅਗਿਆਨ-ਆਧਾਰਿਤ ਹੈ, ਕਿਉਂਕਿ ਅਜ ਵੀ ਦਸ ਪ੍ਰਮੁਖ ਰਾਗ ਥਾਟ ਦੇ ਰੂਪ ਵਿਚ ਜਨਕ ਅਥਵਾ ਪਿਤਾ ਹਨ। ਉਨ੍ਹਾਂ ਤੋਂ ਉਤਪੰਨ ਰਾਗ-ਪੁਤ੍ਰ ਰਾਗ ਹੀ ਹਨ। ਅਜੇ ਵੀ ਸ਼ੁਧਤਾ ਦੇ ਆਧਾਰ 'ਤੇ ਰਾਗ ਸ਼ੁਧ, ਛਾਇਆ-ਲਗ ਅਤੇ ਸੰਕੀਰਣ ਮੰਨੇ ਜਾਂਦੇ ਹਨ, ਇਕਸਮਾਨ ਨਹੀਂ।

ਪੁਰਾਤਨ ਸੰਗੀਤ ਵਿਚ ਛੇ ਪ੍ਰਮੁਖ ਰਾਗ ਸਨ, ਜੋ ਅਜ ਦਸ ਹਨ। ਜੋ ਰਾਗ ਕਿਸੇ ਹੋਰ ਰਾਗ ਦੇ ਪ੍ਰਭਾਵ ਵਿਚ ਗਾਏ ਜਾਂਦੇ ਸਨ ਜਾਂ ਜਿਨ੍ਹਾਂ ਰਾਗਾਂ ਵਿਚੋਂ ਕਿਸੇ ਪ੍ਰਮੁਖ ਰਾਗ ਦੀ ਝਲਕ ਦ੍ਰਿਸ਼ਟਮਾਨ ਹੁੰਦੀ ਸੀ, ਉਸ ਨੂੰ ਪੁਤ੍ਰ ਮੰਨ ਲਿਆ ਗਿਆ ਅਤੇ ਜਿਨ੍ਹਾਂ ਰਾਗਾਂ ਵਿਚ ਸ਼ਿੰਗਾਰ ਅਤੇ ਕੋਮਲਤਾ ਸੀ, ਉਨ੍ਹਾਂ ਨੂੰ ਵਿਆਖਿਆ ਕਰਦਿਆਂ ਰਾਗ-ਪਤਨੀ ਜਾਂ ਰਾਗਿਨੀ ਨਾਮ ਦੇ ਦਿਤਾ ਗਿਆ। ਇਥੇ ਇਹ ਸਪਸ਼ਟ ਕਰਨਾ ਜ਼ਰੂਰੀ ਹੈ ਕਿ ਸ਼ਿੰਗਾਰ ਅਤੇ ਕੋਮਲਤਾ ਉਨ੍ਹਾਂ ਰਾਗਾਂ ਵਿਚ ਹੀ ਹੁੰਦੀ ਹੈ, ਜਿਨ੍ਹਾਂ ਵਿਚ ਕਈ ਰਾਗਾਂ ਦਾ ਮਿਸ਼੍ਰਣ ਹੋਵੇ ਜਾਂ ਜਿਨ੍ਹਾਂ ਦੇ ਗਾਇਨ ਸਮੇਂ ਨਿਯਮਾਂ ਵਿਚ ਢਿਲ ਲਈ ਜਾ ਸਕੇ। ਇਸ ਨੂੰ ਇੰਞ ਵੀ ਸਮਝਿਆ ਜਾ ਸਕਦਾ ਹੈ ਕਿ ਜਿਨ੍ਹਾਂ ਰਾਗਾਂ ਵਿਚ ਠੁਮਰੀ ਦੇ ਪ੍ਰਕਾਰਾਂ ਜੈਸਾ ਹਲਕਾ-ਫੁਲਕਾ ਥੋੜਾ ਚੰਚਲ ਗਾਇਨ-ਵਾਦਨ ਹੁੰਦਾ ਸੀ, ਉਨ੍ਹਾਂ ਨੂੰ ਰਾਗ-ਪਤਨੀ ਮੰਨਿਆ ਜਾਂਦਾ ਸੀ। ਪ੍ਰਮੁਖ ਰਾਗ, ਪੁਤ੍ਰ-ਰਾਗ ਅਤੇ ਰਾਗਿਨੀ, ਇਹ ਤਿੰਨੇ ਅਜ ਵੀ ਵਖਰੇ ਢੰਗ ਨਾਲ ਸੰਗੀਤ ਦਾ ਅਭਿੰਨ ਅੰਗ ਹਨ। ਅਜ ਸ਼ੁਧ ਰਾਗ ਪਿਤਾ-ਰਾਗ ਹੈ, ਛਾਇਆਲਗ ਪੁਤ੍ਰ-ਰਾਗ ਹਨ ਅਤੇ ਹਲਕੀ ਪ੍ਰਕਿਰਤੀ ਦੇ ਸੰਕੀਰਣ ਰਾਗ ਇਸਤ੍ਰੀ-ਰਾਗ ਹੀ ਹਨ। ਰਾਗ-ਰਾਗਿਨੀ ਪਧਤੀ ਦੇ ਪਤਨ ਦਾ ਮੂਲ ਕਾਰਨ ਵਖ-ਵਖ ਰਾਗਮਾਲਾਵਾਂ ਸਨ। ਇਨ੍ਹਾਂ ਦੀ ਹੋਂਦ ਨੇ ਇਕ ਭ੍ਰਾਮਿਕ ਵਾਤਾਵਰਣ ਬਣਾ ਦਿਤਾ ਸੀ, ਜਿਸ ਕਾਰਨ ਇਕ ਨਵਾਂ ਅਤੇ ਸਰਲ ਸੰਗੀਤ-ਪ੍ਰਬੰਧ ਹੋਂਦ ਵਿਚ

ਆਉਣਾ ਕੁਦਰਤੀ ਸੀ। ਰਾਗਮਾਲਾ ਦੇ ਕੁਝ ਵਿਰੋਧੀਆਂ ਅਤੇ ਚਾਲਾਕ ਲੋਕਾਂ ਨੇ ਸਿਖ ਪੰਥ ਵਿਚ ਇਹ ਵਡੀ ਭ੍ਰਾਂਤੀ ਪ੍ਰਸਾਰ ਦਿਤੀ ਹੈ ਕਿ ਗੁਰਬਾਣੀ ਸੰਗੀਤ ਵਿਚ ਰਾਗ-ਰਾਗਿਨੀ ਸਿਸਟਮ ਲਈ ਕੋਈ ਸਥਾਨ ਨਹੀਂ ਸੀ, ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਿਸੇ ਵੀ ਰਾਗ ਨੂੰ ਰਾਗਿਨੀ ਨਹੀਂ ਲਿਖਿਆ ਗਿਆ। ਇਹ ਕਥਨ ਗਿਆਨ-ਆਧਾਰਿਤ ਬਿਲਕੁਲ ਨਹੀਂ, ਕਿਉਂਜੁ ਸਾਰੇ ਭਾਰਤੀ ਸੰਗੀਤਿਕ ਗ੍ਰੰਥਾਂ ਵਿਚ ਸਾਰੇ ਰਾਗ ਰਾਗਿਨੀਆਂ ਨੂੰ ਰਾਗ ਕਹਿਣ-ਲਿਖਣ ਦੀ ਹੀ ਅਟੁਟ ਪਰੰਪਰਾ ਸੀ, ਜਦੋਂ ਕਿਸੇ ਰਾਗ ਦੀ ਵਿਆਖਿਆ ਕੀਤੀ ਜਾਂਦੀ ਸੀ, ਤਦੋਂ ਹੀ ਉਸ ਨੂੰ ਰਾਗ, ਰਾਗਿਨੀ ਆਦਿ ਵਜੋਂ ਦਰਸਾਇਆ ਜਾਂਦਾ ਸੀ, ਉਂਞ ਸਭ ਨੂੰ ਰਾਗ ਹੀ ਸਦਿਆ ਜਾਂਦਾ ਸੀ। ਅਸੀਂ ਇਥੇ ਉਤਰ ਭਾਰਤੀ ਸੰਗੀਤ ਦੇ ਮਹਾ-ਪੰਡਿਤ ਵਿਸ਼ਣੂ ਨਾਰਾਇਣ 'ਭਾਤਖੰਡੇ' ਜੀ ਦੁਆਰਾ ਰਚਿਤ ਸੰਗੀਤ ਗ੍ਰੰਥ 'ਸ਼੍ਰੀਮਲ੍ਲਲਕ੍ਸ਼ਯਸੰਗੀਤਮ੍' ਦੀਆਂ ਕੁਝ ਉਦਾਹਰਣਾਂ ਪਾਠਕਾਂ ਦੇ ਸਨਮੁਖ ਪ੍ਰਸਤੁਤ ਕਰਨਾ ਚਾਹੁੰਦੇ ਹਾਂ- ਇਸ ਗ੍ਰੰਥ ਦੇ ਪੰਨਾ 326 ਉਤੇ ਸਿਰਲੇਖ ਹੈ '(5) ਧਨਾਸ਼੍ਰੀ ਰਾਗ' : ਅਗੇ ਵਿਆਖਿਆ ਹੈ 'ਇਸ ਰਾਗ ਮੇਂ ਪ੍ਰਾਯ: ਨਿਸ਼ਾਦ ਕੋ ਗ੍ਰਹ ਸਵਰ ਤਥਾ ਪੰਚਮ ਕੋ ਨਯਾਸ ਸਵਰ ਮਾਨਾ ਜਾਤਾ ਹੈ।....ਸੰਗੀਤ ਪਾਰਿਜਾਤ ਮੇਂ ਧਨਾਸ਼੍ਰੀ ਕੋ ਸ਼ੁਧਮੇਲ ਸੇ ਉਤਪੰਨ ਰਿਸ਼ਭ-ਧੈਵਤ ਵਰਜਿਤ ਆਰੋਹੀ ਰਾਗਿਨੀ ਵਰਣਿਤ ਕਿਯਾ ਗਯਾ ਹੈ।' ਇਸੇ ਪੁਸਤਕ ਦੇ ਪੰਨਾ 312 ਉਤੇ 'ਸਾਜਗਿਰੀ ਰਾਗ' ਦਾ ਸਿਰਲੇਖ ਹੈ, ਇਸ ਦੀ ਵਿਆਖਿਆ ਕਰਦਿਆਂ ਲਿਖਿਆ ਹੈ 'ਲੋਕਪ੍ਰਿਯ ਰਾਗਿਨੀ ਸਾਜਗਿਰੀ ਕੋ ਸੰਗੀਤਗਯੋਂ ਨੇ ਗੰਧਾਰਵਾਦੀ ਯੁਕਤ ਸੰਪੂਰਣਸਵ੍ਰੀਯ ਆਧੁਨਿਕ ਸ੍ਵਰੂਪ ਮਾਨਾ ਹੈ।' ਪੁਸਤਕ ਦੇ ਪੰਨਾ 314 'ਤੇ 'ਲਲਿਤਾ ਰਾਗ' ਲਿਖ ਕੇ ਅਗੇ ਦਸਿਆ ਹੈ 'ਲਲਿਤ ਨਾਮਕ ਰਾਗਿਣੀ ਮਾਰਵਾਮੇਲਜਨ੍ਯ ਮਾਨੀ ਗਈ ਹੈ।' ਗੁਰੂ-ਕਾਲ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਤੋਂ ਪਹਿਲੇ ਹੋਏ ਮਹਾਪੁਰਖ਼ ਸ੍ਰੀ ਭਗਤ ਸੂਰਦਾਸ ਜੀ ਦੀਆਂ 'ਸੂਰਸਾਗਰ' ਵਿਚ ਸੰਗ੍ਰਹਿਤ ਰਚਨਾਵਾਂ ਉਤੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਂਗ ਹੀ ਧਨਾਸ਼੍ਰੀ, ਗੁਜਰੀ, ਰਾਮਕਲੀ, ਗਉੜੀ, ਸੋਰਠਿ, ਕੇਦਾਰੀ, ਆਸਾਵਰੀ ਆਦਿ ਰਾਗਿਨੀਆਂ ਨੂੰ ਰਾਗ ਹੀ ਲਿਖਿਆ ਗਿਆ ਹੈ। ਕਿਉਂਕਿ ਸਭ ਰਾਗਾਂ ਨੂੰ ਰਾਗ ਲਿਖਣ ਦੀ ਪਰੰਪਰਾ ਸੀ ਇਸ ਲਈ ਗ੍ਰੰਥਾਂ ਵਿਚ 'ਰਾਗਮਾਲਾ' ਨਾਮ ਦੀਆਂ ਕ੍ਰਿਤੀਆਂ ਉਪਲਬਧ ਹਨ, ਕੋਈ 'ਰਾਗ-ਰਾਗਿਨੀ ਮਾਲਾ ਨਹੀਂ ਮਿਲਦੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ 'ਰਾਗਮਾਲਾ' ਵੀ ਰਾਗਾਂ ਦੀ ਮਾਲਾ ਹੈ, ਨਾ ਕਿ 'ਰਾਗ-ਰਾਗਿਨੀ' ਮਾਲਾ ਹੈ।

ਰਾਗਮਾਲਾ ਦੇ ਵਿਰੋਧੀਆਂ ਦਾ ਇਹ ਪ੍ਰਚਾਰ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸਿਖ ਪਰੰਪਰਾ ਨੇ 'ਰਾਗ-ਰਾਗਿਨੀ' ਪਧਤੀ ਨੂੰ ਅਪ੍ਰਵਾਣ ਕੀਤਾ ਹੈ, ਤਥਾਂ ਉਤੇ ਆਧਾਰਿਤ ਨਹੀਂ। ਗੁਰਬਾਣੀ ਦੇ ਪ੍ਰਥਮ ਵਿਆਖਿਆਕਾਰ ਭਾਈ ਗੁਰਦਾਸ ਜੀ ਨੇ ਰਾਗ-ਰਾਗਿਨੀ ਦੇ ਪ੍ਰਚਲਣ ਬਾਰੇ ਕਿਹਾ ਹੈ-

ਗੜ੍ਹ ਬਗਦਾਦ ਨਿਵਾਇਕੈ ਮਕਾ ਮਦੀਨਾ ਸਭ ਨਿਵਾਯਾ॥
ਸਿਧ ਚੌਰਾਸੀਹ ਮੰਡਲੀ ਖਟ ਦਰਸ਼ਨ ਪਾਖੰਡ ਜਣਾਯਾ॥
ਪਾਤਾਲਾਂ ਆਕਾਸ਼ ਲਖ ਜਿੱਤੀ ਧਰਤੀ ਜਗਤ ਸਬਾਯਾ॥
ਜਿਤੀ ਨਵਖੰਡ ਮੇਦਨੀ ਸਤਨਾਮ ਕਾ ਚਕ੍ਰ ਫਿਰਾਯਾ॥
ਦੇਵਦਾਨੋ ਰਾਕਸ ਦੈਂਤ ਸਭ ਚਿਤ੍ਰ ਗੁਪਤ ਸਭ ਚਰਨੀ ਲਾਯਾ॥
ਇੰਦ੍ਰਾਸਣ ਅਪੱਛਰਾਂ ਰਾਗ ਰਾਗਨੀ ਮੰਗਲ ਗਾਯਾ॥
ਹਿੰਦੂ ਮੁਸਲਮਾਨ ਨਿਵਾਇਆ ॥[2]
ਛਿਅ ਰਸ ਰਸਨਾ ਸਾਧਕੈ ਰਾਗ ਰਾਗਨੀ ਭਾਇ ਭਗਤੀ॥[3]

ਜੇ ਸਾਡੇ ਇਨ੍ਹਾਂ ਆਲੋਚਕ ਵਿਦਵਾਨਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜੀ ਦੀ ਬਾਣੀ ਦੇ ਨਿਸ਼ਠਾਵਾਨ ਸਿਖ ਵਾਂਗ ਦਰਸ਼ਨ ਕੀਤੇ ਹੁੰਦੇ, ਤਾਂ ਇਹ ਸਮਝਣ ਵਿਚ ਕੋਈ ਪ੍ਰੇਸ਼ਾਨੀ ਨਾ ਹੁੰਦੀ ਕਿ ਸੰਗੀਤ ਦੀ ਪਰੰਪਰਾ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਰਾਗਾਂ ਦਾ ਬਿਆਨ ਕਰਨ ਲਗਿਆਂ ਰਾਗ ਅਤੇ ਰਾਗਿਨੀ ਦਾ ਸਪਸ਼ਟ ਉਲੇਖ ਕੀਤਾ ਗਿਆ ਹੈ, ਯਥਾ-

ਰਾਗ ਵਰਣਨ

....ਸਲੋਕ ਮਃ ੩ ॥ ਰਾਗਾ ਵਿਚਿ ਸ੍ਰੀਰਾਗੁ ਹੈ
ਜੇ ਸਚਿ ਧਰੇ ਪਿਆਰੁ॥...੧ ॥[4]
.......ਸਲੋਕ ਮਃ ੪ ॥ ਹਰਿ ਉਤਮੁ ਹਰਿ ਪ੍ਰਭੁ ਗਾਵਿਆ
ਕਰਿ ਨਾਦੁ ਬਿਲਾਵਲੁ ਰਾਗੁ ॥...੧ ॥[5]

---

2. ਭਾਈ ਗੁਰਦਾਸ ਵਾਰ 1, ਪਉੜੀ 37
3. ਭਾਈ ਗੁਰਦਾਸ ਵਾਰ 7, ਪਉੜੀ 6
4. ਸਿਰੀ ਰਾਗ (ਵਾਰ), ਮਹਲਾ 4, ਸਫ਼ਾ 83
5. ਬਿਲਾਵਲੁ (ਵਾਰ), ਮਹਲਾ 4, ਸਫ਼ਾ 849

....ਸਲੋਕੁ ਮ: ੩ ॥ ਕੇਦਾਰਾ ਰਾਗਾ ਵਿਚਿ ਜਾਣੀਐ
ਭਾਈ ਸਬਦੇ ਕਰੇ ਪਿਆਰੁ ॥...੧ ॥[6]
.....ਸਲੋਕ ਮ: ੩ ॥ ਸਬਦਿ ਰਤੇ ਵਡਹੰਸ ਹੈ
ਸਚੁ ਨਾਮੁ ਉਰਿ ਧਾਰਿ ॥...੧ ॥[7]

ਰਾਗਿਨੀ ਵਰਣਨ

......ਸਲੋਕੁ ਮ: ੩ ॥ ਗੂਜਰੀ ਜਾਤਿ ਗਵਾਰਿ ਜਾ ਸਹੁ ਪਾਏ ਆਪਣਾ ॥
ਗੁਰ ਕੈ ਸਬਦਿ ਵੀਚਾਰਿ ਅਨਦਿਨੁ ਹਰਿ ਜਪੁ ਜਾਪਣਾ ॥
ਜਿਸੁ ਸਤਿਗੁਰੁ ਮਿਲੈ ਤਿਸੁ ਭਉ ਪਵੈ ਸਾ ਕੁਲਵੰਤੀ ਨਾਰਿ ॥
ਸਾ ਹੁਕਮੁ ਪਛਾਣੈ ਕੰਤ ਕਾ ਜਿਸ ਨੋ ਕ੍ਰਿਪਾ ਕੀਤੀ ਕਰਤਾਰਿ ॥
ਓਹ ਕੁਚਜੀ ਕੁਲਖਣੀ ਪਰਹਰਿ ਛੋਡੀ ਭਤਾਰਿ ॥....੧ ॥[8]
......ਸੋਰਠਿ ਸਦਾ ਸੁਹਾਵਣੀ ਜੇ ਸਚਾ ਮਨਿ ਹੋਇ ॥
ਦੰਦੀ ਮੈਲੁ ਨ ਕਤੁ ਮਨਿ ਜੀਭੈ ਸਚਾ ਸੋਇ ॥
ਸਸੁਰੈ ਪੇਈਐ ਭੈ ਵਸੀ ਸਤਿਗੁਰੁ ਸੇਵਿ ਨਿਸੰਗ ॥
ਪਰਹਰਿ ਕਪੜੁ ਜੇ ਪਿਰ ਮਿਲੈ ਖੁਸੀ ਰਾਵੈ ਪਿਰੁ ਸੰਗਿ ॥...੧ ॥[9]
.......ਧਨਾਸਰੀ ਧਨਵੰਤੀ ਜਾਣੀਐ ਭਾਈ ਜਾਂ ਸਤਿਗੁਰ ਕੀ ਕਾਰ ਕਮਾਇ ॥[10]
ਸਲੋਕੁ ਮ: ੩ ॥ ਸੂਹਬ ਤਾ ਸੋਹਾਗਣੀ ਜਾ ਮੰਨਿ ਲੈਹਿ ਸਚੁ ਨਾਉ ॥...੧ ॥..
...ਲੋਕਾ ਵੇ ਹਉ ਸੂਹਵੀ ਸੂਹਾ ਵੇਸੁ ਕਰੀ ॥
ਵੇਸੀ ਸਹੁ ਨ ਪਾਈਐ ਕਰਿ ਕਰਿ ਵੇਸ ਰਹੀ ॥....੨ ॥[11]

ਉਪਰੋਕਤ ਹਵਾਲਿਆਂ ਤੋਂ ਇਹ ਬਹੁਤ ਸਪਸ਼ਟ ਹੈ ਕਿ ਰਾਗਮਾਲਾ ਦਾ ਰਾਗ-ਰਾਗਿਨੀ ਪ੍ਰਬੰਧ ਗੁਰੁਬਾਣੀ ਕੀਰਤਨ ਦੇ ਅਸੂਲਾਂ ਵਿਰੁਧ ਨਹੀਂ ਸੀ। ਰਾਗ-ਰਾਗਿਨੀ ਪ੍ਰਬੰਧ ਦਾ ਪਤਨ ਪੂਰੇ ਭਾਰਤ ਵਿਚ ਹੋਇਆ ਹੈ ਅਤੇ ਗੁਰੁਬਾਣੀ ਕੀਰਤਨ

6. ਮਾਰੂ (ਵਾਰ), ਮਹਲਾ 3, ਸਫ਼ਾ 1087
7. ਵਡਹੰਸੁ (ਵਾਰ), ਮਹਲਾ 4, ਸਫ਼ਾ 585
8. ਗੂਜਰੀ (ਵਾਰ), ਮਹਲਾ 3, ਸਫ਼ਾ 516
9. ਸੋਰਠਿ (ਵਾਰ), ਮਹਲਾ 4, ਸਫ਼ਾ 642
10. ਸਲੋਕ (ਵਧੀਕ), ਮਹਲਾ 3, ਸਫ਼ਾ 1419
11. ਸੂਹੀ (ਵਾਰ), ਮਹਲਾ 3, ਸਫ਼ਾ 785

ਕਿਉਂਕਿ ਉਤਰ ਭਾਰਤੀ ਸੰਗੀਤ ਦੀ ਵਿਸ਼ਿਸ਼ਠ ਸ਼ੈਲੀ ਹੈ, ਇਸ ਲਈ ਉਪਰੋਕਤ ਬਦਲਾਅ ਗੁਰੁਬਾਣੀ ਕੀਰਤਨ ਵਿਚ ਵੀ ਉਸੇ ਤਰ੍ਹਾਂ ਦੇ ਹੋਏ ਹਨ, ਜਿਹੋ ਜਿਹੇ ਉਤਰ ਭਾਰਤੀ ਸੰਗੀਤ ਵਿਚ ਆਏ ਹਨ ਅਤੇ ਅਜ ਵੀ ਗੁਰੁਬਾਣੀ ਕੀਰਤਨ ਉਨ੍ਹਾਂ ਵਿਆਪਕ ਨਿਯਮਾਂ ਅਧੀਨ ਹੀ ਸੂਤ੍ਰ-ਬਧ ਹੈ, ਜਿਹੜੇ ਨਿਯਮਾਂ ਵਿਚ ਹਿੰਦੁਸਤਾਨੀ ਸੰਗੀਤ ਅਰਥਾਤ ਉਤਰ ਭਾਰਤੀ ਸੰਗੀਤ ਵਿਵਸਥਿਤ ਕੀਤਾ ਹੋਇਆ ਹੈ। ਅਜ ਦੀਆਂ ਬਦਲ ਚੁਕੀਆਂ ਪ੍ਰਸਥਿਤੀਆਂ ਵਿਚ ਇਹ ਕਹਿਣਾ ਕਿ ਸਿਖ ਸੰਗੀਤ ਮੁਢਕਦੀਮ ਤੋਂ ਰਾਗ-ਰਾਗਿਨੀ ਸਿਸਟਮ ਦੇ ਪ੍ਰਤਿਕੂਲ ਸੀ, ਇਕ ਹਉਮੈ-ਜੰਨਿਤ ਅਗਿਆਨਮਈ ਅਤੇ ਅਬੌਧਿਕ ਧਾਰਨਾ ਹੈ।

3. ਸ. ਮਦਨ ਸਿੰਘ ਦੁਆਰਾ ਉਲਿਖਿਤ ਹੈ, 'Guru Arjan Dev worked out his own system, for instance Gauri Rag has more than two dozen varieties and at other places two Ragas have been combined. (ਅਰਥਾਤ ਗੁਰੂ ਅਰਜਨ ਦੇਵ ਨੇ ਆਪਣਾ (ਰਾਗ) ਪ੍ਰਬੰਧ ਈਜ਼ਾਦ ਕੀਤਾ ਸੀ। ਉਦਾਹਰਣ ਵਜੋਂ ਗਉੜੀ ਰਾਗ ਦੇ ਲਗਪਗ ਦੋ ਦਰਜ਼ਨ ਪ੍ਰਕਾਰ {ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ} ਹਨ ਅਤੇ ਹੋਰ ਥਾਂਵਾਂ 'ਤੇ ਦੋ ਰਾਗ ਮਿਸ਼੍ਰਿਤ ਕੀਤੇ ਗਏ ਹਨ)।' ਸ. ਮਦਨ ਸਿੰਘ ਦਾ ਇਹ ਕਥਨ ਉਨ੍ਹਾਂ ਦੇ ਗੁਰੁਬਾਣੀ ਅਤੇ ਸੰਗੀਤ ਸੰਬੰਧੀ ਅਗਿਆਨ ਨੂੰ ਜਗ-ਜ਼ਾਹਿਰ ਕਰਨ ਵਾਸਤੇ ਕਾਫ਼ੀ ਹੈ। ਪ੍ਰੋ. ਤਾਰਾ ਸਿੰਘ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਗਉੜੀ, ਗਉੜੀ ਗੁਆਰੇਰੀ, ਗਉੜੀ ਦਖਣੀ, ਗਉੜੀ ਚੇਤੀ, ਗਉੜੀ ਬੈਰਾਗਣਿ, ਗਉੜੀ ਪੂਰਬੀ, ਗਉੜੀ ਦੀਪਕੀ, ਗਉੜੀ ਪੂਰਬੀ ਦੀਪਕੀ, ਗਉੜੀ ਮਾਝ, ਗਉੜੀ ਮਾਲਵਾ, ਗਉੜੀ ਸੋਰਠਿ, ਗਉੜੀ ਮਾਲਾ ਆਦਿ ਗਉੜੀ ਦੇ ਕੁਲ 12 ਪ੍ਰਕਾਰ ਹਨ। ਮੇਰੇ ਵਿਚਾਰ ਅਨੁਸਾਰ 'ਗਉੜੀ ਸੋਰਠਿ' ਕਲਪਿਤ ਰਾਗ ਹੈ, ਕਿਉਂਕਿ ਅਸਲ ਸਿਰਲੇਖ ਹੈ 'ਗਉੜੀ ਭੀ ਸੋਰਠਿ ਭੀ' ਭਾਵ ਇਹ ਸ਼ਬਦ 'ਗਉੜੀ' ਵਿਚ ਵੀ ਗਾਇਆ ਜਾ ਸਕਦਾ ਹੈ ਅਤੇ 'ਸੋਰਠਿ' ਵਿਚ ਵੀ ਗਾਇਆ ਜਾ ਸਕਦਾ ਹੈ। ਜੇ ਇਸ ਨੂੰ ਰਾਗ ਮੰਨ ਵੀ ਲਈਏ, ਤਾਂ ਵੀ ਮਦਨ ਸਿੰਘ ਜੀ ਗਉੜੀ ਦੇ ਹੋਰ 12 ਪ੍ਰਕਾਰ ਕਿਥੋਂ ਲਿਆਉਣਗੇ ? ਅਜਿਹੀ ਅਸਤਿ ਬਿਆਨਬਾਜ਼ੀ ਵੇਖ ਕੇ ਇਹੋ ਮੰਨਣਾ ਪਵੇਗਾ ਕਿ ਅਜਿਹੇ ਗਿਆਨਹੀਣ ਲੇਖਕਾਂ ਦਾ ਸੁਦ੍ਰਿੜ੍ਹ ਵਿਸ਼ਵਾਸ ਹੈ ਕਿ ਉਨ੍ਹਾਂ ਨੂੰ ਝੂਠ ਲਿਖਣ/ਬੋਲਣ ਤੋਂ ਕੌਣ

ਰੋਕ ਸਕਦਾ ਹੈ ? ਕੀ ਮਦਨ ਸਿੰਘ ਦਸ ਸਕਦੇ ਹਨ ਕਿ ਇਨ੍ਹਾਂ ਰਾਗਾਂ ਵਿਚੋਂ ਕਿਹੜਾ ਭਾਰਤੀ ਸੰਗੀਤ ਵਿਚ ਨਹੀਂ ਸੀ ? ਕੀ ਰਾਗ ਮਿਸ਼੍ਰਿਤ ਕਰਨ ਦੀ ਪਰੰਪਰਾ ਭਾਰਤੀ ਸੰਗੀਤ ਵਿਚ ਨਹੀਂ ਸੀ, ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੈ ? ਵਾਸਤਵ ਵਿਚ ਅਜਿਹੀਆਂ ਟਿਪਣੀਆਂ ਇਹੋ ਸਿਧ ਕਰਦੀਆਂ ਹਨ ਕਿ ਇਨ੍ਹਾਂ ਲਿਖਾਰੀਆਂ ਨੇ ਕਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਹੀ ਨਹੀਂ ਕੀਤੇ, ਨਾ ਕੋਈ ਸੰਗੀਤ ਦਾ ਗ੍ਰੰਥ ਇਨ੍ਹਾਂ ਦੇ ਸੰਪਰਕ ਵਿਚ ਆਇਆ ਹੈ, ਨਾ ਹੀ ਉਤਕ੍ਰਿਸ਼ਟ ਸੰਗੀਤ ਸੁਣਨ ਦਾ ਇਨ੍ਹਾਂ ਵਿਚ ਕੋਈ ਵਲਵਲਾ ਹੈ। ਕੇਵਲ 'ਮੰਤ੍ਰੀ ਹੋਇ ਅਠੂਹਿਆ ਨਾਗੀ ਲਗੈ ਜਾਇ' ਦੇ ਗੁਰਵਾਕ ਵਿਚ ਵਰਣਿਤ ਦਾਇਤਵ ਪੂਰਾ ਕਰੀ ਜਾ ਰਹੇ ਹਨ। ਅਜਿਹੇ ਲੇਖਕਾਂ ਦਾ ਅਸਲ ਮੰਤਵ ਇਹ ਹੈ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਅਸ਼ੁਧੀਆਂ ਗਿਣਾ ਕੇ ਹੀ ਵਡੇ ਵਿਦਵਾਨ ਸਥਾਪਿਤ ਹੋ ਸਕਦੇ ਹਨ।

4. ਸ. ਮਦਨ ਸਿੰਘ ਅਤੇ ਰਾਗਮਾਲਾ ਦੇ ਹੋਰ ਵਿਰੋਧੀਆਂ ਅਨੁਸਾਰ 'ਰਾਗਮਾਲਾ' ਉਤੇ ਦੂਜੀਆਂ ਬਾਣੀਆਂ ਵਾਂਗ ਕੋਈ ਅਜਿਹਾ ਸਿਰਲੇਖ ਨਹੀਂ, ਜਿਸ ਤੋਂ ਸਿਧ ਹੋਵੇ ਕਿ ਇਹ ਕਿਹੜੇ ਗੁਰੂ ਜੀ ਦੀ ਰਚਨਾ ਹੈ ? ਹਾਲਾਕਿ ਇਹ ਸਿਰਲੇਖ ਤਾਂ 'ਜਪੁ' ਬਾਣੀ 'ਤੇ ਵੀ ਅੰਕਿਤ ਨਹੀਂ, ਫਿਰ ਵੀ ਇਹ ਧਿਆਨ ਵਿਚ ਰਖਣਾ ਪਵੇਗਾ ਕਿ ਇਹ ਉਸ ਰਾਗ-ਪ੍ਰਬੰਧ ਦੀ ਸੂਚਨਾ ਹੈ, ਜਿਸ ਦੀ ਪ੍ਰਵਾਨਗੀ ਸਿਖ ਮਤ ਵਿਚ ਸੀ। ਇਸ ਦੀ ਵਿਲਖਣਤਾ ਸੰਬੰਧੀ ਸਪਸ਼ਟ ਕਰ ਦਿਤਾ ਜਾਵੇ, ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਰਾਗ-ਪਰਿਵਾਰ ਸੰਗੀਤ ਦੇ ਸ਼ਿਵਮਤ, ਕਾਲਿਨਾਥ ਮਤ, ਹਨੁਮੰਤ ਮਤ, ਭਰਤ ਮਤ, ਰਾਗਾਰਣਵ ਮਤ ਆਦਿ ਪ੍ਰਚਲਿਤ ਮਤਾਂ ਤੋਂ ਭਿੰਨ ਹੈ।[12] ਸਿਖ ਪੰਥ ਦੇ ਰਾਗ-ਮਤ ਨਾਲ ਸੰਬੰਧਿਤ ਇਹ ਰਚਨਾ ਅਲੌਕਿਕ ਨਹੀਂ, ਲੌਕਿਕ ਹੈ। 'ਮਹਲਾ' ਸ਼ਬਦ ਗੁਰਬਾਣੀ ਦੇ ਦੈਵੀ-ਅਵਤ੍ਰਣ ਨਾਲ ਸੰਬੰਧਿਤ ਹੈ। ਇਸ ਲਈ ਅਲੌਕਿਕ ਗੁਰਬਾਣੀ ਵਾਸਤੇ ਰੂੜ੍ਹ ਸ਼ਬਦ ਦੀ ਵਰਤੋਂ ਲੌਕਿਕ ਰਾਗਮਾਲਾ ਵਾਸਤੇ ਸੰਭਵ ਨਹੀਂ ਸੀ। ਦੂਜਾ ਕਾਰਨ ਇਹ ਸੀ ਕਿ ਇਹ ਸਿਸਟਮ ਕਿਸੇ ਇਕ ਗੁਰੂ-ਵਿਅਕਤੀ ਦੇ ਗਾਇਨ ਨਾਲ ਸੰਬੰਧਿਤ ਨਹੀਂ ਸੀ, ਬਲਕਿ ਗੁਰੂ ਪਾਤਸ਼ਾਹਾਂ

12. ਵੇਖੋ ਰਾਗ ਪਰਿਵਾਰ ਪੰਨਾ 80

ਅਤੇ ਸਿਖ ਕੀਰਤਨਕਾਰਾਂ ਦੇ ਸਾਮੂਹਿਕ ਯਤਨਾਂ ਕਾਰਨ ਹੋਂਦ ਵਿਚ ਆਇਆ ਸੀ, ਇਸ ਲਈ ਇਸ ਉਤੇ ਵਿਅਕਤੀਵਾਦੀ ਸਿਰਲੇਖ ਸੰਭਵ ਨਹੀਂ ਸੀ।

5. ਰਾਗਮਾਲਾ ਦਾ ਵਿਰੋਧ ਕਰਨ ਵਾਲੇ ਕਹਿੰਦੇ ਹਨ ਕਿ ਇਸ ਵਿਚ ਕਿਤੇ 'ਨਾਨਕ' ਪਦ ਦੀ ਸੂਚਨਾ ਨਹੀਂ ਆਈ, ਜੋ ਗੁਰਬਾਣੀ ਦੇ ਹੋਰ ਸ਼ਬਦਾਂ ਵਿਚ ਮੁਹਰ-ਛਾਪ ਵਜੋਂ ਆਈ ਹੈ। ਵਾਸਤਵ ਵਿਚ ਗੁਰਬਾਣੀ ਵਿਚ ਆਇਆ 'ਨਾਨਕ' ਪਦ ਕਿਸੇ ਇਕ ਗੁਰੂ-ਪਾਤਸ਼ਾਹ ਦੀ ਮੁਹਰ-ਛਾਪ ਨਹੀਂ, ਬਲਕਿ ਸਾਰੇ ਗੁਰੂ-ਪਾਤਸ਼ਾਹਾਂ ਦਾ ਅਜਿਹਾ ਸਾਂਝਾ ਪਦ ਹੈ, ਜੋ 'ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ' ਦੇ ਕੇਂਦਰੀ ਵਿਚਾਰ ਨੂੰ ਪ੍ਰਵਾਹਿਤ ਕਰਨ ਵਾਸਤੇ। ਇਸ ਪਦ ਦਾ ਸੰਬੰਧ ਬਾਣੀ ਦੇ ਦੈਵੀ-ਅਵਤ੍ਰਣ ਨਾਲ ਹੈ ਅਤੇ ਆਮ ਸਿਖ ਇਸ ਪਦ ਨੂੰ ਗੁਰੂ-ਜੋਤਿ ਦਾ ਲਖਾਇਕ ਹੀ ਮੰਨਦਾ ਹੈ। ਅਸੀਂ ਇਸ ਬਹਿਸ ਵਿਚ ਨਹੀਂ ਪੈਣਾ ਚਾਹੁੰਦੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਾਬਾ ਫ਼ਰੀਦ ਜੀ ਦੀ ਬਾਣੀ ਵਿਚ ਉਲਿਖਿਤ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਉਚਰਿਤ ਸਲੋਕ 'ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ ॥ ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ' ਜਿਹੀਆਂ ਕਈ ਉਦਾਹਰਣਾਂ ਸੰਮਿਲਿਤ ਹਨ, ਜਿਥੇ ਨਾ ਆਦਿ ਵਿਚ 'ਮਹਲਾ' ਦਾ ਸੰਕੇਤ ਵਿਦਮਾਨ ਹੈ ਅਤੇ ਨਾ ਹੀ ਅੰਤ ਵਿਚ 'ਨਾਨਕ' ਪਦ ਦੀ ਵਰਤੋਂ ਹੋਈ ਹੈ। ਮੈਂ ਪਹਿਲਾਂ ਹੀ ਇਹ ਸਪਸ਼ਟ ਕੀਤਾ ਹੈ ਕਿ ਰਾਗਮਾਲਾ ਦਾ ਅਵਤ੍ਰਣ ਦੈਵੀ ਨਹੀਂ, ਜਦੋਂ ਕਿ 'ਨਾਨਕ' ਪਦ ਦਾ ਸੰਬੰਧ ਗੁਰਬਾਣੀ ਦੇ ਦੈਵੀ ਅਵਤ੍ਰਣ ਨਾਲ ਹੈ। ਰਾਗਮਾਲਾ ਦੇ ਰਾਗ ਕਿਸੇ ਇਕ ਗੁਰੂ-ਪੁਰਖ਼ ਦੇ ਸੂਤ੍ਰਬਧ ਕੀਤੇ ਹੋਏ ਵੀ ਨਹੀਂ। ਇਹ ਇਕ ਅਜਿਹਾ ਲੌਕਿਕ ਪ੍ਰਬੰਧ ਹੈ, ਜੋ ਸੂਖਮ ਪ੍ਰਵਿਰਤੀ ਵਾਲੇ ਅਨੇਕਾਂ ਸੁਰ-ਚਿੰਤਕਾਂ ਦੇ ਨਿਰੰਤਰ ਚਿੰਤਨ ਵਿਚੋਂ ਵਿਕਸਿਤ ਹੋਇਆ ਹੈ। ਰਾਗਮਾਲਾ ਵਿਚਲੇ ਹੀ ਨਹੀਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਰੇ ਰਾਗ ਵੀ ਕਿਸੇ ਗੁਰੂ-ਪੁਰਖ਼ ਦੀ ਰਚਨਾ ਨਹੀਂ ਹਨ। ਉਨ੍ਹਾਂ ਨੇ ਲੋਕ ਵਿਚ ਪ੍ਰਚਲਿਤ ਰਾਗਾਂ ਦੀ ਵਰਤੋਂ ਦਿਤੀ। ਆਪਣੀ ਸੰਗੀਤਿਕ ਪ੍ਰਤਿਭਾ ਨਾਲ ਸੰਗੀਤ ਇਸ ਸੂਖਮ ਲੌਕਿਕ ਕਲਾ ਨੂੰ ਹੋਰ ਸ਼ੋਭਨੀਕ ਕਰਨ ਵਿਚ ਆਪਣਾ ਅਦੁਤੀ ਯੋਗਦਾਨ ਪਾਇਆ। ਗੁਰੂ-ਦਰਬਾਰ ਦੇ ਕੀਰਤਨਕਾਰਾਂ ਨੇ ਵੀ ਇਸ ਸੂਖਮ ਕਲਾ ਦੀ ਖ਼ੂਬਸੂਰਤੀ ਵਿਚ ਵਾਧਾ ਕਰਨ ਲਈ ਘੋਰ ਪਰਿਸ਼੍ਰਮ ਕੀਤੇ। ਇਨ੍ਹਾਂ ਸਾਮੂਹਿਕ

ਯਤਨਾਂ ਵਿਚੋਂ ਵੀ ਕੋਈ ਨਵਾਂ ਸੰਗੀਤ ਨਹੀਂ ਜਨਮਿਆ, ਕਿ ਗੁਰੂ ਜੀ ਇਸ ਦੇ ਨਿਰਮਾਤਾ ਹੋਣ ਦੀ ਸੂਚਨਾ ਦਿੰਦੇ, ਸਗੋਂ ਇਕ ਵਿਸ਼ਿਸ਼ਠ ਸ਼ੈਲੀ ਦਾ ਵਿਕਾਸ ਹੋਇਆ। ਇਹ ਵਿਕਾਸ ਵੀ ਕਿਸੇ ਇਕ ਵਿਅਕਤੀ ਦੇ ਪ੍ਰਯਤਨਾਂ ਦਾ ਫਲ ਨਹੀਂ ਸੀ, ਬਲਕਿ ਇਹ ਸਿਖ ਪੰਥ ਦੇ ਸੰਸਥਾਪਕਾਂ ਅਤੇ ਅਨੁਆਈਆਂ ਦੀ ਸਾਮੂਹਿਕ ਸੰਗੀਤ-ਚੇਤਨਾ ਵਿਚੋਂ ਵਿਕਸਿਤ ਹੋਇਆ ਸੀ, ਜਿਸ ਦਾ ਆਰੰਭ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗਾਇਨ ਅਤੇ ਭਾਈ ਮਰਦਾਨਾ ਜੀ ਦੇ ਵਾਦਨ ਤੋਂ ਹੋਇਆ ਸੀ। ਜੇ ਇਹ ਸ਼ੈਲੀ ਕਿਸੇ ਇਕੋ ਗੁਰੂ-ਪੁਰਖ਼ ਦੇ ਯਤਨਾਂ ਵਿਚੋਂ ਵੀ ਜਨਮਦੀ, ਤਾਂ ਵੀ ਇਸ ਉਤੇ ਰਚਨਾਕਾਰ ਦੀ ਸੂਚਨਾ ਉਸ ਗੁਰੂ ਜੀ ਦੇ ਨਾਮ ਨਾਲ ਅੰਕਿਤ ਹੋਣੀ ਸੀ, ਨਾ ਕਿ ਇਸ ਨੇ 'ਮਹਲਾ' ਜਾਂ 'ਨਾਨਕ' ਪਦ ਨਾਲ ਭੂਸ਼ਿਤ ਹੋਣਾ ਸੀ। ਇਸ ਲੌਕਿਕ ਸੰਗੀਤ-ਪ੍ਰਬੰਧ ਨੂੰ ਜੇ 'ਨਾਨਕ' ਪਦ ਦੇ ਕੇ ਦੈਵੀ ਕਰ ਦਿਤਾ ਜਾਂਦਾ, ਤਾਂ ਫਿਰ ਹੋਰ ਸਾਰੀਆਂ ਰਾਗਮਾਲਾਵਾਂ ਵੀ ਦੈਵੀ ਮੰਨਣੀਆਂ ਪੈਣੀਆਂ ਸਨ। ਪਰ ਇਸ ਦਾ ਲੌਕਿਕ ਹੋਣਾ ਇਸ ਨੂੰ ਗ਼ੈਰਜ਼ਰੂਰੀ ਨਹੀਂ ਸਿਧ ਕਰਦਾ, ਕਿਉਂਕਿ ਕਈ ਬਾਣੀਆਂ ਦੇ ਨਾਮ ਅਤੇ ਗੁਰਬਾਣੀ ਵਿਚ ਆਈਆਂ ਅਨੇਕਾਂ ਸੂਚਨਾਵਾਂ ਲੌਕਿਕ ਹੋਣ ਦੇ ਬਾਵਜੂਦ ਸ੍ਰੀ ਗ੍ਰੰਥ ਜੀ ਦੇ ਪਾਠ ਨਾਲ ਅਭਿੰਨ ਹਨ। ਉਸੇ ਤਰ੍ਹਾਂ ਰਾਗਮਾਲਾ ਵੀ ਜੁਦਾ ਨਹੀਂ ਕੀਤੀ ਜਾ ਸਕਦੀ।

6. ਰਾਗਮਾਲਾ ਦਾ ਵਿਰੋਧ ਕਰਨ ਵਾਲੇ ਆਪਣੇ ਮਤ ਦੀ ਪੁਸ਼ਟੀ ਵਾਸਤੇ ਇਕ ਯੁਕਤੀ ਇਹ ਪ੍ਰਸਤੁਤ ਕਰਦੇ ਹਨ ਕਿ ਰਾਗਮਾਲਾ ਦੇ ਵਖ-ਵਖ ਪਦਾਂ ਪਿਛੇ ਲਗੇ ਅੰਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਕ-ਪ੍ਰਬੰਧ ਤੋਂ ਭਿੰਨ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਤੋਂ ਪਰਿਚਿਤ ਜਨ ਇਹ ਜਾਣਦੇ ਹਨ ਕਿ ਰਾਗਮਾਲਾ ਦੇ ਛੇ ਭਾਗ ਹੁੰਦਿਆਂ ਵੀ ਇਸ ਦੇ ਹਰ ਭਾਗ ਪਿਛੇ ਅੰਕ 1 ਆਇਆ ਹੈ, ਪਰ 1, 2, 3, 4, 5, 6 ਅੰਕ ਨਹੀਂ ਲਗਾਏ ਗਏ, ਜੋ ਕੁਝ ਅਪਵਾਦਾਂ ਨੂੰ ਛਡ ਕੇ ਆਮਤੌਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਿਰੰਤਰਤਾ ਵਿਚ ਲਗੇ ਮਿਲਦੇ ਹਨ। ਇਸ ਸੰਬੰਧੀ ਮੇਰੀ ਯੁਕਤੀ ਹੈ ਕਿ ਜੇ ਇਹ ਰਾਗਮਾਲਾ ਕਿਸੇ ਅਚੇਤ ਸਿਖ ਨੇ ਆਲਮ ਦੀ ਰਾਗਮਾਲਾ ਵਿਚੋਂ ਲੈ ਕੇ ਅਸਾਵਧਾਨੀ ਪੂਰਵਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖੀ ਹੁੰਦੀ, ਤਾਂ ਸ਼ਾਇਦ 'ਮਾਧਵਨਲ ਕਾਮਕੰਦਲਾ' ਵਾਲੇ ਪਦ-ਅੰਕ ਹੀ ਇਸ ਵਿਚ ਅੰਕਿਤ

ਹੋ ਜਾਂਦੇ। ਜੇ ਕੋਈ ਵਿਅਕਤੀ ਜਾਅਲਸਾਜ਼ੀ ਕਰਦਾ, ਤਾਂ ਅਜਿਹੀ ਉਕਾਈ ਪ੍ਰਤੀ ਪੂਰੀ ਤਰ੍ਹਾਂ ਸਾਵਧਾਨ ਰਹਿ ਕੇ ਰਾਗਮਾਲਾ ਦੇ ਅੰਕਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਨੁਸਾਰੀ ਬਣਾ ਦਿੰਦਾ, ਪਰ ਅਜਿਹਾ ਨਹੀਂ ਹੋਇਆ, ਜਿਸ ਤੋਂ ਇਹ ਪ੍ਰਤਖ ਹੁੰਦਾ ਹੈ ਕਿ ਨਾ ਇਹ ਕਾਰਜ ਕਿਸੇ ਵਿਅਕਤੀ ਨੇ ਅਗਿਆਨਵਸ਼ ਕੀਤਾ ਹੈ ਅਤੇ ਨਾ ਹੀ ਕੋਈ ਜਾਅਲਸਾਜ਼ੀ ਹੋਈ ਹੈ। ਅਸਲ ਵਿਚ ਜਾਅਲਸਾਜ਼ੀ ਕਹਿਣਾ ਮੂਲੋਂ ਹੀ ਗੁਨਾਹ ਅਤੇ ਪਾਪ ਹੈ, ਕਿਉਂਕਿ ਰਾਗਮਾਲਾ ਵਿਚ ਕੁਝ ਵੀ ਅਜਿਹਾ ਨਹੀਂ, ਜੋ ਸਿਖ ਪੰਥ ਦਾ ਨੁਕਸਾਨ ਕਰ ਸਕੇ। ਇਹ ਸਮਝਣ ਦੀ ਜ਼ਰੂਰਤ ਹੈ ਕਿ ਰਾਗਮਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਹੋਰ ਬਾਣੀਆਂ ਤੋਂ ਭਿੰਨ ਪ੍ਰਕਾਰ ਦੀ ਬਾਣੀ ਹੈ, ਜੇ ਇਸ ਦਾ ਅੰਕ-ਪ੍ਰਬੰਧ ਵਖਰਾ ਹੈ, ਤਾਂ ਇਸ ਵਿਚ ਹੈਰਾਨ ਕਰਨ ਵਾਲੀ ਕਿਹੜੀ ਗਲ ਹੈ ? ਵਾਸਤਵ ਵਿਚ 'ਰਾਗਮਾਲਾ' ਦੇ ਛੇ ਪ੍ਰਮੁਖ ਰਾਗ ਇਕ ਦੂਜੇ ਤੋਂ ਸਰਵ-ਭਾਂਤਿ ਸੁਤੰਤਰ ਹਨ। ਜੇ ਅੰਕ ਨਿਰੰਤਰਤਾ ਵਿਚ ਲਾਏ ਜਾਂਦੇ, ਤਾਂ ਰਾਗਾਂ ਦੇ ਵਡੇ-ਛੋਟੇ ਹੋਣ ਅਤੇ ਇਕ ਦੂਜੇ ਦੇ ਅਧੀਨ ਹੋਣ ਦਾ ਭ੍ਰਮ ਉਤਪੰਨ ਹੁੰਦਾ ਸੀ। ਛੇ ਰਾਗਾਂ ਨੂੰ ਇਕ ਦੂਜੇ ਤੋਂ ਸੁਤੰਤਰ ਰਖਣ ਵਾਸਤੇ ਅਤੇ ਪਹਿਲਾ, ਦੂਜਾ, ਤੀਜਾ ਆਦਿ ਸਥਾਨ ਅਨੁਸਾਰ ਰਾਗਾਂ ਦੇ ਵਡੇ-ਛੋਟੇ ਹੋਣ ਦੇ ਪ੍ਰਭਾਵ ਤੋਂ ਮੁਕਤ ਰਖਣ ਵਾਸਤੇ ਇਕ ਰਾਗ-ਪਰਿਵਾਰ ਨਾਲ ਅੰਕ 1 ਲਗਾ ਦਿਤਾ ਹੈ, ਕਿਉਂਕਿ ਉਹ ਇਕ ਇਕਾਈ ਆਪਣੇ-ਆਪ ਵਿਚ ਪਰਿਪੂਰਣ ਸੀ, ਦੂਜੀ ਇਕਾਈ ਦਾ ਅੰਗ ਨਹੀਂ ਸੀ। ਨਿਰੰਤਰ ਅੰਕ ਹਮੇਸ਼ਾ ਕਿਸੇ ਇਕੋ ਵਸਤੁ ਦੇ ਵਖ-ਵਖ ਅੰਗਾਂ ਵਾਸਤੇ ਹੀ ਲਾਇਆ ਜਾ ਸਕਦਾ ਹੈ। ਇਥੇ ਰਾਗਮਾਲਾ ਵਿਚ ਵਰਣਿਤ ਰਾਗ-ਪਰਿਵਾਰ ਇਕ ਅਜਿਹੀ ਅਖੰਡ ਅਤੇ ਇਕਰਸ ਇਕਾਈ ਹੈ, ਜਿਸ ਦੇ ਵਿਭਾਜਨ ਦਾ ਚਿੰਤਨ ਅਬੋਧਿਕ ਵਿਕਾਰ ਹੀ ਕਿਹਾ ਜਾ ਸਕਦਾ ਹੈ।

7. ਸ. ਮਦਨ ਸਿੰਘ ਦਾ ਕਹਿਣਾ ਹੈ ਕਿ ਇਸ ਰਾਗਮਾਲਾ ਦੀ ਵਿਆਕਰਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਨਹੀਂ ਮਿਲਦੀ। ਉਨ੍ਹਾਂ ਅਨੁਸਾਰ 'ਰਾਗ' ਅਤੇ 'ਏਕ' ਨਾਲ ਔਂਕੜ ਨਹੀਂ ਲਾਇਆ ਗਿਆ। ਪਰ ਸ਼ਾਇਦ ਉਨ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਦਿਆਂ ਇਹ ਨਹੀਂ ਵੇਖਿਆ- 'ਰਾਗ ਗਉੜੀ ਬੈਰਾਗਣਿ ਕਬੀਰ ਜੀ' 'ਰਾਗ ਰਤਨ ਪਰੀਆ ਪਰਵਾਰ' ਅਤੇ 'ਨਾਨਕੁ ਏਕ ਕਹੈ ਅਰਦਾਸਿ' 'ਏਕ ਨ ਭਰੀਆ ਗੁਣ ਕਰਿ ਧੋਵਾ'। ਸ. ਮਦਨ ਸਿੰਘ ਨੇ

ਬਿਨਾ ਕਿਸੇ ਪ੍ਰਮਾਣ ਇਹ ਯੁਕਤੀ ਵੀ ਦਿਤੀ ਹੈ ਕਿ ਰਾਗਮਾਲਾ ਵਿਚ ਸਿਹਾਰੀ ਅਤੇ ਮੁਕਤਾ ਦੀ ਪਾਲਣਾ ਨਹੀ ਕੀਤੀ ਗਈ। ਰਾਗਮਾਲਾ ਦੀ ਸ਼ਾਬਦਿਕ ਸਮੀਖਿਆ ਸਮੇਂ ਅਸੀਂ ਵੇਖਾਂਗੇ ਕਿ ਕਿਵੇਂ ਇਸੇ 'ਰਾਗਮਾਲਾ' ਦੀ ਵਿਆਕਰਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਮਿਲਦੀ ਹੈ, ਜਦੋਂ ਕਿ ਆਲਮ-ਕ੍ਰਿਤ ਰਾਗਮਾਲਾਵਾਂ ਵਿਚ ਇਸ ਦਾ ਅਜਿਹਾ ਉਲੰਘਣ ਹੈ, ਜਿਸ ਵਿਚ ਮਗਰਲੇ ਕਾਲ ਦੀਆਂ ਪ੍ਰਵਿਰਤੀਆਂ ਸੰਮਿਲਿਤ ਹਨ।

8. ਸਾਰੇ ਪਾਠਕ ਜਨ ਵਿਦਿਤ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਤਲੇ ਭਾਗ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਲੋਕਾਂ ਉਪਰੰਤ 'ਮੁੰਦਾਵਣੀ ਮਹਲਾ ੫' ਦੇ ਸਿਰਲੇਖ ਨਾਲ 'ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ' ਸ਼ਬਦ ਆਉਂਦਾ ਹੈ। ਵਿਰੋਧੀ ਪਖ ਦੀ ਪਰਿਪਕ ਧਾਰਨਾ ਹੈ ਕਿ 'ਮੁੰਦਾਵਣੀ' ਸ਼ਬਦ ਸਮਾਪਿਤੀ-ਸੂਚਕ ਹੈ। ਇਸ ਲਈ ਸਮਾਪਿਤੀ ਮਗਰੋਂ ਰਾਗਮਾਲਾ ਕਿਵੇਂ ਹੋ ਸਕਦੀ ਹੈ ? ਰਾਗਮਾਲਾ ਨੂੰ ਗੁਰੂ-ਕ੍ਰਿਤ ਮੰਨਣ ਵਾਲਾ ਹਿਮਾਇਤੀ ਪਖ ਇਸ ਦੇ ਉਤਰ ਵਿਚ ਦੋ ਦਲੀਲਾਂ ਪਾਠਕਾਂ ਦੇ ਸਨਮੁਖ ਰਖਦਾ ਹੈ। ਉਸ ਦਾ ਕਹਿਣਾ ਹੈ ਕਿ ਮੁੰਦਾਵਣੀ ਦੇ ਇਹ ਅਰਥ ਇਸ ਲਈ ਯੁਕਤੀ-ਸੰਗਤ ਨਹੀਂ ਹਨ, ਕਿਉਂਕਿ ਸ੍ਰੀ ਗੁਰੂ ਅਮਰਦਾਸ ਜੀ ਦਾ ਉਚਾਰਣ ਕੀਤਾ 'ਮੁਦਾਵਣੀ' ਦਾ ਇਕ ਸ਼ਬਦ ਮਹਲੇ 4 ਦੀ ਸੋਰਠਿ ਰਾਗ ਵਿਚ ਉਚਾਰਣ ਕੀਤੀ ਵਾਰ ਦੇ ਪੰਨਾ 645 ਉਤੇ ਵੀ ਉਪਲਬਧ ਹੁੰਦਾ ਹੈ।[13] ਇਸ ਪਖ ਦੀ ਯੁਕਤੀ ਹੈ ਕਿ ਜੇ 'ਮੁੰਦਾਵਣੀ' ਸਮਾਪਿਤੀ-ਸੂਚਕ ਪਦ ਹੈ, ਤਾਂ ਪਾਠ ਦਾ ਇਥੇ ਹੀ ਅੰਤ ਕਿਵੇਂ ਨਹੀਂ ਹੋ ਗਿਆ, ਜਾਂ ਇਹ ਵੀ ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਤ ਵਿਚ ਕਿਉਂ ਨਹੀਂ ਆ ਗਿਆ ? ਹਿਮਾਇਤੀ ਵਰਗ ਦੀ ਦੂਜੀ ਦਲੀਲ ਇਹ ਹੈ ਕਿ ਜੇ 'ਮੁੰਦਾਵਣੀ' ਪਦ ਸਮਾਪਿਤੀ ਵਾਸਤੇ ਸੀ, ਤਾਂ ਇਸ ਤੋਂ ਬਾਅਦ 'ਸਲੋਕ ਮਹਲਾ ੫ ॥ ਤੇਰਾ

---

13. ਸਲੋਕੁ ਮਃ ੩ ॥ ਥਾਲੈ ਵਿਚਿ ਤੈ ਵਸਤੂ ਪਈਓ ਹਰਿ ਭੋਜਨੁ ਅੰਮ੍ਰਿਤੁ ਸਾਰੁ ॥ ਜਿਤੁ ਖਾਧੈ ਮਨੁ ਤ੍ਰਿਪਤੀਐ ਪਾਈਐ ਮੋਖ ਦੁਆਰੁ ॥ ਇਹੁ ਭੋਜਨੁ ਅਲਭੁ ਹੈ ਸੰਤਹੁ ਲਭੈ ਗੁਰ ਵੀਚਾਰਿ॥ ਏਹ ਮੁਦਾਵਣੀ ਕਿਉ ਵਿਚਹੁ ਕਢੀਐ ਸਦਾ ਰਖੀਐ ਉਰਿ ਧਾਰਿ ॥ ਏਹ ਮੁਦਾਵਣੀ ਸਤਿਗੁਰੂ ਪਾਈ ਗੁਰਸਿਖਾ ਲਧੀ ਭਾਲਿ ॥ ਨਾਨਕ ਜਿਸੁ ਬੁਝਾਏ ਸੁ ਬੁਝਸੀ ਹਰਿ ਪਾਇਆ ਗੁਰਮੁਖਿ ਘਾਲਿ॥ ੧ ॥

ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ' ਵਾਲਾ ਸ਼ਬਦ ਕਿਵੇਂ ਲਿਖਿਆ ਗਿਆ ਹੈ ? ਮੇਰਾ ਵਿਚਾਰ ਹੈ ਕਿ 'ਮੁੰਦਾਵਣੀ' ਨੂੰ ਸਮਾਪਿਤੀ-ਸੂਚਕ ਮੰਨ ਲੈਣ ਨਾਲ ਵੀ ਕੋਈ ਸਮਸਿਆ ਉਤਪੰਨ ਨਹੀਂ ਹੁੰਦੀ, ਕਿਉਂਜੁ ਇਥੇ ਸਮਾਪਿਤੀ ਉਸ ਅਵਤ੍ਰਿਤ ਬਾਣੀ ਦੀ ਹੋਈ ਹੈ, ਜੋ ਅਲੌਕਿਕ ਅਤੇ ਦੈਵੀ ਹੈ। ਰਾਗ-ਪ੍ਰਬੰਧ ਦੈਵੀ ਨਹੀਂ, ਅਵਤ੍ਰਿਤ ਵੀ ਨਹੀਂ (ਇਸ ਦਾ ਭਾਵ ਇਹ ਬਿਲਕੁਲ ਨਹੀਂ ਕਿ ਇਸ ਪ੍ਰਬੰਧ ਦੀ ਕੋਈ ਜ਼ਰੂਰਤ ਵੀ ਨਹੀਂ, ਕਿਉਂਕਿ ਬਹੁਤੀ ਬਾਣੀ ਰਾਗਬਧ ਹੈ)। ਇਹ ਗੁਣੀ ਲੋਕਾਂ ਦੁਆਰਾ ਵਿਵਸਥਿਤ ਕੀਤਾ ਲੌਕਿਕ ਸਿਸਟਮ ਹੈ। ਇਸ ਲਈ ਮੁੰਦਾਵਣੀ ਮਗਰੋਂ ਰਾਗਮਾਲਾ ਲਿਖੇ ਜਾਣ ਨਾਲ 'ਮੁੰਦਾਵਣੀ' ਦਾ ਉਲੰਘਣ ਨਹੀਂ ਹੋਇਆ।

9. ਰਾਗਮਾਲਾ ਦਾ ਵਿਰੋਧ ਕਰਨ ਵਾਲੇ ਕਹਿੰਦੇ ਹਨ ਕਿ ਇਹ ਕੇਵਲ ਉਨ੍ਹਾਂ ਰਾਗ-ਰਾਗਿਨੀਆਂ ਦਾ ਵਿਵਰਣ ਹੈ, ਜੋ ਕਾਮਕੰਦਲਾ ਨੇ ਕਾਮਾਵਤੀ ਦੇ ਰਾਜੇ ਕਾਮਸੇਨ ਦੇ ਰਾਜ-ਦਰਬਾਰ ਵਿਚ ਗਾਇਨ ਕੀਤੇ ਸਨ। ਪਰ ਸਡਾ ਮਤ ਹੈ ਕਿ ਇਤਨੇ ਰਾਗ-ਰਾਗਿਨੀਆਂ ਕਿਸੇ ਇਕ ਦਰਬਾਰ ਵਿਚ ਨਹੀਂ ਗਾਏ ਜਾ ਸਕਦੇ। ਜੇ ਇਹ ਰਾਗਮਾਲਾ ਕੇਵਲ ਇਕ ਰਾਗ-ਦਰਬਾਰ ਵਿਚ ਕੀਤੇ ਗਏ ਗਾਇਨ ਦਾ ਹੀ ਵਿਵਰਣ ਹੈ, ਤਾਂ ਹੋਰ ਉਪਲਬਧ ਰਾਗਮਾਲਾਵਾਂ ਕਿਹੜੇ-ਕਿਹੜੇ ਦਰਬਾਰਾਂ ਵਿਚ ਗਾਈਆਂ ਗਈਆਂ ਸਨ ? ਰਾਗਮਾਲਾਵਾਂ ਤਾਂ ਬਹੁਤ ਉਪਲਬਧ ਹਨ। ਮੀਆਂ ਤਾਨਸੇਨ ਦੇ ਨਾਮ ਤੇ ਵੀ ਰਾਗਮਾਲਾ ਮਿਲਦੀ ਹੈ। ਇਥੇ ਇਹ ਵੀ ਜਾਣਨਾ ਗਿਆਨ-ਵਰਧਕ ਹੈ ਕਿ ਆਖ਼ਿਰ ਤਾਨਸੇਨ ਨੂੰ ਵਖਰੀ ਰਾਗਮਾਲਾ ਸਿਰਜਿਤ ਕਰਨ ਦੀ ਕੀ ਜ਼ਰੂਰਤ ਪਈ ? ਇਸ ਦਾ ਮੂਲ ਕਾਰਨ ਇਹ ਸੀ ਕਿ ਤਾਨਸੇਨ ਨੇ ਅਨੇਕਾਂ ਰਾਗਾਂ ਨੂੰ ਨਵਾਂ ਸਰੂਪ ਦਿਤਾ ਸੀ। ਅਜ ਵੀ ਮੀਆਂ ਮਲ੍ਹਾਰ, ਮੀਆਂ ਕੀ ਟੋਡੀ, ਮੀਆਂ ਕਾ ਸਾਰੰਗ ਅਤੇ ਦਰਬਾਰੀ ਕਾਨ੍ਹੜਾ ਜੈਸੇ ਅਨੇਕਾਂ ਰਾਗ ਹਨ, ਜੋ ਉਸ ਅਤਿ ਪ੍ਰਤਿਭਾਵਾਨ ਗਾਇਕ ਦੀ ਸਿਰਜਨਾਤਮਕਤਾ ਨਾਲ ਜੁੜੇ ਹੋਏ ਹਨ। ਇਨ੍ਹਾਂ ਨਵ-ਨਿਰਮਿਤ ਰਾਗਾਂ ਸੰਬੰਧੀ ਇਹ ਸਪਸ਼ਟ ਕਰਨਾ ਜ਼ਰੂਰੀ ਸੀ ਕਿ ਇਨ੍ਹਾਂ ਨੂੰ ਕਿਹੜੇ-ਕਿਹੜੇ ਰਾਗ-ਪਰਿਵਾਰ ਨਾਲ ਸੰਬੰਧਿਤ ਕਰਨਾ ਹੈ ? ਸੋ ਤਾਨਸੇਨ ਦੁਆਰਾ ਰਾਗਮਾਲਾ ਦੇ ਲਿਖੇ ਜਾਣ ਦਾ ਪ੍ਰਯੋਜਨ ਉਸ ਦੇ ਰਾਗ-ਦਰਬਾਰਾਂ ਵਿਚ ਕੀਤੇ ਗਾਇਨ ਦਾ ਵਿਵਰਣ ਦੇਣਾ ਨਹੀਂ, ਸਗੋਂ ਰਾਗ-ਰਾਗਿਨੀਆਂ ਦੇ ਸਰੂਪ ਵਿਚ ਜੋ

ਪਰਿਵਰਤਨ ਉਸ ਨੇ ਕੀਤੇ ਸਨ, ਉਸ ਤੋਂ ਸੰਗੀਤਕਾਰਾਂ ਨੂੰ ਪਰਿਚਿਤ ਕਰਵਾਉਣ ਦੀ ਚੇਸ਼ਟਾ ਸੀ। ਬਹੁਤ ਸਪਸ਼ਟ ਹੈ ਕਿ ਰਾਗਮਾਲਵਾਂ ਕਿਸੇ ਇਕ ਰਾਗ-ਦਰਬਾਰ ਵਿਚ ਗਾਏ ਰਾਗਾਂ ਦਾ ਵਿਵਰਣ ਨਹੀਂ, ਬਲਕਿ ਉਸ ਸਮੇਂ ਪ੍ਰਚਲਿਤ ਰਾਗ-ਘਰਾਣਿਆਂ ਦੀਆਂ ਪਰਿਚਾਇਕ ਸਨ। ਰਾਗਮਾਲਾ ਵਿਚ ਆਏ 'ਅਸਟ ਪੁਤ੍ਰ ਦੀਪਕ ਕੇ ਜਾਨਾ' ਦਾ ਅਰਥ ਇਹ ਨਹੀਂ ਕਿ ਕਾਮਕੰਦਲਾ ਨੇ ਦੀਪਕ ਦੇ ਅਠ ਪੁਤ੍ਰ ਗਾਏ ਸਨ, ਬਲਕਿ ਸਹੀ ਅਰਥ ਹੈ ਕਿ ਗੁਣੀ-ਜਨਾਂ ਵਿਚ ਇਹ ਅਠ ਰਾਗ ਦੀਪਕ ਦੇ ਪੁਤ੍ਰ ਜਾਣੇ ਗਏ ਹਨ।

10. ਸ. ਮਦਨ ਸਿੰਘ ਅਤੇ ਰਾਗਮਾਲਾ ਦੇ ਹੋਰ ਆਲੋਚਕ ਇਹ ਕਹਿੰਦੇ ਹਨ ਕਿ ਰਾਗਮਾਲਾ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਕ ਸਾਜ਼ਿਸ਼ ਅਧੀਨ ਚੜ੍ਹਾਇਆ ਗਿਆ ਹੈ। ਪਰ ਉਨ੍ਹਾਂ ਇਹ ਨਹੀਂ ਸਪਸ਼ਟ ਕੀਤਾ ਕਿ ਇਸ ਸਾਜ਼ਿਸ਼ ਦੇ ਕੀ ਦੁਸ਼ਪਰਿਣਾਮ ਹਨ ? ਪੰਥ ਨੂੰ ਇਸ ਨਾਲ ਕੀ ਨੁਕਸਾਨ ਹੋਇਆ ਹੈ ਅਤੇ ਭਵਿਖ ਵਿਚ ਰਾਗਮਾਲਾ ਪੰਥ ਦਾ ਕਿਵੇਂ ਨੁਕਸਾਨ ਕਰੇਗੀ, ਜਦੋਂ ਕਿ ਰਾਗ-ਰਾਗਿਨੀ ਪਧਤੀ ਅਨੁਸਾਰ ਤਾਂ ਹੁਣ ਤੁਹਾਡੇ ਪੰਥ-ਦੋਖੀ ਵੀ ਗਾਇਨ ਨਹੀਂ ਕਰਦੇ ? ਇਨ੍ਹਾਂ ਵਿਦਵਾਨਾਂ ਦੀਆਂ ਅਜਿਹੀਆਂ ਹੁਜਤਾਂ ਦਾ ਕੀ ਉਦੇਸ਼ ਹੈ, ਇਹ ਸਾਡੀ ਸਮਝ ਤੋਂ ਬਾਹਰ ਹੈ। ਕੀ ਰਾਗਮਾਲਾ ਪੜ੍ਹ ਕੇ ਸਿਖ 'ਮਾਧਵਨਲ' ਜਾਂ 'ਕਾਮਕੰਦਲਾ' ਬਣ ਜਾਣਗੇ ? ਕੀ ਰਾਗ ਜਾਂ ਰਾਗ-ਪ੍ਰਬੰਧ ਸਿਖ ਪੰਥ ਲਈ ਘਾਤਕ ਹੈ ਜਾਂ ਰਾਗਾਂ ਦਾ ਨਿਯਮਪੂਰਵਕ ਗਾਇਨ ਸਿਖ ਪੰਥ ਲਈ ਹਾਨੀਕਾਰਕ ਹੈ ? ਇਸ ਗਲ ਦੀ ਕੀ ਗਾਰੰਟੀ ਹੈ ਕਿ ਇਹ ਆਲੋਚਕ ਵਰਗ ਕਲ੍ਹ ਨੂੰ ਗੁਰਬਾਣੀ ਨਾਲ ਅੰਕਿਤ ਰਾਗਾਂ ਨੂੰ ਹੀ ਪੰਥ-ਦੋਖੀਆਂ ਦੀ ਸਾਜ਼ਿਸ਼ ਨਹੀਂ ਕਹੇਗਾ ? ਸਿਖ ਪੰਥ ਤੋਂ ਰਾਗਦਾਰੀ ਖੋਹਣ ਲਈ ਕੋਈ ਯਤਨ ਕੀਤਾ ਜਾਵੇ, ਤਾਂ ਕਿਸੇ ਵਿਰੋਧੀ ਵਲੋਂ ਕੀਤੀ ਸਾਜ਼ਿਸ਼ ਦੀ ਆਹਟ ਮਹਿਸੂਸ ਕੀਤੀ ਜਾ ਸਕਦੀ ਹੈ, ਪਰ ਸਿਖ ਪੰਥ ਨੂੰ ਸੰਗੀਤ ਪ੍ਰਤੀ ਉਤਸਾਹਿਤ ਕਰਨ ਵਾਲੀ ਰਚਨਾ ਪੰਥ ਦਾ ਨੁਕਸਾਨ ਕਿਵੇਂ ਕਰ ਸਕਦੀ ਹੈ? ਰਾਗਮਾਲਾ ਵਿਚ ਨਾ ਸਿਖ-ਸਿਧਾਂਤ ਦਾ ਨਿਖੇਧ ਹੈ, ਨਾ ਸਿਖ ਇਤਿਹਾਸ ਦਾ ਉਲੰਘਣ ਹੈ ਅਤੇ ਨਾ ਹੀ ਇਸ ਵਿਚ ਕਿਸੇ ਹੋਰ ਪੰਥ ਦੀ ਉਤਮਤਾ ਦਾ ਰਾਗ ਆਲਾਪਿਆ ਗਿਆ ਹੈ, ਤਾਂ ਸਿਖ ਪੰਥ ਨੂੰ ਸੋਚਣਾ ਇਹ ਪਵੇਗਾ ਕਿ ਸਿਖਾਂ ਵਿਚ ਸਾਜ਼ਿਸ਼ ਦਾ ਭੈਅ ਉਤਪੰਨ ਕਰਨ ਪਿਛੇ ਕੀ ਸ਼ਰਾਰਤ ਹੋ ਸਕਦੀ

ਹੈ ? ਅਸੀਂ ਇਹ ਵੀ ਵੇਖਿਆ ਹੈ ਕਿ ਇਹ ਰਾਗਮਾਲਾ ਹੋਰ ਰਾਗਮਾਲਾਵਾਂ ਤੋਂ ਕੁਝ ਨਾ ਕੁਝ ਭਿੰਨ ਹੈ। ਭਾਵੇਂ ਰਾਗਮਾਲਾ ਦੇ ਆਲੋਚਕਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਾਗ-ਪਰਿਵਾਰ ਨੂੰ ਹਨੁਮੰਤ ਮਤ' ਦੀ ਰਾਗਮਾਲਾ ਦੇ ਨਜ਼ਦੀਕ ਦਸਿਆ ਹੈ, ਫਿਰ ਵੀ ਅਸੀਂ ਵੇਖਦੇ ਹਾਂ ਕਿ ਇਸ ਦਾ ਆਪਣਾ ਵਖਰਾ ਅਸਤਿਤ੍ਵ ਹੈ। ਉਦਾਹਰਣਾਰਥ- ਹਨੁਮੰਤ ਵਿਚ ਮੇਘ ਦੀਆਂ ਰਾਗਿਨੀਆਂ ਦੇਸਕਾਰੀ, ਮਲਾਰੀ, ਗੁਰਜਰੀ, ਟੰਕੀ ਅਤੇ ਭੂਪਾਲੀ ਦਰਸਾਈਆਂ ਹਨ, ਜਦੋਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਮੇਘ ਦੀਆਂ ਪਤਨੀਆਂ ਸੋਰਠਿ, ਗੋਂਡਮਲਾਰੀ, ਆਸਾ, ਗੁਨ ਅਤੇ ਸੂਹੌ/ਸੂਹੀ ਹਨ। ਇਹ ਸੋਚਣ ਵਾਲੀ ਗਲ ਹੈ ਕਿ ਕੀ ਸਿਖਾਂ ਦਾ ਵਿਲਖਣ ਸੰਗੀਤ-ਸ਼ਾਸਤ੍ਰ ਸਿਰਜਿਤ ਕਰਨਾ ਇਕ ਪੰਥ-ਵਿਰੋਧੀ ਸਾਜ਼ਿਸ਼ ਹੋ ਸਕਦੀ ਹੈ, ਜਾਂ ਉਨ੍ਹਾਂ ਨੂੰ ਸੰਗੀਤ ਤੋਂ ਵੰਚਿਤ ਕਰਨ ਵਾਲੇ ਨਕਾਰਾਤਮਕ ਪ੍ਰਯਤਨ ਪੰਥ ਲਈ ਘਾਤਕ ਹਨ ?

11. ਰਾਗਮਾਲਾ ਦੇ ਵਿਰੋਧੀ ਆਪਣੇ ਵਿਚਾਰ ਦੀ ਉਚਿਤਤਾ ਵਾਸਤੇ ਇਹ ਯੁਕਤੀ ਵੀ ਦਿੰਦੇ ਹਨ ਕਿ ਰਾਗਮਲਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਰੇ ਰਾਗਾਂ ਦਾ ਨਾਮ ਨਹੀਂ ਆਇਆ, ਨਾ ਹੀ ਇਸ ਵਿਚ ਵਰਣਿਤ ਸਾਰੇ ਰਾਗ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਏ ਹਨ। ਇਹ ਵੀ ਅਗਿਆਨ-ਜੰਨਿਤ ਧਾਰਨਾ ਹੈ। ਸੰਗੀਤ ਦੇ ਗ੍ਰੰਥਾਂ ਵਿਚ ਸਾਰੇ ਰਾਗਾਂ ਦਾ ਵਰਨਣ ਅਸੰਭਵ ਹੈ। ਕੁਝ ਪ੍ਰਧਾਨ ਰਾਗਾਂ ਦੀ ਚਰਚਾ ਹੀ ਮਿਲਦੀ ਹੈ। ਜਿਤਨੀਆਂ ਵੀ ਰਾਗਮਾਲਾਵਾਂ ਹਨ, ਉਨ੍ਹਾਂ ਵਿਚ ਆਮ ਤੌਰ ਤੇ 6 ਪ੍ਰਮੁਖ ਰਾਗਾਂ ਦਾ, 30-35 ਰਾਗਿਨੀਆਂ ਦਾ ਅਤੇ 48 ਪੁਤ੍ਰਾਂ ਦਾ ਨਾਮ ਹੀ ਆਇਆ ਹੈ, ਕੁਝ ਕੁ ਰਾਗਮਾਲਾਵਾਂ ਹਨ, ਜਿਨ੍ਹਾਂ ਵਿਚ ਕੁਝ ਨੂੰਹਾਂ ਦਾ ਵਰਨਣ ਵੀ ਕੀਤਾ ਗਿਆ ਹੈ, ਜਦੋਂ ਕਿ ਰਾਗਾਂ ਦੀ ਗਿਣਤੀ ਸੈਂਕੜਿਆਂ ਵਿਚ ਹੈ। ਕੀ ਇਨ੍ਹਾਂ ਰਾਗਮਾਲਾਵਾਂ ਵਿਚ ਉਸ ਸਮੇਂ ਪ੍ਰਚਲਿਤ ਸਾਰੇ ਰਾਗ ਵਰਣਿਤ ਹੋਏ ਹਨ ਜਾਂ ਇਨ੍ਹਾਂ ਨੂੰ ਸੂਤ੍ਰਬਧ ਕਰਨ ਵਾਲੇ ਸੰਗੀਤਾਚਾਰੀਆ ਹੋਰ ਰਾਗਾਂ ਤੋਂ ਪਰਿਚਿਤ ਨਹੀਂ ਸਨ ? ਅਜ ਵੀ ਦਸ ਥਾਟਾਂ ਦੇ ਅਗੇ ਉਨ੍ਹਾਂ ਦੇ ਸਾਰੇ ਰਾਗਾਂ ਦਾ ਵੇਰਵਾ ਕਿਸੇ ਗ੍ਰੰਥ ਵਿਚ ਉਪਲਬਧ ਨਹੀਂ ਹੈ। ਇਸ ਲਈ ਇਹ ਜ਼ਰੂਰੀ ਨਹੀਂ ਸੀ ਕਿ ਰਾਗਮਾਲਾ ਦੇ ਸਾਰੇ ਰਾਗਾਂ ਵਿਚ ਗੁਰਬਾਣੀ ਉਚਾਰਣ ਕੀਤੀ ਜਾਂਦੀ ਜਾਂ ਗੁਰਬਾਣੀ ਲਈ ਵਰਤੇ ਸਾਰੇ ਰਾਗ ਰਾਗਮਾਲਾ ਵਿਚ ਵਰਣਿਤ ਹੁੰਦੇ।

12. ਰਾਗਮਾਲਾ ਦਾ ਵਿਰੋਧ ਕਰਨ ਵਾਲੇ ਲੇਖਕਾਂ ਦਾ ਕਹਿਣਾ ਹੈ ਕਿ ਰਾਗਮਾਲਾ ਵਿਚ ਵਰਤਿਆ 'ਪੁਨਿ' ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਿਤੇ ਨਹੀਂ ਆਇਆ। ਉਨ੍ਹਾਂ ਦੀ ਧਾਰਨਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 'ਪੁਨਿ' ਦੇ ਸਥਾਨ ਤੇ ਹਮੇਸ਼ਾ 'ਫੁਨਿ' ਸ਼ਬਦ ਦੀ ਹੀ ਵਰਤੋਂ ਹੋਈ ਹੈ। ਤਥਾਂ ਦੇ ਸਨਮੁਖ ਵਿਰੋਧੀ ਪਖ ਦੀ ਇਹ ਦਲੀਲ ਵੀ ਆਧਾਰਹੀਣ ਅਤੇ ਅਗਿਆਨ-ਆਸ਼੍ਰਿਤ ਹੀ ਸਿਧ ਹੁੰਦੀ ਹੈ। 'ਪੁਨਿ' ਸ਼ਬਦ ਲਈ ਸੰਸਕ੍ਰਿਤ ਵਿਚ 'ਪੁਨ:' ਸ਼ਬਦ ਹੈ, ਜਿਸ ਦਾ ਗੁਰਮੁਖੀ ਰੂਪ 'ਪੁਨਹ' ਹੈ। ਇਹ ਸ਼ਬਦ ਆਪਣੇ ਸ਼ੁਧ ਸੰਸਕ੍ਰਿਤ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਈ ਵਾਰ ਆਇਆ ਹੈ, ਯਥਾ-

ਪਤਿਤ ਅਸੰਖ ਪੁਨੀਤ ਕਰਿ ਪੁਨਹ ਪੁਨਹ ਬਲਿਹਾਰ ॥
ਨਾਨਕ ਰਾਮ ਨਾਮੁ ਜਪਿ ਪਾਵਕੋ ਤਿਨ ਕਿਲਬਿਖ ਦਾਹਨਹਾਰ ॥ ੧ ॥[14]
ਨਾਨਕ ਓਟ ਗਹੀ ਜਗਦੀਸੁਰ ਪੁਨਹ ਪੁਨਹ ਬਲਿਹਾਰਿਓ ॥ ੨ ॥[15]
ਅਉਖਧ ਮੰਤ੍ਰ ਮੂਲ ਮਨ ਏਕੈ ਮਨਿ ਬਿਸ੍ਵਾਸੁ ਪ੍ਰਭ ਧਾਰਿਆ ॥
ਚਰਨ ਰੇਨ ਬਾਂਛੈ ਨਿਤ ਨਾਨਕੁ ਪੁਨਹ ਪੁਨਹ ਬਲਿਹਾਰਿਆ ॥ ੨ ॥[16]
ਨਾਨਕ ਸਰਨਿ ਗਹੀ ਸੁਆਮੀ ਕੀ ਪੁਨਹ ਪੁਨਹ ਨਮਸਕਾਰਾ ॥ ੨ ॥[17]
ਅਵਲੋਕਨ ਪੁਨਹ ਪੁਨਹ ਕਰਉ ਜਨ ਕਾ ਦਰਸਾਰੁ ॥[18]
ਹਰਨ ਧਰਨ ਪੁਨ ਪੁਨਹ ਕਰਨ ॥[19]
ਪੇਖਿ ਪੇਖਿ ਨਾਨਕ ਬਿਗਸਾਨੋ ਪੁਨਹ ਪੁਨਹ ਬਲਿਹਾਰਿਓ ॥ ੨ ॥[20]
ਨਾਨਕ ਦਾਸਨਿ ਦਾਸੁ ਜਨੁ ਤੇਰਾ ਪੁਨਹ ਪੁਨਹ ਨਮਸਕਾਰਿ ॥ ੨ ॥[21]

---

14. ਗਉੜੀ ਮਹਲਾ ੫, ਪੰਨਾ ੨੪੮
15. ਦੇਵਗੰਧਾਰੀ ਮਹਲਾ ੫, ਪੰਨਾ ੫੩੪
16. ਧਨਾਸਰੀ ਮਹਲਾ ੫, ਪੰਨਾ ੬੭੬
17. ਟੋਡੀ ਮਹਲਾ ੫, ਪੰਨਾ ੭੧੨
18. ਸੂਹੀ ਮਹਲਾ ੫, ਪੰਨਾ ੭੪੫
19. ਰਾਮਕਲੀ ਮਹਲਾ 5, ਪੰਨਾ 902
20. ਨਟ ਮਹਲਾ 5, ਪੰਨਾ 980
21. ਸਾਰਗ ਮਹਲਾ 5, ਪੰਨਾ 1227

ਮਾਰੂ ਰਾਗ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਪੁਨਿ' ਸ਼ਬਦ ਦੀ ਵਰਤੋਂ ਕਰਦਿਆ ਕਿਹਾ ਹੈ-

ਊਪਰਿ ਗਗਨੁ ਗਗਨ ਪਰਿ ਗੋਰਖੁ ਤਾ ਕਾ ਅਗਮੁ ਗੁਰੂ ਪੁਨਿ ਵਾਸੀ ॥[22]

ਸੰਸਕ੍ਰਿਤ ਭਾਸ਼ਾ ਦੇ 'ਪੁਨ:' ਦਾ ਹੀ ਇਕ ਦੂਜਾ ਰੂਪ 'ਪੁਨਰਪਿ' ਹੈ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਈ ਵਾਰ ਆਇਆ ਹੈ, ਯਥਾ-

ਕਹੁ ਕਬੀਰ ਤਾ ਕਉ ਪੁਨਰਪਿ ਜਨਮੁ ਨਹੀ ਖੇਲਿ ਗਇਓ ਬੈਰਾਗੀ।[23]
ਖੋਲਿ ਕਿਵਾਰ ਦਿਖਾਲੇ ਦਰਸਨੁ ਪੁਨਰਪਿ ਜਨਮਿ ਨ ਆਈਐ ॥[24]

ਸਪਸ਼ਟ ਹੈ ਕਿ ਇਸ ਆਧਾਰ 'ਤੇ ਰਾਗਮਾਲਾ ਦਾ ਵਿਰੋਧ ਕਰਨਾ ਉਚਿਤ ਨਹੀਂ ਮੰਨਿਆ ਜਾ ਸਕਦਾ।

13. ਰਾਗਮਾਲਾ ਦੇ ਆਲੋਚਕਾਂ ਦਾ ਇਹ ਵੀ ਕਹਿਣਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਰਾਗਾਂ ਨੂੰ ਉਸ ਤਰ੍ਹਾਂ ਵਿਵਸਥਿਤ ਨਹੀਂ ਕੀਤਾ ਗਿਆ, ਜਿਵੇਂ ਕਿ ਰਾਗਮਾਲਾ ਵਿਚ ਦਰਸ਼ਾਇਆ ਗਿਆ ਹੈ, ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਾਗਮਈ ਬਾਣੀ ਦਾ ਆਰੰਭ 'ਸਿਰੀ ਰਾਗ' ਤੋਂ ਹੁੰਦਾ ਹੈ, ਜਦੋਂ ਕਿ ਰਾਗਮਾਲਾ ਵਿਚ ਪਹਿਲਾ ਸਥਾਨ 'ਭੈਰਉ' ਨੂੰ ਪ੍ਰਾਪਤ ਹੈ। ਵਾਸਤਵ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਰਾਗਾਂ ਦਾ ਕ੍ਰਮ ਕਿਸੇ ਸ਼ਾਸਤ੍ਰੀ ਨਿਯਮ ਮੁਤਾਬਿਕ ਵਿਵਸਥਿਤ ਨਹੀਂ ਕੀਤਾ ਗਿਆ। ਨਾ ਇਹ ਕ੍ਰਮ ਰਾਗਾਂ ਦੀ ਪ੍ਰਕ੍ਰਿਤੀ ਅਨੁਸਾਰ ਹੈ, ਨਾ ਜਾਤਿ ਅਨੁਸਾਰ ਹੈ, ਨਾ ਹੀ ਸਮੇਂ ਅਨੁਸਾਰ ਹੈ, ਨਾ ਬਾਣੀ ਦੇ ਆਕਾਰ ਅਨੁਸਾਰ ਹੈ। ਸਮਕਾਲੀਨ ਸੰਤਾਂ ਦੀ ਵਾਣੀ, ਜੋ ਰਾਗਬਧ ਹੈ, ਉਸ ਵਿਚ ਵੀ ਕਿਸੇ ਅਜਿਹੇ ਅਸੂਲ ਨੂੰ ਧਿਆਨ ਵਿਚ ਨਹੀਂ ਰਖਿਆ ਗਿਆ। ਜਿਥੇ 'ਸੂਰਸਾਗਰ' ਜਿਹੇ ਗ੍ਰੰਥਾਂ ਵਿਚਲੀ ਵਾਣੀ ਇਕ-ਇਕ ਰਾਗ ਵਿਚ ਨਿਯਮਪੂਰਵਕ ਨਹੀਂ ਸੰਜੋਈ ਗਈ ਅਤੇ ਰਾਗ ਖਿੰਡੇ-ਪੁੰਡੇ ਮਿਲਦੇ ਹਨ, ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਾਗ ਵਿਵਸਥਿਤ ਰੂਪ ਵਿਚ ਮਿਲਦੇ ਹਨ ਅਰਥਾਤ ਇਕ ਰਾਗ ਦੇ ਸਾਰੇ ਸ਼ਬਦ ਇਕ ਸਥਾਨ 'ਤੇ

---

22. ਮਾਰੂ ਮਹਲਾ 1, ਪੰਨਾ 992
23. ਗਉੜੀ ਕਬੀਰ, ਪੰਨਾ 335
24. ਆਸਾ ਮਹਲਾ 5, ਪੰਨਾ 383

ਇਕਠੇ ਰਖੇ ਗਏ ਹਨ। ਪਰ ਰਾਗਾਂ ਦਾ ਕ੍ਰਮ ਕਿਸੇ ਵਿਸ਼ੇਸ਼ ਸੰਗੀਤ ਵਿਧਾਨ ਵਿਚ ਬਝਿਆ ਹੋਇਆ ਨਹੀਂ ਹੈ, ਜਦੋਂ ਕਿ ਰਾਗਮਾਲਾ ਦਾ ਸਰਵ-ਭਾਂਤਿ ਵਿਵਸਥਿਤ ਹੋਣਾ ਲਾਜ਼ਮੀ ਹੈ। ਰਾਗਮਾਲਾ ਵਿਚ ਰਾਗਾਂ, ਰਾਗਿਨੀਆਂ ਅਤੇ ਰਾਗ-ਪੁਤ੍ਰਾਂ ਦਾ ਨਿਸ਼ਚਿਤ ਕ੍ਰਮ ਵਿਚ ਆਉਣਾ ਲਾਜ਼ਮੀ ਸੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਿਸੇ ਅਜਿਹੀ ਪਾਬੰਦੀ ਦਾ ਪਾਲਣ ਕਰਨਾ ਜ਼ਰੂਰੀ ਨਹੀਂ ਸੀ, ਕਿਉਂਕਿ ਇਹ ਸੰਗੀਤ ਦਾ ਗ੍ਰੰਥ ਨਹੀਂ ਹੈ, ਬਾਣੀ ਦਾ ਗ੍ਰੰਥ ਹੈ। ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਰਾਗਾਂ ਨੂੰ ਕਿਸੇ ਸ਼ਾਸਤ੍ਰੀ ਨਿਯਮ ਅਨੁਸਾਰ ਨਹੀਂ ਸੀ ਰਖਿਆ ਗਿਆ, ਇਸ ਲਈ ਰਾਗਮਾਲਾ ਦੀ ਸੂਤ੍ਰਤਾ ਹੋਰ ਵੀ ਜ਼ਰੂਰੀ ਸੀ, ਕਿਉਂ ਜੁ ਰਾਗਾਂ ਦਾ ਕ੍ਰਮ ਇਨ੍ਹਾਂ ਦੇ ਗਾਇਕੀ ਅੰਗ ਨੂੰ ਸਪਸ਼ਟ ਕਰਨ ਲਈ ਬਿਲਕੁਲ ਉਪਯੋਗੀ ਨਹੀਂ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਉਸ ਸਮੇਂ ਦੇ ਇਕ ਬਹੁਤ ਪ੍ਰਸਿਧ ਅਤੇ ਵਡੇ ਰਾਗ 'ਮੇਘ' ਨੂੰ ਕੋਈ ਸਥਾਨ ਪ੍ਰਾਪਤ ਨਹੀਂ, ਪਰ ਉਸ ਦੇ ਪਰਿਵਾਰ ਨਾਲ ਸੰਬੰਧਿਤ ਅਰਥਾਤ ਉਸ ਦੇ ਪ੍ਰਭਾਵ ਵਿਚ ਗਾਏ ਜਾਣ ਵਾਲੇ ਸੋਰਠਿ, ਆਸਾ, ਸੂਹੀ ਆਦਿ ਰਾਗ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵਿਦਮਾਨ ਹਨ। ਰਾਗਮਾਲਾ ਦੀ ਇਹ ਸੂਚਨਾ ਅਤਿ ਜ਼ਰੂਰੀ ਸੀ ਕਿ ਇਨ੍ਹਾਂ ਦਾ ਸੰਬੰਧ ਰਾਗ ਮੇਘ ਨਾਲ ਹੈ, ਨਹੀਂ ਤਾਂ ਰਾਗੀ ਲੋਕ ਇਨ੍ਹਾਂ ਦਾ ਸਰੂਪ ਭ੍ਰਿਸ਼ਟ ਕਰ ਸਕਦੇ ਸਨ। ਕੁਝ ਹੋਰ ਰਾਗਮਾਲਾਵਾਂ ਵਿਚ ਮਲਾਰੀ (ਭਾਵ ਮਲਾਰ), ਗੂਜਰੀ, ਸਾਰੰਗ, ਆਸਾਵਰੀ ਆਦਿ ਨੂੰ ਮੇਘ ਨਾਲ ਸੰਬੰਧਿਤ ਕੀਤਾ ਗਿਆ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਾਗਮਾਲਾ ਵਿਚ ਸਾਰੰਗ ਅਤੇ ਆਸਵਰੀ 'ਸਿਰੀ ਰਾਗ' ਦੀਆਂ ਰਾਗਿਨੀਆਂ ਹਨ, ਜਦੋਂ ਕਿ 'ਗੂਜਰੀ' ਰਾਗ 'ਦੀਪਕ' ਦੀ ਰਾਗਿਨੀ ਹੈ। ਹੋਰ ਰਾਗਮਾਲਾਵਾਂ ਵਿਚ ਮਲਾਰੀ (ਭਾਵ ਮਲਾਰ) ਮੇਘ ਦੀ ਰਾਗਿਨੀ ਦਰਸ਼ਾਈ ਹੈ, ਜਦੋਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਾਗਮਾਲਾ ਵਿਚ ਮੇਘ ਦੀ ਰਾਗਿਨੀ ਗੋਂਡਮਲਾਰੀ ਹੈ। ਇਸੇ ਅੰਤਰ ਨੂੰ ਦਰਸਾਉਣ ਵਾਸਤੇ ਵਖ-ਵਖ ਰਾਗਮਾਲਾਵਾਂ ਦੀ ਰਚਨਾ ਹੋਈ ਹੈ ਅਤੇ ਇਹੋ ਅੰਤਰ ਹੈ, ਜਿਸ ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਾਗ-ਪ੍ਰਬੰਧ ਦੀ ਸੂਚਨਾ ਦੇਣ ਲਈ ਰਾਗਮਾਲਾ ਲਿਖੀ ਜਾਣੀ ਜ਼ਰੂਰੀ ਸੀ। ਜੋ ਲੋਕ ਰਾਗਮਾਲਾਵਾਂ ਨੂੰ ਅਵਾਂਛਿਤ ਸਮਝ ਕੇ ਕਿੰਤੂ-ਪ੍ਰੰਤੂ ਕਰਦੇ ਹਨ, ਵਾਸਤਵ ਵਿਚ ਉਹ ਸੰਗੀਤ ਦੇ ਨਵੀਨ ਪ੍ਰਬੰਧ ਦੇ ਆਧਾਰ 'ਤੇ ਪੁਰਾਤਨ

ਵਿਵਸਥਾ ਦਾ ਮੁਲਾਂਕਣ ਕਰਨ ਦੀ ਗ਼ਲਤ ਚੇਸ਼ਟਾ ਕਰ ਰਹੇ ਹਨ। ਜਿਸ ਸਮੇਂ ਅਜੇ ਥਾਟ ਸਿਸਟਮ ਵਿਕਸਿਤ ਨਹੀਂ ਸੀ ਹੋਇਆ, ਉਸ ਵੇਲੇ ਕੇਵਲ ਰਾਗ-ਰਾਗਿਨੀ ਪ੍ਰਬੰਧ ਹੀ ਪ੍ਰਚਲਨ ਵਿਚ ਸੀ। ਕਿਸੇ ਹੋਰ ਅਜਿਹੇ ਸਿਸਟਮ ਦਾ ਕੋਈ ਪ੍ਰਮਾਣ ਉਪਲਬਧ ਨਹੀਂ ਹੁੰਦਾ, ਜਿਸ ਨਾਲ ਗੁਰਬਾਣੀ ਕੀਰਤਨ ਨੂੰ ਸੰਬੰਧਿਤ ਕੀਤਾ ਜਾ ਸਕੇ।

14. ਸ. ਮਦਨ ਸਿੰਘ ਇਹ ਵੀ ਲਿਖਦੇ ਹਨ ਕਿ ਭਾਈ ਜਸਬੀਰ ਸਿੰਘ ਅਕਾਲ ਤਖ਼ਤ ਦੇ ਜਥੇਦਾਰ ਬਣੇ ਤਾਂ ਸ੍ਰੀ ਅਕਾਲ ਤਖ਼ਤ ਉਤੇ ਰਾਗਮਾਲਾ ਪੜ੍ਹਨੀ ਸ਼ੁਰੂ ਹੋਈ, ਪਰ ਆਮ ਸਿਖਾਂ ਨੇ ਇਸ ਨੂੰ ਪ੍ਰਵਾਨ ਨਹੀਂ ਕੀਤਾ। ਹਕੀਕਤ ਅਸਲੋਂ ਉਲਟ ਹੈ। ਆਮ ਸਿਖ ਨੇ ਕਦੇ ਸੁਣਿਆ ਵੀ ਨਹੀਂ ਕਿ ਕਿਸੇ ਵੇਲੇ ਅਕਾਲ ਤਖ਼ਤ ਸਾਹਿਬ ਉਤੇ ਰਾਗਮਾਲਾ ਪੜ੍ਹਨੀ ਬੰਦ ਹੋਈ ਹੋਵੇਗੀ। ਆਮ ਸਿਖ ਪਹਿਲਾਂ ਵੀ ਹੁਣ ਵੀ ਪੂਰੀ ਤਨਦਿਲੀ ਨਾਲ ਰਾਗਮਾਲਾ ਪੜ੍ਹ ਕੇ ਪਾਠ ਦੀ ਸਮਾਪਿਤੀ ਕਰਦੇ ਹਨ।

15. ਰਾਗਮਾਲਾ ਦੇ ਆਲੋਚਕ ਪਾਠਕਾਂ ਉਤੇ ਇਹ ਪ੍ਰਭਾਵ ਪਾਉਣ ਦਾ ਯਤਨ ਕਰਦੇ ਰਹੇ ਹਨ ਕਿ ਇਹ ਇਕ ਕਾਮੁਕ ਕਥਾ ਵਿਚ ਵਰਣਿਤ 'ਕਾਮਕੰਦਲਾ' ਅਰਥਾਤ ਵੇਸ਼ਵਾ ਦੁਆਰਾ ਗਾਏ ਗਏ ਰਾਗਾਂ ਦਾ ਵਿਵਰਣ ਹੈ। ਉਹ ਇਸ ਤਰ੍ਹਾਂ ਦਾ ਗੁੰਮਰਾਹਕੁਨ ਪ੍ਰਚਾਰ ਕਰਦੇ ਹਨ, ਜਿਵੇਂ 'ਕਾਮਕੰਦਲਾ' ਦੁਆਰਾ ਗਾਏ ਜਾਣ ਕਰ ਕੇ ਰਾਗਮਾਲਾ ਵਿਚ ਉਲਿਖਿਤ ਰਾਗ ਵੀ ਅਪਵਿਤ੍ਰ ਹੋ ਗਏ ਹਨ। ਪਹਿਲੀ ਗਲ ਤਾਂ ਰਾਗਮਾਲਾ ਵਿਚ ਕਿਤੇ 'ਕਾਮਕੰਦਲਾ' ਜਾਂ 'ਮਾਧਵਨਲ' ਦਾ ਕੋਈ ਵਰਣਨ ਨਹੀਂ ਹੈ। ਦੂਜੀ ਗਲ ਇਹ ਵਿਚਾਰਣ ਵਾਲੀ ਹੈ ਕਿ ਕੀ ਕਿਸੇ ਵੇਸ਼ਵਾ ਦੁਆਰਾ ਗਾਏ ਜਾਣ ਕਾਰਨ ਕੋਈ ਰਾਗ ਅਪਵਿਤ੍ਰ ਹੋ ਜਾਂਦਾ ਹੈ ? ਸ਼ਾਇਦ ਇਸਲਾਮ ਵਿਚ ਕਿਤੇ ਇਹ ਵਿਚਾਰ ਪ੍ਰਭਾਵਸ਼ਾਲੀ ਰਿਹਾ ਹੋਵੇਗਾ, ਜਿਸ ਕਾਰਨ ਉਨ੍ਹਾਂ ਨੇ ਗਾਇਨ-ਵਾਦਨ ਆਦਿ ਦੀ ਮਨਾਹੀ ਕਰ ਦਿਤੀ। ਸਾਡੀ ਵਿਚਾਰਧਾਰਾ ਇਸ ਮਤ ਨਾਲ ਸਹਿਮਤ ਨਹੀਂ। ਜਿਨ੍ਹਾਂ ਸੁਰਾਂ ਵਿਚ ਕਾਮੁਕ ਗੀਤ ਗਾਏ ਜਾ ਸਕਦੇ ਹਨ, ਉਨ੍ਹਾਂ ਵਿਚ ਹੀ ਹਰਿ-ਜਸ ਦਾ ਕਲਿਆਣਕਾਰੀ ਗਾਇਨ ਹੋ ਸਕਦਾ ਹੈ ਅਤੇ ਹੁੰਦਾ ਆਇਆ ਹੈ। ਇਸ ਲਈ ਸਦੀਆਂ ਤਕ ਅਣਗਿਣਤ 'ਕਾਮਕੰਦਲਾਵਾਂ' ਦੁਆਰਾ ਕਈ-ਕਈ ਕਾਮੁਕ ਗੀਤ ਗਾਏ ਜਾਣ ਦੇ ਬਾਵਜੂਦ 'ਸਿਰੀ' ਤੋਂ ਲੈ ਕੇ 'ਜੈਜਾਵੰਤੀ' ਤਕ 31 ਪ੍ਰਮੁਖ

ਅਤੇ ਲਗਪਗ ਇਤਨੇ ਹੀ ਮਿਸ਼੍ਰਿਤ ਰਾਗਾਂ ਵਿਚੋਂ ਕੋਈ ਵੀ ਅਪਵਿਤ੍ਰ ਨਹੀਂ ਹੋਇਆ। ਹਰਿਨਾਮ ਵਾਂਗ ਰਾਗ ਤਾਂ ਸਦਾ ਪਵਿਤ੍ਰ ਹੈ। ਅਸਲ ਵਿਚ ਰਾਗਮਾਲਾ ਦਾ ਵਿਰੋਧ ਕਰਨ ਵਾਲੇ ਲੋਕ ਸੰਗੀਤ-ਵਿਰੋਧੀ ਵੀ ਹਨ। ਅਜਿਹੇ ਲੋਕਾਂ ਨੇ ਹੀ ਕਾਮੁਕ ਗੀਤਾਂ ਦੀਆ ਤਰਜ਼ਾਂ 'ਤੇ ਕੀਤੇ ਜਾਂਦੇ ਕੀਰਤਨ ਨੂੰ ਉਤਸਾਹਿਤ ਕੀਤਾ ਹੈ, ਨਾ ਕਿ ਸੰਗੀਤ-ਨਿਸ਼ਠ ਵਿਵੇਕੀਆਂ ਨੇ।

16. ਇਹ ਸਰਵ ਪ੍ਰਵਾਨਿਤ ਤਥ ਹੈ ਕਿ ਕਰਤਾਰਪੁਰੀ ਬੀੜ ਹੀ ਉਹ ਅਸਲ ਆਦਿ ਬੀੜ ਹੈ, ਜਿਸ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਨਿਗਰਾਨੀ ਵਿਚ ਲਿਖਵਾਇਆ ਸੀ ਅਤੇ ਜਿਥੇ ਲੋੜ ਪਈ ਉਨ੍ਹਾਂ ਨੇ ਆਪਣੇ ਹਥਾਂ ਨਾਲ ਸੋਧਾਂ ਕੀਤੀਆਂ ਸਨ। ਡਾ. ਭਾਈ ਜੋਧ ਸਿੰਘ, ਜਿਨ੍ਹਾਂ ਨੇ ਇਸ ਦੀ ਪੰਨੇਵਾਰ ਸਘਨ ਪੜਤਾਲ ਕਰ ਕੇ 'ਸ੍ਰੀ ਕਰਤਾਰਪੁਰੀ ਬੀੜ ਦੇ ਦਰਸ਼ਨ' ਨਾਮਕ ਪੁਸਤਕ ਲਿਖੀ ਸੀ, ਅਨੁਸਾਰ ਬੰਨੋ ਬੀੜ ਦੇ ਉਤਾਰਿਆਂ ਵਾਂਗ ਇਸ ਬੀੜ ਵਿਚ ਕੋਈ ਵੀ ਵਾਧੂ ਬਾਣੀ ਨਹੀਂ ਚੜ੍ਹੀ ਹੋਈ। ਪਰ ਇਸ ਦੇ ਅੰਤ ਵਿਚ ਰਾਗਮਾਲਾ ਵਿਦਮਾਨ ਹੈ। ਇਸ ਦਾ ਲਿਖਾਰੀ ਉਹੋ ਹੈ, ਜੋ ਆਦਿ ਤੋਂ ਅੰਤ ਤਕ ਸਾਰੀ ਬਾਣੀ ਦਾ ਲਿਖਾਰੀ ਹੈ। ਰਾਗਮਾਲਾ ਦੀ ਸਿਆਹੀ ਵੀ ਉਹੋ ਹੈ, ਜਿਸ ਵਿਚ ਸਾਰੀ ਗੁਰਬਾਣੀ ਲਿਖੀ ਗਈ ਸੀ[25]। ਸਰਵ-ਗਿਆਤ ਹੈ ਕਿ ਸਿਖ ਪੰਥ ਕੋਲ ਤਿੰਨ ਪ੍ਰਕਾਰ ਦੀਆਂ ਬੀੜਾਂ ਦੇ ਉਤਾਰੇ ਰਹੇ ਹਨ। ੳ. ਕਰਤਾਰਪੁਰੀ ਬੀੜ ਦੇ। ਅ. ਭਾਈ ਬੰਨੋ ਵਾਲੀ ਖਾਰੀ ਬੀੜ ਦੇ। ੲ. ਦਮਦਮੀ ਬੀੜ ਦੇ। ਪਹਿਲੀ ਅਤੇ ਤੀਜੀ ਬੀੜ ਦੇ ਉਤਾਰਿਆਂ ਵਿਚ ਕੋਈ ਵਾਧੂ ਬਾਣੀ ਨਹੀਂ ਮਿਲਦੀ, ਪਰ ਰਾਗਮਾਲਾ ਸਭ ਵਿਚ ਮਿਲਦੀ ਹੈ। ਭਾਈ ਬੰਨੋ ਵਾਲੀ ਬੀੜ ਵਿਚ ਵਾਧੂ ਬਾਣੀਆਂ ਵੀ ਹਨ ਅਤੇ ਰਾਗਮਾਲਾ ਵੀ ਹੈ। ਜੇ ਰਾਗਮਾਲਾ ਵਾਧੂ ਬਾਣੀਆਂ ਵਿਚ ਸ਼ਾਮਿਲ ਹੁੰਦੀ, ਤਾਂ ਜਾਂ ਇਸ ਨੇ ਸਾਰੀਆਂ ਬੀੜਾਂ ਵਿਚ ਪ੍ਰਾਪਤ ਨਹੀਂ ਸੀ ਹੋਣਾ, ਜਾਂ ਸਾਰੀਆਂ ਵਾਧੂ ਬਾਣੀਆਂ ਵੀ ਸਭ ਬੀੜਾਂ ਵਿਚ ਮਿਲਣੀਆਂ ਸਨ।

17. 'ਗੁਰੁਬਿਲਾਸ ਪਾਤਸ਼ਾਹੀ 6ਵੀਂ' ਇਕ ਅਜਿਹੀ ਕ੍ਰਿਤੀ ਹੈ, ਜੋ ਆਪਣੀਆਂ ਸਾਰੀਆਂ ਊਣਤਾਈਆਂ ਦੇ ਬਾਵਜੂਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ

25. ਵੇਖੋ ਕਰਤਾਰਪੁਰੀ ਬੀੜ ਦਾ ਪੰਨਾ, ਪੰਨਾ 85

ਜੀਵਨੀ, ਆਦਿ ਗ੍ਰੰਥ ਦੀ ਸੰਪਾਦਨਾ ਅਤੇ ਸ੍ਰੀ ਅਕਾਲ ਤਖ਼ਤ ਦੇ ਨਿਰਮਾਣ ਸੰਬੰਧੀ ਅਜਿਹੀ ਜਾਣਕਾਰੀ ਉਪਲਬਧ ਕਰਵਾਉਂਦੀ ਹੈ, ਜੋ ਹੋਰ ਗ੍ਰੰਥਾਂ ਵਿਚੋਂ ਮਿਲਣੀ ਮੁਸ਼ਕਿਲ ਹੈ। ਆਦਿ ਗ੍ਰੰਥ ਦੀ ਸੰਪਾਦਨਾ ਦੇ ਕਾਰਣਾਂ, ਬਾਣੀ ਦੇ ਇਕਤ੍ਰੀਕਰਣ ਲਈ ਕੀਤੇ ਵਿਸ਼ੇਸ਼ ਪ੍ਰਯਤਨਾਂ, ਸੰਪਾਦਨਾ-ਕਾਰਜ ਦਾ ਇਤਿਹਾਸ, ਬਾਣੀ ਸੰਗ੍ਰਹਿਤ ਕਰਨ ਸਮੇਂ ਸਿਖ ਸਿਧਾਂਤ ਦੀ ਰਖਿਆ[26], ਭਾਈ ਬੰਨੋ ਵਲੋਂ ਕੀਤੀ ਮਿਲਾਵਟ ਬਾਰੇ ਇਸ ਪੁਸਤਕ ਨੇ ਮਹਤਵਪੂਰਣ ਸੂਚਨਾਵਾਂ ਸਿਖ ਪੰਥ ਤਕ ਪਹੁੰਚਾਈਆਂ ਹਨ। ਉਸ ਨੇ ਸਿਖ ਸੰਗਤਾਂ ਨੂੰ ਸੂਚਿਤ ਕੀਤਾ ਹੈ ਕਿ ਭਾਈ ਬੰਨੋ ਨੇ ਆਪਣੇ ਵਲੋਂ ਤਿਆਰ ਕੀਤੀ ਬੀੜ ਵਿਚ ਸੂਰਦਾਸ ਦਾ 'ਛਾਡਿ ਮਨ ਹਰਿ ਬਿਮੁਖਨ ਕੋ ਸੰਗੁ' ਸ਼ਬਦ ਪੂਰਾ ਲਿਖ ਲਿਆ, ਰਾਗ ਮਾਰੂ ਵਿਚ ਮੀਰਾ ਦਾ ਸ਼ਬਦ 'ਮਨੁ ਹਮਾਰੋ ਬਾਂਧਿਓ ਗੁਨ' ਵੀ ਲਿਖ ਲਿਆ, 'ਜਿਤੁ ਦਰਿ ਲਖੁ ਮੁਹੰਮਦਾ' ਤਿੰਨ ਸਲੋਕ ਆਪਣੇ ਕੋਲੋਂ ਵਧਾਏ, ਸੋਲਾਂ ਸਲੋਕ 'ਬਾਇ ਆਤਸ' ਚੜ੍ਹਾ ਦਿਤੇ, 'ਰਤਨਮਾਲ' ਅਤੇ 'ਰਾਹ ਮੁਕਾਮ ਕੀ ਸਾਖੀ' ਲਿਖ ਕੇ ਮਗਰੋਂ 'ਰਾਗਮਾਲਾ' ਉਸੇ ਤਰ੍ਹਾਂ ਲਿਖ ਦਿਤੀ, ਜਿਵੇਂ ਗੁਰੂ ਅਰਜਨ ਦੇਵ ਜੀ ਨੇ ਇਸ ਨੂੰ ਅੰਤ ਵਿਚ ਰਖਿਆ ਸੀ। ਇਸ ਤੋਂ ਬਹੁਤ ਸਪਸ਼ਟ ਹੈ ਕਿ ਲੇਖਕ ਨੂੰ ਹਰ ਉਸ ਬਾਣੀ ਦਾ ਪੂਰਾ ਗਿਆਨ ਹੈ, ਜਿਸ ਦਾ ਸੰਬੰਧ ਭਾਈ ਬੰਨੋ ਵਲੋਂ ਕੀਤੀ ਮਿਲਾਵਟ ਨਾਲ ਸੀ। ਇਹ ਵੀ ਸਪਸ਼ਟ ਕਰਨਾ ਜ਼ਰੂਰੀ ਹੈ ਕਿ ਆਲੋਚਕ ਧਿਰ ਹਰ ਉਸ ਗ੍ਰੰਥ ਨੂੰ ਹੀ ਬਨਾਵਟੀ ਅਤੇ ਮਿਲਾਵਟੀ ਕਹਿਣ ਲਗ ਜਾਂਦੀ ਹੈ, ਜੋ ਗ੍ਰੰਥ ਉਸ ਦੀ ਵਿਕ੍ਰਿਤ ਬੁਧੀ ਦਾ ਅਨੁਸਰਣ ਨਹੀਂ ਕਰਦਾ। ਇਸ ਲਈ ਇਸ ਗ੍ਰੰਥ ਦੇ ਕਰਤਾ ਉਤੇ ਵੀ ਗੁਰੂ-ਦੋਖੀ ਹੋਣ ਦਾ ਆਰੋਪ ਲਗਾ ਕੇ ਉਸ ਦੇ ਰਾਗਮਾਲਾ ਵਾਲੇ ਵਿਚਾਰ ਨੂੰ ਮਿਲਾਵਟਖੋਰੀ ਵਿਚ ਭਾਈਵਾਲੀ ਦਸਦਿਆਂ ਉਸ ਦੇ ਵਿਚਾਰ ਨੂੰ ਨਕਾਰਣ ਦੀ ਚੇਸ਼ਟਾ ਕੀਤੀ ਜਾਵੇਗੀ। ਪਰ ਵਿਵੇਕੀ ਪਾਠਕ ਲਈ ਧਿਆਨਗੋਚਰ

26. ਪੁਸਤਕ ਕਰਤਾ ਲਿਖਦਾ ਹੈ ਕਿ ਸੂਫ਼ੀ ਫ਼ਕੀਰ ਸ਼ਾਹ ਹੁਸੈਨ, ਭਗਤ ਕਾਨ੍ਹਾ, ਭਗਤ ਛਜੂ ਅਤੇ ਪੀਲੂ ਇਹ ਚਾਰੇ ਮਹਾਤਮਾ ਸ੍ਰੀ ਗੁਰੂ ਜੀ ਪਾਸ ਆਏ ਸਨ। ਗੁਰੂ ਜੀ ਨੇ ਇਨ੍ਹਾਂ ਤੋਂ ਚੋਣਵੀਆਂ ਰਚਨਾਵਾਂ ਆਪ ਸੁਣੀਆਂ ਸਨ ਅਤੇ ਫ਼ੈਸਲਾ ਇਹ ਕੀਤਾ ਸੀ ਕਿ ਉਨ੍ਹਾਂ ਦੀਆਂ ਰਚਨਾਵਾਂ ਵਿਚ ਸਿਖ ਸਿਧਾਂਤ ਦਾ ਉਲੰਘਣ ਹੁੰਦਾ ਹੈ, ਇਸ ਲਈ ਉਹ ਸ੍ਰੀ ਆਦਿ ਗ੍ਰੰਥ ਵਿਚ ਚੜ੍ਹਾਉਣ ਦੇ ਯੋਗ ਨਹੀਂ ਹਨ।

ਕਰਨਾ ਆਵਸ਼ਕ ਹੈ ਕਿ ਜੇ ਇਸ 'ਗੁਰੁਬਿਲਾਸ' ਦੇ ਕਰਤਾ ਨੇ ਮਿਲਾਵਟਖੋਰੀ ਦਾ ਸਮਰਥਨ ਕਰਨਾ ਹੁੰਦਾ, ਤਾਂ ਉਹ ਭਾਈ ਬੰਨੋ ਵਲੋਂ ਕੀਤੀ ਇਕ-ਇਕ ਅਵਗਿਆ ਦਾ ਦੁਖ ਅਤੇ ਚਿੰਤਾ ਸਹਿਤ ਵਰਣਨ ਕਿਉਂ ਕਰਦਾ? ਉਹ ਕਿਉਂ ਲਿਖਦਾ ਕਿ ਇਹ ਭਾਈ ਬੰਨੋ ਵਲੋਂ ਕੀਤੀ ਗਈ ਭੁਲ ਹੈ ? ਸਗੋਂ ਉਸ ਲਿਖਣਾ ਸੀ ਕਿ ਬੰਨੋ ਵਾਲੀ ਬੀੜ ਵਿਚਲੀ ਸਾਰੀ ਬਾਣੀ ਸ੍ਰੀ ਗੁਰੂ ਜੀ ਨੇ ਆਪ ਚੜ੍ਹਾਈ ਹੈ। ਪਰ ਨਹੀਂ, ਉਸ ਨਿਸ਼ਠਾਵਾਨ ਸਿਖ ਨੇ ਹਰ ਉਹ ਪੰਕਤੀ ਸਾਡੇ ਤਕ ਪਹੁੰਚਾਈ ਹੈ, ਜੋ ਬੰਨੋ ਵਲੋਂ ਕੀਤੇ ਵਾਧੇ ਸਮੇਂ ਚੜ੍ਹਾਈ ਗਈ ਸੀ। ਰਾਗਮਾਲਾ ਸੰਬੰਧੀ ਲੇਖਕ ਕਹਿੰਦਾ ਹੈ ਕਿ ਜਦੋਂ ਸ੍ਰੀ ਗੁਰੂ ਜੀ ਨੇ 'ਸਲੋਕ ਵਾਰਾਂ ਤੇ ਵਧੀਕ' ਅਤੇ 'ਮੁੰਦਾਵਣੀ' ਲਿਖ ਕੇ ਗ੍ਰੰਥ ਜੀ ਦਾ ਤਤਕਰਾ ਲਿਖ ਲਿਆ, ਤਾਂ ਉਨ੍ਹਾਂ ਦੇ ਸਨਮੁਖ ਰਾਗ ਪ੍ਰਗਟ ਹੋਏ। ਰਾਗਾਂ ਦੇ ਪ੍ਰਗਟ ਹੋਣ ਦਾ ਭਾਵ ਹੈ, ਉਨ੍ਹਾਂ ਦੇ ਚਿਤ ਵਿਚ ਰਾਗਾਂ ਦੇ ਸਰੂਪ ਸੰਬੰਧੀ ਸਮਸਿਆ ਦਾ ਪ੍ਰਗਟ ਹੋਣਾ ਜਾ ਉਨ੍ਹਾਂ ਦੇ ਮਨ ਵਿਚ ਰਾਗਾਂ ਦੇ ਸ਼ੁਧ ਸਰੂਪ ਕਾਇਮ ਰਖਣ ਦਾ ਧਿਆਨ ਆਉਣਾ। ਇਹ ਸੰਭਵ ਨਹੀਂ ਸੀ ਕਿ ਗੁਰਬਾਣੀ ਇਤਨੇ ਰਾਗਾਂ ਵਿਚ, ਇਤਨੀਆਂ ਤਾਲਾਂ ਵਿਚ, ਇਤਨੀਆਂ ਧੁਨੀਆਂ ਵਿਚ, ਪੜਤਾਲ ਵਰਗੀਆਂ ਕਠਿਨ ਸ਼ੈਲੀਆਂ ਵਿਚ ਧਿਆਨ ਪੂਰਵਕ ਸੂਤ੍ਰਬਧ ਕੀਤੀ ਜਾਂਦੀ, ਪਰ ਅਨੇਕਾਂ ਰਾਗਮਤਾਂ ਦੇ ਇਤਨੇ ਝਮੇਲੇ ਵਾਲੇ ਸਮੇਂ ਵਿਚ ਕੀਰਤਨਕਾਰਾਂ ਦਾ ਮਾਰਗ-ਦਰਸ਼ਨ ਨਾ ਕੀਤਾ ਜਾਂਦਾ। 'ਗੁਰੁਬਿਲਾਸ' ਦੀ ਇਸ ਕਥਾ ਅਨੁਸਾਰ ਰਾਗਾਂ ਨੇ ਸ੍ਰੀ ਗੁਰੂ ਜੀ ਨੂੰ ਕਿਹਾ-

ਇਹ ਬਿਧਿ ਹਮ ਜਗ ਮਹਿਂ ਦੁਖ ਪਾਵੈਂ। ਪੁਤ੍ਰੀ ਸਾਥ ਪਿਤਾ ਨਰ ਗਾਵੈਂ।
ਔਰ ਮਨੁਖ ਸਾਥ ਸਸੁਰਾਰੇ। ਪੂਤ ਮਾਤ ਕਰਹੈਂ ਇਕਠਾਰੇ।
ਸਮਝ ਨ ਪ੍ਰਾਤ ਸਮਾਂ ਮਧਿਆਨਾ। ਵਿਪਰਜੇ ਗਾਵੈਂ ਧਾਰ ਗੁਮਾਨਾ।
ਦੋਹਰਾ। ਤਾ ਤੇ ਜਤਨ ਕੋ ਅਸ ਕਰੋ ਹੇ ਪ੍ਰਭ ਦੀਨਾ ਨਾਥ।
ਭਿੰਨ ਭਿੰਨ ਸਭ ਕੋ ਲਿਖੋ ਹਮ ਸਭ ਕਰੋ ਸਨਾਥ।
ਰਾਗਨਿ ਕੀ ਬਿਨਤੀ ਸੁਨੀ ਗੁਰੁ ਅਰਜਨ ਸੁਖ ਖਾਨ।
ਰਾਗਮਾਲ ਤਬ ਹੀ ਲਿਖੀ ਭੋਗ ਤਾਂਹਿ ਪਰ ਠਾਨ।[27]

27. ਗੁਰੁ ਬਿਲਾਸ ਪਾਤਸ਼ਾਹੀ ੬ (ਹਿੰਦੀ ਸੰਸਕਰਣ ੧੯੭੨), ਪੰਨਾ ੧੨੧-੨੨

ਇਸ ਦਾ ਸਾਰ-ਭਾਵ ਇਹ ਹੈ ਕਿ ਰਾਗਾਂ ਨੇ ਸ੍ਰੀ ਗੁਰੂ ਜੀ ਨੂੰ ਕਿਹਾ ਅਸੀਂ ਜਗਤ ਵਿਚ ਇਸ ਕਾਰਨ ਦੁਖ ਪਾਉਂਦੇ ਹਾਂ, ਕਿ ਅਗਿਆਨੀ ਗਾਇਕ ਸਾਡੀ ਸ਼ੁਧਤਾ ਦਾ ਧਿਆਨ ਨਹੀਂ ਰਖਦੇ। ਰਾਗ, ਰਾਗ-ਪੁਤ੍ਰ ਅਤੇ ਰਾਗਿਨੀਆਂ ਸਭ ਨੂੰ ਮਿਲਾ ਦੇਂਦੇ ਹਨ। ਰਾਗਾਂ ਦੇ ਗਾਇਨ-ਕਾਲ ਦਾ ਵੀ ਧਿਆਨ ਨਹੀਂ ਰਖਦੇ। ਫਿਰ ਵੀ ਆਪਣੇ ਗਾਇਕ ਹੋਣ ਦਾ ਅਹੰਕਾਰ ਕਰਦੇ ਹਨ। ਉਨ੍ਹਾਂ ਕਿਹਾ ਸਾਡੇ ਭਿੰਨ-ਭਿੰਨ ਸ਼ੁਧ ਸਰੂਪ ਦਾ ਵਰਣਨ ਕਰ ਦਿਓ। ਤਾਂ ਸ੍ਰੀ ਗੁਰੂ ਜੀ ਨੇ ਰਾਗਮਾਲਾ ਲਿਖੀ। ਇਸ ਵਿਚ ਕੋਈ ਸੰਦੇਹ ਨਹੀਂ ਕਿ ਰਾਗਾਂ ਨੂੰ ਸ਼ੁਧਤਾ ਸਹਿਤ ਗਾਉਣ ਵਾਲਿਆਂ ਦੀ ਹਰ ਸਮੇਂ ਘਾਟ ਰਹੀ ਹੈ। ਅਜ ਵੀ ਸਾਡੇ ਕੀਰਤਨਕਾਰਾਂ ਨੂੰ ਰਾਗਾਂ ਦੀ ਸ਼ੁਧਤਾ ਦਾ ਧਿਆਨ ਰਖਣ ਦੀ ਪ੍ਰੇਰਨਾ ਦੇਣੀ ਬਹੁਤ ਜ਼ਰੂਰੀ ਹੈ। ਇਸ ਲਈ ਰਾਗਮਾਲਾ ਲਿਖਣਾ ਅਪ੍ਰਾਸੰਗਿਕ ਨਹੀਂ ਸੀ, ਬਲਕਿ ਇਸ ਦੀ ਗੈਰਮੌਜੂਦਗੀ ਹੀ ਹੈਰਾਨੀਜਨਕ ਹੋ ਸਕਦੀ ਸੀ।

'ਰਾਗਮਾਲਾ' ਦੀ ਨਿੰਦਿਆ ਵਾਸਤੇ ਇਕ ਅਤਿ ਨਿਖਿਧ ਟ੍ਰੈਕਟ 'ਖੱਸ਼ਟ ਰਾਗ ਕਿਨ ਗਾਏ ?' ਮਹਿੰਦਰ ਸਿੰਘ 'ਜੋਸ਼', ਜਿਸ ਨੂੰ ਨਾਮ-ਨਿਹਾਦ ਵਿਦਵਾਨ ਹਰਜਿੰਦਰ ਸਿੰਘ 'ਦਿਲਗੀਰ' ਮਿਸ਼ਨਰੀਆਂ ਦੇ ਬਾਪ ਦੀ ਪਦਵੀ ਦੇਂਦਾ ਹੈ, ਦੀ ਲਿਖੀ ਹੋਈ ਹੈ। ਮਹਿੰਦਰ ਸਿੰਘ 'ਜੋਸ਼' ਉਹ ਮਿਸ਼ਨਰੀ ਹੈ, ਜੋ ਘੋਰ-ਅਗਿਆਨਮਈ ਅਤੇ ਅੰਧਕਾਰੀ 'ਜੋਸ਼' ਵਿਚ ਹੋਸ਼-ਗੁੰਮ ਹੋ ਕੇ ਸਤਿਨਾਮ ਦੇ ਜਪੁ ਦੀ ਥਾਂ ਕੰਜਰ-ਕੰਜਰੀ' ਦਾ ਭਜਨ ਕਰਦਾ ਸੰਸਾਰ ਤੋਂ ਕੂਚ ਕਰ ਗਿਆ ਹੈ। ਕੰਜਰ, ਕੰਜਰੀ, ਕੰਜਰਵਾਣੀ ਤੋਂ ਸਿਵਾਏ ਉਸ ਨੇ ਹੋਰ ਕਿਸੇ ਮੰਤ੍ਰ ਨੂੰ ਚਿਤ ਉਤੇ ਟਿਕਣ ਨਹੀਂ ਦਿਤਾ। ਇਹੋ ਉਸ ਦਾ ਮੰਤ੍ਰ ਸੀ, ਇਹੋ ਜਪੁ ਸੀ, ਇਹੋ ਨਿਤਨੇਮ, ਇਹੋ ਕੀਰਤਨ, ਇਹੋ ਅਰਦਾਸ, ਇਹੋ ਸਿਧਾਂਤ ਅਤੇ ਇਹੋ ਜੀਵਨ ਸਾਰ ਸੀ, ਜੋ ਉਸ ਨੇ ਕੇਸਾਂ-ਸਵਾਸਾਂ ਨਾਲ ਨਿਭਾਇਆ ਹੈ। ਮੈਂ ਨਹੀਂ ਸਮਝਦਾ ਕਿ ਕਦੇ ਕੋਈ ਸ਼ੁਭ ਬਚਨ ਉਸ ਦੀ ਜ਼ੁਬਾਨ ਤੋਂ ਨਿਕਲਿਆ ਹੋਵੇ। ਨਿਕਲ ਵੀ ਨਹੀਂ ਸਕਦਾ। ਕਿਉਂਕਿ ਜਿਸ ਵਿਅਕਤੀ ਦੇ ਜੀਵਨ ਦਾ ਅੰਤਿਮ ਨਿਸ਼ਾਨਾ ਸ਼ੈਤਾਨ ਨੇ ਗ੍ਰੰਥ-ਨਿੰਦਿਆ ਨਿਸ਼ਚਿਤ ਕੀਤਾ ਹੋਵੇ, ਉਸ ਦੇ ਮੂੰਹੋਂ ਸ਼ੁਭ ਬਚਨ ਨਹੀਂ ਕੁਬਚਨ ਹੀ ਨਿਕਲ ਸਕਦਾ ਹੈ। ਅਤਿ ਮਹਾਨ ਅਤੇ ਪਵਿਤ੍ਰਤਮ ਗ੍ਰੰਥਾਂ ਦੇ ਇਸ ਨਿੰਦਕ ਨੂੰ ਕਿਸੇ ਮਿਸ਼ਨਰੀ ਨੇ ਜਾਂ ਦਿਲਗੀਰ' ਵਰਗੇ ਆਪੂੰ ਸਜੇ ਬੁਧੀਮਾਨ ਨੇ 'ਖ਼ਸ਼ਟ' ਲਿਖਣਾ ਵੀ ਨਹੀਂ ਸਿਖਾਇਆ। ਵਾਸਤਵ ਵਿਚ ਸੰਸਕ੍ਰਿਤ ਦਾ ਪੇਟ ਕਟਿਆ 'ਸ਼' ਉਸ 'ਖ਼' ਵਾਸਤੇ ਹੈ, ਜਿਸ ਦੇ ਕੋਮਲ ਉਚਾਰਣ ਲਈ ਗੁਰਮੁਖੀ ਵਿਚ ਪੈਰ-ਬਿੰਦੀ ਨਾਲ ਚਿੰਨ੍ਹਤ ਕੀਤਾ ਜਾਂਦਾ ਹੈ। ਇਸ 'ਖ਼' ਉਪਰ

ਅੱਧਕ ਸਿਰਫ਼ ਅਗਿਆਨੀ ਲਗਾ ਸਕਦਾ ਹੈ, ਗਿਆਨਵਾਨ ਕਦੇ ਅਜਿਹਾ ਨਹੀਂ ਕਰ ਸਕਦਾ। ਹੋਰ ਮਿਸ਼ਨਰੀਆਂ ਵਾਂਗ 'ਜੋਸ਼' ਨੂੰ ਵੀ ਅਕਾਲ-ਪੁਰਖ ਨੇ ਪੰਜਾਬੀ ਲਿਖਣ-ਪੜ੍ਹਣ ਦੀ ਸੂਝ ਬਹੁਤ ਕਿਰਸ ਕਰ ਕੇ, ਬੜੇ ਸਰਫ਼ੇ ਸਹਿਤ ਦਿਤੀ ਸੀ, ਇਸੇ ਲਈ ਉਹ ਅਸ਼ਟ ਨੂੰ ਅੱਸ਼ਟ, ਨੂੰਹ ਨੂੰ ਨਹੂੰ, ਜਿਲਦ ਨੂੰ ਜਿੱਲਦ, ਅਧਿਐਨ ਨੂੰ ਅਧਿਆਨ, ਦਕਸ਼ਣਾ ਜਾਂ ਦਖਣਾ ਨੂੰ ਦਖਸ਼ਣਾ, ਮਸਤ ਨੂੰ ਮੱਸਤ, ਇਲਾਵਾ ਨੂੰ ਅਲਾਵਾ, ਜਿਕਰ ਨੂੰ ਜ਼ਿਕਰ, ਅਰਕ ਨੂੰ ਅੱਰਕ, ਲਿਖਣਾ ਨੂੰ ਲਿੱਖਣਾ, ਉਪਾਖਯਾਨ ਨੂੰ ਪਖਯਾਨ, ਆਲੋਚਨਾ ਨੂੰ ਅਲੋਚਨਾ ਲਿਖਣ ਦੀ ਹੀ ਯੋਗਤਾ ਰਖਦਾ ਸੀ। ਜਿਸ ਦੀ ਆਪਣੀ ਯੋਗਤਾ ਪੰਜਵੀਂ ਦੀ ਪੰਜਾਬੀ ਪਾਸ ਵੀ ਨਹੀਂ, ਉਸ ਨੇ ਸਵਾਲ ਕੀਤਾ ਹੈ ਕਿ 'ਖੱਸ਼ਟ ਰਾਗ ਕਿਨ ਗਾਏ ?' ਮੇਰਾ ਜਵਾਬ ਹੈ ਕਿ ਭਗਤਿਹੀਣ, ਸ਼ਰਧਾਹੀਣ, ਰਸਹੀਣ, ਸੁਰ-ਤਾਲ ਹੀਣ, ਵਿਵੇਕਹੀਣ ਮਿਸ਼ਨਰੀਆਂ ਨੇ 'ਖਸ਼ਟ' ਰਾਗ ਕੀ ਕਦੇ ਇਕ ਰਾਗ ਵੀ ਨਾ ਗਾਇਆ ਹੈ, ਨਾ ਸੁਣਿਆ ਹੈ, ਨਾ ਇਹ ਗਾਇਨ-ਸ੍ਰਵਣ ਦੀ ਯੋਗਤਾ ਰਖਦੇ ਹਨ। ਮਾਇਆ-ਗ੍ਰਸਤ ਲੋਕਾਂ ਦੀ ਇਕੋ ਜ਼ੁਬਾਨ ਅਨੇਕਾਂ ਕਾਰਜ ਨਹੀਂ ਕਰ ਸਕਦੀ। ਜਾਂ ਇਹ ਨਿੰਦਾ ਅਤੇ ਗਾਲ੍ਹਾਂ ਦੇ ਬਿਖ ਵਿਚ ਲਿਪਤ ਹੋ ਸਕਦੀ ਹੈ, ਜਾਂ ਰਾਗ-ਅਮ੍ਰਿਤ ਦਾ ਰਸ ਮਾਣ ਸਕਦੀ ਹੈ। ਜੇ ਕਿਸੇ ਮਿਸ਼ਨਰੀ ਨੇ ਰਾਗ ਗਾਏ ਹਨ, ਤਾਂ ਅਰਧ-ਸਿਖਿਅਤ ਮਿਸ਼ਨਰੀ ਸਿਖ ਪੰਥ ਨੂੰ ਨਾਮ ਗਿਣਾ ਦੇਣ। ਹਾਂ 'ਖਸ਼ਟ' ਹੀ ਨਹੀਂ ਵਡੀ ਗਿਣਤੀ ਵਿਚ ਇਹ ਅਮ੍ਰਿਤ-ਭਰਪੂਰ ਪਵਿਤ੍ਰ ਰਾਗ ਰਸਵਾਨ ਗੁਣੀਜਨਾਂ ਨੇ ਭਗਤੀ-ਭਾਵ ਵਿਚ ਅਨੇਕਾਂ ਵਾਰ ਗਾਏ ਹਨ ਅਤੇ ਗਿਆਨਵਾਨ ਇਨ੍ਹਾਂ ਦੇ ਅਮ੍ਰਿਤਰਸ ਦਾ ਹਮੇਸ਼ਾ ਪ੍ਰਕਾਸ਼ ਕਰਦੇ ਰਹਿਣਗੇ, ਜਿਗਿਆਸੂ ਪਪੀਹੇ ਵਾਂਗ ਸ੍ਰਵਣ ਰੂਪ ਜੀਭ ਨਾਲ ਇਨ੍ਹਾਂ ਦੇ ਸੁਰ-ਅਮ੍ਰਿਤ ਦਾ ਰਸ ਚਖਦੇ ਰਹਿਣਗੇ।

'ਜੋਸ਼' ਲਿਖਦਾ ਹੈ ਕਿ ਰਾਗਮਾਲਾ ਦੇ ਕੁਝ ਰਾਗਾਂ ਵਿਚ ਬਾਣੀ ਕਿਉਂ ਨਹੀਂ ਅੰਕਿਤ ਹੋਈ, ਪਰ ਕੀ ਉਹ ਦਸ ਸਕਦਾ ਹੈ ਕਿ ਸਾਰੇ ਗੁਰੂ ਪਾਤਸ਼ਾਹਾਂ ਨੇ ਬਾਣੀ ਕਿਉਂ ਨਹੀਂ ਉਚਾਰੀ ? ਜਿਨ੍ਹਾਂ ਉਚਾਰਣ ਕੀਤੀ ਉਨ੍ਹਾਂ ਸਾਰੇ ਰਾਗਾਂ ਵਿਚ ਕਿਉਂ ਨਹੀਂ ਉਚਾਰੀ? ਜੇ ਕਦੇ 'ਜੋਸ਼' ਨੇ ਰਾਗ ਗਾਏ-ਸੁਣੇ ਹੁੰਦੇ, ਤਾਂ ਉਸ ਨੂੰ ਪਤਾ ਹੁੰਦਾ ਕਿ ਸਾਰੇ ਗਾਇਕ ਸਾਰੇ ਰਾਗ ਨਹੀਂ ਗਾਇਨ ਕਰਦੇ, ਫਿਰ ਵੀ ਉਨ੍ਹਾਂ ਦੇ ਨਾ ਗਾਇਨ ਕਰਨ ਨਾਲ ਸੰਗੀਤ ਸ਼ਾਸਤ੍ਰ ਤਾਂ ਨਹੀਂ ਬਦਲ ਜਾਂਦਾ। ਵਾਸਤਵ ਵਿਚ ਜਾਪਦਾ ਹੈ ਕਿ 'ਜੋਸ਼' ਦੇ ਵਿਵੇਕ 'ਤੇ ਅਜਿਹੀ ਅੰਧਕਾਰੀ ਵਿਮੁਖਤਾ ਛਾ ਗਈ ਸੀ, ਕਿ ਉਹ ਰਾਗਾਂ ਵਿਚ ਗਾਉਣ ਦਾ ਹੀ ਨਿਖੇਧ ਕਰਦਾ ਦਿਸਦਾ ਹੈ। ਉਹ ਲਿਖਦਾ ਹੈ "ਗੁਰੂ ਅਰਜਨ

ਪਾਤਿਸ਼ਾਹ ਨੇ ਵੀ ਮਹਾਨਤਾ ਸੰਗੀਤ ਜਾਂ ਰਾਗ ਨੂੰ ਨਹੀਂ ਦਿਤੀ।... ਰਾਗਾਂ ਨਾਦਾਂ ਨੂੰ ਇਹਨਾਂ (ਸਿਧਾਂਤਾਂ ਨੂੰ ਸਮਝਣ, ਮੰਨਣ ਤੇ ਅਮਲ ਵਿਚ ਲਿਆਉਣ) ਦੇ ਮੁਕਾਬਲੇ ਤੇ ਕੋਈ ਵਡਿਆਈ ਨਹੀਂ"। ਜੋਸ਼ ਨੇ ਇਹ ਨਹੀਂ ਦਸਿਆ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿਤਨੇ ਸ਼ਬਦਾਂ ਉਤੇ ਸਿਧਾਂਤਿਕ ਸੂਚਨਾਵਾਂ ਦਿਤੀਆਂ ਹਨ ਅਤੇ ਕਿਤਨੀ ਕੁ ਬਾਣੀ ਰਾਗ-ਮੁਕਤ ਹੈ ? ਪਾਠਕ ਆਪ ਅੰਦਾਜ਼ਾ ਲਾਉਣ ਕਿ ਗੁਰੂ-ਹੁਕਮਾਂ ਤੋਂ ਬੇਮੁਖ ਵਿਅਕਤੀ ਦੀ ਮਤਿ ਕਿਵੇਂ ਭ੍ਰਿਸ਼ਟ ਹੋ ਜਾਂਦੀ ਹੈ ? 'ਜੋਸ਼' ਦੇ ਅਗਿਆਨ ਅਗੇ ਹਾਰੇ ਹੋਏ ਵਿਵੇਕ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਰ ਸ਼ਬਦ, ਹਰ ਬਾਣੀ ਉਪਰ ਅੰਕਿਤ ਰਾਗ ਦਾ ਸਿਰਲੇਖ ਵੀ ਨਜ਼ਰ ਨਹੀਂ ਆ ਰਿਹਾ। ਉਸ ਨੂੰ ਸ੍ਰੀ ਗੁਰੂ ਅਰਜਨ ਦੇਵ ਦੀ ਅਵਗਿਆ ਹੀ ਗੌਰਵਮਈ ਮਹਿਸੂਸ ਹੋ ਰਹੀ ਹੈ। ਰਾਗਮਾਲਾ ਵਿਚਲੇ ਸ਼ਬਦ-ਜੋੜਾਂ (ਹਾਲਾਕਿ ਜੋਸ਼ ਨੂੰ ਸ਼ਬਦ-ਜੋੜ ਅਤੇ ਸ਼ਬਦ-ਰੂਪ ਦਾ ਅੰਤਰ ਪਤਾ ਕੋਈ ਨਹੀਂ ਕਿ ਇਹ ਕੀ ਹੁੰਦਾ ਹੈ ?) ਨੂੰ ਗ਼ਲਤ ਸਿਧ ਕਰਨ ਵਾਸਤੇ ਉਹ ਕਹਿੰਦਾ ਹੈ ਕਿ ਇਸ ਵਿਚ ਤਿਲੰਗ ਨੂੰ ਤੇਲੰਗੀ, ਬਸੰਤ ਨੂੰ ਬਸੰਤੀ, ਗਉੜਾ ਨੂੰ ਗਵਰਾ, ਕਾਨੜਾ ਨੂੰ ਕਾਨਰਾ, ਕਲਿਆਨ ਨੂੰ ਕਲ੍ਯਾਨਾ, ਬੈਰਾੜੀ ਨੂੰ ਬੈਰਾਰੀ, ਮਲਾਰ ਨੂੰ ਮਲਾਰੀ, ਸੂਹੀ ਨੂੰ ਸੂਹਉ ਲਿਖਿਆ ਹੈ। ਪਰ ਉਸ ਨੇ ਇਹ ਨਹੀਂ ਦਸਿਆ ਕਿ ਵੇਲਾਵਲੀ ਨੂੰ ਬਿਲਾਵਲ, ਰਾਮਕਰੀ ਨੂੰ ਰਾਮਕਲੀ, ਵਿਭਾਸ ਨੂੰ ਬਿਭਾਸ, ਹਿੰਦੋਲ ਨੂੰ ਹਿੰਡੋਲ, ਜਯਜਯਵੰਤੀ ਨੂੰ ਜੈਜਾਵੰਤੀ ਕਿਵੇਂ ਲਿਖਿਆ ਗਿਆ ਹੈ ? ਵਿਚਾਰੇ ਸੁਰ-ਅਰਿ 'ਜੋਸ਼' ਨੂੰ ਚਾਹੀਦਾ ਸੀ ਕਿ ਉਹ 'ਸ੍ਰੀਮੱਲਲਕਸ਼ਯਸੰਗੀਤਮ੍' ਵਿਚ ਵੇਖਦਾ ਕਿ ਕਿਵੇਂ 'ਬੈਰਾੜੀ' ਨੂੰ 'ਵਰਾਰੀ' ਲਿਖਿਆ ਹੈ, ਕਿਉਂਕਿ ਵਰਾਰੀ, ਬਰਾਰੀ, ਵਰਾਟੀ, ਵੈਰਾਰੀ, ਵਿਰਾਟੀ, ਵੈਰਾਟੀ, ਬੈਰਾੜੀ ਇਕੋ ਰਾਗ ਦੇ ਭਿੰਨ ਨਾਮ ਹਨ। ਇਸ ਲਈ ਬੈਰਾੜੀ ਨੂੰ 'ਬੈਰਾਰੀ' ਲਿਖਣਾ ਕੋਈ ਉਕਾਈ ਨਹੀਂ, ਜਿਵੇਂ 'ਨਾਂਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ' ਵਿਚ 'ਕਰੋੜਿ' ਨੂੰ 'ਕਰੋਰਿ' ਲਿਖਣਾ ਕਿਸੇ ਪ੍ਰਕਾਰ ਦੀ ਤਰੁਟੀ ਨਹੀਂ। ਵਾਸਤਵ ਵਿਚ ਦੋਸ਼ ਮਿਸ਼ਨਰੀਆਂ ਦੀ ਬੁਧਿ ਦਾ ਹੈ। 'ਜੈਤਸ੍ਰੀ ਦਾ ਹੀ ਨਾਮ 'ਜੇਤਾਸ੍ਰੀ' ਹੈ, 'ਵਡਹੰਸੁ' ਨੂੰ 'ਬਡਹੰਸ' ਵੀ ਲਿਖਿਆ ਹੈ, 'ਕਾਨੜਾ' ਦਾ ਨਾਮ 'ਕਾਨਰਾ' ਹੀ ਨਹੀਂ 'ਕਰਣਾਟ' ਅਤੇ 'ਕਰਣਾਟੀ ਵੀ ਹੈ। 'ਜੋਸ਼' ਕਲਯਾਨਾ ਵੇਖ ਕੇ ਪ੍ਰੇਸ਼ਾਨ ਹੈ, ਜਦੋਂ ਕਿ ਸੰਗੀਤ ਦੇ ਗ੍ਰੰਥਾਂ ਵਿਚ ਕਲਿਆਣੀ ਵੀ ਕਲਿਆਨ ਦਾ ਹੀ ਇਕ ਨਾਮ ਦਸਿਆ ਹੋਇਆ ਹੈ। ਤਿਲੰਗ ਦੇ ਕਈ ਨਾਮ ਹਨ- ਤਿਲੰਗਿਕਾ, ਤਿਲੰਗੀ, ਤੇਲੰਗੀ ਅਤੇ ਤੈਲੰਗੀ। ਇਸ ਸੂਝ ਲਈ ਵਿਦਿਆ-

ਅਭਿਲਾਸ਼ੀ ਹੋਣ ਦੀ ਜ਼ਰੂਰਤ ਹੈ, ਜੋ ਗ੍ਰੰਥ-ਨਿੰਦਕਾਂ ਲਈ ਅਸੰਭਵ ਕਾਰਜ ਹੈ। 'ਜੋਸ਼' ਲਿਖਦਾ ਹੈ ਕਿ 'ਅੱਸ਼ਟ ਪੁਤ੍ਰ ਮੈ ਕਹੇ ਸਵਾਰੀ' ਵਿਚ ਮੈਂ ਕਿਥੋਂ ਆ ਗਿਆ? ਗਾਇਨ ਤਾਂ ਕਾਮਕੰਦਲਾ ਦਾ ਕੰਜਰ ਟੋਲਾ ਕਰ ਰਿਹਾ ਸੀ, ਫਿਰ ਮੈਂ ਕਿਵੇਂ ਆ ਗਿਆ ? ਸਾਡਾ ਮੱਤ ਹੈ ਕਿ 'ਮੈ' ਕਵਿ ਨੇ ਆਪਣੇ ਵਾਸਤੇ ਵਰਤਿਆ ਹੈ ਅਤੇ ਗਾਇਨ ਦਾ ਇਸ ਪੰਕਤੀ ਵਿਚ ਵਰਣਨ ਹੀ ਨਹੀਂ। ਕਵਿ ਕਹਿ ਰਿਹਾ ਹੈ ਕਿ ਰਾਗ 'ਮਾਲਕੌਸ਼ਿਕ' ਦੇ ਅਠ ਪੁਤ੍ਰ ਮੈਂ ਚੰਗੀ ਤਰ੍ਹਾਂ ਕਵਿਤਾ ਨੂੰ ਸਜਾ ਕੇ ਕਹਿ ਦਿਤੇ ਹਨ। ਜੇ ਵਿਵੇਕ ਕੋਲ ਹੋਵੇ ਤਾਂ ਇਸ ਨੂੰ ਸਮਝਣ ਵਿਚ ਪ੍ਰੇਸ਼ਾਨੀ ਹੀ ਕੀ ਹੈ ? ਇੰਞ ਹੀ 'ਜੋਸ਼' ਦੀ ਬੁਧਿ ਨੂੰ ਇਹ ਗਲ ਸੰਮਝ ਨਹੀਂ ਆ ਰਹੀ ਕਿ 'ਸਭੈ ਪੁਤ੍ਰ ਰਾਗੰਨ ਕੇ ਅਠਾਰਹ ਦਸ ਬੀਸ' ਵਿਚੋਂ 'ਗਾਏ' ਸ਼ਬਦ ਕਿਉਂ ਗ਼ਾਇਬ ਹੋ ਗਿਆ ਹੈ ? ਜਾਗ੍ਰਿਤ ਵਿਅਕਤੀ ਅਕਲ ਤੇ ਬਹੁਤਾ ਬੋਝ ਪਾਏ ਬਿਨਾ ਹੀ ਇਹ ਸਮਝ ਸਕਦਾ ਹੈ ਕਿ ਰਾਗਾਂ ਦੀ ਕੁਲ ਗਿਣਤੀ ਦਰਸਾਉਣ ਵਾਸਤੇ ਇਤਨਾ ਹੀ ਕਾਫ਼ੀ ਸੀ, 'ਗਾਏ' ਸ਼ਬਦ ਦੀ ਜ਼ਰੂਰਤ ਹੀ ਕਿਥੇ ਸੀ? ਉਂਞ ਤੇ 'ਜੋਸ਼' ਦੀਆਂ ਊਲ-ਜਲੂਲ ਹੁਜਤਾਂ ਅਤੇ ਅਸ਼ਲੀਲ ਗਾਲ੍ਹਾਂ ਦਾ ਉਤਰ ਦੇਣਾ ਵੀ ਸਨਮਾਨਜਨਕ ਨਹੀਂ, ਫਿਰ ਵੀ ਉਸ ਦੇ ਉਪਾਸਕਾਂ ਨੂੰ ਦਸਣਾ ਜ਼ਰੂਰੀ ਹੈ ਕਿ ਉਸ ਨੇ ਉਹੋ ਨਿਕੰਮੇ ਤਰਕ ਅਤਿ ਅਬੋਧਿਕ ਢੰਗ ਨਾਲ ਸਾਡੇ ਸਾਹਮਣੇ ਰਖੇ ਹਨ, ਜੋ ਰਾਗਮਾਲਾ ਦੇ ਬਾਕੀ ਵਿਰੋਧੀਆਂ ਨੇ, ਜਿਨ੍ਹਾਂ ਦਾ ਉਤਰ ਅਸੀਂ ਵਿਵਸਥਿਤ ਮਰਯਾਦਾ ਸਹਿਤ ਦਿਤਾ ਹੈ।

'ਕੰਜਰ-ਜਪੁ' ਦੇ ਨਿਤਾਭਿਆਸੀ ਅਤੇ ਪਰਮ-ਸਾਧਕ ਮਹਿੰਦਰ ਸਿੰਘ 'ਜੋਸ਼' ਨੇ ਆਪਣੇ ਨਿੰਦਾ-ਪਾਠ ਦੀ ਮਹਿਮਾ ਤੀਨ-ਲੋਕ ਤਕ ਵਿਸਤ੍ਰਿਤ ਕਰਨ ਲਈ ਜਿਹੜੇ ਪਰਮ-ਸਿਧਾਂ ਦੀਆਂ ਗਿਆਨ-ਰਿਸ਼ਮਾਂ ਪੁਸਤਕ ਦੇ ਕੁਪ੍ਰਾਰੰਭ ਵਿਚ ਦਿਤੀਆਂ ਹਨ, ਉਨ੍ਹਾਂ ਵਿਚੋਂ ਆਦਿ-ਨਾਥ ਹਰਜਿੰਦਰ ਸਿੰਘ 'ਦਿਲਗੀਰ' ਨੇ 'ਪੇਸ਼ਕਾਰੀ' ਨਾਮ ਨਾਲ ਅਮ੍ਰਿਤ ਦਾ ਜੋ ਪ੍ਰਵਾਹ ਕੀਤਾ ਹੈ, ਉਹ ਦੋ ਕੁ ਪੰਨੇ ਪੜ੍ਹ ਕੇ ਹੀ ਮਿਸ਼ਨਰੀਆਂ ਦੇ ਇਸ ਨੋਬਲ-ਪਰਾਈਜ਼ ਵਿਜੇਤਾ ਵਿਦਵਾਨ ਦੇ ਗਿਆਨ ਦਾ ਪਰਦਾ ਲੀਰ-ਲੀਰ ਹੋ ਜਾਂਦਾ ਹੈ। ਮੈਨੂੰ ਲਗਿਆ ਹੈ ਕਿ ਇਹ ਵਿਦਿਆ ਦਾ ਪੇਸ਼ਕਾਰ ਬਿਲਕੁਲ ਨਹੀਂ, ਸਗੋਂ ਕਿਸੇ ਛੋਟੀ ਕਚਹਿਰੀ ਵਿਚ ਮੁਜਰਿਮਾਂ ਦੀ ਪੇਸ਼ੀ ਲਈ ਆਵਾਜ਼ ਲਗਾਉਣ ਵਾਲਾ ਪੇਸ਼ਕਾਰ ਹੈ। ਪਾਠਕ ਇਸ ਦੇ ਬ੍ਰਹਮ-ਗਿਆਨ ਵਲ ਧਿਆਨ ਦੇਣ। ਇਹ ਲਿਖਦਾ ਹੈ ਕਿ ਪਿਛਲੇ ਤਿੰਨ ਸੌ ਸਾਲਾਂ ਵਿਚ ਰਾਗਮਾਲਾ ਦਾ ਮੁਦਾ ਕਈ ਵਾਰ ਉਠਿਆ ਹੈ। ਇਸ ਕਥਨ ਨੂੰ ਸਿਧ ਕਰਨ ਵਾਸਤੇ ਕਵਿ ਸੰਤੋਖ ਸਿੰਘ ਦਾ ਹਵਾਲਾ

ਦਿੰਦਾ ਹੈ, ਜਿਸ ਦੀ ਮ੍ਰਿਤੂ ਉਹ 1844 ਈ. ਵਿਚ ਹੋਈ ਦਸਦਾ ਹੈ। 1844 ਤੋਂ 29.12.2004 (ਲਿਖਿਤ ਤੇ ਅੰਕਿਤ ਮਿਤੀ) ਤਕ 300 ਸਾਲ ਦਾ ਵਕਫ਼ਾ ਹੈ, ਸ਼ਾਇਦ ਅਜਿਹੀ ਦੈਵੀ-ਅਨੁਭੂਤੀ ਹੀ ਇਨ੍ਹਾਂ ਨੂੰ ਟਿਕਣ ਨਹੀਂ ਦਿੰਦੀ। ਹੁਣ ਇਸ ਦੀ ਹੋਰ ਵਿਵੇਕਹੀਣ ਯੁਕਤੀ ਵੇਖੋ। ਇਹ ਲਿਖਦਾ ਹੈ 'ਇਹ ਕਵਿ ਸੰਤੋਖ ਸਿੰਘ ਗਿਆਨੀ ਸੰਤ ਸਿੰਘ ਦਾ ਚੇਲਾ ਹੈ, ਇਸ ਲਈ ਇਹ ਸਿਧ ਹੋ ਜਾਂਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਸਮੇਂ ਰਾਗਮਾਲਾ ਹਰਿਮੰਦਿਰ ਸਾਹਿਬ ਵਿਚ ਨਹੀਂ ਸੀ ਪੜ੍ਹੀ ਜਾਂਦੀ'। ਕਿਤਨੇ ਪਰਿਪਕ ਸਬੂਤ ਹਨ, ਇਨ੍ਹਾਂ ਬੁਧਿਮਾਨਾਂ ਕੋਲ। ਧੰਨ ਹਨ ਉਹ ਲੋਕ ਜੋ ਇਨ੍ਹਾਂ ਦਾ ਕੂੜ-ਕੁਸਤਿ ਪੜ੍ਹਦੇ, ਸਹਿੰਦੇ ਅਤੇ ਉਚੀਆਂ ਬਾਂਹਾਂ ਕਰ-ਕਰ ਪ੍ਰਚਾਰਦੇ ਹਨ। ਹੋਰ ਊਟ-ਪਟਾਂਗ ਕਥਨ ਵੇਖੋ। ਲਿਖਦਾ ਹੈ 'ਜਿਹੜੇ ਸੰਤੋਖ ਸਿੰਘ ਦੀ ਕਥਾ ਕਰਦੇ ਹਨ, ਉਹ ਰਾਗਮਾਲਾ ਨਹੀਂ ਪੜ੍ਹਦੇ'। ਪਾਠਕ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਪਟਿਆਲਾ ਦੇ ਮੈਨੇਜਰ ਜੀ ਤੋਂ ਪੁਛ ਲੈਣ ਕਿ ਉਹ ਰੋਜ਼ ਕਿਤਨੇ ਭੋਗ ਰਾਗਮਾਲਾ ਪੜ੍ਹੇ ਬਿਨਾ ਪਾਉਂਦੇ ਹਨ ਜਾਂ ਇਸ 'ਦਿਲਗੀਰ' ਨੂੰ ਗਰਦਨੋਂ ਪਕੜ ਕੇ ਲੈ ਜਾਣ। ਜੇ ਸਥਿਤੀ ਇਸ ਦੇ ਉਲਟ ਹੋਵੇ, ਤਾਂ ਹਿਸਾਬ ਸਿੰਘਾਂ ਵਾਂਗ ਲੈਣ, ਕਿਉਂਕਿ ਗਿਆਨ ਦੀ ਬੀਨ ਭੈਂਸਿਆਂ ਨੂੰ ਮਾਨਵੀ-ਵਿਵਹਾਰ ਨਹੀਂ ਸਿਖਾ ਸਕਦੀ। ਇਸ ਗਿਆਨਵਾਨ ਦੀ ਇਕ ਹੋਰ ਯੁਕਤੀ ਵੀ ਧਿਆਨ ਦੇਣ ਵਾਲੀ ਹੈ। ਲਿਖਦਾ ਹੈ- ਗਿਆਨੀ ਗੁਰਦਿਤ ਸਿੰਘ ਦੀ 'ਮੁੰਦਾਵਣੀ' ਰਾਗਮਾਲਾ ਬਾਰੇ ਪਹਿਲੀ ਲਿਖਤ ਨਹੀਂ। ਉਨ੍ਹਾਂ ਤੋਂ ਪਹਿਲਾਂ ਵੀ 30-40 ਵਿਦਵਾਨ ਨਿਰਣੈ ਦੇ ਚੁਕੇ ਸਨ"। ਇਸੇ ਪੇਸ਼ਕਾਰੀ ਵਿਚ ਅਗੇ ਲਿਖਦਾ ਹੈ, "ਹੁਣ ਤਕ ਬਹੁਤ ਸਾਰੇ ਵਿਦਵਾਨ, ਜਿਨ੍ਹਾਂ ਦੀ ਗਿਣਤੀ 55 ਤੋਂ ਵਧ ਹੈ, ਰਾਗਮਾਲਾ ਨੂੰ ਰਦ ਕਰ ਚੁਕੇ ਹਨ"। ਲੇਖਕ ਇਤਨਾ ਅਲਪ-ਗਿਆਨੀ ਹੈ ਕਿ 55 ਕੁ ਵਿਚੋਂ ਕਰਤਾਰ ਸਿੰਘ ਦਾਖਾ, ਗਿ. ਸ਼ੇਰ ਸਿੰਘ, ਗਿ. ਲਾਲ ਸਿੰਘ, ਸ਼ਮਸ਼ੇਰ ਸਿੰਘ ਅਸ਼ੋਕ ਅਤੇ ਮਦਨ ਸਿੰਘ ਇਨ੍ਹਾਂ ਪੰਜਾਂ ਦੇ ਨਾਮ ਗਿਣਾ ਕੇ ਬੁਰੀ ਤਰ੍ਹਾਂ ਥਕ ਜਾਂਦਾ ਹੈ। ਇਸ ਵਿਚਾਰੇ ਨੂੰ ਭਾਈ ਰਣਧੀਰ ਸਿੰਘ, ਤੇਜਾ ਸਿੰਘ ਭਸੌੜ, ਤਾਰਾ ਸਿੰਘ ਨਰੋਤਮ ਅਤੇ ਪ੍ਰੋ. ਪਿਆਰਾ ਸਿੰਘ ਵਰਗੇ ਉਘੇ ਵਿਰੋਧੀਆਂ ਦਾ ਨਾਮ ਵੀ ਪਤਾ ਨਹੀਂ। ਇਸ ਨੂੰ ਇਹ ਨਹੀਂ ਪਤਾ ਕਿ 30 ਅਤੇ 55 ਵਿਚ ਕਿਤਨਾ ਅੰਤਰ ਹੈ, 1844 ਤੋਂ 2004 ਤਕ ਕਿਤਨੇ ਸਾਲ ਬਣਦੇ ਹਨ, ਪਰ ਅਖਵਾਉਂਦਾ ਹੈ ਵਿਦਿਆ-ਮਾਰਤੰਡ। ਉਦਾਹਰਣਾਰਥ ਮਹਿੰਦਰ ਸਿੰਘ 'ਜੋਸ਼' ਧੰਨਵਾਦ ਹਿਤ ਲਿਖਦਾ ਹੈ, "ਡਾਕਟਰ ਹਰਜਿੰਦਰ ਸਿੰਘ ਦਿਲਗੀਰ, ਸਾਬਕਾ ਡਾਇਰੈਕਟਰ,

ਸਿਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ, ਜਿਹਨਾਂ ਨੇ ਇਸ ਬਹੁਤ ਹੀ ਨਾਚੀਜ਼ ਤੇ ਅਦਨੇ ਲਿਖਾਰੀ ਦੀ ਲਿਖੀ ਇਸ ਪੁਸਤਕ ਦੀ ਪੇਸ਼ਕਾਰੀ ਲਿਖਣ ਦੀ ਜ਼ਹਿਮਤ ਉਠਾ ਕੇ ਦਾਸ ਨੂੰ ਨਿਵਾਜਿਆ ਤੇ ਉਸ ਦੀ ਹੌਂਸਲਾ-ਅਫ਼ਜ਼ਾਈ ਕੀਤੀ'। ਉਂਞ 'ਜੋਸ਼' ਦਾ ਇਹ ਲਿਖਣਾ ਬਿਲਕੁਲ ਅਨੁਚਿਤ ਨਹੀਂ, ਕਿਉਂਕਿ ਅਜਿਹੀਆਂ ਅਵਿਵੇਕੀ ਵਿਕ੍ਰਿਤੀਆਂ ਉਤੇ ਹੋਰ ਕੌਣ ਸਿਆਣਾ ਆਪਣਾ ਨਾਮ ਅੰਕਿਤ ਕਰਨ ਦੀ 'ਜੋਸ਼' ਨੂੰ ਆਗਿਆ ਦੇ ਸਕਦਾ ਹੈ ? ਪਾਠਕ ਸਮਝ ਸਕਦੇ ਹਨ ਕਿ ਕਿਹੋ-ਜਿਹੇ ਅਗਿਆਨੀ ਅਤੇ ਨਾਪਾਕ ਇਰਾਦੇ ਵਾਲੇ ਲੋਕਾਂ ਦਾ ਗਠਜੋੜ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸ਼੍ਰੀ ਦਸਮ ਗ੍ਰੰਥ ਸਾਹਿਬ ਜੀ ਨੂੰ ਖੇਰੂੰ-ਖੇਰੂੰ ਕਰਨ ਵਾਸਤੇ ਕ੍ਰਿਆਸ਼ੀਲ ਹੈ ?

ਆਲਮ ਕ੍ਰਿਤ ਮਾਧਵਨਲ ਕਾਮਕੰਦਲਾ ਦੀ ਸਮੀਖਿਆ : ਰਾਗਮਾਲਾ ਸੰਬੰਧੀ ਸਮਸਿਆ ਦਾ ਮੂਲ-ਕਾਰਣ ਆਲਮ ਕਵਿ ਰਚਿਤ ਇਕ ਪੁਸਤਕ 'ਮਾਧਵਨਲ ਕਾਮਕੰਦਲਾ' ਹੈ, ਜਿਸ ਦਾ ਸੰਬੰਧ ਉਜੈਨ ਦੇ ਪ੍ਰਸਿਧ ਉਪਕਾਰੀ ਰਾਜਾ ਵਿਕ੍ਰਮਾਦਿਤ ਨਾਲ ਦੀਆਂ 'ਸਿੰਹਾਸਨ ਬਤੀਸੀ' ਵਿਚ ਵਰਣਿਤ ਕਥਾਵਾਂ ਨਾਲ ਹੈ, ਜਾਂ ਇਹ ਕਹਿ ਲਈਏ ਕਿ 'ਮਾਧਵਨਲ ਕਾਮਕੰਦਲਾ' ਦੀ ਕਹਾਣੀ 'ਸਿੰਹਾਸਨ ਬਤੀਸੀ' ਦੀ ਇਕ ਕਥਾ ਉਤੇ ਆਧਾਰਿਤ ਹੈ। ਆਲਮ ਕਵਿ ਦੀ ਇਹ ਕ੍ਰਿਤੀ ਗੁਰਮੁਖੀ ਅਤੇ ਦੇਵਨਾਗਰੀ ਦੋਹਾਂ ਵਿਚ ਉਪਲਬਧ ਹੈ। ਆਮ ਧਾਰਨਾ ਇਹ ਵੀ ਹੈ ਕਿ ਆਲਮ ਦੀ ਮੂਲ ਰਚਨਾ ਹਿੰਦੀ ਵਿਚ ਸੀ, ਇਸ ਦਾ ਗੁਰਮੁਖੀਕਰਣ ਕਿਸੇ ਨੇ ਮਗਰੋਂ ਕੀਤਾ ਹੈ। ਹਾਲਾਕਿ ਰਾਗਮਾਲਾ ਦੀ ਪੰਕਤੀਵਾਰ ਪੜਤਾਲ ਕਰਨ ਸਮੇਂ ਅਸੀਂ ਸਥਾਪਿਤ ਕਰਨ ਦਾ ਯਤਨ ਕੀਤਾ ਹੈ ਕਿ ਹਕੀਕਤ ਬਿਲਕੁਲ ਇਸ ਵਿਚਾਰ ਦੇ ਉਲਟ ਹੈ। ਇਹ ਕਾਵਿ-ਕ੍ਰਿਤੀ ਕੁਲ 179 ਛੰਦਾਂ ਵਿਚ ਸਮੇਟੀ ਗਈ ਹੈ, ਜਿਸ ਵਿਚ ਦੋਹਰਾ, ਚੌਪਈ, ਸੋਰਠਾ ਅਤੇ ਅੜਿਲ ਕਾਵਿ-ਛੰਦ ਵਰਤੇ ਗਏ ਹਨ। ਇਸ ਰਚਨਾ ਵਿਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਤ ਵਿਚ ਅੰਕਿਤ ਰਾਗਮਾਲਾ ਮਾਮੂਲੀ ਜਿਹੇ ਪਾਠ-ਭੇਦਾਂ ਸਹਿਤ ਸ਼ਾਮਿਲ ਕੀਤੀ ਹੋਈ ਹੈ। ਇਥੇ ਇਹ ਵੀ ਸਪਸ਼ਟ ਕਰ ਦਿਤਾ ਜਾਵੇ ਕਿ ਹਰ ਕੰਮ ਆਪਣੇ ਕਰਨ ਵਾਲੇ ਦੀ ਨੀਯਤ ਦਾ ਸ਼ੀਸ਼ਾ ਹੁੰਦਾ ਹੈ। ਬੁਰੇ ਮਨਸੂਬਿਆਂ ਨਾਲ ਕੀਤੇ ਕੰਮਾਂ ਦੇ ਕੋਈ ਸਿਰ-ਪੈਰ ਨਹੀਂ ਹੁੰਦਾ। ਭਾਈ ਸਮਸ਼ੇਰ ਸਿੰਘ 'ਅਸ਼ੋਕ' ਦੀ 'ਰਾਗਮਾਲਾ ਨਿਰਣਯ' ਜਦੋਂ 'ਰਾਗਮਾਲਾ ਨਿਰਣਯ ਕਮੇਟੀ' ਨੇ ਛਪਵਾਈ ਸੀ, ਤਾਂ ਇਸ ਦੇ ਕੁਲ ਪਦ 353 ਸਨ, ਜਦੋਂ 'ਸਿੰਘ ਬ੍ਰਦਰਜ਼' ਨੇ ਛਪਵਾਈ ਤਾਂ ਪਦਾਂ ਦੀ

ਗਿਣਤੀ 179 ਰਹਿ ਗਈ। ਇੰਞ ਹੀ ਪੁਰਾਣੇ ਸੰਸਕਰਣ ਵਿਚ ਰਾਗਮਾਲਾ 63 ਤੋਂ 72 ਤਕ ਦੇ ਦਸ ਪਦਾਂ ਵਿਚ ਰਖੀ ਗਈ ਸੀ, ਪਰ ਮਗਰਲੇ ਸੰਸਕਰਣ ਵਿਚ ਇਸ ਨੂੰ 34 ਤੋਂ 38 ਪਦ-ਨੰਬਰ ਨਾਲ ਅੰਕਿਤ ਕੀਤਾ ਗਿਆ ਹੈ। ਇਹ ਵੀ ਸਪਸ਼ਟ ਕਰ ਦਿਤਾ ਜਾਵੇ ਕਿ ਦੋਹਾਂ ਸੰਸਕਰਣਾਂ ਦੇ ਪਾਠ-ਆਕਾਰ ਵਿਚ ਕੋਈ ਅੰਤਰ ਨਹੀਂ, ਬਸ 'ਅਸ਼ੋਕ' ਜੀ ਨੂੰ ਪਹਿਲਾ ਸੰਸਕਰਣ ਛਾਪ ਕੇ ਇਸ ਗ਼ਲਤੀ ਦਾ ਇਹਸਾਸ ਹੋਇਆ ਹੋਵੇਗਾ ਕਿ ਜੋ ਅੰਕ-ਪ੍ਰਬੰਧ ਉਨ੍ਹਾਂ ਸੰਜੋਇਆ ਹੈ, ਉਹ ਸਰਵਥਾ ਤਰੁਟੀਪੂਰਣ ਹੈ। ਹਾਂ ਵਿਚਾਰਵਾਨ ਸਿਖ ਦਾ ਇਹ ਇਤਰਾਜ਼ ਯੁਕਤੀ-ਸੰਗਤ ਹੀ ਹੈ ਕਿ ਅਜਿਹੇ ਅੰਕ-ਪ੍ਰਬੰਧਨ ਦੇ ਉਸਤਾਦਾਂ ਨੂੰ, ਜਿਨ੍ਹਾਂ ਨੂੰ ਆਪਣੇ ਹੀ ਕੀਤੇ ਉਤੇ ਵਿਸ਼ਵਾਸ ਨਹੀਂ, ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ 'ਰਾਗਮਾਲਾ' ਦੇ ਪ੍ਰਬੰਧ ਨੂੰ ਨਕਾਰਣ ਦਾ ਅਧਿਕਾਰ ਕਿਸ ਨੇ ਦੇ ਦਿਤਾ ਹੈ ? ਜੋ ਵਿਅਕਤੀ ਸਥੂਲ ਚੀਜ਼ਾਂ ਨੂੰ ਦੋ ਅਖਾਂ ਨਾਲ ਵੇਖਣ ਦੇ ਸਮਰਥ ਨਹੀਂ, ਉਹ ਸ਼੍ਰੀ ਦਸਮ ਗ੍ਰੰਥ ਸਾਹਿਬ ਜੀ ਦੀਆਂ ਰਚਨਾਵਾਂ ਜਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਾਗਮਾਲਾ ਜਿਹੇ ਸੂਖ਼ਮ ਪ੍ਰਵਿਰਤੀ ਵਾਲੇ ਕਾਰਜਾਂ ਨੂੰ ਪਰਖਣ ਵਾਸਤੇ ਵਿਵੇਕਸ਼ੀਲ ਅੰਤਰ-ਦ੍ਰਿਸ਼ਟੀ ਕਿਥੋਂ ਲਿਆਵੇਗਾ ? ਨਿਸ਼ਚੇ ਹੀ ਜਿਸ ਸਮੀਖਿਆਕਾਰ ਦੀ ਦ੍ਰਿਸ਼ਟੀ ਇਤਨੀ ਕਮਜ਼ੋਰ ਹੋਵੇ, ਉਹ ਦੈਵੀ-ਗ੍ਰੰਥਾਂ ਦੀ ਸਮੀਖਿਆ ਦਾ ਬੋਝ ਚੁਕ ਲਵੇ ਤਾਂ ਜ਼ਰੂਰ ਅਧਵਾਟੇ ਧੌਣ ਤੁੜਵਾਏਗਾ।

'ਮਾਧਵਨਲ ਕਾਮਕੰਦਲਾ' ਵਿਚ ਪੰਜ ਚੌਪਈਆਂ, ਦੋ ਦੋਹਰੇ ਅਤੇ ਇਕ ਸੋਰਠਾ ਹੈ। ਜਿਥੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਾਗਮਾਲਾ ਵਿਚ ਛੰਦਾਂ ਦੇ ਸਿਰਲੇਖ ਅੰਕਿਤ ਨਹੀਂ ਹੋਏ, ਉਥੇ 'ਮਾਧਵਨਲ ਕਾਮਕੰਦਲਾ' ਦੀ ਰਾਗਮਾਲਾ ਸਿਰਲੇਖਾਂ ਸਹਿਤ ਉਪਲਬਧ ਹੈ। ਇਹ 'ਰਾਗਮਾਲਾ' 'ਆਲਮ' ਦੀ ਕਥਾ ਵਿਚ ਢੁਕਵੇਂ ਸਥਾਨ ਉਤੇ ਇਸ ਤਰ੍ਹਾਂ ਉਪਲਬਧ ਕਰਵਾਈ ਗਈ ਹੈ ਕਿ ਪ੍ਰਸੰਗ ਦਾ ਅਭਿੰਨ ਅੰਗ ਪ੍ਰਤੀਤ ਹੁੰਦੀ ਹੈ। ਇਸ ਉਪਰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਂਗ 'ਰਾਗਮਾਲਾ' ਦਾ ਕੋਈ ਸਿਰਲੇਖ ਨਹੀਂ ਹੈ। ਰਾਗਮਾਲਾ ਦੇ ਆਰੰਭ ਤੋਂ ਪਹਿਲਾਂ ਵੀ ਇਕ ਅਜਿਹਾ ਦੋਹਰਾ ਹੈ, ਜੋ ਰਾਗਮਾਲਾ ਦੀ ਭੂਮਿਕਾ ਵਜੋਂ ਢੁਕਾਇਆ ਹੈ, ਯਥਾ- ਬਾਜੇ ਸਰਬ ਸੰਗੀਤ ਗਤਿ ਤਤ ਬਿਰਤ ਘਨ ਤਾਲ। ਬਹੁਰ ਅਲਾਪਹਿ ਰਾਗ ਖਟ ਪੰਚ ਪੰਚ ਸੰਗ ਬਾਲ। ਅਸੀਂ ਅਗੇ ਇਸ ਦੀ ਸਮੀਖਿਆ ਕਰ ਕੇ ਇਹ ਦਰਸਾਇਆ ਹੈ ਕਿ ਇਸ ਦੀ ਰਚਨਾ ਵਿਚ ਉਸ ਪਰਿਨਿਸ਼ਪੰਨ ਦ੍ਰਿਸ਼ਟੀ ਦੀ ਅਣਹੋਂਦ ਹੈ, ਜੋ ਰਾਗਮਾਲਾ ਦੀਆਂ ਅਸਲ ਪੰਕਤੀਆਂ ਵਿਚ ਦ੍ਰਿਸ਼ਟਮਾਨ ਹੁੰਦੀ ਹੈ।

'ਮਾਧਵਨਲ ਕਾਮਕੰਦਲਾ' ਨਾਲ ਸੰਬੰਧਿਤ ਵਡੀ ਸਮਸਿਆ ਇਸ ਦਾ ਰਚਨਾ-ਕਾਲ ਹੈ। ਰਾਗਮਾਲਾ ਦੇ ਵਿਰੋਧੀਆਂ ਦੀ ਮਾਨਤਾ ਹੈ ਕਿ ਇਸ ਦੀ ਰਚਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਤੋਂ ਪਹਿਲਾਂ 991 ਹਿਜਰੀ ਭਾਵ 1640 ਬਿਕ੍ਰਮੀ ਸੰਵਤ ਵਿਚ ਹੋਈ, ਜੋ 1583 ਈ. ਬਣਦਾ ਹੈ। ਇਹ ਸਮਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਤੋਂ ਲਗਪਗ 21 ਸਾਲ ਪਹਿਲਾਂ ਬਣਦਾ ਹੈ। ਇਸ ਮਨੌਤ ਦੇ ਦੋ ਮੁਖ ਆਧਾਰ ਹਨ। ਇਕ ਤਾਂ 'ਮਾਧਵਨਲ ਕਾਮਕੰਦਲਾ' ਵਿਚ ਆਇਆ ਪਦ 'ਸੰਮਤੁ ਨਉਸੈ ਇਕਾਨਵਾ ਆਹੀ। ਕਰਉ ਕਥਾ ਅਬ ਬੋਲਉ ਤਾਹੀ'। ਦੂਜਾ ਆਧਾਰ ਇਹ ਹੈ ਕਿ ਵਿਰੋਧੀ ਪਖ ਅਨੁਸਾਰ 'ਮਾਧਵਨਲ ਕਾਮਕੰਦਲਾ' ਵਿਚ ਅਕਬਰ ਦੇ ਰਾਜ-ਕਾਜ ਦਾ ਉਲੇਖ ਹੋਇਆ ਹੈ, ਜਿਸ ਤੋਂ ਸਾਬਿਤ ਹੁੰਦਾ ਹੈ ਕਿ ਕਵਿ ਆਲਮ ਸ਼ਹਿਨਸ਼ਾਹ ਅਕਬਰ ਦਾ ਸਮਕਾਲੀ ਸੀ। 'ਮਾਧਵਨਲ ਕਾਮਕੰਦਲਾ' ਵਿਚ ਉਲਿਖਿਤ ਹੈ-

ਜਗਪਤ ਰਾਜ ਕੋਟ ਜੁਗ ਕੀਜੈ। ਸਹ ਜਲਾਲ ਛਤ੍ਰ ਪਤਿ ਜੀਜੈ।[28]
ਦਿਲੀਪਤਿ ਅਕਬਰ ਸੁਲਤਾਨਾ। ਸਪਤ ਦੀਪ ਮਹਿ ਜਾਕੀ ਆਨਾ।

'ਰਾਗਮਾਲਾ' ਨੂੰ ਗੁਰੂ-ਕ੍ਰਿਤ ਮੰਨਣ ਵਾਲਿਆਂ ਦਾ ਵਿਚਾਰ ਹੈ ਕਿ 'ਮਾਧਵਨਲ ਕਾਮਕੰਦਲਾ' ਦਾ ਲਿਖਾਰੀ ਆਲਮ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 52 ਦਰਬਾਰੀ ਕਵੀਆਂ ਵਿਚੋਂ ਇਕ ਸੀ। ਉਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਰਾਗਮਾਲਾ ਲੈ ਕੇ 'ਮਾਧਵਨਲ ਕਾਮਕੰਦਲਾ' ਦੇ ਪ੍ਰਸੰਗ ਵਿਚ ਢੁਕਵੇਂ ਸਥਾਨ 'ਤੇ ਲਿਖ ਦਿਤੀ ਹੈ। ਹਿੰਦੀ ਦੇ ਸੁਪ੍ਰਸਿਧ ਵਿਦਵਾਨ ਸ੍ਰੀ ਰਾਮਚੰਦ੍ਰ ਸ਼ੁਕਲ ਨੇ 'ਹਿੰਦੀ ਸ਼ਬਦ ਸਾਗਰ' ਦੀ ਪ੍ਰਸਤਾਵਨਾ 'ਹਿੰਦੀ ਭਾਸ਼ਾ ਕਾ ਵਿਕਾਸ' ਵਿਚ ਲਿਖਿਆ ਹੈ ਕਿ ਆਲਮ ਕਵਿ ਸ਼ਹਿਜ਼ਾਦਾ ਮੁਅਜ਼ਮ ਦੇ ਆਸ਼੍ਰਯ ਵਿਚ ਰਹਿਣ ਵਾਲਾ ਕਵਿ ਸੀ, ਜੋ ਜਾਤਿ ਦਾ ਬ੍ਰਾਹਮਣ ਸੀ, ਪਰ ਕਿਸੇ ਮੁਸਲਮਾਨ ਕਾਵਿਤ੍ਰੀ ਦੇ ਇਸ਼ਕ ਵਿਚ ਮੁਸਲਮਾਨ ਹੋ ਗਿਆ ਸੀ। ਉਸ ਦਾ ਕਵਿਤਾ-ਕਾਲ ਸ਼ੁਕਲ ਜੀ ਨੇ 1740 ਤੋਂ 1760 ਸੰਵਤ ਭਾਵ

---

28. ਪਾਠ ਵਿਚ ਜਗਪਤਿ ਨੂੰ ਜਗਪਤ, ਕੋਟਿ ਨੂੰ ਕੋਟ (ਕਿਲਾ), ਜੁਗਿ ਨੂੰ ਜੁਗ, ਸ਼ਾਹ ਨੂੰ ਸਹ ਲਿਖ ਕੇ ਅਜਿਹੀਆਂ ਅਸ਼ੁਧੀਆਂ ਕੀਤੀਆਂ ਹਨ, ਜੋ ਮਗਰਲੇ ਕਾਲ ਦੀਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਮੇਂ ਤਕ ਇਹ ਭਾਸ਼ਾ-ਵਿਕਾਰ ਪ੍ਰਚਲਨ ਵਿਚ ਨਹੀਂ ਸੀ। 'ਅਸ਼ੋਕ' ਦੇ ਦੋਹਾਂ ਸੰਸਕਰਣਾਂ ਵਿਚ ਵੀ ਪਾਠ-ਭੇਦ ਕਾਇਮ ਹੈ।

1683 ਈ. ਤੋਂ 1703 ਈ. ਤਕ ਮੰਨਿਆ ਹੈ। ਸ੍ਰੀ ਰਾਮਚੰਦ੍ਰ ਸ਼ੁਕਲ ਨੇ ਇਹ ਵੀ ਸਪਸ਼ਟ ਕੀਤਾ ਹੈ ਕਿ ਇਸ ਆਲਮ ਦੀਆਂ ਕਾਵਿ-ਕ੍ਰਿਤੀਆਂ ਵਿਚ 'ਮਾਧਵਨਲ ਕਾਮਕੰਦਲਾ' ਵੀ ਸੰਮਿਲਿਤ ਹੈ। ਰਾਗਮਾਲਾ ਦੀ ਚਰਚਾ ਵਿਚ ਲਿਪਤ ਦੋਵੇਂ ਪਖਾਂ ਦੀ ਵਡੀ ਦੁਵਿਧਾ ਇਹੋ ਹੈ ਕਿ 'ਮਾਧਵਨਲ ਕਾਮਕੰਦਲਾ' ਦੀ ਰਚਨਾ ਕਰਨ ਵਾਲਾ ਆਲਮ ਸ਼ਹਿਨਸ਼ਾਹ ਅਕਬਰ ਦੇ ਕਾਲ ਵਿਚ ਹੋਇਆ ਸੀ, ਜਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕਾਲ ਵਿਚ, ਕਿਉਂਕਿ ਦਸਮ ਪਾਤਸ਼ਾਹ ਜੀ ਦੇ ਬਾਵੰਜਾ ਕਵੀਆਂ ਵਿਚ ਵੀ ਆਲਮ ਦਾ ਨਾਮ ਦ੍ਰਿਸ਼ਟਮਾਨ ਹੁੰਦਾ ਹੈ। ਰਾਗਮਾਲਾ ਦੇ ਵਿਰੋਧੀਆਂ ਦਾ ਮਤ ਹੈ ਕਿ ਆਲਮ ਦੋ ਹੋਏ ਹਨ, ਇਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਤੋਂ ਪਹਿਲਾਂ ਅਕਬਰ ਦੇ ਸਮੇਂ ਅਤੇ ਦੂਜਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਮਕਾਲੀਨ, ਉਨ੍ਹਾਂ ਦਾ ਦਰਬਾਰੀ ਕਵਿ।

ਇਨ੍ਹਾਂ ਪ੍ਰਸਥਿਤੀਆਂ ਵਿਚ ਸ. ਸਰਵਜੀਤ ਸਿੰਘ ਵਾਂਗ 'ਮਾਧਵਨਲ ਕਾਮਕੰਦਲਾ' ਦੀ ਕਹਾਣੀ ਲਿਖਣ ਨਾਲ ਮਸਲੇ ਦਾ ਸਮਾਧਾਨ ਨਹੀਂ ਖੋਜਿਆ ਜਾ ਸਕਦਾ, ਸਗੋਂ ਇਸ ਰਚਨਾ ਦੀ ਗਹਨ ਸਮੀਖਿਆ ਹੀ ਮਾਰਗ-ਦਰਸ਼ਕ ਬਣ ਸਕਦੀ ਹੈ। ਮੇਰੇ ਸਾਹਮਣੇ 'ਮਾਧਵਨਲ' ਦੇ ਜਿਹੜੇ ਦੋ ਗੁਰਮੁਖੀ ਸੰਸਕਰਣ ਹਨ, ਉਹ ਭਾਈ ਸ਼ਮਸ਼ੇਰ ਸਿੰਘ 'ਅਸ਼ੋਕ' ਦੇ ਸੰਪਾਦਿਤ ਕੀਤੇ ਹੋਏ ਹਨ। ਰਾਗਮਾਲਾ ਦੇ ਇਕ ਪ੍ਰਬਲ ਆਲੋਚਕ ਦੁਆਰਾ ਸੰਪਾਦਿਤ ਇਸ ਪੁਸਤਕ ਦੇ ਦੋਹਾਂ ਸੰਸਕਰਣਾਂ ਦਾ ਆਰੰਭ '੧ੴ ਸਤਿਗੁਰ ਪ੍ਰਸਾਦਿ' ਤੋਂ ਹੋਇਆ ਹੈ। 'ਅਸ਼ੋਕ' ਜੀ ਨੇ ਇਸ ਉਲੇਖ ਨੂੰ ਹਟਾਉਣ ਦੀ ਹਿੰਮਤ ਵੀ ਨਹੀਂ ਦਿਖਾਈ। ਜੇ ਇਸ ਦੇ ਕਰਤਾ ਆਲਮ ਦਾ ਗੁਰੂ-ਘਰ ਨਾਲ ਕੋਈ ਸੰਬੰਧ ਨਹੀਂ ਸੀ, ਤਾਂ ਇਹ ਪੁਸਤਕ ਸਿਖੀ-ਸਰੂਪ ਵਿਚ ਕਿਵੇਂ ਢਲ ਗਈ ? ਵਿਰੋਧੀ ਪਖ ਆਪਣੇ ਕੂੜ-ਕੁਸਤਿ ਨੂੰ ਸਚ ਸਾਬਿਤ ਕਰਨ ਵਾਸਤੇ ਇਕ ਹੋਰ ਝੂਠੀ ਦਲੀਲ ਉਸਾਰ ਲਵੇਗਾ ਕਿ ਇਸ ਵਿਚ ਰਾਗਮਾਲਾ ਦੇ ਦਰਸ਼ਨ ਕਰ ਕੇ ਕਿਸੇ ਸਿਖ ਨੇ ਭੁਲੇਖੇ ਨਾਲ ਇਹ ਲਿਖ ਦਿਤਾ ਹੋਵੇਗਾ ਜਾਂ ਇਹ ਅਗਿਆਤ ਜਾਅਲਸਾਜ਼ ਨੇ ਕੀਤਾ ਹੋਵੇਗਾ, ਪਰ 'ਅਸ਼ੋਕ' ਜੀ ਤਾਂ ਜਾਗਰੂਕ ਸਨ। ਹਕੀਕਤ ਇਹ ਹੈ ਕਿ ਨਾ ਇਹ ਗ਼ਲਤੀ ਨਾਲ ਹੋਇਆ ਹੈ, ਨਾ ਇਸ ਵਿਚ ਜਾਅਲਸਾਜ਼ੀ ਹੋਈ ਹੈ। ਜੇ ਅਜਿਹਾ ਹੁੰਦਾ ਤਾਂ '੧ੴ ਸਤਿਗੁਰ ਪ੍ਰਸਾਦਿ' ਰਾਗਮਾਲਾ ਦੇ ਠੀਕ ਆਰੰਭ ਵਿਚ ਲਿਖਿਆ ਜਾਣਾ ਸੀ। ਅਸਲ ਵਿਚ ਸ੍ਰੀ ਗੁਰੂ ਜੀ ਦੇ ਪ੍ਰਭਾਵ-ਅਧੀਨ ਹੀ ਆਲਮ ਨੇ ਆਪਣੀ ਰਚਨਾ ਦੇ ਆਰੰਭ ਵਿਚ ਸਿਖ ਪੰਥ ਦਾ ਮੂਲ-ਮੰਤ੍ਰ ਰਖਿਆ ਹੈ ਅਤੇ ਆਪਣੀਆਂ

ਧਾਰਮਿਕ ਮਨੌਤਾਂ ਅਨੁਸਾਰ ਅਗੇ ਉਸ ਨੇ 'ਸ੍ਰਸਤਿ ਸ੍ਰੀ ਗਣੇਸਾਯਨਮ:' ਲਿਖਿਆ ਹੈ। ਇਹ ਹੀ ਨਹੀਂ ਉਸ ਦੀ ਪ੍ਰਥਮ ਚੌਪਈ ਹਿੰਦੂ-ਆਰਾਧਨਾ ਦੀ ਦੇਵ-ਪੂਜਾ ਜਾਂ ਸਰਗੁਣ ਉਪਾਸਨਾ ਰਹਿਤ ਅਜਿਹੀ ਕ੍ਰਿਤੀ ਹੈ, ਜਿਸ ਦਾ ਵਿਚਾਰ ਅਤੇ ਸ਼ਬਦਾਵਲੀ ਸਿਖ-ਪੰਥ ਦੀ ਭਾਸਦੀ ਹੈ-

ਪ੍ਰਥਮੈ ਪਾਰਬ੍ਰਹਮ ਕਉ ਪਰਨੌਂ। ਪੁਨ ਕਛੁ ਜਗਤ ਰੀਤਿ ਰਸੁ ਬਰਨੌਂ।
ਪਾਰਬ੍ਰਹਮ ਪਰਿਪੂਰਨ ਸੁਆਮੀ। ਘਟਿ ਘਟਿ ਰਹੈ ਸੁ ਅੰਤਰਜਾਮੀ।
ਘਟਿ ਘਟਿ ਰਹੈ ਲਖੈ ਨਹਿੰ ਕੋਈ। ਜਲ ਥਲ ਰਹੈ ਸਰਬ ਮੈ ਸੋਈ।
ਜਾ ਕੀ ਆਦਿ ਅੰਤਿ ਨਹਿ ਜਾਨੀ। ਪੰਡਿਤ ਕਥਾ ਗਿਆਨ ਸੋ ਮਾਨੀ।
ਗਿਆਨੀ ਹੋਇ ਸੁ ਗੁਰਮੁਖਿ ਧਿਆਵੈ। ਖੋਜੀ ਹੋਇ ਸੁ ਖੋਜਤਿ ਪਾਵੈ।

ਅਗਲਾ ਮਹਤਵਪੂਰਨ ਤਥ ਇਹ ਹੈ ਕਿ 'ਅਸ਼ੋਕ' ਜੀ ਦੁਆਰਾ ਸੰਪਾਦਿਤ 'ਮਾਧਵਨਲ' ਦੇ ਪੁਰਾਣੇ ਸੰਸਕਰਣ ਦਾ ਛੇਵਾਂ ਪਦ ਨਿਮਨਾਂਕਿਤ ਸੋਰਠਾ ਹੈ-

ਸੋਰਠਾ। ਜੋ ਮਨੁ ਲਾਵਹਿ ਤਾਹਿ ਸੈਦ ਮਹੰਮਦੀ ਪੀਰ ਸੋ।
ਮਨ ਬੰਛਤ ਫਲ ਪਾਹਿ ਤੀਨ ਲੋਕ ਕੀ ਸੰਪਦਾ। 6।

ਇਸ ਤੋਂ ਅਗਲੀਆਂ ਦੋ ਚੌਪਈਆਂ ਅਤੇ ਇਕ ਦੋਹਰੇ ਵਿਚ ਹੀ ਅਕਬਰ ਅਤੇ ਉਸ ਦੇ ਰਾਜ-ਕਾਜ ਦੇ ਪ੍ਰਤਾਪ ਦੀ ਮਹਿਮਾ ਹੈ, ਪਰ ਇਨ੍ਹਾਂ ਅਗਲੇ ਪਦਾਂ ਉਤੇ ਲਗੇ ਅੰਕ ਦੁਹਰਾਏ ਗਏ ਹਨ ਅਥਵਾ ਇਨ੍ਹਾਂ ਪਦਾਂ ਨੂੰ ਅੰਕ 4, 5 ਅਤੇ 6 ਨਾਲ ਅੰਕਿਤ ਕੀਤਾ ਗਿਆ ਹੈ, ਜੋ ਪਿਛਲੇ ਪਦਾਂ ਨਾਲ ਵੀ ਸ਼ੋਭਿਤ ਹੋਏ ਹਨ। ਇਸ ਤੋਂ ਇਹੋ ਲਗਦਾ ਹੈ ਕਿ ਇਹ ਪਦ ਕਿਸੇ ਨੇ ਮਗਰੋਂ ਪਾਏ ਹੋਣਗੇ, ਨਹੀਂ ਤਾਂ ਛੰਦ-ਅੰਕਾਂ ਦਾ ਦੁਹਰਾਉ ਕਿਵੇਂ ਸੰਭਵ ਸੀ ? ਉਂਞ ਵੀ ਇਹ ਜ਼ਰੂਰੀ ਨਹੀਂ ਕਿ ਇਹ ਪਦ ਅਕਬਰ ਦੇ ਕਾਲ ਵਿਚ ਹੀ ਲਿਖੇ ਗਏ ਹੋਣ, ਕਿਉਂ ਜੁ ਲੇਖਕ ਦਾ ਅਸਲ ਮਕਸਦ 'ਅਕਬਰ' ਦੀ ਸੁਲਹਕੁਲ ਨੀਤੀ ਦੀ ਪ੍ਰਸ਼ੰਸਾਕਰਨਾ ਹੈ, ਯਥਾ- ਧਰਮ ਰੂਪ ਸਭ ਦੇਸ ਚਲਾਵੈ। ਹਿੰਦੂ ਤੁਰਕ ਪੰਥ ਦੋ ਗਾਵੈ। ਉਹ ਅਕਬਰ ਦੇ ਰਾਜ-ਕਾਜ ਦੀ ਤੁਲਨਾ ਰਾਜਾ ਵਿਕ੍ਰਮਾਦਿਤ ਨਾਲ ਕਰਦਿਆਂ ਲਿਖਦਾ ਹੈ-

ਜਿਉ ਮੰਤ੍ਰੀ ਬਿਕ੍ਰਮ ਸੈਨ ਕੇ ਮੰਤ੍ਰ ਕਰਹਿ ਅਰਥਾਇ।
ਸੁਨਤ ਬੇਦ ਸਮ੍ਰਿਤੀ ਕਥਾ ਪੁੰਨ ਕਰਤ ਦਿਨ ਜਾਇ।

ਸਪਸ਼ਟ ਹੈ ਕਿ ਆਲਮ ਇਕ ਆਦਰਸ਼ਕ ਬਾਦਸ਼ਾਹ ਦੇ ਨਿਆਇਸ਼ੀਲ ਸ਼ਾਸਨ ਦੀ ਸ਼ਲਾਘਾ ਕਰ ਰਿਹਾ ਹੈ। ਇਹ ਮਗਰੋਂ ਭੀ ਕੀਤੀ ਜਾ ਸਕਦੀ ਹੈ,

ਔਰੰਗਜ਼ੇਬ ਦੇ ਕੁਸ਼ਾਸਨ ਸਮੇਂ ਇਸ ਆਦਰਸ਼ਕ ਰਾਜ-ਪ੍ਰਬੰਧ ਦਾ ਸਿਮਰਨ ਹੋਰ ਵੀ ਪ੍ਰਾਸੰਗਿਕ ਸੀ।

ਆਲਮ ਦੀ ਰਚਨਾ ਵਿਚ ਸਭ ਤੋਂ ਵਿਵਾਦਿਤ ਲਿਖਿਤ ਇਸ ਵਿਚ ਉਲਿਖਿਤ ਸੰਮਤ 991 ਹੈ। ਇਸ ਨੂੰ ਹਿਜਰੀ ਮੰਨ ਕੇ ਫਿਰ 'ਮਾਧਵਨਲ ਕਾਮਕੰਦਲਾ' ਦਾ ਰਚਨਾ ਕਾਲ ਠਹਿਰਾ ਕੇ, ਇਸ ਰਚਨਾ ਨੂੰ ਅਕਬਰ ਦੀ ਸਮਕਾਲੀ ਸਿਧ ਕੀਤਾ ਜਾਂਦਾ ਹੈ। ਆਲਮ ਦੇ ਦਿਤੇ ਇਸ ਸੰਮਤ ਅਤੇ 'ਮਾਧਵਨਲ ਕਾਮਕੰਦਲਾ' ਦੀ ਰਚਨਾ ਸੰਬੰਧੀ ਆਲਮ ਦੁਆਰਾ ਉਲਿਖਿਤ ਤਥਾਂ ਦੀ ਪੜਤਾਲ ਵਾਸਤੇ ਉਸ ਦੇ ਸੰਬੰਧਿਤ ਪਦ ਇਸ ਪ੍ਰਕਾਰ ਹਨ-

ਸੰਮਤ ਨੌਂ ਸੈ ਇਕਾਨਵਾ ਆਹੀ। ਕਰਉ ਕਥਾ ਅਬ ਬੋਲਉ ਤਾਹੀ।
ਕਹੌਂ ਬਾਤ ਸੁਨਹੁ ਸਭ ਲੋਗਾ। ਕਰੌਂ ਕਥਾ ਸਿੰਗਾਰ ਬਿਓਗਾ।
ਕਛੁ ਆਪਨ ਕਛੁ ਪਰਕ੍ਰਿਤ ਜੋਰੈ (ਚੋਰੈ)[29]*। ਜਥਾ ਸਕਤ ਕਰ ਅਛਰ ਜੋਰੇ।*
ਸਰਬ ਸਿੰਗਾਰ ਬ੍ਰਿਹ ਕੀ ਰੀਤੀ। ਮਾਧਵਨਲ ਕਾਮਕੰਦਲਾ ਪ੍ਰੀਤੀ।
ਕਥਾ ਸਹਸਕ੍ਰਿਤ ਸੁਨ ਕਛੁ ਥੋਰੀ। ਭਾਖਾ ਬਾਂਧਿ ਚੌਪਈ ਜੋਰੀ।

'ਆਹੀ' ਸ਼ਬਦ ਦਾ ਮੂਲ ਸੰਸਕ੍ਰਿਤ 'ਅਸਤਿ' ਹੈ, ਜਿਸ ਦਾ ਅਰਥ 'ਹੈ' ਕੀਤਾ ਜਾਂਦਾ ਹੈ, ਯਥਾ-'ਮਨ ਤਨ ਅੰਤਰਿ ਪ੍ਰਭੁ ਆਹੀ'। ਪਰ ਅਗਲੇ ਪਦ ਦੇ ਪ੍ਰਸੰਗ ਵਿਚ ਅਰਥ ਕੀਤਿਆਂ 'ਆਹੀ' ਦਾ ਅਰਥ ਭੂਤਕਾਲ 'ਸੀ' ਹੋ ਜਾਵੇਗਾ, ਕਿਉਂਕਿ 'ਅਬ ਬੋਲਉ ਤਾਹੀ' ਦਾ ਅਰਥ ਕੇਵਲ ਇਹੋ ਕੀਤਾ ਜਾ ਸਕਦਾ ਹੈ- ਮੈਂ ਹੁਣ ਉਸੇ (ਕਥਾ) ਨੂੰ ਬਿਆਨ ਕਰਦਾ ਹਾਂ। ਇਸ ਚੌਪਈ ਦਾ ਅਰਥ ਹੈ- (ਜੋ) ਸੰਮਤ ਨੌਂ ਸੈ ਇਕਾਨਵੇ (ਵਿਚ) ਸੀ (ਅਰਥਾਤ ਵਰਨਣ ਕੀਤਾ ਗਿਆ ਸੀ), ਮੈਂ ਹੁਣ ਉਸੇ ਵਾਰਤਾ ਦਾ ਕਥਨ ਕਰਾਂਗਾ। ਹੇ ਲੋਕੋ ! (ਜੋ) ਗਲ ਮੈਂ ਕਹਿ ਰਿਹਾ ਹਾਂ (ਉਹ) ਸਾਰੇ ਸੁਣ ਲਓ। ਮੈਂ (ਆਪਣੀ ਰਚਨਾ ਵਿਚ) ਸ਼ਿੰਗਾਰ ਅਤੇ ਵਿਜੋਗ ਦਾ ਵਰਨਣ ਕਰਾਂਗਾ। ਕੁਝ ਕਥਨ (ਮੇਰੇ) ਆਪਣੇ ਹਨ, ਕੁਝ ਦੂਜਿਆਂ ਦੀਆਂ ਰਚਨਾਵਾਂ ਵਿਚੋਂ ਜੋੜੇ ਹਨ (ਪਾਠ ਵਿਕ੍ਰਿਤ ਹੋਣ ਕਾਰਨ ਇਹ ਅਰਥ ਹਨ, ਵਾਸਤਵ ਵਿਚ ਲਿਖਿਆ ਹੈ, ਕੁਝ

29. 'ਅਸ਼ੋਕ' ਜੀ ਨੇ ਇਸ ਪੰਕਤੀ ਵਿਚ 'ਚੋਰੈ' ਨੂੰ ਜਾਣ-ਬੁਝ ਕੇ 'ਜੋਰੈ' ਕੀਤਾ ਹੈ, ਜੋ ਯੁਕਤੀ-ਸੰਗਤ ਨਹੀਂ, ਕਿਉਂਕਿ ਅਗਲੀ ਪੰਕਤੀ ਵਿਚ ਫਿਰ 'ਜੋਰੇ' ਸ਼ਬਦ ਹੈ। ਸੁਝਵਾਨ ਕਵਿ ਇਹੋ ਜਿਹੇ ਕਾਵਿਕ-ਵਿਕਾਰਾਂ ਤੋਂ ਦੂਰ ਰਹਿੰਦੇ ਹਨ। ਨਿਸ਼ਚਿਤ ਹੀ ਇਹ ਮਿਲਾਵਟ ਸੰਪਾਦਕ ਦੀ ਹੈ।

ਦੂਜਿਆਂ ਦੀਆਂ ਰਚਨਾਵਾਂ ਵਿਚੋਂ ਲੈ ਕੇ, ਮੈਂ ਆਪਣੀ) ਸਮਰਥਾ ਅਨੁਸਾਰ ਅਖਰ ਜੋੜੇ ਹਨ। ਸਮੂਚੀ (ਰਚਨਾ) ਸ਼ਿੰਗਾਰ ਅਤੇ ਵਿਜੋਗ ਦੀ ਮਰਜਾਦਾ ਅਨੁਸਾਰ ਹੈ, ਜੋ ਮਾਧਵਨਲ ਅਤੇ ਕਾਮਕੰਦਲਾ ਦੇ ਪ੍ਰੇਮ (ਦੀ ਕਥਾ) ਹੈ। ਮੈਂ (ਮਾਧਵਨਲ ਕਾਮਕੰਦਲਾ ਸੰਬੰਧੀ) ਕੁਝ ਥੋੜ੍ਹੀ (ਬਹੁਤ) ਸੰਸਕ੍ਰਿਤ ਦੀ ਕਥਾ ਸੁਣੀ ਸੀ। (ਉਸੇ ਆਧਾਰ 'ਤੇ ਇਹ ਪ੍ਰੇਮ-ਪ੍ਰਸੰਗ) ਲੋਕ-ਬੋਲੀ ਵਿਚ ਬੰਨ੍ਹ ਕੇ ਚੌਪਈ(ਆਂ) ਜੋੜੀ(ਆਂ) ਹਨ। ਉਪਰੋਕਤ ਦਾ ਸਾਰ ਅਤੇ ਟਿਪਣੀਆਂ-

1. ਲੇਖਕ ਨੇ 991 ਸੰਵਤ ਲਿਖਿਆ ਹੈ, ਹਿਜਰੀ ਨਹੀਂ। ਇਸ ਨੂੰ ਹਿਜਰੀ ਬਣਾਉਣਾ ਰਾਗਮਾਲਾ ਦੇ ਵਿਰੋਧੀਆਂ ਦੀ ਆਪਣੀ ਵਿਕ੍ਰਿਤ ਮਾਨਸਿਕ ਪਰਵ੍ਰਿਤੀ ਹੈ। ਆਲਮ ਦੀ ਰਚਨਾ ਵਿਚੋਂ ਕਿਤੇ ਵੀ ਲੇਖਕ ਉਤੇ ਇਸਲਾਮ ਦਾ ਪ੍ਰਭਾਵ ਨਜ਼ਰ ਨਹੀਂ ਆਉਂਦਾ। ਨਾ ਉਸ ਨੇ ਇਸਲਾਮ ਨਾਲ ਸੰਬੰਧਿਤ ਕਥਾ ਲਿਖੀ ਹੈ, ਨਾ ਉਸ ਦੀ ਸ਼ਬਦਾਵਲੀ ਉਤੇ ਇਸਲਾਮ ਦਾ ਕੋਈ ਅਸਰ ਹੈ, ਨਾ ਉਸ ਦਾ ਇਸਲਾਮ ਦੀਆਂ ਰਹੁਰੀਤੀਆਂ ਪ੍ਰਤੀ ਕੋਈ ਝੁਕਾਅ ਦਿਸਦਾ ਹੈ, ਤਾਂ ਇਨ੍ਹਾਂ ਪ੍ਰਸਥਿਤੀਆਂ ਵਿਚ ਭਾਰਤੀ ਸੰਸਕ੍ਰਿਤੀ ਨਾਲ ਸੰਬੰਧਿਤ ਸੰਸਕ੍ਰਿਤ ਸਾਹਿਤ ਦੀ ਕਿਸੇ ਕਥਾ ਉਤੇ ਲੇਖਕ ਇਸਲਾਮ ਦਾ ਸੰਵਤ ਕਿਵੇਂ ਅੰਕਿਤ ਕਰ ਸਕਦਾ ਸੀ ? ਅਸਲ ਵਿਚ ਜਿਸ ਸੰਸਕ੍ਰਿਤ ਕਥਾ ਨੂੰ ਉਸ ਨੇ ਪੜ੍ਹਿਆ-ਸੁਣਿਆ ਹੋਵੇਗਾ, ਉਹ ਸੰਵਤ 991 ਦੀ ਰਚਨਾ ਹੋਵੇਗੀ।
2. ਆਲਮ ਇਹ ਸਪਸ਼ਟ ਕਹਿੰਦਾ ਹੈ ਕਿ ਉਸ ਦੀ 'ਮਾਧਵਨਲ ਕਾਮਕੰਦਲਾ' ਕ੍ਰਿਤੀ ਦਾ ਆਧਾਰ ਸੰਸਕ੍ਰਿਤ ਦੀ ਕਥਾ ਹੈ, ਜਿਸ ਨੂੰ ਉਸ ਨੇ ਲੋਕ-ਬੋਲੀ ਵਿਚ ਰਚਿਤ ਚੌਪਈਆਂ ਰਾਹੀਂ ਬਿਆਨ ਕੀਤਾ ਹੈ। ਇਥੇ ਇਹ ਚੇਤੇ ਰਹੇ ਕਿ 'ਸਹਸਕ੍ਰਿਤ' ਸ਼ਬਦ ਹਿੰਦੀ, ਪ੍ਰਾਕ੍ਰਿਤ ਆਦਿ ਕੋਸ਼ਾਂ ਵਿਚ ਉਪਲਬਧ ਨਹੀਂ, ਕਿਉਂਕਿ ਹਿੰਦੀ ਸਾਹਿਤ ਵਿਚ ਇਸ ਦਾ ਪ੍ਰਚਲਨ ਨਹੀਂ ਮਿਲਦਾ। ਇਹ ਸ਼ਬਦ-ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਹਸਾਕ੍ਰਿਤ: ਅਤੇ ਸਹਸਕ੍ਰਿਤੀ ਵਜੋਂ ਵਰਤਿਆ ਗਿਆ ਹੈ। ਇਸ ਤੋਂ ਇਹ ਸਪਸ਼ਟ ਹੈ ਕਿ ਆਲਮ ਦੀ ਸ਼ਬਦਾਵਲੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਪ੍ਰਭਾਵਿਤ ਹੈ।
3. ਆਲਮ ਸਪਸ਼ਟ ਲਿਖਦਾ ਹੈ ਕਿ 'ਮਾਧਵਨਲ ਕਾਮਕੰਦਲਾ' ਸਾਰੀ ਉਸ ਨੇ ਆਪ ਨਹੀਂ ਰਚੀ। ਕੁਝ ਉਸ ਦੀ ਆਪਣੀ ਰਚਨਾ ਹੈ, ਕੁਝ ਚੀਜ਼ਾਂ ਦੂਜਿਆਂ ਦੀਆਂ ਵੀ ਲਈਆਂ ਹਨ। ਇਸ ਕਥਨ ਨਾਲ ਰਾਗਮਾਲਾ ਦੇ ਹਿਮਾਇਤੀਆਂ

ਦੀ ਇਹ ਦਲੀਲ ਪੁਸ਼ਟ ਹੁੰਦੀ ਹੈ ਕਿ ਰਾਗਮਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ 'ਮਾਧਵਨਲ ਕਾਮਕੰਦਲਾ' ਵਿਚ ਗਈ ਹੈ, ਨਾ ਕਿ ਆਲਮ ਦੀ ਇਸ ਪੁਸਤਕ ਵਿਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਈ ਹੈ।

ਆਲਮ ਦਾ ਰਚਨਾ-ਕਾਲ ਨਿਰਧਾਰਿਤ ਕਰਨ ਵਾਸਤੇ ਇਕ ਮਹਤਵਪੂਰਣ ਤਥ ਦਾ ਗੰਭੀਰ ਵਿਸ਼ਲੇਸ਼ਣ ਕਰਨ ਦੀ ਜ਼ਰੂਰਤ ਹੈ। ਅਸਲ ਵਿਚ 'ਮਾਧਵਨਲ ਕਾਮਕੰਦਲਾ' ਦੀ ਬਹੁਤ ਸੰਖਿਪਿਤ ਕਹਾਣੀ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਚਰਿਤ੍ਰੋਪਾਖਿਆਨ ਰਚਨਾ ਵਿਚ ਬਿਆਨ ਕੀਤੀ ਗਈ ਹੈ। ਇਹ ਕਹਾਣੀ ਇਸ ਗ੍ਰੰਥ ਦਾ 91ਵਾਂ ਚਰਿਤ੍ਰ ਹੈ। ਦੋਹਾਂ ਦੀ ਸੂਖ਼ਮ ਤੁਲਨਾ ਕਰਨ ਤੇ ਇਹ ਤਥ ਸਾਹਮਣੇ ਆਉਂਦਾ ਹੈ ਕਿ 'ਮਾਧਵਨਲ ਕਾਮਕੰਦਲਾ' ਦੇ ਰਚਨਾਕਾਰ ਨੇ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਇਸ ਚਰਿਤ੍ਰ ਨੂੰ ਧਿਆਨ ਪੂਰਵਕ ਪੜ੍ਹਿਆ ਹੋਵੇਗਾ, ਕਿਉਂਕਿ ਦੋਹਾਂ ਰਚਨਾਵਾਂ ਦੀਆਂ ਕਈ ਪੰਕਤੀਆਂ ਦੀ ਬਹੁਤ ਗੂੜ੍ਹੀ ਸ਼ਾਬਦਿਕ ਸਾਂਝ ਹੈ। ਉਦਾਹਰਣ ਪ੍ਰਸਤੁਤ ਕਰਨ ਤੋਂ ਪਹਿਲਾਂ ਇਹ ਵੀ ਸਪਸ਼ਟ ਕਰਨਾ ਜ਼ਰੂਰੀ ਹੈ ਕਿ ਵਿਰੋਧੀ ਪਖ ਇਹ ਵੀ ਕਹਿ ਸਕਦਾ ਹੈ ਕਿ ਆਲਮ ਕ੍ਰਿਤ 'ਮਾਧਵਨਲ ਕਾਮਕੰਦਲਾ' ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਕਰਤਾ ਸਾਹਮਣੇ ਵੀ ਹੋ ਸਕਦੀ ਹੈ। ਇਹ ਇਸ ਲਈ ਉਚਿਤ ਨਹੀਂ ਕਿਉਂਕਿ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਕਥਾ ਬਹੁਤ ਸੰਖਿਪਿਤ ਹੈ। ਲੰਮੇਰੀ ਰਚਨਾ ਹੀ ਮਗਰਲੀ ਹੋਣੀ ਚਾਹੀਦੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਸੰਸਕ੍ਰਿਤ ਦੇ ਬਹੁਤ ਵਿਦਵਾਨ ਮੌਜੂਦ ਸਨ, ਇਸ ਲਈ ਉਨ੍ਹਾਂ ਨੂੰ ਆਲਮ ਦੀ ਕ੍ਰਿਤੀ ਦਾ ਸਹਾਰਾ ਲੈਣ ਦੀ ਜ਼ਰੂਰਤ ਨਹੀਂ ਸੀ। ਇਹ ਜਾਪਦਾ ਹੈ ਕਿ ਆਲਮ ਨੇ ਸ੍ਰੀ ਗੁਰੂ ਜੀ ਦੇ ਦਰਬਾਰ ਵਿਚ ਮੌਜੂਦ ਕਿਸੇ ਸੰਸਕ੍ਰਿਤ-ਗਿਆਤਾ ਤੋਂ ਹੀ ਇਹ ਕਥਾ ਸੁਣੀ ਹੋਵੇਗੀ। ਚਰਿਤਰੋਪਾਖਿਆਨ ਅਤੇ 'ਮਾਧਵਨਲ ਕਾਮਕੰਦਲਾ' ਦੀਆਂ ਕਥਾਵਾਂ ਦੇ ਕੁਝ ਚੋਣਵੇਂ ਪਦਾਂ ਦੀ ਤੁਲਨਾ-

ਸ੍ਰੀ ਦਸਮ ਗ੍ਰੰਥ : ਮਧੁਰ ਮਧੁਰ ਧੁਨਿ ਬੇਨ ਬਜਾਵੈ।[30]

ਮਾਧਵਨਲ ਕਾਮਕੰਦਲਾ : ਮਧੁਰ ਮਧੁਰ ਧੁਨਿ ਬੇਨ ਬਜਾਵੈ।[31]

---

30. ਚਰਿਤ੍ਰ ੯੧, ਪਦ ੨.
31. ਆਲਮ ਪਦ ੧੫ (ਨਵਾਂ ਸੰਸਕਰਣ).

ਸ੍ਰੀ ਦਸਮ ਗ੍ਰੰਥ : ਸਭਹਿਨ ਕੇ ਤਨ ਸੌ ਗਏ ਕਮਲ ਪਤ੍ਰ ਲਪਟਾਇ।[32]

ਮਾਧਵਨਲ ਕਾਮਕੰਦਲਾ : ਸਭਹੂੰ ਕੇ ਪਾਛੈ ਰਹੈ ਕਵਲ ਪਤ੍ਰ ਲਪਟਾਇ।[33]

ਸ੍ਰੀ ਦਸਮ ਗ੍ਰੰਥ : ਸੋ ਲੈ ਕਾਮਕੰਦਲਹਿ ਦੀਨਾ।[34]

ਮਾਧਵਨਲ ਕਾਮਕੰਦਲਾ : ਸਭ ਸਰਬੰਸੁ ਗਨਕਾ ਕੋ ਦੀਨਾ।[35]

ਸ੍ਰੀ ਦਸਮ ਗ੍ਰੰਥ : ਅਧਿਕ ਬਿਰਹ ਕੇ ਸੰਗਿ ਪੀਤ ਬਰਨ ਕਾਮਾ ਭਈ।
ਰਕਤ ਨ ਰਹਿਯੋ ਅੰਗ ਚਲਿਯੋ ਮੀਤ ਚੁਰਾਇ ਚਿਤ।[36]

ਮਾਧਵਨਲ ਕਾਮਕੰਦਲਾ : ਰਕਤ ਨ ਰਹਿਓ ਸਰੀਰ ਪੀਤ ਬਰਨ ਕਾਮਾ ਭਈ।
ਡੋਲਤ ਗਾਤੁ ਅਧੀਰ ਪਵਨ ਪਰਸ ਨ ਰਹਿ ਸਕੈ।[37]

ਇਹ ਵੀ ਦਿਲਚਸਪ ਗਲ ਹੈ ਕਿ ਦੋਹਾਂ ਕਿਰਤੀਆਂ ਵਿਚ 'ਕਾਮਕੰਦਲਾ' ਨੂੰ ਵਾਰ-ਵਾਰ 'ਕਾਮਾ' ਲਿਖਿਆ ਗਿਆ ਹੈ। ਦੋਵੇਂ ਰਚਨਾਵਾਂ ਦੋਹਰਾ, ਸੋਰਠਾ, ਚੌਪਈ ਆਦਿ ਛੰਦਾਂ ਵਿਚ ਹਨ।

ਇਸ ਪ੍ਰਥਾਇ ਇਹ ਤਥ ਵੀ ਨਜ਼ਰੰਦਾਜ਼ ਨਹੀਂ ਕੀਤਾ ਜਾ ਸਕਦਾ, ਕਿ ਭਾਵੇਂ ਕਵਿ ਗਣਪਤਿ, ਆਨੰਦਧਰ, ਕੁਸ਼ਲ ਲਾਭ ਅਤੇ ਦਾਮੋਦਰ ਜੈਸੇ ਲੇਖਕਾਂ ਦੁਆਰਾ 'ਮਾਧਵ-ਨਲ ਕਾਮ ਕੰਦਲਾ' ਦਾ ਪ੍ਰਸੰਗ ਲਿਖਿਆ ਗਿਆ ਹੈ। ਇਨ੍ਹਾਂ ਦੀਆਂ ਕਾਵਿ-ਕ੍ਰਿਤੀਆਂ ਵੀ ਕਥਾ-ਵਸਤੁ ਕਰ ਕੇ ਆਲਮ ਦੀ ਕ੍ਰਿਤੀ ਨਾਲੋਂ ਭਿੰਨ ਨਹੀਂ ਹਨ ਅਤੇ ਇਨ੍ਹਾਂ ਸਾਰੀਆਂ ਰਚਨਾਵਾਂ ਵਿਚ ਮੁਖ ਗਾਥਾ 'ਮਾਧਵ' ਅਤੇ 'ਕਾਮ ਕੰਦਲਾ' ਦੇ ਪ੍ਰੇਮ ਦੀ ਕਹਾਣੀ ਹੈ, ਪਰ ਆਲਮ ਜਿਸ ਬਾਰੇ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਉਹ ਗੁਰੂ ਗੋਬਿੰਦ ਸਿੰਘ ਜੀ ਦੇ ਕਵੀਆਂ ਵਿਚੋਂ ਸੀ, ਉਸ ਦੀ ਕ੍ਰਿਤੀ ਉਤੇ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਯੁਧ-ਚਿਤ੍ਰਣ ਦਾ ਵਿਸਤ੍ਰਿਤ ਪ੍ਰਭਾਵ ਵੇਖਿਆ ਜਾ ਸਕਦਾ ਹੈ, ਯਥਾ-

32. ਚਰਿਤ੍ਰ ੯੧, ਪਦ ੭.
33. ਆਲਮ ਪਦ ੧੫ (ਨਵਾਂ ਸੰਸਕਰਣ).
34. ਚਰਿਤ੍ਰ ੯੧, ਪਦ ੧੫.
35. ਆਲਮ ਪਦ 45 (ਨਵਾਂ ਸੰਸਕਰਣ).
36. ਚਰਿਤ੍ਰ 91, ਪਦ 24
37. ਆਲਮ ਪਦ 82 (ਨਵਾਂ ਸੰਸਕਰਣ).

ਰਣ ਮੰਡਣ ਖੰਡਣ ਦਵਨ ਆਨੰਦੇ ਸਭ ਸੂਰ।
ਚਲੈ ਚੰਚਲਾ ਚੋਬਲੈ ਡਰਤੇ ਕਾਇਰ ਕੂਰ।319।...
ਚਹੁਦਿਸ ਬੀਰ ਪਖਰੀਆ ਚਲੇ। ਦਾਨ ਸੁਧ ਦੁਹਅਨਿ ਬਿਧਿ ਭਲੇ।
ਮੁੰਡ ਝੁੰਡ ਸੂਰਨ ਕੇ ਕੀਨੇ। ਗਜ ਸਮੂਹ ਸੂਰਨ ਕਰ ਦੀਨੇ।
ਸੂਰ ਸਿੰਘ ਸਿੰਘਨਿ ਕੇ ਜਾਏ। ਝੂਝਨ ਸਿੰਘ ਰੂਪ ਹੋਇ ਆਏ।322।
ਦੋਹਰਾ। ਸਿੰਘਨਿ ਜਾਨੋ ਸਿੰਘ ਪਰਬਤ ਮੰਡਨ ਜਾਇ।
ਕੁੰਭ ਬਿਦਾਰਨ ਗਜ ਦਲਨ ਪਰ ਭੂਮਿ ਚੌਪਿ ਰਹਾਇ।323।
ਕਊਆ ਆਖ ਕਾਢਿ ਲੈ ਜਾਈ। ਗਿਰਝਨ ਤਾਹਿ ਟਟੋਰੈ ਆਈ।
ਲੋਹੂ ਭਰ ਛੂਟੇ ਸਿਰ ਬਾਰਾ। ਮਾਰੈ ਸੂਰੈ ਬੀਰ ਬਿਕਰਾਰਾ।....342।

ਇਸ ਵਿਵੇਚਨ ਤੋਂ ਇਹੋ ਜਾਪਦਾ ਹੈ ਕਿ 'ਮਾਧਵਨਲ ਕਾਮਕੰਦਲਾ' ਦਾ ਲੇਖਕ ਉਹੋ ਆਲਮ ਕਵਿ ਹੈ, ਜਿਸ ਦਾ ਨਾਮ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬਾਵੰਜਾ ਕਵੀਆਂ ਵਿਚ ਸ਼ਾਮਿਲ ਹੈ ਅਤੇ 'ਰਾਗਮਾਲਾ' ਉਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਲੈ ਕੇ ਆਪਣੀ ਕਥਾ ਵਿਚ ਭੂਸ਼ਿਤ ਕੀਤੀ ਹੈ।

ਰਾਗ ਮਾਲਾ ॥

(ਆਲਮ ਦੀ ਗੁਰਮੁਖੀ ਅਤੇ ਦੇਵਨਾਗਰੀ ਰਾਗਮਾਲਾਵਾਂ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਾਗਮਾਲਾ ਨਾਲ ਪੰਕਤੀ ਵਾਰ ਤੁਨਾਤਮਕ ਸਮੀਖਿਆ)

ਰਾਗਮਾਲਾ ਦੇ ਵਿਰੋਧੀਆਂ ਨੇ ਕਈ ਪ੍ਰਕਾਰ ਦਾ ਭ੍ਰਾਮਿਕ ਪ੍ਰਚਾਰ ਕਰ ਕੇ ਇਹ ਸਿਧ ਕਰਨ ਦਾ ਯਤਨ ਕੀਤਾ ਹੈ ਕਿ ਆਲਮ ਰਚਿਤ 'ਮਾਧਵਨਲ ਕਾਮਕੰਦਲਾ' ਤੋਂ ਨਕਲ ਕੀਤੀ ਗਈ ਸ੍ਰੀ ਗੁਰੂ ਗ੍ਰੰਥ ਵਿਚ ਅੰਕਿਤ ਰਾਗਮਾਲਾ ਵਿਆਪਕ ਅਸ਼ੁਧੀਆਂ ਦਾ ਸ਼ਿਕਾਰ ਹੈ। ਇਸ ਲਈ ਇਹ ਜ਼ਰੂਰੀ ਹੋ ਗਿਆ ਹੈ ਕਿ 'ਮਾਧਵਨਲ ਕਾਮਕੰਦਲਾ' ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਰਾਗਮਾਲਾਵਾਂ ਦਾ ਪ੍ਰਸਪਰ ਟਾਕਰਾ ਕਰ ਕੇ ਵਿਸ਼ਲੇਸ਼ਣ ਕੀਤਾ ਜਾਵੇ, ਤਾਂਜੁ ਵਿਰੋਧੀ ਧਿਰ ਦੁਆਰਾ ਪ੍ਰਸਤੁਤ ਦਲੀਲਾਂ ਦਾ ਯੁਕਤੀ-ਸੰਗਤ ਸਮਾਧਾਨ ਕੀਤਾ ਜਾ ਸਕੇ। ਅਸਾਂ ਅਗੇ ਹਰ ਪੰਕਤੀ ਦੇ ਤਿੰਨੇ ਪਾਠ ਦਿਤੇ ਹਨ ਅਤੇ ਨਾਲ ਹੀ ਪੰਕਤੀਵਾਰ ਸਮੀਖਿਆ ਕੀਤੀ ਹੈ।

ਗੁਰੂ ਗ੍ਰੰਥ : ਰਾਗ ਏਕ ਸੰਗਿ ਪੰਚ ਬਰੰਗਨ ॥

ਮਾਧਵਨਲ ਦੇਵਨਾਗਰੀ : ਰਾਗ ਰਾਗ ਸੰਗ ਪੰਚ ਵਰਾਗਨ ॥

ਮਾਧਵਨਲ ਗੁਰਮੁਖੀ : ਰਾਗ ਏਕ ਸੰਗ ਪੰਚ ਬਰੰਗਨ ॥

ਸਮੀਖਿਆ- ਹਿੰਦੀ ਨੁਸਖ਼ੇ ਦੇ 'ਰਾਗ ਰਾਗ ਸੰਗ' ਨਾਲੋਂ 'ਰਾਗ ਏਕ ਸੰਗਿ' ਅਧਿਕ ਉਚਿਤ ਪਾਠ ਹੈ। ਇਹ ਹੈਰਾਨੀ ਦੀ ਗਲ ਹੈ ਕਿ ਰਾਗਮਾਲਾ ਦੇ ਵਿਰੋਧੀ ਪ੍ਰੋ. ਪਿਆਰਾ ਸਿੰਘ 'ਪਦਮ' ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਲੇ ਪਾਠ ਨੂੰ ਅਸ਼ੁਧ ਕਿਹਾ ਹੈ। 'ਵਰਾਗਨ' ਪਾਠ ਮੂਲੋਂ ਅਸ਼ੁਧ ਹੈ। ਹਿੰਦੀ ਦਾ ਜਾਣਕਾਰ ਲਿਖਾਰੀ ਇਸ ਨੂੰ ਜ਼ਰੂਰ 'ਵੀਰਾਂਗਨ' ਲਿਖਦਾ। ਗੁਰਮੁਖੀ ਨੁਸਖ਼ੇ ਵਿਚ ਵਰਤਿਆ 'ਸੰਗ' ਸ਼ਬਦ ਅਸ਼ੁਧ ਹੈ, ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਂਗ 'ਸੰਗਿ' ਹੋਣਾ ਚਾਹੀਦਾ ਸੀ। ਇਹ ਗਲਤੀ ਕਿਉਂਕਿ ਗੁਰਮੁਖੀ ਜਾਂ ਹਿੰਦੀ ਰਚਨਾਵਾਂ ਵਿਚ ਵਾਰ-ਵਾਰ ਦੁਹਰਾਈ ਗਈ ਹੈ, ਇਸ ਲਈ ਇਥੇ ਹੀ ਸਪਸ਼ਟ ਕਰਨਾ ਜ਼ਰੂਰੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਹ ਵਿਆਕਰਣਿਕ ਨਿਯਮ ਪਰਿਪਕਤਾ ਸਹਿਤ ਨਿਭਾਇਆ ਹੈ, ਪਰ ਮਗਰਲੇ ਕਾਲ ਦੇ ਗੁਰਮੁਖੀ ਲਿਖਾਰੀ ਹੌਲੀ-ਹੌਲੀ ਇਸ ਤੋਂ ਅਸਾਵਧਾਨ ਹੁੰਦੇ ਗਏ ਹਨ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਸਾਹਿਬ ਦੇ ਸੰਪਾਦਨਾ-ਕਾਲ ਤਕ ਇਹ ਅਸਾਵਧਾਨੀ ਬਹੁ-ਵਿਆਪਕ ਰੂਪ ਧਾਰ ਜਾਂਦੀ ਹੈ। ਇਸੇ ਕਾਰਨ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਵਿਚ ਵੀ ਇਸ ਨਿਯਮ ਦਾ ਉਲੰਘਣ ਵਾਰ-ਵਾਰ ਦ੍ਰਿਸ਼ਟਮਾਨ ਹੁੰਦਾ ਹੈ। ਉਦਾਹਰਣਾਰਥ ਕ੍ਰਿਸ਼ਨਾਵਤਾਰ ਵਿਚ ਲਿਖਿਆ ਹੈ- ਯਾਦ ਕਰੀ ਮਮਤਾ ਇਹ ਕਾਰਨ ਮਧ ਕੋ ਦੂਰ ਕਰੈ ਕਰੀਜੈ[38], ਮਾਤ ਉਠੀ ਨ ਭਯੋ ਮਨ ਕ੍ਰੋਧ ਤਬੈ ਪਗ ਸੋ ਮਹਿ ਗਡੁ ਕੈ ਬਾਹਿਯੋ[39], ਮੂੰਦ ਲਈ ਤਿਹ ਕੀ ਮਤਿ ਯੌਂ[40], ਕਾਨਹਿ ਕੇ ਸਿਰ ਸਾਥ ਛੁਹਾਇਕੈ ਅਉਰ ਸਭੈ ਤਿਨ ਅੰਗਨ ਕੋ, ਅਰੁ ਦਾਨ ਦਯੋ ਸਭ ਹੀ ਗ੍ਰਹ, ਇਹ ਸਾਜ ਬਨਾਇ ਦਯੋ ਤਿਨ ਕੌ[41] ਵਿਚ ਮਧਿ ਦੀ ਥਾਂ ਮਧ, ਮਨਿ ਦੀ ਥਾਂ ਮਨ, ਗੋਡਿ ਦੇ ਸਥਾਨ ਗੋਡ, ਮੂੰਦਿ ਵਾਸਤੇ ਮੂੰਦ, ਸਿਰਿ ਲਈ ਸਿਰ, ਸਾਥਿ ਲਈ ਸਾਥ, ਤਿਨਿ ਲਈ ਤਿਨ, ਦਾਨੁ ਲਈ ਦਾਨ, ਸਾਜਿ ਲਈ ਸਾਜ ਵਰਤਿਆ ਗਿਆ ਹੈ। ਇੰਵ ਹੀ ਖਿਲਾਵਨਿ ਲਈ ਖਿਲਾਵਨ, ਭੂਪਤਿ ਲਈ ਭੂਪਤ, ਅਗਨਿ ਲਈ ਅਗਨ, ਸੰਗਿ ਲਈ ਸੰਗ, ਨਾਰਿ ਲਈ ਨਾਰ, ਗੁਆਰਨਿ ਲਈ ਗੁਆਰਨ, ਭੀਤਰਿ ਲਈ ਭੀਤਰ,

---

38. ਸ੍ਰੀ ਦਸਮ ਗ੍ਰੰਥ ਸਾਹਿਬ, ਕ੍ਰਿਸ਼ਨਾਵਤਾਰ, ਪਦ 100.
39. ਸ੍ਰੀ ਦਸਮ ਗ੍ਰੰਥ ਸਾਹਿਬ, ਕ੍ਰਿਸ਼ਨਾਵਤਾਰ, ਪਦ 104.
40. ਸ੍ਰੀ ਦਸਮ ਗ੍ਰੰਥ ਸਾਹਿਬ, ਕ੍ਰਿਸ਼ਨਾਵਤਾਰ, ਪਦ 100.
41. ਸ੍ਰੀ ਦਸਮ ਗ੍ਰੰਥ ਸਾਹਿਬ, ਕ੍ਰਿਸ਼ਨਾਵਤਾਰ, ਪਦ 106.

ਬਿਧਿ ਲਈ ਬਿਧ ਲਿਖਿਆ ਉਪਲਬਧ ਹੁੰਦਾ ਹੈ। ਨਿਸ਼ਚਿਤ ਹੀ ਇਹ ਭਾਸ਼ਾਈ-ਵਿਕਾਰ ਜਾਂ ਲਿਖਾਰੀਆਂ ਦੀ ਉਦਾਸੀਨਤਾ ਮਗਰਲੇ ਕਾਲ ਦੀ ਹੈ, ਜੋ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਤਕ ਬਹੁ-ਪ੍ਰਚਲਿਤ ਹੋ ਗਈ ਸੀ ਅਤੇ ਹੌਲੀ-ਹੌਲੀ ਇਸੇ ਵਿਕਾਰ ਨੇ ਗੁਰਬਾਣੀ ਦੇ ਉਚਾਰਣ ਵਿਚੋਂ ਵੀ ਇਨ੍ਹਾਂ ਮਾਤ੍ਰਾਵਾਂ ਦਾ ਅਭਾਵ ਕਰ ਦਿਤਾ, ਜਿਸ ਕਾਰਨ ਸੂਖ਼ਮ ਦ੍ਰਿਸ਼ਟੀ ਤੋਂ ਮੁਲਾਂਕਣ ਕੀਤਿਆਂ ਗੁਰਬਾਣੀ ਦਾ ਅਜੋਕਾ ਉਚਾਰਣ ਅਤਿਅੰਤ ਤਰੁਟੀ-ਪੂਰਣ ਭਾਸਮਾਨ ਹੁੰਦਾ ਹੈ। ਇਹ ਪੜਤਾਲ ਸਪਸ਼ਟ ਸੰਕੇਤ ਕਰ ਦੇਂਦੀ ਹੈ ਕਿ ਆਲਮ ਦੀ ਰਚਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਪਹਿਲਾਂ ਦੀ ਨਹੀਂ। ਜੇ ਇਹ ਪਹਿਲਾਂ ਦੀ ਹੁੰਦੀ ਤਾਂ ਇਸ ਵਿਚ 'ਸੰਗਿ' ਹੁੰਦਾ, ਜਦੋਂ ਕਿ ਗ੍ਰੰਥ ਸਾਹਿਬ ਵਿਚ 'ਸੰਗ' ਹੋਣਾ ਸੀ। ਇਥੇ ਇਹ ਤਥ ਵੀ ਵਿਵੇਕੀ ਪਾਠਕਾਂ ਨਾਲ ਸਾਂਝਾ ਕਰਨਾ ਜ਼ਰੂਰੀ ਹੈ ਕਿ ਆਲਮ ਕ੍ਰਿਤ 'ਮਾਧਵਨਲ ਕਾਮਕੰਦਲਾ' ਵਿਚ ਆਏ ਸ਼ਬਦ ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜਿਤਨੇ ਪੁਰਾਣੇ ਨਹੀਂ ਹਨ। ਇਹ ਉਸ ਸਮੇਂ ਦੇ ਸ਼ਬਦ-ਰੂਪ ਹਨ, ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਆਕਰਣਿਕ ਨਿਯਮਾਂ ਦੀ ਕਰੜਾਈ ਨਾਲ ਪਾਲਣਾ ਲਈ ਉਦਾਸੀਨਤਾ ਆ ਚੁਕੀ ਸੀ ਅਤੇ ਭਾਸ਼ਾਈ ਪਰਿਵਰਤਨ ਕਾਰਨ ਸ਼ਾਇਦ ਬਹੁਤ ਸਾਰੇ ਸ਼ਬਦਾਂ ਦਾ ਉਚਾਰਣ ਵੀ ਬਦਲ ਚੁਕਾ ਸੀ। ਇਸੇ ਲਈ ਆਲਮ ਨੇ ਪਰਿਵਰਤਿ ਪਰਿਸਥਿਤੀਆਂ ਦੇ ਅਨੁਕੂਲ ਸ਼ਬਦ-ਰੂਪਾਂ ਦੀ ਵਰਤੋਂ ਕਰਦਿਆਂ ਬਿਧਿ ਨੂੰ ਬਿਧ, ਨਾਰਿ ਨੂੰ ਨਾਰ, ਸ੍ਰਵਨਿ ਨੂੰ ਸ੍ਰਵਨ, ਜੁਗਿ ਜੁਗਿ ਨੂੰ ਜੁਗ ਜੁਗ, ਸਭਿ ਨੂੰ ਸਭ, ਨਿਕਟਿ ਨੂੰ ਨਿਕਟ, ਭਰਿ ਨੂੰ ਭਰ, ਭੀਤਰਿ ਨੂੰ ਭੀਤਰ ਲਿਖਿਆ ਹੈ। ਇਹ ਵਿਕਾਰ ਰੂਪ ਪਰਿਵਰਤਨ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀਆਂ ਬਾਣੀਆਂ ਦੇ ਰਚਨਾ ਕਾਲ ਦਾ ਹੈ, ਨਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਤੋਂ ਪਹਿਲਾਂ ਦਾ।

ਸਾਰ : ਦੇਵਨਾਗਰੀ ਨੁਸਖ਼ੇ ਦਾ ਪਾਠ ਮੂਲੋਂ ਦੂਸ਼ਿਤ ਹੈ। 'ਬਰਂਗਨ' ਨੂੰ 'ਵਰਾਗਨ' ਲਿਖਣਾ ਸਰਵਥਾ ਅਨੁਚਿਤ ਹੈ। ਹਿੰਦੀ ਦਾ ਜਾਣਕਾਰ ਇਸ ਨੂੰ 'ਵੀਰਾਂਗਣ' ਲਿਖਦਾ। ਇਹ ਵੀ ਸਿਧ ਹੋ ਜਾਂਦਾ ਹੈ ਕਿ ਦੇਵਨਾਗਰੀ ਲਿਖਾਰੀ ਹਿੰਦੀ ਭਾਸ਼ਾ ਦਾ ਅਲਪ ਗਿਆਤਾ ਹੈ ਅਤੇ 'ਮਾਧਵਨਲ ਕਾਮਕੰਦਲਾ' ਦੇਵਨਾਗਰੀ ਤੋਂ ਗੁਰਮੁਖੀ ਵਿਚ ਆਈ ਹੋਵੇ, ਇਹ ਮੰਨਣਾ ਮੁਸ਼ਕਿਲ ਹੈ। ਬਲਕਿ ਜਾਪਦਾ ਹੈ ਕਿ ਕਿਸੇ ਨੇ ਇਸ ਨੂੰ ਗੁਰਮੁਖੀ ਤੋਂ ਦੇਵਨਾਗਰੀ ਵਿਚ ਉਲਥਾਇਆ ਹੋਵੇਗਾ। ਸ੍ਰੀ ਗੁਰੂ

ਗ੍ਰੰਥ ਸਾਹਿਬ ਜੀ ਵਿਚ ਸ਼ਬਦਾਂ ਦਾ ਰੂਪ ਆਲਮ ਰਚਿਤ 'ਮਾਧਵਨਲ ਕਾਮਕੰਦਲਾ' ਤੋਂ ਪੁਰਾਣਾ ਹੈ।

ਗੁਰੂ ਗ੍ਰੰਥ : ਸੰਗਿ ਅਲਾਪਹਿ ਆਠਉ ਨੰਦਨ ॥

ਮਾਧਵਨਲ ਦੇਵਨਾਗਰੀ : ਸੰਗ ਅਲਾਪਤ ਆਠੌਂ ਨੰਦਨ ॥

ਮਾਧਵਨਲ ਗੁਰਮੁਖੀ : ਸੰਗ ਅਲਾਪਹਿ ਆਠਉ ਨੰਦਨ ॥

ਸਮੀਖਿਆ- 'ਸੰਗਿ' ਦਾ ਪੁਰਾਤਨ ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੰਕਤੀ ਵਿਚ ਹੈ। ਆਲਮ ਰਚਿਤ ਪੁਸਤਕਾਂ ਵਿਚ ਆਇਆ 'ਸੰਗ' ਨਵੀਨ ਅਤੇ ਅਸ਼ੁਧ ਹੈ। ਦੇਵਨਾਗਰੀ ਵਿਚ ਲਿਪੀਅੰਤਰ ਸਮੇਂ 'ਅਲਾਪਹਿ' ਦਾ 'ਅਲਾਪਤ' ਹੋ ਗਿਆ ਹੈ। ਦੇਵਨਾਗਰੀ ਨੁਸਖ਼ੇ ਵਿਚ ਆਏ ਸ਼ਬਦ-ਰੂਪ 'ਆਠੌਂ' ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ 'ਆਠਉ' ਪੁਰਾਤਨ ਹੈ।

ਸਾਰ- ਸਭ ਤੋਂ ਸ਼ੁਧ ਅਤੇ ਪੁਰਾਤਨ ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਾਗਮਾਲਾ ਵਾਲਾ ਹੈ।

ਗੁਰੂ ਗ੍ਰੰਥ : ਪ੍ਰਥਮ ਰਾਗ ਭੈਰਉ ਵੈ ਕਰਹੀ ॥

ਮਾਧਵਨਲ ਦੇਵਨਾਗਰੀ : ਪ੍ਰਥਮ ਰਾਗ ਭੈਰੋਂ ਉਹ ਕਰਹੀ ॥

ਮਾਧਵਨਲ ਗੁਰਮੁਖੀ : ਪ੍ਰਥਮੇ ਰਾਗ ਭੈਰਉ ਵੈ ਕਰਹੀ ॥

ਸਮੀਖਿਆ- ਮਾਧਵਨਲ ਗੁਰਮੁਖੀ ਵਿਚ 'ਪ੍ਰਥਮ' ਨੂੰ 'ਪ੍ਰਥਮੇ' ਕਰਨ ਦੀ ਚੇਸ਼ਟਾ ਹੋਈ ਹੈ। ਦੇਵਨਾਗਰੀ ਪਾਠ ਵੀ 'ਪ੍ਰਥਮ' ਨੂੰ ਪ੍ਰਮਾਣਿਤ ਕਰਦਾ ਹੈ। 'ਪ੍ਰਥਮ' ਦੇ ਅਰਥ ਹਨ- ਪਹਿਲਾ, ਮੁਖ, ਪ੍ਰਧਾਨ ਆਦਿ, ਜਦੋਂ ਕਿ 'ਪ੍ਰਥਮੇ' ਦਾ ਅਰਥ ਹੈ 'ਪਹਿਲਾਂ'। ਇਥੇ 'ਭੈਰਉ' ਪਹਿਲਾ ਰਾਗ ਦਰਸਾਇਆ ਹੈ, ਅਤੇ ਇਹ ਤਥ ਅਗੇ 'ਦੁਤੀਆ ਮਾਲਕਉਸਕ' ਤੋਂ ਵੀ ਪ੍ਰਮਾਣਿਤ ਹੈ। 'ਦੁਤੀਆ' ਦਾ ਅਰਥ ਹੈ- ਦੂਜਾ। ਦੇਵਨਾਗਰੀ ਪਾਠ ਦੇ 'ਭੈਰੋਂ' ਨਾਲੋਂ 'ਭੈਰਉ' ਪਾਠ ਪ੍ਰਾਚੀਨ ਹੈ। ਦੇਵਨਾਗਰੀ ਵਿਚ 'ਵੈ' (ਭਾਵ ਵਹ) ਦੀ ਥਾਂ 'ਉਹ' ਸ਼ਬਦ ਆ ਜਾਣਾ ਇਹ ਸਿਧ ਕਰ ਦੇਂਦਾ ਹੈ ਕਿ ਆਲਮ ਰਚਿਤ 'ਮਾਧਵਨਲ ਕਾਮਕੰਦਲਾ' ਦੇਵਨਾਗਰੀ ਦਾ ਲਿਖਾਰੀ ਹਕੀਕਤਨ ਪੰਜਾਬੀ ਮੂਲ ਦਾ ਹੈ, ਕਿਉਂਕਿ ਉਹ ਪੰਜਾਬੀ ਦੇ ਸ਼ਬਦ ਹਿੰਦੀ ਰਚਨਾ ਵਿਚ ਵਾੜ ਰਿਹਾ ਹੈ। ਇਸ ਤੋਂ ਇਹ ਵੀ ਸਿਧ ਹੁੰਦਾ ਹੈ ਕਿ ਆਲਮ ਰਚਿਤ 'ਮਾਧਵਨਲ' ਦਾ ਪਾਠ ਪੰਜਾਬੀ ਤੋਂ ਹਿੰਦੀ ਵਿਚ ਗਿਆ ਹੈ, ਨਾ ਕਿ ਪ੍ਰਚਲਿਤ ਧਾਰਨਾ ਅਨੁਸਾਰ ਹਿੰਦੀ

ਤੋਂ ਪੰਜਾਬੀ ਵਿਚ ਆਇਆ ਹੈ, ਨਹੀਂ ਤਾਂ ਹਿੰਦੀ ਵਿਚ 'ਵੈ' ਦੀ ਥਾਂ 'ਉਹ' ਸ਼ਬਦ ਨਹੀਂ ਸੀ ਆ ਸਕਦਾ।

ਸਾਰ- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚਲੀ ਰਾਗਮਾਲਾ ਦਾ ਪਾਠ ਹੀ ਸਭ ਤੋਂ ਸ਼ੁਧ ਅਤੇ ਪੁਰਤਾਨ ਹੈ।

ਗੁਰੂ ਗ੍ਰੰਥ : ਪੰਚ ਰਾਗਨੀ ਸੰਗਿ ਉਚਰਹੀ ॥

ਮਾਧਵਨਲ ਦੇਵਨਾਗਰੀ : ਪਾਂਚੌਂ ਕਾਮਿਨਿ ਮੁਖ ਉਚਰਹੀ ॥

ਮਾਧਵਨਲ ਗੁਰਮੁਖੀ : ਪੰਚ ਰਾਗਨੀ ਸੰਗ ਉਚਰਹੀ ॥

ਸਮੀਖਿਆ- ਦੇਵਨਾਗਰੀ ਪਾਠ ਬਿਲਕੁਲ ਅਸ਼ੁਧ ਅਤੇ ਅਸਪਸ਼ਟ ਹੈ। 'ਕਾਮਿਨਿ' ਨਾਲੋਂ 'ਰਾਗਨੀ' ਅਤੇ 'ਮੁਖ ਉਚਰਹੀ' ਨਾਲੋਂ 'ਸੰਗਿ ਉਚਰਹੀ' ਜ਼ਿਆਦਾ ਉਪਯੁਕਤ ਹੈ ਅਤੇ ਦੇਵਨਾਗਰੀ ਪਾਠ ਦੀ ਪੁਸ਼ਟੀ 'ਮਾਧਵਨਲ' ਗੁਰਮੁਖੀ ਤੋਂ ਵੀ ਨਹੀਂ ਹੁੰਦੀ। ਆਲਮ ਦੇ ਗੁਰਮੁਖੀ ਪਾਠ ਵਿਚ ਦਿਤੇ 'ਸੰਗ' ਸ਼ਬਦ ਨਾਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ 'ਸੰਗਿ' ਪੁਰਾਤਨ ਅਤੇ ਸ਼ੁਧ ਪਾਠ ਹੈ।

ਸਾਰ- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੰਕਤੀ ਦੀ ਸ਼ਬਦਾਵਲੀ ਹੀ ਬਾਕੀ ਦੋਹਾਂ ਪਾਠਾਂ ਨਾਲੋਂ ਪੁਰਾਤਨ ਅਤੇ ਸ਼ੁਧ ਹੈ।

ਗੁਰੂ ਗ੍ਰੰਥ : ਪ੍ਰਥਮ ਭੈਰਵੀ ਬਿਲਾਵਲੀ ॥

ਮਾਧਵਨਲ ਦੇਵਨਾਗਰੀ : ਪ੍ਰਥਮਹਿ ਭੈਰਵੀ ਵੇਲਾਵਲੀ ॥

ਮਾਧਵਨਲ ਗੁਰਮੁਖੀ : ਪ੍ਰਥਮ ਭੈਰਵੀ ਬਿਲਾਵਲੀ ॥

ਸਾਰ- ਤਿੰਨੇ ਪਾਠ ਠੀਕ ਹਨ, ਕੋਈ ਮੂਲ-ਭੂਤ ਅੰਤਰ ਨਹੀਂ। ਪਰ ਇਹ ਸਪਸ਼ਟ ਹੈ ਕਿ ਦੇਵਨਾਗਰੀ ਨੁਸਖ਼ੇ ਦਾ ਪਾਠ ਪੰਜਾਬੀ ਤੋਂ ਗਿਆ ਹੈ, ਕਿਉਂਜੁ ਆਲਮ-ਕ੍ਰਿਤ ਗੁਰਮੁਖੀ ਪਾਠ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚਲਾ ਪਾਠ ਆਪਿਸ ਵਿਚ ਮਿਲਦਾ ਹੈ ਅਤੇ ਗੁਰਮੁਖੀ ਤੋਂ ਦੇਵਨਾਗਰੀ ਰੂਪਾਂਤ੍ਰਣ ਸਮੇਂ ਅਸ਼ੁਧੀਆਂ ਆ ਗਈਆਂ ਹਨ।

ਗੁਰੂ ਗ੍ਰੰਥ : ਪੁੰਨਿਆਕੀ ਗਾਵਹਿ ਬੰਗਲੀ ॥

ਮਾਧਵਨਲ ਦੇਵਨਾਗਰੀ : ਪਿਨਾਕੀ ਗਾਵਹਿ ਮੰਗਲੀ ॥

ਮਾਧਵਨਲ ਗੁਰਮੁਖੀ : ਪੁਨਿਆ ਕੀ ਗਾਵਹਿ ਬੰਗਲੀ ॥

ਸਮੀਖਿਆ- ਸੰਗੀਤ ਗ੍ਰੰਥਾਂ ਵਿਚ 'ਪਿਨਾਕੀ' ਅਤੇ 'ਪੁੰਨਯਾਕੀ' ਦੋਵੇਂ ਨਾਮ ਮਿਲਦੇ ਹਨ। 'ਬੁਧਪ੍ਰਕਾਸ਼' (ਹਨੁਮਾਨ ਮਤ) ਅਤੇ 'ਰਾਗ ਦੀਪਿਕਾ' (ਹਨੁਮਾਨ

ਮਤ) ਵਿਚ 'ਪੁੰਨਯਾਕੀ' ਨੂੰ ਭੈਰਵ ਦੀ ਰਾਗਿਨੀ ਦਸਿਆ ਹੈ। ਕੁਝ ਗ੍ਰੰਥਾਂ ਵਿਚ 'ਪਿਨਾਕੀ' ਨਾਮ ਵੀ ਮਿਲਦਾ ਹੈ। ਪਰ ਦੇਵਨਾਗਰੀ ਪਾਠ ਵਿਚ 'ਮੰਗਲੀ' ਅਜਿਹਾ ਨਾਮ ਹੈ, ਜੋ ਆਲਮ ਦੇ ਗੁਰਮੁਖੀ ਪਾਠ 'ਬੰਗਲੀ' ਅਰਥਾਤ 'ਬੰਗਾਲੀ' ਤੋਂ ਭਿੰਨ ਹੈ। ਸੰਗੀਤ ਗ੍ਰੰਥਾਂ ਅਨੁਸਾਰ ਸ਼ਿਵ ਮਤ, ਹਨੂਮਾਨ ਮਤ (ਸਾਰੇ), ਰਾਗਾਰਣਵ ਮਤ ਆਦਿ 'ਬੰਗਾਲੀ' ਨੂੰ 'ਭੈਰਵ' ਦੀ ਇਸਤ੍ਰੀ ਹੀ ਦਸਦੇ ਹਨ, ਪਰ ਸਿਧ ਸਾਰਸੁਤ ਮਤ 'ਮੰਗਲੀ' ਨੂੰ 'ਭੈਰਵ' ਦੀ ਇਕ ਪਤਨੀ ਮੰਨਦਾ ਹੈ। ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਆਲਮ ਕ੍ਰਿਤ 'ਮਾਧਵਨਲ' ਦੀਆਂ ਰਾਗਮਾਲਾਵਾਂ ਦੀ ਨੇੜਤਾ ਹਨੂਮਾਨ ਮਤ ਨਾਲ ਹੈ, ਇੰਞ ਆਲਮ ਦੇ ਦੇਵਨਾਗਰੀ ਨੁਸਖ਼ੇ ਦਾ ਮਤ ਕਮਜ਼ੋਰ ਹੋ ਜਾਂਦਾ ਹੈ। 'ਮਾਧਵਨਲ' ਗੁਰਮੁਖੀ ਵਿਚ 'ਪੁੰਨਿਆਕੀ' ਨੂੰ 'ਪੁਨਿਆ ਕੀ' ਲਿਖਣ ਦੀ ਬਜਰ ਗ਼ਲਤੀ ਕੀਤੀ ਹੈ।

ਸਾਰ- ਉਪਰੋਕਤ ਤਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਨੂੰ ਹੀ ਸਰਵ-ਸ਼੍ਰੇਸ਼ਠ ਸਿਧ ਕਰਦੇ ਹਨ।

ਗੁਰੂ ਗ੍ਰੰਥ : ਪੁਨਿ ਅਸਲੇਖੀ ਕੀ ਭਈ ਬਾਰੀ ॥

ਮਾਧਵਨਲ ਦੇਵਨਾਗਰੀ : ਪੁਨ ਆਸਾ ਲੋਭੀ ਭੈ ਵਾਰੀ ॥

ਮਾਧਵਨਲ ਗੁਰਮੁਖੀ : ਪੁਨ ਅਸਲੇਖੀ ਕੀ ਭਈ ਬਾਰੀ ॥

ਸਮੀਖਿਆ- ਆਲਮ ਦੇ ਗੁਰਮੁਖੀ ਪਾਠ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਵਿਚ ਕੋਈ ਅੰਤਰ ਨਹੀਂ। ਕੇਵਲ ਆਲਮ ਦੇ ਗੁਰਮੁਖੀ ਪਾਠ ਵਿਚ 'ਪੁਨਿ' ਨੂੰ ਅਸ਼ੁਧ ਰੂਪ ਵਿਚ 'ਪੁਨ' ਲਿਖਿਆ ਹੈ। ਦੇਵਨਾਗਰੀ ਪਾਠ ਬਿਲਕੁਲ ਊਟ-ਪਟਾਂਗ ਅਤੇ ਅਰਥ ਹੀਣ ਹੈ। ਦੇਵਨਾਗਰੀ ਨੁਸਖ਼ੇ ਦਾ ਰਾਗ 'ਆਸਾ' ਅਗੇ ਫਿਰ 'ਮੇਘ' ਦੀ ਰਾਗਿਨੀ ਦੇ ਰੂਪ ਵਿਚ ਆਉਣਾ ਹੈ। ਸਪਸ਼ਟ ਹੈ ਦੇਵਨਾਗਰੀ ਨੁਸਖ਼ਾ ਕਿਸੇ ਨਕਲਚੀ ਦੀ ਤਿਆਰ ਕੀਤੀ ਬਿਲਕੁਲ ਤਰੁਟੀਪੂਰਣ ਰਚਨਾ ਹੈ।

ਸਾਰ- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਸਭ ਤੋਂ ਵਧੀਕ ਪ੍ਰਮਾਣਿਕ ਹੈ।

ਗੁਰੂ ਗ੍ਰੰਥ : ਏ ਭੈਰਉ ਕੀ ਪਾਚਉ ਨਾਰੀ ॥

ਮਾਧਵਨਲ ਦੇਵਨਾਗਰੀ : ਏ ਭੈਰੋਂ ਕੀ ਪਾਂਚੋਂ ਨਾਰੀ ॥

ਮਾਧਵਨਲ ਗੁਰਮੁਖੀ : ਇਹ ਭੈਰੋਂ ਕੀ ਪਾਂਚੋਂ ਨਾਰੀ ॥

ਸਮੀਖਿਆ- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਦੇਵਨਾਗਰੀ ਪਾਠ ਵਿਚ 'ਏ' ਆਇਆ ਹੈ, ਜਦੋਂ ਕਿ 'ਮਾਧਵਨਲ' ਗੁਰਮੁਖੀ ਵਿਚ 'ਇਹ' ਲਿਖਿਆ ਹੈ। ਸ੍ਰੀ

ਗੁਰੂ ਗ੍ਰੰਥ ਸਾਹਿਬ ਜੀ ਦੇ 'ਏ' ਦੀ ਪੁਸ਼ਟੀ ਦੇਵਨਾਗਰੀ ਤੋਂ ਵੀ ਹੋਣ ਕਾਰਨ, ਜ਼ਿਆਦਾ ਉਪਯੁਕਤ ਹੈ। 'ਭੈਰੋਂ' ਅਤੇ 'ਪਾਂਚੋਂ' ਜਾਂ 'ਪਾਂਚੋਂ' ਨਾਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 'ਭੈਰਉ' ਅਤੇ 'ਪਾਚਉ' ਸ਼ਬਦਰੂਪ ਪੁਰਾਣੇ ਹਨ।

ਸਾਰ- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਜ਼ਿਆਦਾ ਪੁਰਾਤਨ ਅਤੇ ਪ੍ਰਮਾਣਿਕ ਹੈ।

ਗੁਰੂ ਗ੍ਰੰਥ : ਪੰਚਮ ਹਰਖ ਦਿਸਾਖ ਸੁਨਾਵਹਿ ॥

ਮਾਧਵਨਲ ਦੇਵਨਾਗਰੀ : ਦੇਸਕਾਵਰੂ ਮਾਧੋ ਜੋ ਕੀਨਾ ॥

ਮਾਧਵਨਲ ਗੁਰਮੁਖੀ : ਪੰਚਮ ਹਰਖ ਦਿਸਾਖ ਸੁਨਾਵਹਿ ॥

ਸਮੀਖਿਆ- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ 'ਮਾਧਵਨਲ' ਗੁਰਮੁਖੀ ਦੇ ਪਾਠ ਵਿਚ ਕੋਈ ਅੰਤਰ ਨਹੀਂ, ਜਦੋਂ ਕਿ ਦੇਵਨਾਗਰੀ ਦਾ ਊਟ-ਪਟਾਂਗ ਪਾਠ ਕਿਸੇ ਅਨਾੜੀ ਦੁਆਰਾ ਵਿਗਾੜਿਆ ਹੋਇਆ ਹੈ।

ਸਾਰ- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਤਰੁਟੀ-ਰਹਿਤ ਹੈ। ਆਲਮ ਦੇ ਦੋਹਾਂ ਪਾਠਾਂ ਵਿਚ ਸਮਾਨਤਾ ਨਹੀਂ।

ਗੁਰੂ ਗ੍ਰੰਥ : ਬੰਗਾਲਮ ਮਧੁ ਮਾਧਵ ਗਾਵਹਿ ॥ ੧ ॥

ਮਾਧਵਨਲ ਦੇਵਨਾਗਰੀ : ਲਲਿਤ ਬਿਲਾਵਲ ਤਾਂ ਪਰ ਚੀਨਾਂ ॥ ੧ ॥

ਮਾਧਵਨਲ ਗੁਰਮੁਖੀ : ਬੰਗਾਲਾ ਮਧੁ ਮਾਧਵ ਗਾਵਹਿ ॥ ੧ ॥

ਸਮੀਖਿਆ- 'ਬੰਗਾਲਮ' ਅਤੇ 'ਬੰਗਾਲ' ਵਿਚ ਕੋਈ ਭੇਦ ਨਹੀਂ, ਪਰ 'ਮਾਧਵਨਲ' ਗੁਰਮੁਖੀ ਦਾ 'ਬੰਗਾਲਾ' ਅਨੁਚਿਤ ਨਾਮ ਹੈ, ਜਦੋਂ ਕਿ 'ਬੰਗਾਲ' ਹੀ ਸ਼ਾਸਤ੍ਰ-ਪ੍ਰਮਾਣਿਤ ਨਾਮ ਹੈ। ਦੇਵਨਾਗਰੀ ਨੁਸਖ਼ੇ ਦਾ ਪਾਠ ਆਲਮ ਦੇ ਗੁਰਮੁਖੀ ਪਾਠ ਤੋਂ ਬਿਲਕੁਲ ਭਿੰਨ ਹੈ। ਰਾਗਮਾਲਾ ਦੇ ਆਲੋਚਕ ਵਿਚਾਰੇ ਪ੍ਰੋ. ਪਦਮ ਜੀ ਨੂੰ 'ਬੰਗਾਲ' ਦਾ 'ਬੰਗਾਲਮ' ਹੋਣਾ ਸਮਝ ਨਹੀਂ ਆ ਸਕਿਆ।

ਸਾਰ- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਸਰਵ-ਸ਼੍ਰੇਸ਼ਠ ਹੈ। ਦੂਜੇ ਪਾਠ ਯੁਕਤਿਹੀਣ ਅਤੇ ਮਨਮਾਨੇ ਹਨ।

ਗੁਰੂ ਗ੍ਰੰਥ : ਲਲਤ ਬਿਲਾਵਲ ਗਾਵਹੀ ਅਪੁਨੀ ਅਪੁਨੀ ਭਾਂਤਿ ॥

ਮਾਧਵਨਲ ਦੇਵਨਾਗਰੀ : ਵੰਗਾਲਾ ਹਰਿਆਵਲ ਕਰਈ॥

ਮਾਧਵਨਲ ਗੁਰਮੁਖੀ : ਲਲਿਤ ਬਿਲਾਵਲਿ ਗਾਵਹੀ ਅਪਨੀ ਅਪਨੀ ਭਾਂਤਿ।

ਸਮੀਖਿਆ- 'ਲਲਤ' ਸ਼ਬਦ 'ਲਲਿਤ' ਦਾ ਹੀ ਇਕ ਦੇਸੀ ਰੂਪ ਹੈ, ਸਾਹਿਤਿਕ ਸ਼ਬਦ 'ਲਲਿਤ' ਉਤਕ੍ਰਿਸ਼ਟ ਹੈ। ਪਰ 'ਮਾਧਵਨਲ' ਦੇ ਗੁਰਮੁਖੀ ਪਾਠ ਵਿਚ 'ਬਿਲਾਵਲ' ਨੂੰ 'ਬਿਲਾਵਲਿ' ਲਿਖ ਕੇ ਅਗਿਆਨਵਸ਼ ਰਾਗ-ਪੁਤ੍ਰ ਤੋਂ ਰਾਗ-ਪਤਨੀ 'ਬਿਲਾਵਲੀ' ਬਣਾ ਦਿਤਾ ਹੈ, ਜੋ ਪਹਿਲਾਂ ਹੀ ਭੈਰਵ ਦੀਆਂ ਰਾਗਿਨੀਆਂ ਵਿਚ ਆ ਚੁਕੀ ਹੈ। 'ਅਪਨੀ' ਦਾ ਪੁਰਾਤਨ ਰੂਪ 'ਅਪੁਨੀ' ਹੈ। ਦੇਵਨਾਗਰੀ ਪਾਠ ਬਿਲਕੁਲ ਪਥ-ਭ੍ਰਸ਼ਟ ਦਿਸਦਾ ਹੈ।

ਸਾਰ- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਸਰਵ-ਸ੍ਰੇਸ਼ਠ ਮੰਨਣਾ ਪੈਂਦਾ ਹੈ।

ਗੁਰੂ ਗ੍ਰੰਥ : ਅਸਟ ਪੁਤ੍ਰ ਭੈਰਵ ਕੇ ਗਾਵਹਿ ਗਾਇਨ ਪਾਤ੍ਰ ॥ ੧ ॥

ਮਾਧਵਨਲ ਦੇਵਨਾਗਰੀ : ਕਰ ਵਿਹੰਗ ਮਧੁ ਗੁਨ ਸੰਚਰਈ ॥

ਮਾਧਵਨਲ ਗੁਰਮੁਖੀ : ਆਠ ਪੁਤ੍ਰ ਭੈਰਉ ਕੇ ਗਾਇਨ ਗਾਵਹਿ ਪ੍ਰਾਤਿ ॥ ੧ ॥

ਸਮੀਖਿਆ- ਦੇਵਨਾਗਰੀ ਪਾਠ ਦਾ ਦੂਜੇ ਦੋਹਾਂ ਪਾਠਾਂ ਨਾਲ ਕੋਈ ਮੇਲ ਨਹੀਂ। ਇਹ ਪਾਠ ਅਸ਼ੁਧ ਅਤੇ ਅਸਪਸ਼ਟ ਵੀ ਹੈ। 'ਆਠ' ਦਾ ਪੁਰਾਤਨ ਅਤੇ ਮੂਲ ਸ਼ਬਦ 'ਅਸਟ' ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਏ 'ਗਾਇਨ ਪਾਤ੍ਰ' ਦਾ ਅਰਥ ਸੀ- ਗਾਇਨ ਕਰਨ ਦੇ ਅਧਿਕਾਰੀ ਅਰਥਾਤ ਪਰਿਪਕ ਗਾਇਕ। ਇਸ ਨੂੰ 'ਗਾਇਨ ਗਾਵਹਿ ਪ੍ਰਾਤਿ' ਕਰਨਾ ਅਸੂਝਵਾਨ ਦਾ ਕੰਮ ਹੈ। ਜੇ ਇਥੇ 'ਪ੍ਰਾਤਿ' ਸਵੇਰ ਵੇਲੇ ਵਾਸਤੇ ਕਲਪਿਆ ਹੈ, ਤਾਂ ਇਹ ਪ੍ਰਾਤ ਹੋਣਾ ਚਾਹੀਦਾ ਸੀ, ਯਥਾ- ਸੰਧਿਆ ਪ੍ਰਾਤ ਇਸ੍ਨਾਨੁ ਕਰਾਹੀ। ਸ਼ਬਦਾਵਲੀ ਦਾ ਸੀਮਿਤ ਗਿਆਨ ਹੋਣ ਕਾਰਨ ਪ੍ਰੋ. ਪਦਮ ਜੀ 'ਪਾਤਰ' ਦਾ ਅਰਥ ਵੇਸ਼ਵਾ ਅਰਥਾਤ ਕਾਮਕੰਦਲਾ ਕਰ ਗਏ ਹਨ। ਉਨ੍ਹਾਂ ਨੂੰ ਇਹ ਸਮਝ ਨਹੀਂ ਆਈ ਕਿ ਵੇਸ਼ਵਾ ਵਾਸਤੇ ਸ਼ਬਦ 'ਪਾਤਰਿ' ਹੁੰਦਾ ਹੈ, ਪਾਤ੍ਰ ਨਹੀਂ। ਫਿਰ ਇਸ ਪਦ ਵਿਚ 'ਗਾਵਹਿ' ਸ਼ਬਦ ਬਹੁਵਚਨ ਸੀ, ਜਿਸ ਦਾ ਅਰਥ 'ਗਾਇਨ ਕਰਦੇ ਹਨ' ਬਣਦਾ ਹੈ, ਨਾ ਕਿ 'ਗਾਇਨ ਕਰਦੀ ਸੀ' ਬਣ ਸਕਦਾ ਹੈ।

ਸਾਰ- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਾਗਮਾਲਾ ਸਭ ਤੋਂ ਨਿਰਦੋਸ਼ ਹੈ।

ਗੁਰੂ ਗ੍ਰੰਥ : ਦੁਤੀਆ ਮਾਲਕਉਸਕ ਆਲਾਪਹਿ ॥

ਮਾਧਵਨਲ ਦੇਵਨਾਗਰੀ : ਮਾਲਕੌਸ ਪੁਨਿ ਕੀਨ ਪੰਚ ਵਰਾਂਗਨ ਸੰਗ ਲੈ।

ਮਾਧਵਨਲ ਗੁਰਮੁਖੀ : ਦੁਤੀਆ ਮਾਲਿਕਉਸਕ ਅਲਾਪਹਿ ॥

ਸਮੀਖਿਆ- 'ਮਾਧਵਨਲ' ਦੇ ਦੇਵਨਾਗਰੀ ਅਤੇ ਗੁਰਮੁਖੀ ਪਾਠ ਵਿਚ ਵਡੀਆਂ ਅਸਮਾਨਤਾਵਾਂ ਹਨ। ਦੇਵਨਾਗਰੀ ਦਾ 'ਮਾਲਕੌਂਸ' ਨਾਮ 'ਮਾਲਕਉਸ਼ਕ' ਤੋਂ ਨਵੀਨ ਹੈ। ਦੇਵਨਾਗਰੀ ਵਿਚ 'ਵਰਾਂਗਨ' ਲਿਖਣਾ ਅਸ਼ੁਧ ਹੈ। ਆਲਮ ਦੇ ਗੁਰਮੁਖੀ ਪਾਠ ਵਿਚ 'ਮਾਲਕਉਸਕ' ਨੂੰ 'ਮਾਲਿਕਉਸਕ' ਲਿਖਣਾ ਵੀ ਤਰੁਟੀਪੂਰਣ ਹੈ।

ਸਾਰ- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਹੀ ਸਹੀ ਹੈ।

ਗੁਰੂ ਗ੍ਰੰਥ : ਸੰਗਿ ਰਾਗਨੀ ਪਾਚਉ ਥਾਪਹਿ ॥

ਮਾਧਵਨਲ ਦੇਵਨਾਗਰੀ : ਯੌਂ ਸੁਤ ਆਠ ਪ੍ਰਵੀਨ ਕਾਮਕੰਦਲਾ ਮੁਖ ਕਹੈ ॥

ਮਾਧਵਨਲ ਗੁਰਮੁਖੀ : ਸੰਗ ਰਾਗਨੀ ਪਾਂਚੋਂ ਥਾਪਹਿ ॥

ਸਮੀਖਿਆ- ਆਲਮ ਦੇ ਦੇਵਨਾਗਰੀ ਪਾਠ ਦਾ ਗੁਰਮੁਖੀ ਪਾਠ ਨਾਲ ਕੋਈ ਮੇਲ ਨਹੀਂ। ਛੰਦ ਵੀ ਭਿੰਨ ਹੈ। ਵਾਕ-ਬਣਤਰ ਯੁਕਤੀ-ਸੰਗਤ ਨਹੀਂ। ਗੁਰਮੁਖੀ ਪਾਠ ਦੇ 'ਸੰਗ' ਅਤੇ 'ਪਾਂਚੋਂ' ਗੁਰੂ ਗ੍ਰੰਥ ਦੀ ਸ਼ਬਦਾਵਲੀ ਤੋਂ ਬਾਅਦ ਦੇ ਹਨ।

ਸਾਰ- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੰਕਤੀ ਸਭ ਤੋਂ ਸ਼ੁਧ ਹੈ।

ਗੁਰੂ ਗ੍ਰੰਥ : ਗੋਂਡਕਰੀ ਅਰੁ ਦੇਵਗੰਧਾਰੀ ॥

ਮਾਧਵਨਲ ਦੇਵਨਾਗਰੀ : ਗੌਂਡ ਗਰੀ ਪਾਛੇ ਜੁ ਅਲਾਪੀ ॥

ਮਾਧਵਨਲ ਗੁਰਮੁਖੀ : ਗੌਂਡ ਕਰੀ ਅਰੁ ਦੇਵ ਕੰਧਾਰੀ ॥

ਸਮੀਖਿਆ- ਆਲਮ ਦਾ ਦੇਵਨਾਗਰੀ ਅਤੇ ਗੁਰਮੁਖੀ ਪਾਠ ਭਿੰਨ ਹੈ। 'ਗੌਂਡ ਗਰੀ' ਨਾਮ ਗ਼ਲਤ ਹੈ। 'ਪਾਛੇ ਜੁ ਅਲਾਪੀ' ਦਾ ਲਿਖਣਾ ਯੁਕਤੀ-ਰਹਿਤ ਹੈ, ਕਿਸ ਦੇ ਪਾਛੇ ? ਇਹ ਤਾਂ ਸਭ ਰਾਗਿਨੀਆਂ ਤੋਂ ਪਹਿਲਾਂ ਆਈ ਹੈ। ਆਲਮ ਦੇ ਗੁਰਮੁਖੀ ਨੁਕਸੇ ਵਿਚ 'ਗੌਂਡ' ਅਤੇ 'ਕਰੀ' ਨੂੰ ਵਖ-ਵਖ ਕਰਨਾ ਅਗਿਆਨ ਹੈ। 'ਦੇਵਗੰਧਾਰੀ' ਨੂੰ 'ਦੇਵ ਕੰਧਾਰੀ' ਲਿਖਣਾ ਬਹੁਤ ਹਾਸੋਹੀਣਾ ਕੰਮ ਹੈ।

ਸਾਰ- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀ ਤੁਲਨਾ ਵਿਚ ਦੋਵੇਂ ਪਾਠ ਬਹੁਤ ਤਰੁਟੀਪੂਰਣ ਅਤੇ ਨਿਮਨ-ਸਤਰ ਦੇ ਹਨ।

ਗੁਰੂ ਗ੍ਰੰਥ : ਗੰਧਾਰੀ ਸੀਹੁਤੀ ਉਚਾਰੀ ॥

ਮਾਧਵਨਲ ਦੇਵਨਾਗਰੀ : ਦੇਵ ਗੰਧਾਰੀ ਤਿਹ ਪਰ ਥਾਪੀ ॥

ਮਾਧਵਨਲ ਗੁਰਮੁਖੀ : ਗੰਧਾਰੀ ਸੀਹੁਤੀ ਉਚਾਰੀ ॥

ਸਾਰ- ਆਲਮ ਦਾ ਗੁਰਮੁਖੀ ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਨੁਕੂਲ ਹੈ, ਪਰ ਦੇਵਨਾਗਰੀ ਪਾਠ ਦਿਸ਼ਾਹੀਨ ਹੈ।

ਗੁਰੂ ਗ੍ਰੰਥ : ਧਨਾਸਰੀ ਏ ਪਾਚਉ ਗਾਈ ॥

ਮਾਧਵਨਲ ਦੇਵਨਾਗਰੀ : ਧਨਾਸੁਰੀ ਪਾਛੇ ਤੇ ਕੀਨੀ ॥

ਮਾਧਵਨਲ ਗੁਰਮੁਖੀ : ਧੰਨਾਸਰੀ ਏ ਪਾਂਚੋਂ ਗਾਈ ॥

ਸਾਰ- ਦੇਵਨਾਗਰੀ ਪਾਠ ਬੇਮੇਲ ਹੈ। ਆਲਮ ਦੇ ਗੁਰਮੁਖੀ ਪਾਠ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਉਤਮ ਅਤੇ ਪੁਰਾਣਾ ਹੈ।

ਗੁਰੂ ਗ੍ਰੰਥ : ਮਾਲ ਰਾਗ ਕਉਸਕ ਸੰਗਿ ਲਾਈ ॥

ਮਾਧਵਨਲ ਦੇਵਨਾਗਰੀ : ਮਾਲਕੌਂਸ ਸੰਗਿ ਪਾਂਚੋਂ ਚੀਨੀ ॥

ਮਾਧਵਨਲ ਗੁਰਮੁਖੀ : ਮਾਲਕੌਂਸ ਰਾਗ ਸੰਗ ਲਾਈ ॥

ਸਮੀਖਿਆ- ਆਲਮ ਦਾ ਦੇਵਨਾਗਰੀ ਪਾਠ ਨਵੀਨ ਹੈ ਅਤੇ ਗੁਰਮੁਖੀ ਪਾਠ ਤੋਂ ਭਿੰਨ ਹੈ। 'ਮਾਲਕੌਂਸ' ਇਕਦਮ ਨਵੀਨ ਨਾਮ ਹੈ। ਇਸ ਤੋਂ ਪੁਰਾਣਾ ਨਾਮ 'ਮਾਲਕੌਸ਼' ਹੈ ਅਤੇ ਉਸ ਤੋਂ ਵੀ ਪੁਰਾਣਾ 'ਮਾਲਕਉਸਕ' ਜਾਂ 'ਮਾਲਕੌਸ਼ਿਕ', ਕਿਉਂਕਿ ਇਹ ਰਾਗ 'ਮਾਲਵ' ਅਤੇ 'ਕੌਸ਼ਿਕ' ਤੋਂ ਮਿਲ ਕੇ ਬਣਿਆ ਹੈ। ਦੋਹਾਂ ਰਾਗਾਂ ਦੇ ਇਸੇ ਮਿਸ਼ਰਣ ਦਾ ਵਰਨਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੰਕਤੀ 'ਮਾਲ ਰਾਗ ਕਉਸਕ ਸੰਗਿ ਲਾਈ' ਵਿਚ ਕੀਤਾ ਗਿਆ ਸੀ, ਜਿਸ ਨੂੰ ਸਮਝਣ ਦੇ ਅਸਮਰਥ ਕਵਿ ਨੇ ਇਸ ਨੂੰ 'ਮਾਲਕੌਂਸ ਰਾਗ ਸੰਗ ਲਾਈ' ਕਰ ਦਿਤਾ ਹੈ। ਸੰਗੀਤ ਲਈ ਵਾਂਛਿਤ ਸੂਖਮ ਸੂਝ ਨਾ ਹੋਣ ਕਾਰਨ ਪ੍ਰੋ. ਪਿਆਰਾ ਸਿੰਘ 'ਪਦਮ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਵਿਚੋਂ ਨੁਕਸ ਵੇਖਦੇ ਹੀ ਚਲੇ ਗਏ ਹਨ, ਉਨ੍ਹਾਂ ਕੋਲ ਆਲਮ ਦੀਆਂ ਤਰੁਟੀਆਂ ਵੇਖਣ ਵਾਲੀ ਸੰਤੁਲਿਤ ਦ੍ਰਿਸ਼ਟੀ ਦਾ ਅਭਾਵ ਸੀ।

ਸਾਰ- ਗੁਰੂ ਗ੍ਰੰਥ ਸਾਹਿਬ ਦਾ ਪਾਠ ਸ਼ੁਧ, ਮੂਲ ਅਤੇ ਪ੍ਰਾਚੀਨ ਹੈ।

ਗੁਰੂ ਗ੍ਰੰਥ : ਮਾਰੂ ਮਸਤਅੰਗ ਮੇਵਾਰਾ ॥

ਮਾਧਵਨਲ ਦੇਵਨਾਗਰੀ : ਮਾਰੂ ਮਿਸ਼ਟ੍ ਅੰਗ ਮੇਵਾਰਾ ॥

ਮਾਧਵਨਲ ਗੁਰਮੁਖੀ : ਮਾਰੂ ਮਸਤਅੰਗ ਮੇਵਾਰਾ ॥

ਸਮੀਖਿਆ- 'ਮਾਧਵਨਲ' ਗੁਰਮੁਖੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਵਿਚ ਕੋਈ ਅੰਤਰ ਨਹੀਂ, ਪਰ ਦੇਵਨਾਗਰੀ ਪਾਠ 'ਮਸਤਅੰਗ' ਦੀ ਥਾਂ 'ਮਿਸ਼ਟਅੰਗ' ਹੈ। ਰਾਗਮਾਲਾ ਦੇ ਵਿਰੋਧੀਆਂ ਦਾ ਇਤਰਾਜ਼ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਪਾਠ ਗ਼ਲਤ ਹੈ। ਇਹ ਸਮਝ ਤੋਂ ਬਾਹਰ ਹੈ ਕਿ ਆਲਮ ਦੀ ਪੁਸਤਕ ਵਿਚਲੇ ਅਜਿਹੇ ਪਾਠ ਨੂੰ ਉਹ ਸ਼ੁਧ ਕਿਵੇਂ ਮੰਨ ਲੈਂਦੇ ਹਨ ? ਵਾਸਤਵ ਵਿਚ ਵਿਰੋਧੀ ਧਿਰ ਦਾ ਅਗਿਆਨ ਹੀ ਅਜਿਹੇ ਵਿਰੋਧ ਦਾ ਮੂਲ ਕਾਰਣ ਹੈ। ਇਸੇ ਅਗਿਆਨ ਦੇ ਪ੍ਰਭਾਵ ਵਿਚ ਹੀ ਦੇਵਨਾਗਰੀ ਉਲਥਾਕਾਰ ਨੇ ਆਪਣੇ ਵਲੋਂ ਮੂਲ-

ਪਾਠ ਨੂੰ ਸੋਧਣ ਦਾ ਯਤਨ ਕੀਤਾ ਹੈ, ਪਰ ਹੋਇਆ ਇਸ ਦੇ ਉਲਟ ਹੈ। ਜੇ ਉਲਥਾਕਾਰ ਅਤੇ ਰਾਗਮਾਲਾ ਦਾ ਵਿਰੋਧ ਕਰਨ ਵਾਲੇ ਸੰਗੀਤ-ਗ੍ਰੰਥਾਂ ਦੀ ਪੜਤਾਲ ਕਰਦੇ, ਤਾਂ ਉਨ੍ਹਾਂ ਦੀ ਸ਼ੰਕਾ ਨਿਵਿਰਤੀ ਸੰਭਵ ਸੀ। ਵਾਸਤਵ ਵਿਚ ਹਨੁਮਾਨ ਮਤ (ਸੰਗੀਤ ਬਿਨੋਦ) ਨੇ 'ਮਸਤਾਂਗ' ਨੂੰ ਮਾਲਕੌਂਸ ਦਾ ਪੁਤ੍ਰ ਮੰਨਿਆ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵੀ ਇਹ 'ਮਾਲਕਉਸਕ' ਦਾ ਹੀ ਪੁਤ੍ਰ ਹੈ। ਸੋ ਇਸ ਸ਼ਾਸਤ੍ਰ-ਪ੍ਰਵਾਣਿਤ ਤਥ ਨੂੰ ਜ਼ੇਰੇ-ਨਜ਼ਰ ਕੀਤੇ ਬਿਨਾ ਭ੍ਰਮ ਵਿਚ ਹੀ ਸ਼ਮਸ਼ੇਰ ਸਿੰਘ 'ਅਸ਼ੋਕ' ਅਤੇ ਪਿਆਰਾ ਸਿੰਘ 'ਪਦਮ' ਨੇ ਅਗਿਆਨਮਈ ਕੂਕਾਂ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਤਰੁਟੀਪੂਰਵਕ ਘੋਸ਼ਿਤ ਕਰ ਦਿਤਾ ਹੈ।

ਸਾਰ- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਇਆ 'ਮਾਰੂ ਮਸਤਅੰਗ ਮੇਵਾਰਾ' ਬਿਲਕੁਲ ਯੁਕਤੀ-ਸੰਗਤ ਅਤੇ ਸ਼ਾਸਤ੍ਰ-ਸੰਮਤ ਪਾਠ ਹੈ।

ਗੁਰੂ ਗ੍ਰੰਥ : ਪ੍ਰਬਲ ਚੰਡਕਉਸਕ ਉਭਾਰਾ ॥

ਮਾਧਵਨਲ ਦੇਵਨਾਗਰੀ : ਵਰਵਲ ਚੰਦ ਉਕਾਸ ਉਭਾਰਾ ॥

ਮਾਧਵਨਲ ਗੁਰਮੁਖੀ : ਪ੍ਰਬਲ ਚੰਦ ਕਉਸਕ ਉਭਾਰਾ ॥

ਸਮੀਖਿਆ- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਪਾਠ ਦਾ ਸੰਧੀ-ਛੇਦ ਗ਼ਲਤ ਹੈ। 'ਪ੍ਰਬਲਚੰਡ' ਕੋਈ ਰਾਗ ਨਹੀਂ, ਰਾਗ ਹੈ 'ਚੰਡਕਉਸਕ' ਅਰਥਾਤ ਅਜ ਦਾ 'ਚੰਦ੍ਰਕੌਂਸ' ਰਾਗ। ਦੇਵਨਾਗਰੀ ਨੁਸਖ਼ੇ ਦਾ ਪਾਠ ਬਿਲਕੁਲ ਅਸ਼ੁਧ ਹੈ। ਆਲਮ ਵਾਲੇ ਗੁਰਮੁਖੀ ਨੁਸਖ਼ੇ ਵਿਚ ਸੋਧ ਕਰਨ ਦੀ ਚੇਸ਼ਟਾ ਦਿਸਦੀ ਹੈ। ਆਲਮ ਦੇ ਗੁਰਮੁਖੀ ਨੁਸਖ਼ੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਪਹਿਲੇ ਰਾਗ ਦਾ ਨਾਮ 'ਪ੍ਰਬਲ' ਹੈ, ਜਦੋਂ ਕਿ ਦੇਵਨਾਗਰੀ ਵਿਚ 'ਵਰਵਲ' ਲਿਖਿਆ ਹੋਇਆ ਹੈ। ਅਸ਼ੋਕ ਜੀ ਅਤੇ ਪਦਮ ਜੀ ਦੀ ਪਹੁੰਚ 'ਵਰਵਲ' ਤਕ ਸੀ, ਇਸ ਲਈ ਉਨ੍ਹਾਂ ਨੇ 'ਪ੍ਰਬਲ' ਨੂੰ ਗ਼ਲਤ ਨਾਮ ਕਰਾਰ ਦੇ ਦਿਤਾ। ਪਰ ਉਹ ਇਸ ਤਥ ਤੋਂ ਅਣਜਾਣ ਸਨ ਕਿ 'ਹਨੁਮਾਨ ਮਤ (ਸੰਗੀਤ ਬਿਨੋਦ)' ਅਨੁਸਾਰ ਰਾਗ 'ਪ੍ਰਬਲ' ਮਾਲਕੌਂਸ ਦਾ ਹੀ ਪੁਤ੍ਰ ਹੈ। ਪ੍ਰੋ. ਇਨਾਯਤ ਖਾਂ ਅਨੁਸਾਰ ਵੀ 'ਪ੍ਰਬਲ' ਰਾਗ 'ਮਾਲਕੌਸ਼' ਦਾ ਪੁਤ੍ਰ ਹੈ। 'ਚੰਡ' ਸ਼ਬਦ 'ਚੰਦ' ਵਾਸਤੇ ਵਰਤਿਆ ਗਿਆ ਹੈ। ਅਸੀਂ ਜਾਣਦੇ ਹਾਂ ਕਿ ਪੰਜਾਬੀ ਵਿਚ 'ਦ' ਦੀ ਆਵਾਜ਼ ਪੰਜਾਬੀ ਦੀਆਂ ਕੁਝ ਉਪ-ਭਾਖਾਵਾਂ ਵਿਚ 'ਡ' ਹੋ ਜਾਣੀ ਸੁਭਾਵਿਕ ਹੈ, ਜਿਵੇਂ- ਗੁਰਬਾਣੀ ਵਿਚ ਦੇਈ ਵਾਸਤੇ ਡੇਈ, ਦੇਖਾ ਲਈ ਡੇਖਾ, ਦਖਣੇ ਲਈ ਡਖਣੇ, ਸਦ ਲਈ ਸਡ (ਭੇਰੀ ਸਡੋ ਰਡ, ਫਰੀਦਾ ਗੋਰ ਨਿਮਾਣੀ ਸਡੁ ਕਰੇ) ਆਦਿ। ਸੋ

'ਚੰਦ' ਨੂੰ ਹੀ 'ਚੰਡ' ਲਿਖਿਆ ਹੈ ਅਤੇ ਇਹ ਭਾਰਤੀ ਸੰਗੀਤ ਵਿਚ ਅਜ ਵੀ ਪ੍ਰਚਲਿਤ 'ਚੰਦ੍ਰਕੌਸ਼' ਹੈ, ਜਿਸ ਦਾ ਪੁਰਾਣਾ ਨਾਮ 'ਚੰਦਕਉਸ਼ਕ' ਹੈ, ਕਿਉਂਕਿ ਇਹ ਰਾਗ 'ਮਾਲਕੌਸ਼' ਵਾਂਗ ਹੀ 'ਚੰਦ੍ਰ' ਅਤੇ 'ਕੌਸ਼ਿਕ' ਦੇ ਮਿਸ਼ਣ ਤੋਂ ਬਣਿਆ ਹੈ।

ਸਾਰ- ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਸਰਵ-ਭਾਂਤਿ ਉਚਿਤ ਹੈ, ਜਦੋਂ ਕਿ ਦੇਵਨਾਗਰੀ ਪਾਠ ਬਿਲਕੁਲ ਅਨੁਚਿਤ।

ਗੁਰੂ ਗ੍ਰੰਥ : ਖਉਖਟ ਅਉ ਭਉਰਾਨਦ ਗਾਏ ॥

ਮਾਧਵਨਲ ਦੇਵਨਾਗਰੀ : ਖੋਖਰ ਅਰ ਭਵਰਾਨੰਦ ਆਯੇ ॥

ਮਾਧਵਨਲ ਗੁਰਮੁਖੀ : ਕੌਖਟ ਅਉ ਭਉਰਾਨੰਦ ਆਯੋ ॥

ਸਮੀਖਿਆ- ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 'ਖਉਖਟ' ਅਤੇ 'ਮਾਧਵਨਲ' ਗੁਰਮੁਖੀ ਵਿਚ ਰਾਗ-ਨਾਮ 'ਕੌਖਟ' ਦਿਤਾ ਹੈ, ਪਰ ਦੇਵਨਾਗਰੀ ਨੁਸਖ਼ੇ ਵਿਚ ਬਿਲਕੁਲ ਭਿੰਨ 'ਖੋਖਰ' ਲਿਖਿਆ ਹੈ। ਦੇਵਨਾਗਰੀ ਪਾਠ ਦਾ ਬਹੁਤ ਫ਼ਰਕ ਹੈ। ਰਾਗ ਅਪ੍ਰਚਲਿਤ ਹੋਣ ਕਾਰਨ ਪੁਸ਼ਟੀ ਮੁਸ਼ਕਿਲ ਹੈ, ਪਰ ਇਹ 'ਸਪਸ਼ਟ' ਹੈ ਕਿ ਇਹ ਰਾਗ 'ਖਟ' ਦਾ ਹੀ ਕੋਈ ਮਿਸ਼੍ਰਿਤ ਸਰੂਪ ਹੋਵੇਗਾ, ਸੋ 'ਖੋਖਰ' ਲਿਖਣਾ ਸੁਧਾਰਵਾਦੀ ਚੇਸ਼ਟਾ ਹੈ, ਜੋ ਆਰੰਭਿਕ ਨਹੀਂ, ਮਗਰਲੀ ਹੈ। ਆਲਮ ਦੇ ਦੋਹਾਂ ਪਾਠਾਂ ਵਿਚ ਆਇਆ 'ਆਯੋ' ਸ਼ਬਦ ਉਤਨਾ ਯੁਕਤੀ-ਸੰਗਤ ਨਹੀਂ, ਕਿਉਂਕਿ ਇਹ ਦੋ ਰਾਗ ਹਨ, ਇਨ੍ਹਾਂ ਲਈ 'ਆਏ' ਸ਼ਬਦ ਹੋਣਾ ਚਾਹੀਦਾ ਸੀ, ਉਂਵ ਅਸਲੋਂ ਉਚਿਤ ਸ਼ਬਦ ਤਾਂ 'ਗਾਏ' ਹੀ ਹੈ, ਜੋ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੈ, ਕਿਉਂਕਿ ਰਾਗ ਦੇ ਆਗਮਨ ਨਾਲੋਂ ਰਾਗ ਦਾ ਗਾਇਨ ਜ਼ਿਆਦਾ ਢੁਕਵਾਂ ਹੈ।

ਸਾਰ- ਗੁਰੂ ਗ੍ਰੰਥ ਜੀ ਵਾਲਾ ਪਾਠ ਹੀ ਸਭ ਤੋਂ ਉਚਿਤ ਹੈ।

ਗੁਰੂ ਗ੍ਰੰਥ : ਅਸਟ ਮਾਲਕਉਸਕ ਸੰਗਿ ਲਾਏ ॥ ੧ ॥

ਮਾਧਵਨਲ ਦੇਵਨਾਗਰੀ : ਮਾਲਕੌਂਸ ਆਠੋ ਸੁਤ ਗਾਯੇ ॥ ੧ ॥

ਮਾਧਵਨਲ ਗੁਰਮੁਖੀ : ਮਾਲ ਕੌਂਸ ਰਾਗ ਸੰਗ ਲਾਏ ॥ ੧ ॥

ਸਮੀਖਿਆ- ਦੇਵਨਾਗਰੀ ਪਾਠ ਬਿਲਕੁਲ ਭਿੰਨ ਹੈ। ਗੁਰਮੁਖੀ ਨੁਸਖ਼ੇ ਦੇ ਸ਼ਬਦ 'ਮਾਲਕੌਂਸ' ਅਤੇ 'ਸੰਗ' ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 'ਮਾਲਕਉਸਕ' ਅਤੇ 'ਸੰਗਿ' ਤੋਂ ਨਵੀਨ ਹਨ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੰਕਤੀ ਦੇ ਅਰਥ- (ਇੰਵ ਵਿਦਵਾਨਾਂ ਦੁਆਰਾ) ਰਾਗ ਮਾਲਕੌਸ਼ਿਕ ਨਾਲ ਅਠ ਪੁਤਰ ਜੋੜੇ ਗਏ ਹਨ, ਬਿਲਕੁਲ ਉਚਿਤ ਅਤੇ ਆਲਮ ਦੇ ਦੋਹਾਂ ਤੋਂ ਚੰਗੇਰਾ ਅਤੇ ਨਿਰਦੋਸ਼ ਹੈ।

ਸਾਰ- ਸ਼ਬਦਾਵਲੀ, ਅਰਥ ਅਤੇ ਭਾਵ ਕਾਰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੰਕਤੀ ਹੀ ਸਰਵੋਤਮ ਹੈ।

ਗੁਰੂ ਗ੍ਰੰਥ : ਪੁਨਿ ਆਇਅਉ ਹਿੰਡੋਲੁ ਪੰਚ ਨਾਰਿ ਸੰਗਿ ਅਸਟ ਸੁਤ ॥

ਮਾਧਵਨਲ ਦੇਵਨਾਗਰੀ : ਪੁਨ ਆਯੋ ਹਿੰਡੋਲੁ ਪੰਚ ਵਰਾਂਗਨ ਸੰਗ ਲੇ ॥

ਮਾਧਵਨਲ ਗੁਰਮੁਖੀ : ਪੁਨ ਆਯੋ ਹਿੰਡੋਲ ਪਾਂਚ ਨਾਰ ਸੰਗ ਅਸਟ ਸੁਤ ॥

ਸਮੀਖਿਆ- 'ਪੁਨਿ' ਲਿਖਣ ਲਗਿਆਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਕਸਾਰਤਾ ਹੈ। ਦੂਜੀਆਂ ਦੋਹਾਂ ਲਿਖਤਾਂ ਵਿਚ ਕਦੇ 'ਪੁਨ' ਕਦੇ 'ਪੁਨਿ' ਲਿਖਿਆ ਗਿਆ ਹੈ। ਇਸ ਤੁਕ ਦਾ ਦੇਵਨਾਗਰੀ ਪਾਠ ਬਹੁਤ ਵਿਕ੍ਰਿਤ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਾਗਮਾਲਾ ਵਿਚ ਵਰਤੇ 'ਆਇਅਉ' ਨੂੰ ਆਲਮ ਦੀਆਂ ਕ੍ਰਿਤੀਆਂ ਵਿਚ 'ਆਯੋ' ਲਿਖਿਆ ਗਿਆ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦ ਪੰਚ, ਨਾਰਿ, ਸੰਗਿ ਆਦਿ ਆਲਮ ਦੀਆਂ ਕ੍ਰਿਤੀਆਂ ਦੇ ਪਾਂਚ, ਨਾਰ ਅਤੇ ਸੰਗ ਨਾਲੋਂ ਪੁਰਾਣੇ ਹਨ। 'ਨਾਰਿ' ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਿਤੇ ਵੀ 'ਨਾਰ' ਨਹੀਂ ਲਿਖਿਆ ਗਿਆ, ਜਦੋਂ ਕਿ ਆਲਮ ਦੀ ਰਚਨਾ ਵਿਚ ਇਹ ਹੋਇਆ ਹੈ, ਹਾਲਾਕਿ ਅਸੀਂ ਉਪਰ ਕਿਹਾ ਸੀ ਕਿ ਇਹ ਪ੍ਰਵਿਰਤੀ ਸ਼੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਤਕ ਪ੍ਰਚਲਣ ਵਿਚ ਆਉਂਦੀ ਹੈ। ਇਸ ਤੋਂ ਬਹੁਤ ਸਪਸ਼ਟ ਹੋ ਜਾਂਦਾ ਹੈ ਕਿ 'ਮਾਧਵਨਲ' ਗੁਰਮੁਖੀ ਰਚਨਾ ਨੂੰ ਜ਼ਿਆਦਾ ਤੋਂ ਜ਼ਿਆਦਾ ਸ਼੍ਰੀ ਦਸਮ ਗ੍ਰੰਥ ਸਾਹਿਬ ਜੀ ਦੀਆਂ ਰਚਨਾਵਾਂ ਜਿਤਨਾ ਪੁਰਾਤਨ ਹੀ ਠਹਿਰਾਇਆ ਜਾ ਸਕਦਾ ਹੈ। ਇਹ ਵੀ ਵੇਖਣਾ ਰੁਚੀਕਰ ਹੈ ਕਿ ਗੁਰੂ ਗ੍ਰੰਥ ਦੀ ਉਪਰੋਕਤ ਪੰਕਤੀ ਵਿਚ 'ਹਿੰਡੋਲ' ਬਾਬਤ ਪਰਿਪੂਰਣ ਸੂਚਨਾ ਸੀ ਕਿ 'ਹਿੰਡੋਲ' ਦਾ ਆਗਮਨ ਪੰਜ ਰਾਗਿਨੀਆਂ ਅਤੇ ਅਠ ਪੁਤ੍ਰਾਂ ਨਾਲ ਹੁੰਦਾ ਹੈ। ਇਸ ਪਰਿਪੂਰਨਤਾ ਨੂੰ ਦੇਵਨਾਗਰੀ ਪਾਠ ਨੇ 'ਹਿੰਡੋਲ ਪੰਜ ਰਾਗਿਨੀਆਂ ਨਾਲ ਆਇਆ ਹੈ' ਕਹਿ ਕੇ ਅਪੂਰਨਤਾ ਵਿਚ ਬਦਲ ਦਿਤਾ ਹੈ।

ਸਾਰ- ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਾਗਮਾਲਾ ਦਾ ਪਾਠ ਸਰਵ-ਸ਼੍ਰੇਸ਼ਠ ਅਤੇ ਪੁਰਾਣਾ ਹੈ।

ਗੁਰੂ ਗ੍ਰੰਥ : ਉਠਹਿ ਤਾਨ ਕਲੋਲ ਗਾਇਨ ਤਾਰ ਮਿਲਾਵਹੀ ॥ ੧ ॥

ਮਾਧਵਨਲ ਦੇਵਨਾਗਰੀ : ਉਠਿ ਕਰ ਤਾਲ ਕਲੋਲ ਗਾਵਹਿ ਤਾਲ ਮਿਲਾਇ ਕੈ ॥ ੧ ॥

ਮਾਧਵਨਲ ਗੁਰਮੁਖੀ : ਉਠੈ ਤਾਨ ਕਲੋਲ ਗਾਵਹਿ ਤਾਲਿ ਮਿਲਾਇਕੈ ॥ ੧ ॥

ਸਮੀਖਿਆ- ਜ਼ਰਾ ਪਾਠਕ ਜਨ 'ਮਾਧਵਨਲ' ਦੇਵਨਾਗਰੀ ਦੀ ਇਸ ਪੰਕਤੀ ਦੇ ਅਰਥਾਂ ਵਲ ਧਿਆਨ ਦੇਣ। ਸਾਡੇ ਪਰਮ-ਪ੍ਰਵੀਨ ਵਿਦਵਾਨਾਂ ਦੁਆਰਾ ਵਿਵੇਕੀ ਠਹਿਰਾਇਆ ਆਲਮ ਲਿਖਦਾ ਹੈ- ਤਾਲ ਉਠ ਕੇ ਕਿਲੋਲ ਕਰਦੀ ਹੈ, (ਉਹ) ਤਾਲ ਮਿਲਾ ਕੇ ਗਾਉਂਦੇ ਹਨ। 'ਮਾਧਵਨਲ' ਗੁਰਮੁਖੀ ਦੇ ਅਰਥ- ਤਾਨ ਦੀ ਲਹਿਰ ਉਠਦੀ ਹੈ, (ਉਹ) ਤਾਲ ਮਿਲਾ ਕੇ ਗਾਇਨ ਕਰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੰਕਤੀ ਦੇ ਅਰਥ ਬਣਦੇ ਹਨ- ਤਾਨਾਂ ਦੀਆਂ ਲਹਿਰਾਂ ਉਠਦੀਆਂ ਹਨ, (ਜਦੋਂ ਗਾਇਕ) ਤਾਰ ਮਿਲਾ ਕੇ (ਅਰਥਾਤ ਸਾਜ਼ਾਂ ਅਤੇ ਗਾਇਕਾਂ ਦੇ ਸੁਰ ਮਿਲਾ ਕੇ) ਗਾਇਨ ਕਰਦੇ ਹਨ। ਅੰਦਾਜ਼ਾ ਲਗਾਓ, ਦੇਵਨਾਗਰੀ ਦੇ ਰਚਨਾਕਾਰ ਨੂੰ ਇਹ ਨਹੀਂ ਪਤਾ ਕਿ ਤਾਲ ਸਭਾ ਵਿਚ ਉਠ ਕੇ ਖੜੀ ਹੋ ਸਕਦੀ ਹੈ ਜਾਂ ਨਹੀਂ, ਪਤਾ ਨਹੀਂ ਉਸ ਨੇ ਕਦੇ ਮ੍ਰਿਦੰਗ ਜਾਂ ਪਖਾਵਜ ਉਠ ਕੇ ਖੜੀ ਹੁੰਦੀ ਦੇਖੀ ਹੋਵੇਗੀ, ਆਖ਼ਿਰ ਚਮਤਕਾਰੀ ਯੁਗ ਦੀਆਂ ਗਲਾਂ ਹਨ। 'ਮਾਧਵਨਲ' ਗੁਰਮੁਖੀ ਦੇ ਰਚਨਾਕਾਰ ਨੂੰ ਇਹ ਨਹੀਂ ਪਤਾ ਕਿ ਗਾਇਨ ਵਿਚ ਤਾਨ ਦੀ ਲਹਿਰ ਉਠਦੀ ਹੈ, ਜਾਂ ਤਾਨਾਂ ਦੀਆਂ ਲਹਿਰਾਂ ਉਠਦੀਆਂ ਹਨ। ਇਸੇ ਅਗਿਆਨ ਕਾਰਨ ਰਚਨਾਕਾਰ/ਉਲਥਾਕਾਰ ਨੂੰ ਸਮਝ ਨਹੀਂ ਆਈ ਕਿ 'ਤਾਰ ਮਿਲਾਵਹੀ' ਦੇ ਅਰਥ ਕੀ ਹਨ, ਉਸ ਨੇ ਕਦੇ ਸੁਣਿਆ ਨਹੀਂ ਹੋਵੇਗਾ ਕਿ ਗਾਇਨ/ਵਾਦਨ ਵਾਸਤੇ ਸੁਰ ਮਿਲਾਉਣੇ ਵੀ ਜ਼ਰੂਰੀ ਹੁੰਦੇ ਹਨ। ਹਾਂ, ਉਸ ਨੇ ਕਿਸੇ ਮਹਾਤਮਾ ਦੇ ਰੂਹਾਨੀ ਸਤਿਸੰਗ ਵਿਚ ਢੋਲਕ ਮਿਲਾਉਂਦਿਆਂ ਦੇਖਿਆ ਹੋਵੇਗਾ। ਅਸ਼ੋਕ ਅਤੇ ਪਦਮ ਜੀ ਨੂੰ ਵੀ 'ਗਾਇਨ ਤਾਰ ਮਿਲਾਵਹੀ' ਦੀ ਸੂਝ ਬਿਲਕੁਲ ਨਹੀਂ ਸੀ, ਇਸੇ ਕਾਰਨ ਉਹ ਰਾਗਾਂ ਦੇ ਪਿਛੇ ਪਏ ਸਨ, ਨਹੀਂ ਤਾਂ ਇਨ੍ਹਾਂ ਵਿਚਾਰੇ ਰਾਗਾਂ ਦੀ ਪੁਨੀਤ ਆਤਮਾ ਦਾ ਕਿਸੇ ਨਾਲ ਕੀ ਵਿਰੋਧ ਸੀ ? ਇਨ੍ਹਾਂ ਨੇ ਆਪਣੀ ਰੂਹਾਨੀਅਤ ਨਾਲ ਸੰਸਾਰ ਨੂੰ ਸਦਾ ਹਰਾ-ਭਰਾ ਹੀ ਕੀਤਾ ਹੈ, ਕਿਸੇ ਦਾ ਵਿਗਾੜਿਆ ਤਾਂ ਕੁਝ ਨਹੀਂ। ਇਨ੍ਹਾਂ ਨੂੰ ਚਾਹੇ 'ਕਾਮਕੰਦਲਾ' ਗਾ ਲਵੇ ਜਾਂ 'ਗੁਰੁਜਨ' ਗਾ ਲੈਣ ਇਨ੍ਹਾਂ ਦੀ ਪਵਿਤ੍ਰਤਾ ਨਾ ਕਦੇ ਘਟਦੀ ਹੈ, ਨਾ ਕੋਈ ਵਧਾ ਸਕਦਾ ਹੈ, ਕਿਉਂਜੁ ਦੈਵੀ ਪਵਿਤ੍ਰਤਾ ਨੂੰ ਕੌਣ ਵਧਾ-ਘਟਾ ਸਕਣ ਦੇ ਸਮਰਥ ਹੈ। ਸੋ ਅਗਿਆਨਵਸ਼ ਹੀ ਵਿਦਵਾਨਾਂ ਨੇ 'ਤਾਰ ਮਿਲਾਵਹੀ' ਪਾਠ ਨੂੰ ਨਕਾਰ ਕੇ 'ਤਾਲ ਮਿਲਾਇਕੈ' ਪਾਠ ਨੂੰ ਸ਼ੁਧਤਾ ਦਾ ਪ੍ਰਮਾਣ-ਪਤ੍ਰ ਜਾਰੀ ਕਰ ਦਿਤਾ ਹੈ।

ਸਾਰ- 'ਮਾਧਵਨਲ' ਦੇ ਦੋਹਾਂ ਨੁਸਖਿਆਂ ਦਾ ਪਾਠ ਅਰਥਹੀਣ ਅਤੇ ਅਗਿਆਨਮਈ ਹੈ, ਜਦੋਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਈ ਪੰਕਤੀ ਪਰਿਪੂਰਨ ਅਥਵਾ ਸਰਵਥਾ ਨਿਰਦੋਸ਼ ਹੈ।

ਗੁਰੂ ਗ੍ਰੰਥ : ਤੇਲੰਗੀ ਦੇਵਕਰੀ ਆਈ ॥

ਮਾਧਵਨਲ ਦੇਵਨਾਗਰੀ : ਤੈਲੰਗੀ ਦੇਵਗਰੀ ਜਵ ਆਈ ॥

ਮਾਧਵਨਲ ਗੁਰਮੁਖੀ : ਤਿਲੰਗੀ ਦੇਵਕਰੀ ਆਈ ॥

ਸਾਰ- ਦੇਵਨਾਗਰੀ ਨੁਸਖ਼ੇ ਦਾ ਪਾਠ ਸਰਵ-ਭਾਂਤਿ ਪਲੀਦ ਹੈ। ਦੂਜੇ ਦੋਹਾਂ ਪਾਠਾਂ ਵਿਚ ਕੋਈ ਮੂਲਭੂਤ ਅੰਤਰ ਨਹੀਂ। ਗੁਰਮੁਖੀ 'ਤਿਲੰਗੀ' ਦਾ ਸ਼ਾਸਤ੍ਰ-ਸੰਮਤ ਨਾਮ 'ਤੈਲੰਗੀ' ਹੈ[42]।

ਗੁਰੂ ਗ੍ਰੰਥ : ਬਸੰਤੀ ਸੰਦੂਰ ਸੁਹਾਈ ॥

ਮਾਧਵਨਲ ਦੇਵਨਾਗਰੀ : ਵਾਸੰਤੀ ਸਿੰਧੂਰੀ ਸੁਹਾਈ ॥

ਮਾਧਵਨਲ ਗੁਰਮੁਖੀ : ਬਸੰਤੀ ਸਿੰਧੂਰ ਸੁਹਾਈ ॥

ਸਮੀਖਿਆ- ਤਿੰਨਾਂ ਰਚਨਾਵਾਂ ਵਿਚ ਰਾਗ-ਨਾਮ ਕੁਝ ਅੰਤਰ ਨਾਲ ਲਿਖੇ ਹਨ। ਦੇਵਨਾਗਰੀ ਨੁਸਖ਼ੇ ਵਿਚ 'ਬਸੰਤੀ' ਨੂੰ 'ਵਾਸੰਤੀ' ਲਿਖਿਆ ਹੈ। ਦੋਵੇਂ ਨਾਮ ਸ਼ਾਸਤ੍ਰ-ਸੰਮਤ ਹਨ। ਦੂਜੇ ਰਾਗ ਨੂੰ 'ਮਾਧਵਨਲ' ਗੁਰਮੁਖੀ ਨੇ ਸਿੰਧੂਰ, ਦੇਵਨਾਗਰੀ ਨੁਸਖ਼ੇ ਵਿਚ ਸਿੰਧੂਰੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 'ਸੰਦੂਰ' ਲਿਖਿਆ ਹੈ। ਪ੍ਰੋ. ਪਿਆਰਾ ਸਿੰਘ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਵਡੀ ਨਾਰਾਜ਼ਗੀ ਹੈ ਕਿ ਇਸ ਗ੍ਰੰਥ ਦੀ ਮਿਲਾਵਟੀ ਰਾਗਮਾਲਾ ਵਿਚ 'ਸਿੰਧਰੀ' ਨੂੰ 'ਸੰਦੂਰ' ਕਿਉਂ ਲਿਖਿਆ ਗਿਆ ਹੈ ? ਅਸਲ ਵਿਚ ਕਈ ਰਾਗਾਂ ਦੇ ਇਕ ਨਹੀਂ, ਇਕ ਤੋਂ ਵਧੀਕ ਨਾਮ ਹਨ। ਭਾਰਤੀ ਸੰਗੀਤ ਦੇ ਮਹਾਨਤਮ ਪੰਡਿਤ ਵਿਸ਼ਣੂ ਨਾਰਾਇਣ ਭਾਤਖੰਡੇ ਜੀ 'ਸ੍ਰੀਮਲ੍ਲਕ੍ਸ਼੍ਯਸੰਗੀਤਮ੍' ਵਿਚ ਲਿਖਦੇ ਹਨ ਕਿ ਗੁਣੀਜਨ 'ਸਿੰਦੂਰਾ' ਦਾ ਹੀ ਇਕ ਨਾਮ 'ਸਿੰਧੋੜਾ' ਦਸਦੇ ਹਨ[43]। ਕਈ ਹੋਰ ਰਾਗਾਂ ਦੇ ਨਾਵਾਂ ਵਿਚ ਵੀ ਸਮੇਂ ਅਤੇ ਸਥਾਨ ਕਾਰਨ ਅਜਿਹੀ ਵਿਕ੍ਰਿਤੀ ਆਈ ਹੈ, ਜਿਵੇਂ- ਵਰਾਟੀ, ਵਿਰਾਟੀ, ਵੈਰਾਟੀ, ਵਰਾਰੀ, ਬੈਰਾੜੀ ਇਕੋ ਰਾਗ ਦੇ ਭਿੰਨ ਨਾਮ ਹਨ। ਸੋ ਸਪਸ਼ਟ ਹੈ ਕਿ ਇਕੋ ਰਾਗ ਦੇ ਸਥਾਨਕ ਬੋਲੀ ਅਨੁਸਾਰ ਕਈ-ਕਈ ਨਾਮ ਪ੍ਰਚਲਿਤ ਰਹੇ ਹਨ। ਇਸ ਤਰ੍ਹਾਂ ਵਿਰੋਧੀ ਧਿਰ ਦੀ ਇਹ ਯੁਕਤੀ ਆਧਾਰਹੀਣ ਹੈ, ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਇਆ 'ਸੰਦੂਰ' ਨਾਮ ਗ਼ਲਤ ਹੈ।

---

42. ਸ੍ਰੀਮਲ੍ਲਕ੍ਸ਼੍ਯਸੰਗੀਤਮ੍, ਪੰਨਾ 426
43. ਸ੍ਰੀਮਲ੍ਲਕ੍ਸ਼੍ਯਸੰਗੀਤਮ੍, ਪੰਨਾ 426

ਸਾਰ- ਤਿੰਨਾਂ ਗ੍ਰੰਥਾਂ ਵਿਚ ਆਏ ਨਾਮ ਉਚਿਤ ਹਨ, ਹਾਲਾਕਿ ਆਲਮ ਦੀਆਂ ਦੋਹਾਂ ਰਾਗਮਾਲਾਵਾਂ ਵਿਚ ਪਾਠ-ਭੇਦ ਕਾਇਮ ਹੈ।

ਗੁਰੂ ਗ੍ਰੰਥ : ਸਰਸਅਹੀਰੀ ਲੈ ਭਾਰਜਾ ॥

ਮਾਧਵਨਲ ਦੇਵਨਾਗਰੀ : ਸਰਸ ਅਹੀਰੀ ਲੈ ਆਰਜਾ ॥

ਮਾਧਵਨਲ ਗੁਰਮੁਖੀ : ਸਰਸ ਅਹੀਰੀ ਲੈ ਭਾਰਜਾ ॥

ਸਾਰ- ਤਿੰਨਾਂ ਗ੍ਰੰਥਾਂ ਵਿਚਲੀ ਇਹ ਪੰਕਤੀ ਇਕਸਾਰ ਹੈ, ਕੇਵਲ ਦੇਵਨਾਗਰੀ ਨੁਸਖ਼ੇ ਵਿਚ 'ਭਾਰਜਾ' ਨੂੰ ਵਿਵੇਕਹੀਣਤਾ ਸਹਿਤ 'ਆਰਜਾ' ਲਿਖ ਦਿਤਾ ਹੈ। ਇਹ ਬਹੁਤ ਸਪਸ਼ਟ ਹੁੰਦਾ ਜਾ ਰਿਹਾ ਹੈ ਕਿ ਆਲਮ ਦਾ ਦੇਵਨਾਗਰੀ ਨੁਸਖ਼ਾ ਉਸ ਦੇ ਗੁਰਮੁਖੀ ਨੁਸਖ਼ੇ ਤੋਂ ਜ਼ਿਆਦਾ ਤਰੁਟੀਪੂਰਣ ਹੈ, ਜਿਸ ਦਾ ਇਕੋ ਭਾਵ ਹੈ ਕਿ ਆਲਮ ਰਚਿਤ 'ਮਾਧਵਨਲ ਕਾਮਕੰਦਲਾ' ਮੂਲ ਰੂਪ ਵਿਚ ਗੁਰਮੁਖੀ ਦੀ ਰਚਨਾ ਸੀ। ਇਥੇ ਪਾਠਕਾਂ ਨੂੰ ਇਹ ਸੂਚਨਾ ਦੇਣੀ ਵੀ ਜ਼ਰੂਰੀ ਹੈ ਕਿ 'ਸਰਸ' ਅਤੇ 'ਅਹੀਰੀ' ਉਪਰੋਕਤ ਪੰਕਤੀ ਦਾ ਪਦ-ਛੇਦ ਕਰਦਿਆਂ 'ਸਰਸ' ਅਤੇ 'ਅਹੀਰੀ' ਭਿੰਨ-ਭਿੰਨ ਕਰ ਦਿਤੇ ਹਨ। ਇੰਞ ਦੋ ਤਰੁਟੀਆਂ ਆਈਆਂ ਹਨ। ੳ. ਹਿੰਡੋਲ ਦੀਆਂ ਰਾਗਿਨੀਆਂ ਤੇਲੰਗੀ, ਦੇਵਕਰੀ, ਬਸੰਤੀ, ਸੰਦੂਰ, ਸਰਸ ਅਤੇ ਅਹੀਰੀ ਇਹ ਛੇ ਹੋ ਗਈਆਂ ਹਨ, ਜਦੋਂ ਕਿ ਪੰਜ ਚਾਹੀਦੀਆਂ ਸਨ। ਅ. ਦੂਜਾ 'ਸਰਸ' ਪੁਰਸ਼ ਰਾਗ ਸੀ, ਰਾਗਿਨੀ ਨਹੀਂ। ਇਸ ਲਈ 'ਸਰਸਅਹੀਰੀ' ਨੂੰ ਇਕਸਾਥ ਲਿਖਣ-ਪੜ੍ਹਨ ਦੀ ਸਾਵਧਾਨੀ ਜ਼ਰੂਰੀ ਹੈ। ਅਫਸੋਸ ਕਿ ਅਜਿਹੀਆਂ ਉਕਾਈਆਂ ਸੰਬੰਧੀ ਆਮ ਪਾਠਕ ਨੂੰ ਸਾਵਧਾਨ ਕਰਨ ਵਾਸਤੇ ਸਾਡੇ ਵਿਦਵਾਨਾਂ ਨੇ ਕੋਈ ਯਤਨ ਨਹੀਂ ਕੀਤਾ, ਬਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਛਿੰਨ-ਭਿੰਨ ਕਰਨ ਲਈ ਅਸ਼ੋਭਨੀਕ ਟਿਪਣੀਆਂ ਉਤੇ ਹੀ ਸਾਰਾ ਧਿਆਨ ਕੇਂਦ੍ਰਿਤ ਕਰੀ ਰਖਿਆ ਹੈ।

ਗੁਰੂ ਗ੍ਰੰਥ : ਸੰਗਿ ਲਾਈ ਪਾਂਚਉ ਆਰਜਾ ॥

ਮਾਧਵਨਲ ਦੇਵਨਾਗਰੀ : ਸੰਗ ਲਾਈ ਪਾਂਚੋਂ ਭਾਰਜਾ ॥

ਮਾਧਵਨਲ ਗੁਰਮੁਖੀ : ਸੰਗ ਲਾਈ ਪਾਂਚੋਂ ਆਰਜਾ ॥

ਸਮੀਖਿਆ- 'ਮਾਧਵਨਲ' ਦੇ ਦੋਵੇਂ ਨੁਸਖ਼ੇ ਮਗਰਲੇ ਹੋਣ ਕਾਰਨ ਇਨ੍ਹਾਂ ਵਿਚ 'ਸੰਗ' ਅਤੇ 'ਪਾਂਚੋਂ' ਸ਼ਬਦਾਂ ਦੇ ਨਵੀਨ ਰੂਪ ਹਨ। ਦੇਵਨਾਗਰੀ ਨੁਸਖ਼ੇ ਵਿਚ ਪਹਿਲੀ ਤੁਕ ਦੇ ਉਲਟ 'ਆਰਜਾ' ਦੀ ਥਾਂ 'ਭਾਰਜਾ' ਕਰ ਦਿਤਾ ਹੈ।

ਸਾਰ- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚਲਾ ਪਾਠ ਬਿਲਕੁਲ ਤਰੁਟੀ-ਮੁਕਤ ਹੈ।

ਗੁਰੂ ਗ੍ਰੰਥ : ਸੁਰਮਾਨੰਦ ਭਾਸਕਰ ਆਏ ॥

ਮਾਧਵਨਲ ਦੇਵਨਾਗਰੀ : ਸੂਰਮਾਨੰਦ ਭਾਸਕਰ ਆਏ ॥

ਮਾਧਵਨਲ ਗੁਰਮੁਖੀ : ਸੁਰਮਾਨੰਦ ਭਾਸਕਰ ਆਏ ॥

ਸਾਰ- ਕੋਈ ਮੂਲਭੂਤ ਅੰਤਰ ਨਹੀਂ।

ਗੁਰੂ ਗ੍ਰੰਥ : ਚੰਦ੍ਰਬਿੰਬ ਮੰਗਲਨ ਸੁਹਾਏ ॥

ਮਾਧਵਨਲ ਦੇਵਨਾਗਰੀ : ਚੰਦ੍ਰ ਗ੍ਰਸਨ ਕੌ ਰਾਹੂ ਦਿਖਾਏ ॥

ਮਾਧਵਨਲ ਗੁਰਮੁਖੀ : ਚੰਦ੍ਰਬਿੰਬ ਮੰਗਲਾਨਿ ਸੁਹਾਏ ॥

ਸਮੀਖਿਆ- ਦੇਵਨਾਗਰੀ ਪਾਠ ਮੂਲੋਂ ਭ੍ਰਸ਼ਟ ਹੈ। 'ਮਾਧਵਨਲ' ਗੁਰਮੁਖੀ ਨੇ 'ਮੰਗਲਾਨਿ' ਲਿਖ ਕੇ ਰਾਗ-ਪੁਤ੍ਰ ਨੂੰ ਰਾਗਿਨੀ ਵਿਚ ਪਰਿਵਰਤਿਤ ਕਰਨ ਦੀ ਬਜਰ ਭੁਲ ਕੀਤੀ ਹੈ।

ਸਾਰ- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਹੀ ਸਰਵੋਤਮ ਹੈ।

ਗੁਰੂ ਗ੍ਰੰਥ : ਸਰਸਬਾਨ ਅਉ ਆਹਿ ਬਿਨੋਦਾ ॥

ਮਾਧਵਨਲ ਦੇਵਨਾਗਰੀ : ਪੰਚਵੇਨੁ ਅਰੁ ਅਵਰ ਵਿਨੋਦੀ ॥

ਮਾਧਵਨਲ ਗੁਰਮੁਖੀ : ਪੰਚਬਾਨ ਅਉ ਆਹਿ ਬਿਨੋਦਾ ॥

ਸਮੀਖਿਆ- ਦੇਵਨਾਗਰੀ ਰਚਨਾ ਦਾ ਪਾਠ ਬਿਲਕੁਲ ਦੂਸ਼ਿਤ ਹੈ। ਆਲਮ ਦੇ ਦੇਵਨਾਗਰੀ ਨੁਸਖ਼ੇ ਦਾ 'ਪੰਚਵੇਨੁ' ਅਤੇ ਗੁਰਮੁਖੀ ਨੁਸਖ਼ੇ ਦਾ 'ਪੰਚਬਾਨੁ' ਦੋਵੇਂ ਅਸਮਝ ਵਿਚੋਂ ਉਤਪੰਨ ਹੋਏ ਹਨ। 'ਸਰਸਬਾਨ' ਦੁਰਲਭ ਨਾਮ ਹੋਣ ਕਰ ਕੇ ਆਲਮ ਨੇ ਰਾਗ-ਨਾਮ ਸੁਧਾਰਨ ਦੀ ਚੇਸ਼ਟਾ ਕੀਤੀ ਹੈ। ਵਾਸਤਵ ਵਿਚ 'ਸਰਸਬਾਨ' ਰਾਗ 'ਸਰਸ' (ਜੋ ਰਾਗਮਾਲਾ ਦੇ ਅਗਲੇ ਪਦ ਵਿਚ ਮੌਜੂਦ ਹੈ) ਤੋਂ ਉਸੇ ਤਰ੍ਹਾਂ ਬਣਿਆ ਹੈ, ਜਿਵੇਂ 'ਪੰਚਮ' ਨਾਲ 'ਬਾਨ' ਜੁੜਨ ਤੇ ਆਲਮ ਦਾ 'ਪੰਚਬਾਨ' ਬਣ ਗਿਆ ਹੈ। ਅਸਲ ਵਿਚ ਬਾਨ' ਦਾ ਮੂਲ 'ਵਾਹਨ' ਹੋ ਸਕਦਾ ਹੈ। ਪ੍ਰਾਚੀਨ ਕਾਲ ਵਿਚ 'ਵਾਹਿਨੀ' ਰਾਗ ਪ੍ਰਚਲਿਤ ਰਿਹਾ ਹੈ। ਭਾਵੇਂ ਇਸ ਦਾ ਸ਼ੁਧ ਅਸਤਿਤ੍ਵ ਸ਼ਾਸਤ੍ਰ ਵਿਚ ਨਜ਼ਰ ਨਹੀਂ ਆਉਂਦਾ, ਪਰ ਇਹ 'ਵੇਗ' ਨਾਲ ਮਿਲ ਕੇ 'ਵੇਗਵਾਹਿਨੀ' ਅਤੇ 'ਸ਼ਾਲਵ' ਨਾਲ ਮਿਲ ਕੇ 'ਸ਼ਾਲਵਾਹਕਿਾ' ਨਾਮ ਨਾਲ ਪ੍ਰਚਲਿਤ ਰਿਹਾ ਹੈ। ਜਦੋਂ

ਅਸੀਂ 'ਸ਼੍ਰੀਮੱਲਲਕ੍ਸ਼ਯਸੰਗੀਤਮ੍'[44] ਵਿਚ ਰਾਗ 'ਵੇਗਮਧਯ੍ਮਾ' ਵੇਖਦੇ ਹਾਂ ਤਾਂ ਸਪਸ਼ਟ ਹੋ ਜਾਂਦਾ ਹੈ ਕਿ 'ਵੇਗ' ਕਦੇ ਸੁਤੰਤਰ ਰਾਗ ਰਿਹਾ ਹੋਵੇਗਾ। ਉਸ ਦੇ ਘਟੋ-ਘਟ ਦੋ ਰੂਪ 'ਵੇਗਵਾਹਿਨੀ' ਅਤੇ 'ਵੇਗਮਧਯ੍ਮਾ' ਸ਼ਾਸਤ੍ਰ ਨੇ ਸੰਭਾਲ ਰਖੇ ਹਨ। ਇਸ 'ਵਾਹਿਨੀ' ਦਾ ਪੁਰੁਸ਼ ਰਾਗ 'ਵਾਹਨ' ਰਿਹਾ ਹੋਵੇਗਾ, ਜਿਵੇਂ ਬਸੰਤੀ ਦਾ ਬਸੰਤ, ਮਾਲਵੀ ਦਾ ਮਾਲਵ, ਮਲਾਰੀ ਦਾ ਮਲਾਰ, ਕਰਨਾਟੀ ਦਾ ਕਰਨਾਟ, ਗਉੜੀ ਦਾ ਗਉੜਾ। ਉਹੋ 'ਵਾਹਨ' ਭਾਸ਼ਾ-ਵਿਕਾਰ ਕਾਰਨ 'ਬਾਨ' ਹੋ ਗਿਆ ਹੋਵੇ, ਤਾਂ ਕੋਈ ਅਸਚਰਜ ਗਲ ਨਹੀਂ। ਜਿਵੇਂ ਉਹ 'ਪੰਚ' ਨਾਲ ਮਿਲ ਕੇ 'ਪੰਚਬਾਨ' ਹੋ ਗਿਆ, ਉਸੇ ਤਰ੍ਹਾਂ ਰਾਗ 'ਸਰਸ' ਦੇ ਸੰਜੋਗ ਤੋਂ 'ਸਰਸਬਾਨ' ਹੋ ਗਿਆ। ਸੋ 'ਸਰਸਬਾਨ' ਪਾਠ ਨੂੰ ਅਨੁਚਿਤ ਮੰਨਣਾ ਯੁਕਤੀ-ਸੰਗਤ ਨਹੀਂ ਹੈ।

ਸਾਰ- ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਸਹੀ ਹੈ। ਪਰ ਆਲਮ ਦੀਆਂ ਦੋਹਾਂ ਰਚਨਾਵਾਂ ਵਿਚ ਵਖ-ਵਖ ਪ੍ਰਕਾਰ ਦੀ ਸੋਧ ਕਰਨ ਦਾ ਯਤਨ ਕੀਤਾ ਗਿਆ ਹੈ, ਜਿਸ ਦੀ ਕੋਈ ਜ਼ਰੂਰਤ ਨਹੀਂ ਸੀ।

ਗੁਰੂ ਗ੍ਰੰਥ : ਗਾਵਹਿ ਸਰਸ ਬਸੰਤ ਕਮੋਦਾ ॥

ਮਾਧਵਨਲ ਦੇਵਨਾਗਰੀ : ਗਾਵਹਿ ਸਰਸ ਵਸੰਤ ਕਾਮੋਦਾ ॥

ਮਾਧਵਨਲ ਗੁਰਮੁਖੀ : ਗਾਵਹਿ ਸਰਸ ਬਸੰਤ ਕਮੋਦਾ ॥

ਸਮੀਖਿਆ- 'ਮਾਧਵਨਲ' ਗੁਰਮੁਖੀ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਇਕਸਾਰ ਹੈ, ਪਰ ਦੇਵਨਾਗਰੀ ਨੁਸਖ਼ੇ ਨੇ 'ਬਸੰਤ' ਨੂੰ 'ਵਸੰਤ' ਬਣਾਇਆ ਹੈ, ਜੋ ਕਿ ਬਹੁਤ ਵਡੀ ਉਕਾਈ ਨਹੀਂ। ਪਰ ਦੇਵਨਾਗਰੀ ਦੀ ਉਪਰੋਕਤ ਤੁਕ ਵਿਚ ਆਏ 'ਵਿਨੋਦੀ' ਪਦ ਨਾਲ 'ਕਾਮੋਦਾ' ਸ਼ਬਦ ਦਾ ਕਾਵਿਕ ਤੁਕਾਂਤ ਨਹੀਂ ਮਿਲਦਾ।

ਸਾਰ- ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਵਿਚ ਕੋਈ ਉਕਾਈ ਨਹੀਂ।

ਗੁਰੂ ਗ੍ਰੰਥ : ਅਸਟ ਪੁਤ੍ਰ ਮੈ ਕਹੇ ਸਵਾਰੀ ॥

ਮਾਧਵਨਲ ਦੇਵਨਾਗਰੀ : ਅਸਟ੍ ਪੁਤ੍ਰ ਗੁਨ ਕੀਯੋ ਅਪਾਰੀ ॥

ਮਾਧਵਨਲ ਗੁਰਮੁਖੀ : ਅਸਟ ਪੁਤ੍ਰ ਮੈ ਕਹੇ ਸਵਾਰੀ ॥

ਸਮੀਖਿਆ- ਦੇਵਨਾਗਰੀ ਨੁਸਖ਼ੇ ਦਾ ਪਾਠ ਦੂਸ਼ਿਤ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ 'ਮਾਧਵਨਲ' ਗੁਰਮੁਖੀ ਦੇ 'ਅਸਟ ਪੁਤ੍ਰ ਮੈ ਕਹੇ ਸਵਾਰੀ' ਕਥਨ ਤੋਂ ਸਿਧ

44. ਪੰਨਾ 409

ਹੈ ਕਿ ਇਹ ਰਾਗ ਕਿਸੇ ਕਾਮਕੰਦਲਾ ਨੇ ਨਹੀਂ ਗਾਏ, ਬਲਕਿ ਇਨ੍ਹਾਂ ਨੂੰ 'ਰਾਗਮਾਲਾ' ਵਿਚ ਰਚਨਾ-ਕਰਤਾ ਨੇ ਢੁਕਵੇਂ ਸਥਾਨ 'ਤੇ ਸ਼ੋਭਿਤ ਕੀਤਾ ਹੈ।

ਸਾਰ- ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਤਰੁਟੀ-ਰਹਿਤ ਹੈ।

ਗੁਰੂ ਗ੍ਰੰਥ : ਪੁਨਿ ਆਈ ਦੀਪਕ ਕੀ ਬਾਰੀ ॥ ੧ ॥

ਮਾਧਵਨਲ ਦੇਵਨਾਗਰੀ : ਪੁਨਿ ਆਈ ਦੀਪਕ ਕੀ ਵਾਰੀ ॥ ੧ ॥

ਮਾਧਵਨਲ ਗੁਰਮੁਖੀ : ਪੁਨ ਆਈ ਦੀਪਕ ਕੀ ਬਾਰੀ ॥ ੧ ॥

ਸਮੀਖਿਆ- ਕੇਵਲ 'ਮਾਧਵਨਲ' ਗੁਰਮੁਖੀ ਵਿਚ ਆਇਆ 'ਪੁਨ' ਤਕਨੀਕੀ ਪਖੋਂ ਨਵੀਨ ਹੈ ਅਤੇ ਦੇਵਨਾਗਰੀ 'ਮਾਧਵਨਲ' ਵਿਚ 'ਬਾਰੀ' ਨੂੰ 'ਵਾਰੀ' ਲਿਖਿਆ ਹੈ, ਜੋ ਦੇਵਨਾਗਰੀ ਵਿਚ ਪੰਜਾਬੀ ਵਾੜਨ ਦੀ ਚੇਸ਼ਟਾ ਹੈ ਅਰਥਾਤ ਕਿਸੇ ਪੰਜਾਬੀ ਨੇ ਪੰਜਾਬੀ ਨੁਸਖ਼ੇ ਦੀ ਦੇਵਨਾਗਰੀ ਕੀਤੀ ਹੈ। ਹੋਰ ਕੋਈ ਮੂਲ-ਭੂਤ ਅੰਤਰ ਨਹੀਂ ਮਿਲਦਾ।

ਸਾਰ- ਮਾਧਵਨਲ ਦਾ ਦੇਵਨਾਗਰੀ ਰੂਪਾਂਤ੍ਰਣ ਪੰਜਾਬੀ ਮੂਲ ਤੋਂ ਹੋਇਆ ਲਗਦਾ ਹੈ।

ਗੁਰੂ ਗ੍ਰੰਥ : ਕਛੇਲੀ ਪਟਮੰਜਰੀ ਟੋਡੀ ਕਹੀ ਅਲਾਪਿ ॥

ਮਾਧਵਨਲ ਦੇਵਨਾਗਰੀ : ਕਾਛੇਲੀ ਪਟਮੰਜਰੀ ਟੋਡੀ ਗਹੀ ਆਲਾਪ ॥

ਮਾਧਵਨਲ ਗੁਰਮੁਖੀ : ਕਾਲੇਖੀ ਪਟਮੰਜਰੀ ਟੋਡੀ ਕਹੀ ਆਲਾਪ ॥

ਸਮੀਖਿਆ- ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਇਸ ਪੰਕਤੀ ਵਿਚ ਪਹਿਲਾ ਰਾਗ 'ਕਛੇਲੀ' ਲਿਖਿਆ ਹੈ। ਮਾਧਵਨਲ' ਗੁਰਮੁਖੀ ਨੇ ਇਸ ਨੂੰ 'ਕਾਲੇਖੀ' ਲਿਖਿਆ ਹੈ, ਪਰ ਦੇਵਨਾਗਰੀ ਨੁਸਖ਼ੇ ਵਿਚ 'ਕਾਛੇਲੀ' ਲਿਖਿਆ ਹੈ। ਪ੍ਰੋ. ਪਿਆਰਾ ਸਿੰਘ ਨੇ ਆਪਣੇ ਅਲਪ ਸੰਗੀਤਿਕ ਗਿਆਨ ਕਾਰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਏ ਰਾਗ-ਨਾਮ 'ਕਛੇਲੀ ਨੂੰ ਗ਼ਲਤ ਸਿਧ ਕਰ ਕੇ ਆਲਮ ਦੇ ਗੁਰਮੁਖੀ ਨੁਸਖ਼ੇ ਦੇ 'ਕਾਲੇਖੀ' ਨੂੰ ਠੀਕ ਦਸਿਆ ਹੈ। ਵਾਸਤਵ ਵਿਚ 'ਪਦਮ' ਜੀ ਨੇ ਇਹ ਮੰਨ ਲਿਆ ਹੋਵੇਗਾ, ਕਿ 'ਕਛੇਲੀ' ਨਾਮ ਦੇ ਕਿਸੇ ਰਾਗ ਦਾ ਸੰਗੀਤ-ਸ਼ਾਸਤ੍ਰ ਵਿਚ ਕੋਈ ਅਸਤਿਤ੍ਵ ਨਹੀਂ। ਪਰ ਸ਼੍ਰੀ ਭਾਤਖੰਡੇ ਦੀ ਪੁਸਤਕ 'ਸ਼੍ਰੀਮੱਲਲਕ੍ਸ਼ਯਸੰਗੀਤਮ੍' ਦੇ ਪੰਨਾ 411 'ਤੇ 'ਕਛੇਲੀ' ਨੂੰ ਰਾਗ 'ਭਿੰਨਸ਼ੜਜ' ਨਾਲ ਸੰਬੰਧਿਤ ਕੀਤਾ ਹੈ। ਦੇਵਨਾਗਰੀ ਨੁਸਖ਼ੇ ਦੇ 'ਕਾਛੇਲੀ' ਨਾਲੋਂ 'ਕਛੇਲੀ' ਜ਼ਿਆਦਾ ਸ਼ੁਧ ਅਤੇ ਸ਼ਾਸਤ੍ਰ-ਸੰਮਤ ਸ਼ਬਦ ਹੈ। ਦੇਵਨਾਗਰੀ ਨੁਸਖ਼ੇ ਵਿਚ 'ਕਹੀ' ਨੂੰ 'ਗਹੀ' ਲਿਖਣਾ ਅਨੁਚਿਤ ਅਤੇ ਅਢੁਕਵਾਂ ਹੈ।

ਆਲਮ ਦੀਆਂ ਦੋਹਾਂ ਕ੍ਰਿਤੀਆਂ ਵਿਚ 'ਅਲਾਪਿ' ਨੂੰ 'ਅਲਾਪ' ਲਿਖ ਕੇ ਅਸ਼ੁਧੀ ਕੀਤੀ ਹੈ।

ਸਾਰ- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਸਰਵ-ਸ੍ਰੇਸ਼ਠ ਸਿਧ ਹੁੰਦਾ ਹੈ।

ਗੁਰੂ ਗ੍ਰੰਥ : ਕਾਮੋਦੀ ਅਉ ਗੂਜਰੀ ਸੰਗਿ ਦੀਪਕ ਕੇ ਥਾਪਿ ॥ ੧ ॥

ਮਾਧਵਨਲ ਦੇਵਨਾਗਰੀ : ਕਾਮੋਦਾ ਅਰ ਗੂਜਰੀ ਏ ਦੀਪਕ ਕੇ ਸਾਥ ॥ ੧ ॥

ਮਾਧਵਨਲ ਗੁਰਮੁਖੀ : ਕਾਮੋਦੀ ਅਉ ਗੂਜਰੀ ਸੰਗ ਦੀਪਕ ਕੇ ਥਾਪ ॥ ੧ ॥

ਸਮੀਖਿਆ- 'ਮਾਧਵਨਲ' ਗੁਰਮੁਖੀ ਦਾ ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਮਿਲਦਾ ਹੈ, ਸਿਵਾਏ 'ਸੰਗਿ' ਅਤੇ 'ਥਾਪਿ' ਦੇ ਅਸ਼ੁਧ ਰੂਪ 'ਸੰਗ' ਅਤੇ 'ਥਾਪ' ਲਿਖਣ ਦੇ। ਦੇਵਨਾਗਰੀ ਨੁਸਖ਼ੇ ਨੇ ਆਪਣੇ ਸੁਭਾਅ ਮੁਤਾਬਿਕ 'ਕਾਮੋਦੀ' ਨੂੰ 'ਕਾਮੋਦਾ' (ਪੁਰਸ਼ ਰਾਗ) ਬਣਾ ਦਿਤਾ ਹੈ, ਜਦੋਂ ਕਿ ਗਿਣਾਈਆਂ ਜਾ ਰਹੀਆਂ ਹਨ, ਦੀਪਕ ਦੀਆਂ 'ਰਾਗਿਨੀਆਂ'। ਪੰਕਤੀ ਦੇ ਸਰੂਪ ਨੂੰ ਜਿਤਨਾ ਸੰਭਵ ਸੀ, ਵਿਗਾੜਿਆ ਹੈ।

ਸਾਰ- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਸ਼ੁਧ, ਪ੍ਰਮਾਣਿਕ ਅਤੇ ਪੁਰਾਤਨ ਹੈ।

ਗੁਰੂ ਗ੍ਰੰਥ : ਕਾਲੰਕਾ ਕੁੰਤਲ ਅਉ ਰਾਮਾ ॥

ਮਾਧਵਨਲ ਦੇਵਨਾਗਰੀ : ਕਾਲਿੰਗਨ ਕੁੰਤਲ ਅਰੁ ਨਾਮਾ ॥

ਮਾਧਵਨਲ ਗੁਰਮੁਖੀ : ਕਾਲੰਗਨ ਕੁੰਤਲ ਅਉ ਰਾਮਾ ॥

ਸਮੀਖਿਆ- ਦੇਵਨਾਗਰੀ ਨੁਸਖ਼ੇ ਨੇ 'ਰਾਮਾ' ਨੂੰ 'ਨਾਮਾ' ਕਰਨ ਦੀ ਭੁਲ ਕੀਤੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਏ 'ਕਾਲੰਕਾ' ਨੂੰ ਦੇਵਨਾਗਰੀ ਨੁਸਖ਼ੇ ਨੇ 'ਕਾਲਿੰਗਨ' ਅਤੇ ਗੁਰਮੁਖੀ ਨੁਸਖ਼ੇ ਨੇ 'ਕਾਲੰਗਨ' ਲਿਖਿਆ ਹੈ। ਦਰਅਸਲ ਇਸ ਰਾਗ ਦੇ ਕਈ ਨਾਮ ਹਨ, ਜਿਵੇਂ- ਕਾਲਿੰਗਨ, ਕਾਲਿੰਗੜਾ, ਕੁਲਿੰਗਾ, ਕਾਲਿੰਗਾ, ਕਾਲਿੰਗ ਆਦਿ। ਰਾਗਮਾਲਾ ਦੇ ਵਿਰੋਧੀਆਂ ਨੇ 'ਕਾਲੰਕਾ' ਲਿਖਣ ਨੂੰ ਅਸ਼ੁਧੀ ਕਰਾਰ ਦਿਤਾ ਹੈ, ਪਰ ਅਸੀਂ ਵੇਖਦੇ ਹਾਂ ਕਿ ਸੰਗੀਤ ਦੇ ਗ੍ਰੰਥਾਂ ਵਿਚ ਇਕ-ਇਕ ਰਾਗ ਦੇ ਸਥਾਨਕ ਰੀਤੀਆਂ ਅਨੁਸਾਰ ਕਈ-ਕਈ ਨਾਮ ਵਿਦਮਾਨ ਹਨ। ਉਂਞ ਵੀ 'ਗ' ਅਤੇ 'ਕ' ਦਾ ਆਪਿਸ ਵਿਚ ਬਦਲਣਾ ਸੁਭਾਵਿਕ ਹੈ, ਜਿਵੇਂ- ਖੜਗ ਦਾ ਖੜਕ, ਵਿਕਾਰ ਦਾ ਵੇਗਾਰ, ਵਿਗਾੜ ਆਦਿ। ਸੋ 'ਕਾਲਿੰਗਾ' ਦਾ 'ਕਾਲੰਕਾ' ਹੋ ਜਾਣਾ ਅਸੁਭਾਵਿਕ ਨਹੀਂ ਹੈ।

ਸਾਰ- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੰਕਤੀ ਨੂੰ ਅਸ਼ੁਧ ਕਹਿਣਾ ਉਚਿਤ ਨਹੀਂ।

ਗੁਰੂ ਗ੍ਰੰਥ : ਕਮਲਕੁਸਮ ਚੰਪਕ ਕੇ ਨਾਮਾ ॥

ਮਾਧਵਨਲ ਦੇਵਨਾਗਰੀ : ਕਾਮਲੋਕ ਸਰ ਪੰਚਕ ਕੇ ਨਾਮਾ ॥

ਮਾਧਵਨਲ ਗੁਰਮੁਖੀ : ਕਮਲਕੁਸਮ ਪੰਚਨ ਕੇ ਨਾਮਾ ॥

ਸਮੀਖਿਆ- ਦੇਵਨਾਗਰੀ ਦੀ ਪੰਕਤੀ ਪੂਰੀ ਤਰ੍ਹਾਂ ਅਸ਼ੁਧ ਹੈ। ਇਸ ਵਿਚ 'ਕਮਲ ਕੁਸਮ' ਦੇ ਸਥਾਨ ਤੇ 'ਕਾਮਲੋਕ ਸਰ' ਅਤੇ 'ਚੰਪਕ' ਦੇ ਸਥਾਨ ਤੇ 'ਪੰਚਕ' ਹੈ, ਜਦੋਂ ਕਿ ਗੁਰਮੁਖੀ ਨੁਸਖ਼ੇ ਵਿਚ 'ਪੰਚਨ' ਹੈ। ਅਸਲ ਵਿਚ 'ਚੰਪਕ' ਰਾਗ ਦੀ ਜਾਣਕਾਰੀ ਦੇ ਅਭਾਵ ਵਿਚ ਆਲਮ ਦੀਆਂ ਕ੍ਰਿਤੀਆਂ ਵਿਚ ਰਾਗ-ਨਾਮ ਬਦਲਿਆ ਗਿਆ ਹੈ, ਹਾਲਾਕਿ 'ਹਨੁਮਾਨ ਮਤ' (ਸੰਗੀਤ ਬਿਨੋਦ) ਵਿਚ 'ਚੰਪਕ ਦੀ ਗਿਣਤੀ 'ਦੀਪਕ' ਦੇ ਪੁਤ੍ਰਾਂ ਵਿਚ ਕੀਤੀ ਹੋਈ ਉਪਲਬਧ ਹੁੰਦੀ ਹੈ। ਪ੍ਰੋ. ਇਨਾਇਤ ਖਾਂ ਨੇ ਵੀ 'ਚੰਪਕ' ਨੂੰ 'ਦੀਪਕ' ਦਾ ਪੁਤ੍ਰ ਹੀ ਦਸਿਆ ਹੈ।

ਸਾਰ- ਪ੍ਰੋ. ਪਿਆਰਾ ਸਿੰਘ ਦਾ ਇਹ ਇਤਰਾਜ਼ ਕਿ 'ਚੰਪਕ' ਕੋਈ ਰਾਗ ਨਹੀਂ, ਇਹ 'ਪੰਚਨ' ਹੋਣਾ ਚਾਹੀਦਾ ਸੀ, ਨਿਰਮੂਲ ਸਿਧ ਹੁੰਦਾ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਸਹੀ ਸਿਧ ਹੁੰਦਾ ਹੈ।

ਗੁਰੂ ਗ੍ਰੰਥ : ਗਉਰਾ ਅਉ ਕਾਨਰਾ ਕਲ੍ਯ੍ਯਾਨਾ ॥

ਮਾਧਵਨਲ ਦੇਵਨਾਗਰੀ : ਗੌਰਾ ਅਰ ਕਾਨ੍ਹਰਾ ਕਲ੍ਯ੍ਯਾਨਾ ॥

ਮਾਧਵਨਲ ਗੁਰਮੁਖੀ : ਗੌਰਾ ਅਉ ਕਾਨਰਾ ਕਲਿਆਨਾ ॥

ਸਮੀਖਿਆ- ਤਿੰਨਾਂ ਰਚਨਾਵਾਂ ਦੀ ਇਸ ਤੁਕ ਦੇ ਪਾਠ ਵਿਚ ਕੋਈ ਵਿਸ਼ੇਸ਼ ਅੰਤਰ ਨਹੀਂ, ਕੇਵਲ ਮਾਧਵਨਲ ਦੀਆਂ ਦੋਹਾਂ ਰਚਨਾਵਾਂ ਵਿਚ 'ਗਉਰਾ' ਨੂੰ ਨਵੀਨ ਰੂਪ ਦੇ ਕੇ 'ਗੌਰਾ' ਕੀਤਾ ਹੋਇਆ ਹੈ, ਜਿਸ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਾਗਮਾਲਾ ਦੀ ਸ਼ਬਦਾਵਲੀ ਪੁਰਾਣੀ ਸਿਧ ਹੁੰਦੀ ਹੈ।

ਗੁਰੂ ਗ੍ਰੰਥ : ਅਸਟ ਪੁਤ੍ਰ ਦੀਪਕ ਕੇ ਜਾਨਾ ॥ ੧ ॥

ਮਾਧਵਨਲ ਦੇਵਨਾਗਰੀ : ਅਸਟ ਪੁਤ੍ਰ ਦੀਪਕੁ ਕੇ ਜਾਨਾ ॥ ੧ ॥

ਮਾਧਵਨਲ ਗੁਰਮੁਖੀ : ਅਸਟ ਪੁਤ੍ਰ ਦੀਪਕ ਕੇ ਜਾਨਾ ॥ ੧ ॥

ਸਾਰ- ਤਿੰਨਾਂ ਰਚਨਾਵਾਂ ਵਿਚ ਇਕਸਾਰਤਾ ਹੈ।

ਗੁਰੂ ਗ੍ਰੰਥ : ਸਭ ਮਿਲਿ ਸਿਰੀਰਾਗ ਵੈ ਗਾਵਹਿ ॥

ਮਾਧਵਨਲ ਦੇਵਨਾਗਰੀ : ਪੰਚਮ ਸਿਰੀਰਾਗ ਉਹ ਗਾਵੈ ॥

ਮਾਧਵਨਲ ਗੁਰਮੁਖੀ : ਸਭ ਮਿਲਿ ਸਿਰੀਰਾਗ ਵੈ ਗਾਵਹਿ ॥

ਸਮੀਖਿਆ- 'ਮਾਧਵਨਲ' ਗੁਰਮੁਖੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾ ਪੂਰਣ ਰੂਪ ਵਿਚ ਇਕਸਾਰ ਹੈ, ਪਰ ਦੇਵਨਾਗਰੀ ਵਿਚ 'ਸਭ ਮਿਲਿ' ਦੇ ਸਥਾ ਤੇ ਬਿਲਕੁਲ ਅਨੁਚਿਤ ਪਾਠ 'ਪੰਚਮ' ਆਇਆ ਹੈ। 'ਵੈ' ਦੇ ਸਥਾਨ ਤੇ 'ਓਹ' ਲਿ ਕੇ ਉਲਥਾਕਾਰ ਨੇ ਆਪਣੇ ਪੰਜਾਬੀ-ਮੂਲ ਨਾਲ ਸੰਬੰਧਿਤ ਹੋਣ ਦੀ ਗਵਾਹੀ ਦਿ ਹੈ। ਦੇਵਨਾਗਰੀ ਵਿਚ 'ਗਾਵਹਿ' ਬਹੁਵਚਨ ਨੂੰ 'ਗਾਵੈ' ਇਕਵਚਨ ਕਰ ਦਿਤਾ ਹੈ

ਸਾਰ- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਹੀ ਪ੍ਰਮਾਣਿਕ ਹੈ।

ਗੁਰੂ ਗ੍ਰੰਥ : ਪਾਂਚਉ ਸੰਗਿ ਬਰੰਗਨ ਲਾਵਹਿ ॥

ਮਾਧਵਨਲ ਦੇਵਨਾਗਰੀ : ਪਾਂਚੋਂ ਸੰਗ ਰਾਗਿਨੀ ਮਿਲਾਵੇ ॥

ਮਾਧਵਨਲ ਗੁਰਮੁਖੀ : ਪਾਂਚੋਂ ਸੰਗ ਬਰੰਗਨ ਲਾਵਹਿ ॥

ਸਮੀਖਿਆ- 'ਮਾਧਵਨਲ' ਗੁਰਮੁਖੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚਲਾ ਪਾਠ ਇਕੋ-ਜਿਹਾ ਹੈ, ਸਿਵਾਏ ਇਸ ਦੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਲਿਖਣ ਸ਼ੈਲੀ ਪੁਰਾਣੀ ਹੈ। ਦੇਵਨਾਗਰੀ ਪਾਠ ਵਿਚ 'ਬਰੰਗਨ ਲਾਵਹਿ' ਦੀ ਥਾਂ 'ਰਾਗਿਨੀ ਮਿਲਾਵੇ' ਕੀਤਾ ਗਿਆ ਹੈ। 'ਮਿਲਾਵਹਿ' ਦੀ ਥਾਂ 'ਮਿਲਾਵੇ' ਲਿਖ ਕੇ ਬਹੁਵਚਨ ਨੂੰ ਅਯੁਕਤ ਢੰਗ ਨਾਲ ਇਕ ਵਚਨ ਕੀਤਾ ਗਿਆ ਹੈ

ਸਾਰ- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਸਰਵ-ਸ੍ਰੇਸ਼ਠ ਹੈ।

ਗੁਰੂ ਗ੍ਰੰਥ : ਬੈਰਾਰੀ ਕਰਨਾਟੀ ਧਰੀ ॥

ਮਾਧਵਨਲ ਦੇਵਨਾਗਰੀ : ਵੈਰਾਟੀ ਕਰਨਾਟੀ ਕੀ ਧਰੀ ॥

ਮਾਧਵਨਲ ਗੁਰਮੁਖੀ : ਬੈਰਾਰੀ ਕਰਨਾਟੀ ਧਰੀ ॥

ਸਮੀਖਿਆ- 'ਮਾਧਵਨਲ' ਗੁਰਮੁਖੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚਲਾ ਪਾਠ ਇਕਸਮਾਨ ਹੈ, ਪਰ ਦੇਵਨਾਗਰੀਕਾਰ ਨੇ ਪਾਠ ਵਿਗਾੜ ਦਿਤਾ ਹੈ। ਉਸ ਨੇ 'ਬੈਰਾਰੀ' ਨੂੰ ਬਦਲ ਕੇ 'ਵੈਰਾਟੀ' ਕੀਤਾ ਹੈ, ਸ਼ਾਇਦ ਉਸ ਵਾਸਤੇ 'ਬੈਰਾਰੀ' ਅਸ਼ੁਧ ਨਾਮ ਹੋਵੇਗਾ, ਪਰ 'ਕਰਨਾਟੀ ਕੀ ਧਰੀ' ਲਿਖ ਕੇ ਉਸ ਨੇ ਪਾਠ ਨੂੰ ਬਿਲਕੁਲ ਅਰਥਹੀਣ ਅਤੇ ਭ੍ਰਸ਼ਟ ਕਰ ਦਿਤਾ ਹੈ।

ਸਾਰ- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਬਿਲਕੁਲ ਦਰੁਸਤ ਹੈ।

ਗੁਰੂ ਗ੍ਰੰਥ : ਗਵਰੀ ਗਾਵਹਿ ਆਸਾਵਰੀ ॥

ਮਾਧਵਨਲ ਦੇਵਨਾਗਰੀ : ਗੌਰੀ ਗਾਵਹਿ ਆਸਾਭਰੀ ॥

ਮਾਧਵਨਲ ਗੁਰਮੁਖੀ : ਗੌਰੀ ਗਾਵਹਿ ਆਸਾਵਰੀ ॥

ਸਮੀਖਿਆ- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖਿਆ 'ਗਵਰੀ' ਸ਼ਬਦ ਆਲਮ ਦੇ ਨੁਸਖ਼ਿਆਂ ਵਿਚ ਲਿਖੇ ਆਧੁਨਿਕ ਸ਼ਬਦ 'ਗੌਰੀ' ਤੋਂ ਪੁਰਾਤਨ ਹੈ। ਅਸਲ ਵਿਚ 'ਗਵਰੀ' ਤੋਂ ਅਗੇ 'ਗਉਰੀ' ਜਾਂ 'ਗਉੜੀ' ਅਤੇ ਉਸ ਤੋਂ ਬਾਅਦ 'ਗੌਰੀ' ਹੋਣਾ ਹੀ ਸੁਭਾਵਿਕ ਹੈ। ਦੇਵਨਾਗਰੀ ਨੁਸਖ਼ੇ ਨੇ 'ਆਸਾਵਰੀ' ਨੂੰ 'ਆਸਾਭਰੀ' ਲਿਖ ਕੇ ਆਪਣੀ ਅਲਪ ਮਤਿ ਦਾ ਫਿਰ ਪਰਿਚਯ ਦੇ ਦਿਤਾ ਹੈ।

ਗੁਰੂ ਗ੍ਰੰਥ : ਤਿਹ ਪਾਛੈ ਸਿੰਧਵੀ ਅਲਾਪੀ ॥

ਮਾਧਵਨਲ ਦੇਵਨਾਗਰੀ : ਪੁਨਿ ਪਾਛੇ ਸਿੰਧੂਰੀ ਆਲਾਪੀ ॥

ਮਾਧਵਨਲ ਗੁਰਮੁਖੀ : ਪੁਨਿ ਪਾਛੈ ਸਿੰਧਵੀ ਅਲਾਪੀ ॥

ਸਮੀਖਿਆ- ਆਲਮ ਦੀਆਂ ਕ੍ਰਿਤੀਆਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 'ਤਿਹ ਪਾਛੈ' ਨੂੰ ਬਦਲ ਕੇ 'ਪੁਨਿ ਪਾਛੈ/ਪਾਛੇ' ਕੀਤਾ ਗਿਆ ਹੈ। ਦੇਵਨਾਗਰੀ ਕਰਨ ਵਾਲੇ ਨੇ 'ਸਿੰਧਵੀ' ਬਦਲ ਕੇ 'ਸਿੰਧੂਰੀ' ਕਰ ਦਿਤਾ ਹੈ। ਉਸ ਨੂੰ ਇਤਨੀ ਸਮਝ ਨਹੀਂ ਕਿ ਪਹਿਲਾਂ ਉਹ ਇਸੇ ਰਾਗਿਨੀ ਨੂੰ ਹਿੰਡੋਲ ਨਾਲ ਵਿਆਹ ਆਇਆ ਹੈ। ਇਸ ਦਾ ਇਕ ਕਾਰਨ ਹੈ। ਭਾਰਤੀ ਸੰਗੀਤ ਦੇ ਕੁਝ ਗ੍ਰੰਥਾਂ ਵਿਚ ਸਿੰਦੂਰੀ, ਸਿੰਧੋੜੀ, ਸੈਂਧਵੀ ਨੂੰ ਇਕੋ ਰਾਗ ਦਰਸਾਇਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਾਗਮਾਲਾ ਵਿਚ ਇਨ੍ਹਾਂ ਨੂੰ ਭਿੰਨ-ਭਿੰਨ ਸਵੀਕਾਰ ਕੀਤਾ ਗਿਆ ਹੈ। ਗੁਰਮੁਖੀ ਉਤਾਰਾ ਕਰਨ ਵਾਲਾ ਇਸ ਤਥ ਨੂੰ ਸਮਝਦਾ ਸੀ, ਪਰ ਸ਼ਾਇਦ ਦੇਵਨਾਗਰੀਕਾਰ ਦੀ ਸਮਝ ਵਿਚ ਨਹੀਂ ਆਇਆ।

ਸਾਰ- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਸਰਵ-ਉਤਮ ਹੈ।

ਗੁਰੂ ਗ੍ਰੰਥ : ਸਿਰੀਰਾਗ ਸਿਉ ਪਾਂਚਉ ਥਾਪੀ ॥ ੧ ॥

ਮਾਧਵਨਲ ਦੇਵਨਾਗਰੀ : ਸਿਰੀਰਾਗ ਸੰਗ ਪਾਂਚੋਂ ਥਾਪੀ ॥ ੧ ॥

ਮਾਧਵਨਲ ਗੁਰਮੁਖੀ : ਸਿਰੀਰਾਗ ਸੰਗ ਪਾਂਚੋਂ ਥਾਪੀ ॥ ੧ ॥

ਸਾਰ- ਤਿੰਨਾਂ ਪਾਠਾਂ ਵਿਚ ਕੋਈ ਮੂਲਭੂਤ ਅੰਤਰ ਨਹੀਂ। ਆਲਮ ਦੀਆਂ ਕ੍ਰਿਤੀਆਂ ਵਿਚ 'ਸਿਉ' ਨੂੰ 'ਸੰਗ' ਕਰ ਦਿਤਾ ਹੈ। ਸ਼ਬਦ-ਰੂਪ ਆਲਮ ਦੇ ਨਵੇਂ ਅਤੇ ਆਧੁਨਿਕ ਹਨ।

ਗੁਰੂ ਗ੍ਰੰਥ : ਸਾਲੂ ਸਾਰਗ ਸਾਗਰਾ ਅਉਰ ਗੋਂਡ ਗੰਭੀਰ ॥

ਮਾਧਵਨਲ ਦੇਵਨਾਗਰੀ : ਮਾਲਵ ਸਾਗਰ ਸਾਰਗਾ ਅਰ ਗਵਰਾ ਗੰਭੀਰ ॥

ਮਾਧਵਨਲ ਗੁਰਮੁਖੀ : ਮਾਲਵ ਸਾਰਗ ਸਾਗਰਾ ਅਉਰ ਗੌਡ ਗੰਭੀਰ ॥

ਸਮੀਖਿਆ- ਇਸ ਪੰਕਤੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਏ ਪਾਠ ਨੂੰ ਰਾਗਮਾਲਾ ਦੇ ਵਿਰੋਧੀਆਂ ਨੇ ਬਹੁਤ ਉਛਾਲਿਆ ਹੈ, ਉਨ੍ਹਾਂ ਦਾ ਕਹਿਣਾ ਹੈ ਕਿ ਆਲਮ ਕ੍ਰਿਤ ਰਾਗਮਾਲਾ ਵਿਚ ਇਸ ਦਾ ਠੀਕ ਨਾਮ 'ਮਾਲਵ' ਲਿਖਿਆ ਗਿਆ ਹੈ। ਵਾਸਤਵ ਵਿਚ 'ਮਾਧਵਨਲ' ਦੀ ਰਾਗਮਾਲਾ ਵਿਚ 'ਮਾਲਵ' ਦੇ ਆਉਣ ਦਾ ਮੂਲ ਕਾਰਨ ਇਹ ਸੀ ਕਿ ਜਦੋਂ ਉਸ ਨੇ ਇਹ 'ਰਾਗਮਾਲਾ' ਆਪਣੀ ਪੁਸਤਕ ਵਿਚ ਚੜ੍ਹਾਈ ਤਾਂ 'ਸਾਲੂ' ਨਾਮ ਦਾ ਰਾਗ ਉਸ ਨੂੰ ਸੰਗੀਤ ਦੇ ਗ੍ਰੰਥਾਂ ਵਿਚੋਂ ਨਹੀਂ ਮਿਲ ਸਕਿਆ। ਇਸ ਵਿਚ ਕੋਈ ਸੰਦੇਹ ਨਹੀਂ ਕਿ ਇਸ ਨਾਮ ਵਾਲਾ ਰਾਗ ਸੰਗੀਤ-ਗ੍ਰੰਥਾਂ ਵਿਚ ਉਪਲਬਧ ਨਹੀਂ, ਪਰ ਇਸ ਦਾ ਭਾਵ ਇਹ ਨਹੀਂ ਕਿ ਅਜਿਹਾ ਕੋਈ ਰਾਗ ਕਦੇ ਪ੍ਰਚਲਨ ਵਿਚ ਨਹੀਂ ਰਿਹਾ ਹੋਵੇਗਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਉਪਲਬਧ ਤੁਖਾਰੀ ਰਾਗ ਸੰਗੀਤ ਦੇ ਗ੍ਰੰਥਾਂ ਵਿਚ ਨਹੀਂ ਮਿਲਦਾ, ਤਾਂ ਇਸ ਦਾ ਇਹ ਭਾਵ ਨਹੀਂ ਕਿ ਉਸ ਦਾ ਅਸਤਿਤ੍ਵ ਨਕਾਰਣਯੋਗ ਹੈ। ਅਜਿਹੇ ਕਈ ਰਾਗ ਅਤੇ ਰਾਗ-ਨਾਮ ਹੋਣਗੇ, ਜੋ ਸਥਾਨਕ ਹੋਣ ਕਾਰਨ ਸੰਗੀਤ ਦੇ ਗ੍ਰੰਥਾਂ ਵਿਚ ਚਰਚਿਤ ਨਹੀਂ ਹੋ ਸਕੇ। 'ਸਾਲੂ' ਦਾ ਮੂਲ ਲਭਣ ਵਾਸਤੇ ਇਸ ਸ਼ਬਦ ਦੇ ਕੋਸ਼ਗਤ ਅਰਥਾਂ ਵਲ ਧਿਆਨ ਦੇਣ ਦੀ ਜ਼ਰੂਰਤ ਹੈ। 'ਵਾਮਨ ਆਪਟੇ' ਦੇ ਸੰਸਕ੍ਰਿਤ ਕੋਸ਼ ਅਨੁਸਾਰ 'ਸ਼ਾਲਵ:' ਇਕ ਦੇਸ਼ ਦਾ ਨਾਮ ਹੈ ਅਤੇ 'ਸ਼ਾਲੂ' ਉਸ ਦੇਸ਼ ਦਾ ਵਸਨੀਕ ਹੈ। ਚੇਤੇ ਰਹੇ 'ਸ਼ਾਲਵ' ਉਹ ਦੇਸ਼ ਹੈ, ਜਿਥੋਂ ਦਾ ਰਾਜਾ 'ਸ਼ਾਲਿਵਾਹਨ' ਕਰ ਕੇ ਪ੍ਰਸਿਧ ਹੋਇਆ ਸੀ। ਇਥੇ ਇਹ ਵੀ ਜ਼ਿਕਰ ਕਰਨਾ ਜ਼ਰੂਰੀ ਹੈ ਕਿ 'ਸੰਗੀਤਰਤਨਾਕਰ' ਵਿਚ ਇਕ 'ਸ਼ਾਲਵਾਹਨਿਕਾ' ਨਾਮ ਦਾ ਰਾਗ ਦਸਿਆ ਹੈ, ਜਿਸ ਦੇ ਮੂਲ ਵਿਚ 'ਸ਼ਾਲਵ' ਸ਼ਬਦ ਹੈ। ਇਹ ਸ਼ਾਲਵ ਦੇਸ਼ ਨਾਲ ਸੰਬੰਧਿਤ ਰਿਹਾ ਹੋਵੇਗਾ। 'ਸ਼ਾਲਵ' ਦਾ 'ਸ਼ਾਲੂ' ਹੋ ਜਾਣਾ ਸੁਭਾਵਿਕ ਹੈ, ਇਹ ਗਲ 'ਆਪਟੇ' ਕੋਸ਼ ਤੋਂ ਹੀ ਸਿਧ ਹੈ। ਉਹ ਲਿਖਦਾ ਹੈ ਕਿ ਜੋ 'ਸ਼ਾਲਵ' ਦੇਸ਼ ਨਾਲ ਸੰਬੰਧਿਤ ਹੈ, ਉਹ 'ਸ਼ਾਲੂ' ਹੈ। ਇਥੇ ਇਹ ਵੀ ਦਸ ਦਿਤਾ ਜਾਵੇ ਕਿ ਸੰਗੀਤ ਸ਼ਾਸਤ੍ਰ ਵਿਚ ਇਕ 'ਸਾਲੰਗ' ਰਾਗ ਚਰਚਿਤ ਰਿਹਾ ਹੈ। ਜਾਪਦਾ ਹੈ 'ਸਾਲੰਗ' ਸ਼ਬਦ ਦਾ ਵਿਕਾਸ 'ਸ਼ਾਲਵ+ਅੰਗ' ਤੋਂ ਹੀ ਹੋਇਆ ਹੋਵੇਗਾ। ਸੋ ਰਾਗ 'ਸਾਲੂ' ਦਾ ਨਾਮ ਬਦਲ ਕੇ 'ਮਾਲਵ' ਕਰਨ ਵਾਲੀ ਆਲਮ ਦੀ ਚਤੁਰਾਈ ਉਸ ਦੇ ਅਗਿਆਨ ਵਿਚੋਂ ਨਿਕਲੀ ਹੈ। ਵਾਸਤਵ ਵਿਚ ਇਸ ਬਦਲਾਅ ਨੇ ਕਵਿਤਾ ਦੀ ਸੁੰਦਰਤਾ ਅਤੇ ਰਵਾਨਗੀ ਦੋਵੇਂ ਨਸ਼ਟ ਕੀਤੇ ਹਨ। 'ਸਾਲੂ

ਸਾਰਗ ਸਾਗਰਾ' ਤਿੰਨਾਂ ਦਾ ਆਰੰਭ 'ਸ' ਤੋਂ ਹੋਇਆਂ, ਜਿਸ ਕਾਵਿ-ਰਸ ਦੀ ਅਨੁਭੂਤੀ ਹੁੰਦੀ ਸੀ, ਉਹ ਅਗਿਆਨਵਸ਼ 'ਮਾਲਵ ਸਾਰਗ ਸਾਗਰਾ' ਲਿਖਣ ਨਾਲ ਨਸ਼ਟ ਹੋ ਗਈ ਹੈ। ਕਵਿਤਾ ਦੀ ਰਵਾਨਗੀ ਵੀ ਨਸ਼ਟ ਹੋਈ ਹੈ। ਜੇ ਮਜ਼ਬੂਰੀਵਸ਼ ਇਸੇ ਨੂੰ ਸ਼ੁਧ ਕਰਨਾ ਹੋਵੇ, ਤਾਂ ਕਾਵਿਕ ਰਵਾਨਗੀ ਵਾਸਤੇ ਇਸ ਨੂੰ 'ਸਾਰਗ ਮਾਲਵ ਸਾਗਰਾ' ਕਰਨਾ ਸ਼ਾਇਦ ਯੁਕਤੀ-ਸੰਗਤ ਜਾਪਦਾ। ਦੇਵਨਾਗਰੀ ਨੁਸਖ਼ੇ ਦੇ ਲੇਖਕ ਨੇ 'ਗੌਂਡ' ਨੂੰ ਬਦਲ ਕੇ 'ਗਵਰਾ' ਕਰਨ ਦੀ ਨਾਦਾਨੀ ਕੀਤੀ ਹੈ। ਅਸਲ ਵਿਚ ਗਵਰਾ, ਗਉਰਾ ਜਾਂ ਗੌਰਾ ਪਹਿਲਾਂ ਹੀ 'ਦੀਪਕ' ਰਾਗ ਦੇ ਪੁਤ੍ਰਾਂ ਵਿਚ ਆ ਚੁਕਾ ਹੈ, ਯਥਾ- ਗੌਰਾ ਅਰ ਕਾਨ੍ਹਰਾ ਕਲ੍ਯਾਨਾ। ਅਸਟ ਪੁਤ੍ਰ ਦੀਪਕ ਕੇ ਜਾਨਾ।

ਸਾਰ : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਇਆ 'ਸਾਲੂ' ਰਾਗ-ਨਾਮ ਬਿਲਕੁਲ ਉਚਿਤ ਹੈ। ਆਲਮ ਦੀਆਂ ਦੋਹਾਂ ਰਚਨਾਵਾਂ ਨੇ ਪਾਠ ਨੂੰ ਭ੍ਰਸ਼ਟ ਕੀਤਾ ਹੈ, ਜਿਹਾ ਕਿ ਦੇਵਨਾਗਰੀ ਨੁਸਖ਼ੇ ਤੋਂ ਬਿਲਕੁਲ ਸਪਸ਼ਟ ਹੋ ਜਾਂਦਾ ਹੈ ਕਿ ਆਲਮ ਦੀਆਂ ਕ੍ਰਿਤੀਆਂ ਵਿਚ ਅਵਾਂਛਿਤ ਅਤੇ ਆਧਾਰਹੀਣ ਬਦਲਾਅ ਹੋਏ ਮਿਲਦੇ ਹਨ।

ਗੁਰੂ ਗ੍ਰੰਥ : ਅਸਟ ਪੁਤ੍ਰ ਸ੍ਰੀਰਾਗ ਕੇ ਗੁੰਡ ਕੁੰਭ ਹਮੀਰ ॥ ੧ ॥

ਮਾਧਵਨਲ ਦੇਵਨਾਗਰੀ : ਅਸਟ ਪੁਤ੍ਰ ਸ੍ਰੀਰਾਗ ਕੇ ਗੁੰਡਾ ਕੁੰਭ ਹੰਵੀਰ ॥ ੧ ॥

ਮਾਧਵਨਲ ਗੁਰਮੁਖੀ : ਆਠ ਪੁਤ੍ਰ ਸਿਰੀ ਰਾਗ ਕੇ ਗੁੰਡ ਕੁੰਭ ਹਮੀਰ ॥ ੧ ॥

ਸਮੀਖਿਆ- 'ਮਾਧਵਨਲ' ਦੇ ਗੁਰਮੁਖੀ ਨੁਸਖ਼ੇ ਨੇ 'ਅਸਟ' ਦੀ ਥਾਂ ਆਠ ਕਰ ਕੇ ਕਾਵਿ ਨੂੰ ਰਸਹੀਣ ਕੀਤਾ ਹੈ। ਉਨ੍ਹਾਂ ਦਾ ਇਹ ਸ਼ਬਦ-ਰੂਪ ਨਿਸ਼ਚਿਤ ਹੀ 'ਅਸਟ' ਤੋਂ ਨਵੀਨ ਹੈ। ਦੇਵਨਾਗਰੀ ਰਚਨਾ ਵਿਚ 'ਗੁੰਡ' ਨੂੰ 'ਗੁੰਡਾ' ਲਿਖ ਕੇ ਵਡੀ ਅਸ਼ੁਧੀ ਕੀਤੀ ਹੈ। 'ਹਮੀਰ' ਨੂੰ ਵੀ 'ਹੰਵੀਰ' ਲਿਖਿਆ ਹੈ। ਰਾਗਮਾਲਾ ਦੇ ਵਿਰੋਧੀਆਂ ਲਈ ਸ਼ਾਇਦ ਇਹ ਗਲ ਤਸਲੀਜਨਕ ਹੋਵੇ ਕਿ 'ਆਲਮ' ਨੇ 'ਸ੍ਰੀਰਾਗ' ਨਾ ਲਿਖ ਕੇ 'ਸਿਰੀ ਰਾਗ' ਲਿਖਿਆ ਹੈ, ਜੋ ਉਨ੍ਹਾਂ ਨੂੰ ਗੁਰਬਾਣੀ ਦੇ ਅਨੁਕੂਲ ਜਾਪਦਾ ਹੋਵੇਗਾ, ਪਰ ਉਹ ਇਹ ਵੀ ਧਿਆਨ ਵਿਚ ਰਖਣ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 44 'ਤੇ 77 ਅਤੇ 78 ਨੰਬਰ ਸ਼ਬਦਾਂ ਦੇ ਸਿਰਲੇਖ ਇੰਵ ਹਨ- ਸ੍ਰੀਰਾਗੁ ਮਹਲਾ ੫ ਅਤੇ ਪੰਨਾ 92 'ਤੇ 'ਸ੍ਰੀ ਰਾਗੁ ਭਗਤ ਕਬੀਰ ਜੀਉ ਕਾ' ਸਿਰਲੇਖ ਵੇਖਿਆ ਜਾ ਸਕਦਾ ਹੈ। ਇਸ ਲਈ ਰਾਗਮਾਲਾ ਦਾ ਵਿਰੋਧ ਕਰਨ ਵਾਸਤੇ ਇਹ ਯੁਕਤੀ ਅਨੁਚਿਤ ਹੋਵੇਗੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਾਗਮਾਲਾ ਵਿਚ 'ਸਿਰੀ ਰਾਗ' ਦੀ ਥਾਂ 'ਸ੍ਰੀਰਾਗ' ਕਿਉਂ ਲਿਖਿਆ ਗਿਆ ਹੈ ?ਸ

ਸਾਰ- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਹੀ ਸਰਵੋਤਮ ਹੈ।

ਗੁਰੂ ਗ੍ਰੰਥ : ਖਸਟਮ ਮੇਘ ਰਾਗ ਵੈ ਗਾਵਹਿ ॥

ਮਾਧਵਨਲ ਦੇਵਨਾਗਰੀ : ਖਸਟ੍ਮ ਮੇਘ ਰਾਗ ਉਹ ਕਹਈ ॥

ਮਾਧਵਨਲ ਗੁਰਮੁਖੀ : ਖਸਟਮ ਮੇਘ ਰਾਗ ਵੈ ਗਾਵਹਿ ॥

ਸਮੀਖਿਆ- 'ਮਾਧਵਨਲ' ਗੁਰਮੁਖੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਬਿਲਕੁਲ ਇਕਸਮਾਨ ਹੈ, ਪਰ ਦੇਵਨਾਗਰੀ ਰਚਨਾਕਾਰ ਨੇ 'ਵੈ ਗਾਵਹਿ' ਦੀ ਥਾਂ 'ਉਹ ਕਹਈ' ਲਿਖ ਦਿਤਾ ਹੈ। ਸਪਸ਼ਟ ਹੈ ਕਿ ਇਹ ਦੇਵਨਾਗਰੀ ਲਿਖਿਤ ਪੰਜਾਬੀ ਤੋਂ ਪ੍ਰਭਾਵਿਤ ਹੈ। ਇਸ ਦੀ ਕਵਿਤਾ ਤਰੁਟੀਪੂਰਣ ਅਤੇ ਰਸਹੀਣ ਹੈ।

ਸਾਰ- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਸਰਬ-ਭਾਂਤਿ ਉਚਿਤ ਹੈ।

ਗੁਰੂ ਗ੍ਰੰਥ : ਪਾਂਚਉ ਸੰਗਿ ਬਰੰਗਨ ਲਾਵਹਿ ॥

ਮਾਧਵਨਲ ਦੇਵਨਾਗਰੀ : ਪਾਂਚੋਂ ਕਾਮਿਨਿ ਮੁਖ ਉਚਰਈ ॥

ਮਾਧਵਨਲ ਗੁਰਮੁਖੀ : ਪਾਂਚੋਂ ਸੰਗ ਬਰੰਗਨ ਲਾਵਹਿ ॥

ਸਮੀਖਿਆ- ਗੁਰਮੁਖੀ ਲਿਖਿਤ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਇਤਨਾ ਹੀ ਅੰਤਰ ਹੈ, ਕਿ ਆਲਮ ਨੇ 'ਪਾਂਚਉ' ਅਤੇ 'ਸੰਗਿ' ਦੀ ਸ਼ੁਧਤਾ ਭੰਗ ਕਰਦਿਆਂ 'ਪਾਂਚੋਂ' ਅਤੇ 'ਸੰਗ' ਲਿਖਿਆ ਹੈ। ਬਾਕੀ ਪਾਠ ਮਿਲਦਾ ਹੈ। ਦੇਵਨਾਗਰੀ ਪਾਠ ਪੂਰੀ ਤਰ੍ਹਾਂ ਅਨੁਚਿਤ ਹੈ।

ਸਾਰ- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਹੀ ਸ਼ੁਧ ਅਤੇ ਪੁਰਾਤਨ ਹੈ।

ਗੁਰੂ ਗ੍ਰੰਥ : ਸੋਰਠਿ ਗੋਂਡਮਲਾਰੀ ਧੁਨੀ ॥

ਮਾਧਵਨਲ ਦੇਵਨਾਗਰੀ : ਸੋਰਠ ਔਰ ਮਲ੍ਹਾਰੀ ਧੁਨੀ ॥

ਮਾਧਵਨਲ ਗੁਰਮੁਖੀ : ਸੋਰਠ ਗੌਂਡ ਮਲਾਰੀ ਧੁਨੀ ॥

ਸਮੀਖਿਆ- 'ਮਾਧਵਨਲ ਕਾਮਕੰਦਲਾ' ਦੀਆਂ ਦੋਹਾਂ ਕ੍ਰਿਤੀਆਂ ਵਿਚ 'ਸੋਰਠਿ' ਦਾ ਅਨੁਚਿਤ ਢੰਗ ਨਾਲ 'ਸੋਰਠ' ਕਰ ਦਿਤਾ ਗਿਆ ਹੈ। ਗੁਰਬਾਣੀ ਵਿਚ ਸਭ ਥਾਂਈਂ 'ਸੋਰਠਿ' ਹੈ, ਕਿਉਂ ਜੁ ਇਹ ਇਕ ਬਹੁ-ਪ੍ਰਚਲਿਤ ਰਾਗਿਨੀ ਹੈ। ਪੁਰਾਤਨ ਸਮੇਂ ਵਿਚ ਇਸ ਨੂੰ 'ਸੋਰਠਿ' ਜਾਂ 'ਸੋਰਠੀ' ਹੀ ਲਿਖਿਆ ਜਾਂਦਾ ਸੀ। ਇਸ ਤੋਂ ਸਪਸ਼ਟ ਹੈ ਕਿ ਆਲਮ ਦੀਆਂ ਰਚਨਾਵਾਂ ਉਸ ਵਕਤ ਦੀਆਂ ਹਨ, ਜਦੋਂ 'ਸੋਰਠਿ' ਵਿਕ੍ਰਿਤ ਹੋ ਕੇ 'ਸੋਰਠ' ਹੋ ਚੁਕੀ ਸੀ। ਦੇਵਨਾਗਰੀ ਨੁਸਖ਼ੇ ਨੇ 'ਗੋਂਡ' ਦਾ 'ਔਰ' ਬਣਾ ਦਿਤਾ ਹੈ। ਵਾਸਤਵ ਵਿਚ ਉਸ ਨੇ ਰਾਗਿਨੀਆਂ ਦੀ ਗਿਣਤੀ ਯੁਕਤੀ-ਸੰਗਤ ਕਰਨ

ਵਾਸਤੇ ਅਜਿਹਾ ਕੀਤਾ ਹੈ। ਇਹ ਉਸ ਦੀ ਸੁਧਾਰ-ਚੇਸ਼ਟਾ ਦਾ ਫਲ ਹੈ। ਅਜਿਹੇ ਸੁਧਾਰ ਕਰਨ ਦੀ ਪ੍ਰਵਿਰਤੀ ਮਗਰਲੀਆਂ ਰਚਨਾਵਾਂ ਵਿਚ ਆਉਂਦੀ ਹੈ, ਮੂਲ ਰਚਨਾ ਵਿਚ ਨਹੀਂ। ਉਸ ਨੂੰ ਜਾਪਦਾ ਸੀ ਕਿ ਸੋਰਠ, ਗੋਂਡ, ਮਲਾਰੀ, ਆਸਾ, ਕੁੰਭਨੀ (ਉਸ ਅਨੁਸਾਰ) ਅਤੇ ਸੂਹਵ ਛੇ ਰਾਗਿਨੀਆਂ ਹੋ ਜਾਂਦੀਆਂ ਹਨ। ਇਸ ਲਈ ਉਸ ਨੇ ਪਾਠ ਸ਼ੋਧਣ ਦਾ ਪ੍ਰਯਤਨ ਕੀਤਾ ਹੈ, ਪਰ ਹੋ ਅਸ਼ੁਧ ਗਿਆ ਹੈ। ਇਨ੍ਹਾਂ ਰਾਗਿਨੀਆਂ ਦੀ ਗਿਣਤੀ ਉਤੇ ਅਸੀਂ ਅਗੇ ਵਿਚਾਰ ਕਰਾਂਗੇ।

ਸਾਰ- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਲਾ ਪਾਠ ਸ਼ੁਧ ਅਤੇ ਪੁਰਾਤਨ ਹੈ।

ਗੁਰੂ ਗ੍ਰੰਥ : ਪੁਨਿ ਗਾਵਹਿ ਆਸਾ ਗੁਨ ਗੁਨੀ ॥

ਮਾਧਵਨਲ ਦੇਵਨਾਗਰੀ : ਪੁਨਿ ਗਾਵਹਿ ਆਸਾ ਕੁੰਭਨੀ ॥

ਮਾਧਵਨਲ ਗੁਰਮੁਖੀ : ਪੁਨ ਗਾਵਹਿ ਆਸਾ ਗੁਨ ਗੁਨੀ ॥

ਸਮੀਖਿਆ- 'ਮਾਧਵਨਲ' ਗੁਰਮੁਖੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਵਿਚ ਇਕੋ ਅੰਤਰ ਹੈ। ਇਕੋ-ਜਿਹੇ ਸ਼ਬਦ-ਰੂਪਾਂ ਸੰਬੰਧੀ ਅਚੇਤ ਆਲਮ ਗੁਰਮੁਖੀ ਨੁਸਖ਼ੇ ਵਿਚ 'ਪੁਨਿ' ਨੂੰ 'ਪੁਨ' ਲਿਖ ਦੇਂਦਾ ਹੈ। ਦੇਵਨਾਗਰੀ ਰਚਨਾ ਵਿਚ 'ਗੁਨ ਗੁਨੀ' ਨੂੰ ਸ਼ੁਧ ਕਰਨ ਦੇ ਉਪਰਾਲੇ ਨਾਲ 'ਕੁੰਭਨੀ' ਕਰ ਦਿਤਾ ਗਿਆ ਹੈ। ਪ੍ਰੋ. ਪਿਆਰਾ ਸਿੰਘ 'ਪਦਮ' ਵਰਗਿਆਂ ਨੂੰ ਵੀ 'ਗੁਨ ਗੁਨੀ' ਨੇ ਬਹੁਤ ਵਿਚਲਿਤ ਕੀਤਾ ਸੀ। ਉਨ੍ਹਾਂ ਆਲਮ ਨੂੰ ਇਸ ਉਕਾਈ ਵਾਸਤੇ ਨਹੀਂ ਕੋਸਿਆ, ਜਿਸ ਨੂੰ ਉਹ ਮੂਲ-ਲਿਖਾਰੀ ਮੰਨਦੇ ਸਨ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀ ਭਰਪੂਰ ਆਲੋਚਨਾ ਕੀਤੀ। ਉਹ ਦੇਵਨਾਗਰੀ ਨੁਸਖ਼ੇ ਦੇ 'ਕੁੰਭਨੀ' ਪਰਿਵਤਨ ਤੋਂ ਵੀ ਪ੍ਰਭਾਵਿਤ ਨਹੀਂ ਹੋਏ, ਬਲਕਿ ਇਹ ਪ੍ਰਚਾਰਿਆ ਕਿ ਇਹ 'ਕੁੰਕਨੀ' ਲਿਖਿਆ ਜਾਣਾ ਚਾਹੀਦਾ ਸੀ। ਆਓ ! ਅਸੀਂ ਵੇਖੀਏ ਕਿ ਇਸ 'ਗੁਨ ਗੁਨੀ' ਤੋਂ ਕੀ ਭਾਵ ਹੈ। 'ਸ਼੍ਰੀਮਲ੍ਲਕ੍ਸ਼੍ਯਸੰਗੀਤਮ੍' ਤੋਂ ਗਿਆਤ ਹੁੰਦਾ ਹੈ ਕਿ ਪੁੰਡਰੀਕ ਵਿਠਲ ਕ੍ਰਿਤ ਰਾਗ-ਪਰਿਵਾਰ ਵਿਚ 'ਸ਼੍ਰੀਰਾਗ' ਦੀਆਂ ਪਤਨੀਆਂ ਵਿਚੋਂ ਇਕ ਗੁਨਕਰੀ ਹੈ, ਪਰ ਚੇਤੇ ਰਹੇ ਕਿ ਇਹ ਗੁੰਡਕਰੀ ਨਹੀਂ, ਕਿਉਂ ਜੁ ਇਸੇ ਸਿਸਟਮ ਨੇ 'ਗੁੰਡਕਰੀ' ਨੂੰ ਵਖਰੇ ਤੌਰ ਤੇ 'ਸ਼੍ਰੀ ਰਾਗ' ਦੀ ਪਤਨੀ ਦਰਸ਼ਾਇਆ ਹੈ। ਇਥੇ ਇਹ ਵੀ ਜਾਣਨਾ ਜ਼ਰੂਰੀ ਹੈ ਕਿ ਪੁਰਾਤਨ ਕਾਲ ਵਿਚ 'ਗੁਨਕਰੀ' ਤੋਂ ਇਲਾਵਾ 'ਗੁਨਸਾਗਰ' ਅਤੇ 'ਗੁਨਕ੍ਰਿਆ' ਵਰਗੇ ਰਾਗ ਪ੍ਰਚਲਿਤ ਰਹੇ ਹਨ ਅਤੇ 'ਗੁਨਕਰੀ' ਅਜ ਵੀ ਬਹੁਪ੍ਰਚਲਿਤ ਹੈ। ਇਸ ਤੋਂ ਇਹ ਬਹੁਤ ਸਪਸ਼ਟ ਹੈ ਕਿ ਕੋਈ 'ਗੁਨ' ਨਾਮਕ ਰਾਗ ਜ਼ਰੂਰ

ਵਿਦਮਾਨ ਸੀ, ਜੋ 'ਸਾਗਰ' ਨਾਲ ਮਿਲ ਕੇ 'ਗੁਨਸਾਗਰ' ਹੋ ਗਿਆ। ਕਾਨੂੰਨੇਮੌਸਿਕੀ ਅਨੁਸਾਰ 'ਗੁਨਕਰੀ' ਮੇਘ ਦੀ ਰਾਗਿਨੀ ਹੈ। ਪ੍ਰੋ. ਇਨਾਇਤ ਖਾਂ ਅਨੁਸਾਰ 'ਗੁਨਸਾਗਰ' ਰਾਗ 'ਸ੍ਰੀਰਾਗ' ਦਾ ਪੁਤ੍ਰ ਹੈ। ਸੋ ਅਸੀਂ ਇਸ ਨਤੀਜੇ ਤੇ ਪੁਜਦੇ ਹਾਂ ਕਿ ਰਾਗਮਾਲਾ ਵਿਚ ਆਇਆ 'ਗੁਨ' ਸ਼ਬਦ ਰਾਗਿਨੀ ਵਾਸਤੇ ਹੈ, ਜਦੋਂ ਕਿ 'ਗੁਨੀ' ਸ਼ਬਦ ਸੰਗੀਤ ਦੇ ਮਾਹਿਰ ਗੁਣੀਜਨਾਂ ਵਾਸਤੇ ਹੈ। ਪੰਕਤੀ ਦੇ ਠੀਕ ਅਰਥ ਹਨ- ਫਿਰ ਗੁਣੀਜਨ 'ਆਸਾ' ਅਤੇ 'ਗੁਨ' ਰਾਗਿਨੀਆਂ ਦਾ ਗਾਇਨ ਕਰਦੇ ਹਨ। ਹੁਣ ਇਕ ਹੋਰ ਸਮਸਿਆ ਹੈ ਕਿ ਰਾਗਿਨੀਆਂ ਦੀ ਗਿਣਤੀ ਪੰਜ ਤੋਂ ਵਧੀਕ ਨਹੀਂ ਮੰਨੀ ਜਾ ਸਕਦੀ। ਜੇ ਸੋਰਠਿ, ਗੋਂਡ, ਮਲਾਰੀ, ਆਸਾ, ਗੁਨ ਅਤੇ ਸੂਹੋਂ ਨੂੰ ਰਾਗਿਨੀਆਂ ਮੰਨ ਲਈਏ, ਤਾਂ ਮੇਘ ਦੀਆਂ 'ਰਾਗਿਨੀਆਂ' ਦੀ ਗਿਣਤੀ ਛੇ ਹੋ ਜਾਂਦੀ ਹੈ। ਮੇਰੀ ਮਾਨਤਾ ਹੈ ਕਿ 'ਗੁੰਡ' ਅਤੇ 'ਗੋਂਡ' ਵਿਚ ਕੋਈ ਅੰਤਰ ਨਹੀਂ। ਇਹ ਰਾਗ-ਪੁਤਰ ਹੈ, ਜਿਸ ਨੂੰ 'ਸ੍ਰੀਰਾਗ' ਦੇ ਪੁਤਰਾਂ ਵਿਚ ਪਹਿਲਾਂ ਸਥਾਨ ਦਿਤਾ ਹੋਇਆ ਹੈ, ਕਿਉਂਕਿ ਰਾਗਿਨੀ ਦਾ ਨਾਮ ਤਾਂ 'ਗੁੰਡਕਰੀ' ਹੈ, ਜਿਸ ਦਾ ਵਰਨਣ ਪਹਿਲਾਂ ਆ ਚੁਕਾ ਹੈ। ਦਰਅਸਲ ਰਾਗਮਾਲਾ ਵਿਚ 'ਗੋਂਡ' ਨੂੰ 'ਮਲਾਰੀ' ਨਾਲ ਸੰਯੁਕਤ ਕੀਤਾ ਗਿਆ ਹੈ। ਅਸੀਂ ਜਾਣਦੇ ਹਾਂ ਕਿ 'ਗੋਂਡ ਮਲਾਰ' ਅਜ ਵੀ ਬਹੁਤ ਪ੍ਰਚਲਿਤ ਰਾਗ ਹੈ। ਸੋ 'ਗੋਂਡ ਮਲਾਰੀ' ਦੋ ਨਹੀਂ, ਇਕੋ ਰਾਗਿਨੀ ਹੈ। ਇੰਞ ਮੇਘ ਦੀਆਂ ਰਾਗਿਨੀਆਂ ਹਨ- ਸੋਰਠਿ, ਗੋਂਡਮਲਾਰੀ, ਆਸਾ, ਗੁਨ ਅਤੇ ਸੂਹੋਂ/ਸੂਹਵਿ/ਸੂਹੀ।

ਸਾਰ- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਾਗਮਾਲਾ ਦਾ ਪਾਠ ਸਰਵ-ਸ੍ਰੇਸ਼ਠ ਹੈ। 'ਮਾਧਵਨਲ' ਦੇ ਦੇਵਨਾਗਰੀ ਨੁਸਖ਼ੇ ਦੀਆਂ ਭ੍ਰਾਮਿਕ ਸ਼ੋਧਾਂ ਉਸ ਦੇ ਮਗਰੋਂ ਲਿਖੇ ਜਾਣ ਦਾ ਸਬੂਤ ਹਨ। 'ਮਾਧਵਨਲ' ਗੁਰਮੁਖੀ ਦੇ ਸ਼ਬਦ-ਰੂਪ ਗੁਰਬਾਣੀ ਤੋਂ ਮਗਰਲੇ ਕਾਲ ਦੇ ਹਨ, ਜਿਨ੍ਹਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਲੀ ਇਕਸਾਰਤਾ ਵੀ ਨਹੀਂ।

ਗੁਰੂ ਗ੍ਰੰਥ : ਊਚੈ ਸੁਰਿ ਸੂਹਉ ਪੁਨਿ ਕੀਨੀ ॥

ਮਾਧਵਨਲ ਦੇਵਨਾਗਰੀ : ਊਚੇ ਸੁਰ ਪੁਨ ਸੂਹਵ ਕੀਨੀ ॥

ਮਾਧਵਨਲ ਗੁਰਮੁਖੀ : ਊਚੇ ਸੁਰ ਸੂਹਵਿ ਪੁਨਿ ਕੀਨੀ ॥

ਸਮੀਖਿਆ- ਸ਼ਬਦਾਂ ਦਾ ਟਾਕਰਾ ਕਰੀਏ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਏ 'ਊਚੈ' ਸ਼ਬਦ ਨੂੰ ਦੇਵਨਾਗਰੀ ਰਚਨਾ ਵਿਚ ਨਹੀਂ ਬਦਲਿਆ, ਪਰ 'ਮਾਧਵਨਲ' ਗੁਰਮੁਖੀ ਵਿਚ 'ਊਚੇ' ਕੀਤਾ ਗਿਆ ਹੈ। 'ਸੁਰਿ' ਨੂੰ ਆਲਮ ਦੀਆਂ ਦੋਹਾਂ ਕ੍ਰਿਤੀਆਂ ਵਿਚ 'ਸੁਰ' ਕਰ ਦਿਤਾ ਗਿਆ ਹੈ। 'ਸੂਹਉ' ਦੇਵਨਾਗਰੀ ਵਿਚ 'ਸੂਹਵ' ਅਤੇ ਗੁਰਮੁਖੀ ਵਿਚ 'ਸੂਹਵਿ' ਹੋ ਗਿਆ ਹੈ। 'ਪੁਨਿ' ਸ਼ਬਦ ਨੂੰ ਗੁਰਮੁਖੀ ਨੁਸਖ਼ੇ ਨੇ ਇਸ ਵਾਰ 'ਪੁਨ' ਨਹੀਂ ਕੀਤਾ, ਪਰ ਦੇਵਨਾਗਰੀ ਵਿਚ ਇਸ ਦਾ ਸਰੂਪ 'ਪੁਨ' ਲਿਖ ਕੇ ਇਸ ਦਾ ਸਥਾਨ ਵੀ 'ਸੂਹਵ' ਤੋਂ ਪਹਿਲਾਂ ਕਰ ਦਿਤਾ ਗਿਆ ਹੈ। ਸੋ ਆਲਮ ਦੀਆਂ ਦੋਹਾਂ ਕ੍ਰਿਤੀਆਂ ਦਾ ਆਪਿਸੀ ਮੇਲ ਨਹੀਂ ਬਣਦਾ। ਰਾਗਮਾਲਾ ਦੇ ਵਿਰੋਧੀਆਂ ਦਾ ਕਹਿਣਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਾਗਮਾਲਾ ਵਿਚ ਸੂਹੀ ਨੂੰ 'ਸੂਹਉ' ਲਿਖਣ ਦੀ ਗ਼ਲਤੀ ਕੀਤੀ ਗਈ ਹੈ। ਹਕੀਕਤਨ ਸੰਗੀਤ-ਗ੍ਰੰਥਾਂ ਵਿਚ ਇਸ ਰਾਗ ਦੇ ਕਈ ਨਾਮ ਹਨ, ਜਿਵੇਂ- ਸੁਹੁ, ਸੁਹੋ, ਸੂਹਵਿ, ਸੂਹਵ, ਸੂਹੀ ਆਦਿ। ਰਾਗਤਰੰਗਿਣੀ ਵਿਚ 'ਸੁਹੁ' ਨੂੰ ਮੇਘ ਦੀ ਰਾਗਿਨੀ ਲਿਖਿਆ ਗਿਆ ਹੈ। ਗੁਰਬਾਣੀ ਵਿਚ 'ਸੂਹੀ' ਨੂੰ 'ਸੂਹਬ' ਅਤੇ 'ਸੂਹਵੀ' ਨਾਮ ਵੀ ਦਿਤੇ ਗਏ ਹਨ, ਯਥਾ- ਸੂਹਬ ਸੂਹਬ ਸੂਹਵੀ। ਅਸਲ ਵਿਚ ਸੂਹਵ ਦਾ ਸੂਹਬ, ਸੂਹਵ ਦਾ ਸੂਹਉ ਅਤੇ ਸੂਹਉ ਦਾ ਸੁਹੁ ਹੋਣਾ ਸੁਭਾਵਿਕ ਭਾਸ਼ਾਈ ਪਰਿਵਰਤਨ ਹੈ। ਜਿਵੇਂ- 'ਤੇਰੀ ਟੇਕ ਤਰੀਐ ਭਉ ਸਾਗਰ' ਵਿਚ 'ਭਉਸਾਗਰ' ਸ਼ਬਦ 'ਭਵਸਾਗਰ' ਦਾ ਹੀ ਪਰਿਵਰਤਿਤ ਰੂਪ ਹੈ। ਵੈਰੀ ਦਾ ਬੈਰੀ ਹੋਣਾ ਸੁਭਾਵਿਕ ਹੈ। ਵੈਸ਼ਣਵ ਦਾ ਬੈਸਨੋ ਹੋ ਜਾਣ ਨਾਲ 'ਵ' ਦੀ ਆਵਾਜ਼ 'ਓ' ਹੋ ਗਈ ਹੈ। ਇਹੋ 'ਵੈਸ਼ਣਵ' ਅਗੇ 'ਵੈਸ਼ਨੂੰ' ਬਣ ਜਾਂਦਾ ਹੈ। ਉਪਰੋਕਤ ਸੂਹਉ ਜਾਂ ਸੂਹਵ ਨੂੰ ਹੀ 'ਹਨੁਮਾਨ ਮਤ' ਦੀ ਰਾਗਮਾਲਾ ਵਿਚ 'ਸੂਹੋ' ਨਾਮ ਦਿਤਾ ਗਿਆ ਹੈ। ਇੰਞ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਾਗਮਾਲਾ ਵਿਚ ਵਰਣਿਤ 'ਸੂਹਉ' ਰਾਗਿਨੀ ਹੀ ਸੂਹਵ, ਸੂਹਬ, ਸੂਹਵਿ, ਸੂਹੀ, ਸੁਹੁ ਆਦਿ ਨਾਵਾਂ ਨਾਲ ਪ੍ਰਚਲਿਤ ਰਹੀ ਹੈ।

ਸਾਰ- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਵਿਚ ਕੋਈ ਅਸੰਗਤੀ ਨਹੀਂ, ਪਰ ਆਲਮ ਦੇ ਦੋਵੇਂ ਪਾਠ ਵਖ-ਵਖ ਹਨ।

ਗੁਰੂ ਗ੍ਰੰਥ : ਮੇਘ ਰਾਗ ਸਿਉ ਪਾਂਚਉ ਚੀਨੀ ॥ ੧ ॥

ਮਾਧਵਨਲ ਦੇਵਨਾਗਰੀ : ਮੇਘ ਰਾਗ ਸੰਗ ਪਾਂਚੋਂ ਚੀਨੀ ॥ ੧ ॥

ਮਾਧਵਨਲ ਗੁਰਮੁਖੀ : ਮੇਘ ਰਾਗ ਸੋ ਪਾਂਚੋਂ ਚੀਨੀ ॥ ੧ ॥

ਸਮੀਖਿਆ- ਆਲਮ ਦੀਆਂ ਦੋਹਾਂ ਰਚਨਾਵਾਂ ਦੇ ਪਾਠ ਵਿਚ ਮਾਮੂਲੀ ਭੇਦ ਹੈ। ਆਲਮ ਦੀ ਦੇਵਨਾਗਰੀ ਰਚਨਾ ਵਿਚ 'ਸਿਉ' ਨੂੰ 'ਸੰਗ' ਬਣਾ ਦਿਤਾ ਹੈ, ਜਦੋਂ ਕਿ ਗੁਰਮੁਖੀ ਵਿਚ 'ਸੋ' ਲਿਖ ਲਿਆ ਹੈ। ਨਿਸ਼ਚਿਤ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਾਗਮਾਲਾ ਦੇ ਸ਼ਬਦ-ਰੂਪ ਪੁਰਾਤਨ ਹਨ।

ਗੁਰੂ ਗ੍ਰੰਥ : ਬੈਰਾਧਰ ਗਜਧਰ ਕੇਦਾਰਾ ॥

ਮਾਧਵਨਲ ਦੇਵਨਾਗਰੀ : ਬੈਰਾਹੰ ਗਜਧਰ ਕੇਦਾਰਾ ॥

ਮਾਧਵਨਲ ਗੁਰਮੁਖੀ : ਬੈਰਾਟੀ ਗਜਧਰ ਕੇਦਾਰਾ ॥ (ਪਹਿਲਾਂ ਰਾਗਿਨੀ ਰੂਪ ਹੁਣ ਕਿਵੇਂ ਰਾਗ-ਪੁਤ੍ਰ)

ਸਮੀਖਿਆ- 'ਬੈਰਾਧਰ' ਇਕ ਅਪ੍ਰਚਲਿਤ ਰਾਗ ਹੈ, ਜਿਸ ਦਾ ਜਾਂ ਤਾਂ ਅਸਤਿਤ੍ਵ ਗੁੰਮ ਹੋ ਚੁਕਿਆ ਹੈ ਜਾਂ ਸਮੇਂ ਨਾਲ ਇਸ ਦਾ ਨਾਮ ਪਰਿਵਰਤਿਤ ਹੋ ਗਿਆ ਹੈ। ਇਹੀ ਕਾਰਨ ਸੀ ਕਿ ਆਲਮ ਕ੍ਰਿਤ ਦੋਹਾਂ ਰਾਗਮਾਲਾਵਾਂ ਵਿਚ ਨਾਮ ਬਦਲ ਕੇ 'ਬੈਰਾਹੰ' ਅਤੇ 'ਬੈਰਾਟੀ' ਕੀਤਾ ਗਿਆ ਹੈ। ਪਰ ਅਸੰਗਤੀ ਇਹ ਆ ਗਈ ਹੈ ਕਿ ਗੁਰਮੁਖੀ ਪਾਠ ਵਿਚ ਜੋ 'ਬੈਰਾਟੀ' ਪਾਇਆ ਗਿਆ ਹੈ, ਇਹ ਰਾਗ-ਪੁਤ੍ਰ ਨਹੀਂ ਬਲਕਿ ਇਸਤ੍ਰੀ ਰਾਗਿਨੀ ਹੈ, ਜੋ ਪਹਿਲਾਂ ਹੀ 'ਬੈਰਾਰੀ' ਦੇ ਨਾਮ 'ਤੇ 'ਸ੍ਰੀਰਾਗ' ਦੀ ਰਾਗਿਨੀ ਵਜੋਂ ਆ ਚੁਕੀ ਹੈ। ਆਲਮ ਦੇ ਪਾਠਾਂ ਵਿਚ ਜੋ ਪਰਿਵਰਤਨ ਕੀਤੇ ਗਏ ਹਨ, ਉਸ ਦਾ ਮੂਲ ਕਾਰਨ 'ਬੈਰਾਧਰ' ਦੀ ਅਨੁਪਲਬਧਤਾ ਸੀ, ਪਰ ਇਹ ਸਪਸ਼ਟ ਹੈ ਕਿ ਆਲਮ ਦੀਆਂ ਕ੍ਰਿਤੀਆਂ ਵਿਚ, ਭਾਵੇਂ ਭਿੰਨ-ਭਿੰਨ ਸਹੀ, ਸਮਾਧਾਨ ਪ੍ਰਸਤੁਤ ਕਰਨ ਦੀ ਚੇਸ਼ਟਾ ਹੋਈ ਹੈ, ਜੋ ਨਿਸ਼ਚਿਤ ਹੀ ਮਗਰਲੀ ਪ੍ਰਵਿਰਤੀ ਹੈ, ਨਹੀਂ ਤਾਂ ਆਲਮ ਦੀਆਂ ਰਚਨਾਵਾਂ ਵਿਚ ਇਕਸਾਰਤਾ ਜ਼ਰੂਰ ਹੋਣੀ ਸੀ।

ਗੁਰੂ ਗ੍ਰੰਥ : ਜਬਲੀਧਰ ਨਟ ਅਉ ਜਲਧਾਰਾ ॥

ਮਾਧਵਨਲ ਦੇਵਨਾਗਰੀ : ਜਾਲੰਧਰ ਨਟ ਯ ਜਲਧਾਰਾ ॥

ਮਾਧਵਨਲ ਗੁਰਮੁਖੀ : ਜਲਧਰ ਨਟ ਅਉ ਜਬਲੀਧਾਰਾ ॥

ਸਮੀਖਿਆ- 'ਬੈਰਾਧਰ' ਵਾਂਗ 'ਜਬਲੀਧਰ' ਤ੍ਰੀ ਅਜਿਹਾ ਅਪ੍ਰਚਲਿਤ ਰਾਗ ਹੈ, ਜਿਸ ਦਾ ਅਸਤਿਤ੍ਵ ਸੰਗੀਤ ਦੇ ਗ੍ਰੰਥਾਂ ਵਿਚ ਉਪਲਬਧ ਨਹੀਂ ਹੈ। ਇਸੇ ਕਾਰਨ ਆਲਮ ਦੀਆਂ ਵਖ-ਵਖ ਰਾਗਮਾਲਾਵਾਂ ਨੇ ਇਸ ਦੇ ਭਿੰਨ-ਭਿੰਨ ਬਦਲ ਪ੍ਰਸਤੁਤ ਕੀਤੇ ਹਨ। ਜਿਥੇ ਗੁਰਮੁਖੀ ਰਚਨਾ ਵਿਚ 'ਜਬਲੀਧਰ' ਦੀ ਥਾਂ 'ਜਲਧਰ' ਲਿਖ ਕੇ 'ਜਲਧਾਰਾ' ਦੀ ਥਾਂ 'ਜਬਲੀਧਾਰਾ' ਲਿਖ ਦਿਤਾ ਹੈ, ਉਥੇ ਦੇਵਨਾਗਰੀ ਰਚਨਾ ਵਿਚ 'ਜਬਲੀਧਰ' ਨੂੰ 'ਜਾਲੰਧਰ' ਲਿਖ ਦਿਤਾ ਹੈ, ਪਰ 'ਜਲਧਾਰਾ' ਨੂੰ ਬਦਲਣ ਦੀ ਚੇਸ਼ਟਾ ਨਹੀਂ ਕੀਤੀ। ਆਲਮ ਦੀਆਂ ਦੋਹਾਂ ਕ੍ਰਿਤੀਆਂ ਨੇ ਸੰਸਾ-ਗ੍ਰਸਤ ਹੁੰਦਿਆਂ ਵੀ ਇਹ ਸਪਸ਼ਟ ਕਰ ਦਿਤਾ ਕਿ 'ਜਬਲੀਧਰ' ਅਤੇ 'ਜਲਧਾਰਾ' ਦੋਵੇਂ ਰਾਗ ਕਿਸੇ ਸਮੇਂ ਪ੍ਰਚਲਿਤ ਰਹੇ ਹਨ। 'ਹਨੁਮਾਨ ਮਤ' (ਸੰਗੀਤ ਬਿਨੋਦ) ਵਿਚ 'ਜਲਧਾਰਾ'

ਰਾਗ ਨੂੰ 'ਮੇਘ' ਦੇ ਪੁਤ੍ਰਾਂ ਵਿਚ ਰਖਿਆ ਗਿਆ ਹੈ। ਪ੍ਰੋ. ਪਿਆਰਾ ਸਿੰਘ 'ਪਦਮ' ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਾਗਮਾਲਾ ਦੀ ਸ਼ਬਦਾਵਲੀ ਦਾ ਮਜ਼ਾਕ ਉਡਾਉਂਦਿਆਂ ਲਿਖਿਆ ਹੈ ਕਿ ਇਸ ਦੇ ਅਣਜਾਣ ਲਿਖਾਰੀ ਨੇ 'ਜਾਲੰਧਰ' ਨੂੰ 'ਜਬਲੀਧਰ' ਲਿਖ ਦਿਤਾ ਹੈ। ਇਹੋ ਵਿਚਾਰ ਸ. ਸ਼ਮਸ਼ੇਰ ਸਿੰਘ 'ਅਸ਼ੋਕ' ਦੇ ਸਨ। ਪਰ ਇਨ੍ਹਾਂ ਵਿਦਵਾਨਾਂ ਦੀ ਪਰਖ-ਪੜਚੋਲ ਅਸਲੋਂ ਹਾਸੋਹੀਣੀ ਹੈ। ਇਹ ਆਲਮ ਦੀ ਰਾਗਮਾਲਾ ਨੂੰ ਸ਼ੁਧ ਅਤੇ ਮੂਲ ਮੰਨਦੇ ਹਨ, ਪਰ ਆਲਮ ਦੁਆਰਾ ਵਰਤੇ 'ਜਬਲੀਧਰ' ਉਤੇ ਕੋਈ ਟਿਪਣੀ ਕਿਉਂ ਨਹੀਂ ਕਰਦੇ ? ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਾਗਮਾਲਾ ਦਾ ਸ੍ਰੋਤ 'ਮਾਧਵਨਲ ਕਾਮ ਕੰਦਲਾ' ਹੀ ਸੀ, ਤਾਂ ਆਲਮ ਨੇ 'ਜਬਲੀਧਾਰਾ' ਕਿਉਂ ਲਿਖ ਦਿਤਾ। ਜੇ 'ਜਬਲੀਧਰ' ਸ਼ਬਦ ਦੀ ਵਿਵੇਕਪੂਰਣ ਸਮੀਖਿਆ ਕੀਤੀ ਜਾਵੇ, ਤਾਂ ਇਹ ਪਤਾ ਚਲੇਗਾ ਕਿ ਸੰਸਕ੍ਰਿਤ ਵਿਚ 'ਜਬਲ' ਦਾ ਅਰਥ ਪਹਾੜ ਹੈ। 'ਧਰ' ਦਾ ਅਰਥ 'ਧਾਰਨ ਕਰਨ ਵਾਲਾ' ਹੈ। 'ਜਬਲੀਧਰ' ਦਾ ਅਰਥ ਹੈ- ਪਹਾੜ ਨੂੰ ਧਾਰਨ ਕਰਨ ਵਾਲਾ। ਜਦੋਂ 'ਪਹਾੜ ਨੂੰ ਧਾਰਨ ਕਰਨ ਵਾਲੇ' ਦਾ ਵਿਵੇਚਨ ਕਰਾਂਗੇ, ਤਾਂ ਸਪਸ਼ਟ ਹੋ ਜਾਵੇਗਾ ਕਿ ਸ੍ਰੀ ਕ੍ਰਿਸ਼ਣ ਦਾ ਇਕ ਵਿਸ਼ੇਸ਼ਣ 'ਗਿਰਿਧਰ' ਸੀ। 'ਗਿਰਿ' ਦਾ ਅਰਥ ਵੀ ਪਹਾੜ ਹੈ। 'ਗਿਰਿਧਰ' ਪਹਾੜ ਨੂੰ ਧਾਰਨ ਕਰਨ ਵਾਲਾ। ਇਕ ਪੌਰਾਣਿਕ ਕਥਾਨਕ ਅਨੁਸਾਰ ਸ੍ਰੀ ਕ੍ਰਿਸ਼ਣ ਨੇ 'ਗੋਵਰਧਨ' ਪਰਬਤ ਨੂੰ ਉਠਾਇਆ ਸੀ, ਗੁਰਵਾਕ ਹੈ- ਗੁਰਮਤਿ ਕ੍ਰਿਸਨਿ ਗੋਵਰਧਨ ਧਾਰੇ। ਸੋ ਸਪਸ਼ਟ ਹੈ ਕਿ 'ਜਬਲੀਧਰ' ਵੀ ਸ੍ਰੀ ਕ੍ਰਿਸ਼ਣ ਦਾ ਹੀ ਇਕ ਵਿਸ਼ੇਸ਼ਣ ਹੈ। ਇਸ ਸੰਬੰਧੀ ਵੀ ਕੋਈ ਸੰਦੇਹ ਨਹੀਂ, ਕਿ ਮਧਕਾਲ ਦਾ ਭਾਰਤੀ ਸਾਹਿਤ ਅਤੇ ਸੰਗੀਤ ਸ੍ਰੀ ਕ੍ਰਿਸ਼ਣ ਦੇ ਆਲੇ-ਦੁਆਲੇ ਹੀ ਘੁੰਮਦਾ ਸੀ। ਇੰਞ ਕੋਈ 'ਰਾਗ' ਉਨ੍ਹਾਂ ਦੇ ਪਰਬਤ ਚੁਕਣ ਵਾਲੇ ਕੌਤੁਕ ਨੂੰ ਸਮਰਪਿਤ ਹੋਵੇ ਤਾਂ ਕੋਈ ਹੈਰਾਨੀ ਦੀ ਗਲ ਨਹੀਂ। ਇਥੇ ਇਹ ਵੀ ਪੜਚੋਲ ਕਰ ਲਈਏ ਕਿ ਅਣਜਾਣ ਆਲਮ ਨੇ 'ਜਬਲੀਧਰ' ਨੂੰ 'ਜਬਲੀਧਾਰਾ' ਲਿਖ ਦਿਤਾ ਹੈ ਅਤੇ 'ਜਲਧਾਰਾ' ਨੂੰ 'ਜਲਧਰ' ਲਿਖ ਕੇ ਭਾਰੀ ਉਕਾਈ ਕੀਤੀ ਹੈ। 'ਧਾਰਾ' ਦਾ ਅਰਥ 'ਪ੍ਰਵਾਹ, ਲਹਿਰ ਆਦਿ' ਹੁੰਦਾ ਹੈ, ਇਹ ਕਿਸੇ ਪਹਾੜ ਦੀ ਨਹੀਂ ਹੋ ਸਕਦੀ, 'ਜਲ' ਦੀ ਹੁੰਦੀ ਹੈ। ਸੋ 'ਜਬਲੀਧਾਰਾ' ਅਤੇ 'ਜਲਧਰ' ਸਰਵਥਾ ਗ਼ਲਤ ਪਾਠ ਹੈ। ਆਲਮ ਦੇ ਗ਼ਲਤ ਪਾਠ ਨੂੰ ਸਹੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹੀ ਪਾਠ ਨੂੰ ਗ਼ਲਤ ਕਹਿਣ ਵਾਲੇ ਸਾਡੇ ਵਿਦਵਾਨਾਂ ਸੰਬੰਧੀ ਇਹ ਗੁਰਵਾਕ ਇਕਦਮ ਢੁਕਵਾਂ ਹੈ- 'ਬਾਵੈ ਮਾਰਗੁ ਟੇਢਾ ਚਲਨਾ। ਸੀਧਾ ਛੋਡਿ ਅਪੂਠਾ ਬੁਨਨਾ'।

ਸਾਰ : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਸ਼ੁਧ ਅਤੇ ਸਾਰਥਕ ਹੈ, ਜਦੋਂ ਕਿ 'ਮਾਧਵਨਲ ਕਾਮਕੰਦਲਾ' ਦੇ ਦੋਵੇਂ ਪਾਠ ਗ਼ਲਤ ਹਨ।

ਗੁਰੂ ਗ੍ਰੰਥ : ਪੁਨਿ ਗਾਵਹਿ ਸੰਕਰ ਅਉ ਸਿਆਮਾ ॥

ਮਾਧਵਨਲ ਦੇਵਨਾਗਰੀ : ਪੁਨਿ ਗਾਵਹਿ ਔਂ ਸੰਕਰ ਅਉ ਸਯਾਮਾ ॥

ਮਾਧਵਨਲ ਗੁਰਮੁਖੀ : ਪੁਨ ਗਾਵਹਿ ਸੰਕਰ ਅਰੁ ਸਿਆਮਾ ॥

ਸਮੀਖਿਆ- ਤਿੰਨੇ ਪਾਠਾਂ ਵਿਚ ਮੂਲ-ਭੂਤ ਅੰਤਰ ਨਹੀਂ। ਦੇਵਨਾਗਰੀ ਨੁਸਖ਼ੇ ਦਾ ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਮਿਲਦਾ ਹੈ। ਪੰਜਾਬੀ ਨੁਸਖ਼ੇ ਵਿਚ 'ਪੁਨਿ' ਦਾ ਗ਼ਲਤ ਰੂਪ 'ਪੁਨ' ਅਤੇ 'ਅਉ' ਦੀ ਥਾਂ 'ਅਰੁ' ਕੀਤਾ ਗਿਆ ਹੈ। ਦੇਵਨਾਗਰੀ ਪਾਠ ਆਲਮ ਦੇ ਗੁਰਮੁਖੀ ਪਾਠ ਦੀ ਤਸਦੀਕ ਨਾ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਾ ਸਮਰਥਨ ਕਰਦਾ ਹੈ।

ਸਾਰ- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਬਿਲਕੁਲ ਠੀਕ ਹੈ।

ਗੁਰੂ ਗ੍ਰੰਥ : ਮੇਘ ਰਾਗ ਪੁਤ੍ਰਨ ਕੇ ਨਾਮਾ ॥ ੧ ॥

ਮਾਧਵਨਲ ਦੇਵਨਾਗਰੀ : ਮੇਘ ਰਾਗਿ ਪੁਤ੍ਰਨ ਕੇ ਨਾਮਾ ॥ ੧ ॥

ਮਾਧਵਨਲ ਗੁਰਮੁਖੀ : ਮੇਘ ਰਾਗ ਪੁਤ੍ਰਨ ਕੇ ਨਾਮਾ ॥ ੧ ॥

ਸਾਰ- ਤਿੰਨਾਂ ਰਚਨਾਵਾਂ ਦਾ ਪਾਠ ਮਿਲਦਾ ਹੈ। ਕੇਵਲ ਦੇਵਨਾਗਰੀ ਰਚਨਾ ਵਿਚ 'ਰਾਗ' ਦਾ 'ਰਾਗਿ' ਅਰਥਾਤ 'ਰਾਗਿਨੀ' ਕੀਤਾ ਹੋਇਆ ਹੈ। ਇਹ ਇਕ ਅਸ਼ੁਧੀ ਹੈ।

ਗੁਰੂ ਗ੍ਰੰਥ : ਖਸਟ ਰਾਗ ਉਨਿ ਗਾਏ ਸੰਗਿ ਰਾਗਨੀ ਤੀਸ ॥

ਮਾਧਵਨਲ ਦੇਵਨਾਗਰੀ : ਖਸਟ ਰਾਗ ਉਨ ਗਾਇਆ ਸੰਗ ਰਾਗਨੀ ਤੀਸ ॥

ਮਾਧਵਨਲ ਗੁਰਮੁਖੀ : ਖਸਟ ਰਾਗ ਉਨਿ ਗਾਏ ਸੰਗਿ ਰਾਗਨੀ ਤੀਸ ॥

ਸਮੀਖਿਆ- 'ਮਾਧਵਨਲ' ਗੁਰਮੁਖੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਮਿਲਦਾ ਹੈ। ਦੇਵਨਾਗਰੀ ਨੁਸਖ਼ੇ ਵਿਚ 'ਗਾਏ' ਦਾ 'ਗਾਇਆ' ਬਣਾ ਕੇ ਪਾਠ ਨੂੰ ਦੂਸ਼ਿਤ ਕਰ ਦਿਤਾ ਹੈ। ਛੇ ਰਾਗਾਂ ਨਾਲ 'ਗਾਏ' ਆਉਣਾ ਸੀ, ਉਸ ਨੇ ਇਕਵਚਨ 'ਗਾਇਆ' ਲਿਖ ਦਿਤਾ ਹੈ। 'ਸੰਗਿ' ਨੂੰ 'ਸੰਗ' ਲਿਖਣ ਦੀ ਭੁਲ ਵੀ ਕੀਤੀ ਹੈ।

ਸਾਰ- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਬਿਲਕੁਲ ਠੀਕ ਹੈ।

ਗੁਰੂ ਗ੍ਰੰਥ : ਸਭੈ ਪੁਤ੍ਰ ਰਾਗੰਨ ਕੇ ਅਠਾਰਹ ਦਸ ਬੀਸ ॥ ੧ ॥ ੧ ॥

ਮਾਧਵਨਲ ਦੇਵਨਾਗਰੀ : ਸਭੈ ਪੁਤ੍ਰ ਸਭ ਰਾਗ ਕੈ ਅਠਤਾਲੀ ਛਤੀਸ ॥ ੧ ॥ ੧ ॥

ਮਾਧਵਨਲ ਗੁਰਮੁਖੀ : ਸਭੈ ਪੁਤ੍ਰ ਰਾਗਨ ਕੇ ਗਾਏ ਅਠਾਰਹ ਦਸ ਬੀਸ ॥ ੧ ॥ ੧ ॥

ਸਮੀਖਿਆ- 'ਮਾਧਵਨਲ' ਦੇਵਨਾਗਰੀ ਵਿਚ ਅੰਤਿਮ ਪੰਕਤੀ ਦਾ ਪਾਠ ਦੂਸ਼ਿਤ ਹੀ ਨਹੀਂ ਹੋਇਆ, ਸਗੋਂ 'ਅਠਾਰਹ ਦਸ ਬੀਸ' ਭਾਵ 48 ਨੂੰ 'ਅਠਤਾਲੀ ਛਤੀਸ' ਲਿਖ ਕੇ 84 ਬਣਾਉਣ ਦੀ ਬਜਰ ਭੁਲ ਕਰ ਕੇ ਆਪਣੀ ਅਲਪਗਤਾ ਨੂੰ ਸਿਧ ਕਰ ਦਿਤਾ ਹੈ। ਇਹ 84 ਕੁਲ ਰਾਗ, ਰਾਗਿਨੀਆਂ ਅਤੇ ਰਾਗ-ਪੁਤ੍ਰਾਂ ਦੀ ਗਿਣਤੀ ਨਹੀਂ, ਬਲਕਿ 'ਸਭੈ ਪੁਤ੍ਰ ਸਭ ਰਾਗ ਕੈ' ਲਿਖ ਕੇ ਕੇਵਲ ਰਾਗ-ਪੁਤ੍ਰ ਹੀ 84 ਕਰ ਦਿਤੇ ਹਨ! ਗੁਰਮੁਖੀ ਨੁਸਖ਼ੇ ਵਿਚ ਦੇਵਨਾਗਰੀ ਵਾਂਗ ਰਾਗਾਂ ਦੀ ਗ਼ਲਤ ਗਿਣਤੀ ਤਾਂ ਨਹੀਂ, ਪਰ 'ਸਭੈ ਪੁਤ੍ਰ ਰਾਗਨ ਕੇ' ਦੇ ਨਾਲ 'ਗਾਏ' ਸ਼ਬਦ ਜੋੜ ਕੇ ਕਵਿਤਾ ਨੂੰ ਦੂਸ਼ਿਤ ਕੀਤਾ ਹੈ।

ਸਾਰ- ਇਸ ਪੰਕਤੀ ਦਾ ਸਭ ਤੋਂ ਸਪਸ਼ਟ, ਸ਼ੁਧ ਅਤੇ ਕਾਵਿਕ ਦੋਸ਼ਾਂ ਤੋਂ ਮੁਕਤ ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੀ ਹੈ।

ਉਪਰੋਕਤ ਸਮੀਖਿਆ ਦੇ ਸੰਖਿਪਤ ਨਤੀਜੇ-

1. ਪ੍ਰੋ. ਪਿਆਰਾ ਸਿੰਘ 'ਪਦਮ' ਅਤੇ ਸ' ਸ਼ਮਸ਼ੇਰ ਸਿੰਘ 'ਅਸ਼ੋਕ' ਵਰਗੇ ਰਾਗਮਾਲਾ ਦੇ ਵਿਰੋਧੀਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਾਗਮਾਲਾ ਦਾ ਪਾਠ ਦੂਸ਼ਿਤ ਦਸ ਕੇ ਪਾਠਕਾਂ ਨੂੰ ਗੁੰਮਰਾਹ ਕੀਤਾ ਹੈ, ਜਦੋਂ ਕਿ ਉਪਰੋਕਤ ਪੰਕਤੀਵਾਰ ਨਿਰਪਖ ਵਿਵੇਚਨ ਤੋਂ ਬਹੁਤ ਸਪਸ਼ਟ ਹੋ ਗਿਆ ਹੈ ਕਿ 'ਆਲਮ' ਦੀਆਂ ਦੋਹਾਂ ਰਾਗਮਾਲਾਵਾਂ ਦਾ ਪਾਠ ਬਹੁਤ ਗ਼ਲਤ ਹੈ। ਜਦੋਂ ਅਸੀਂ ਤਿੰਨਾਂ ਰਾਗਮਾਲਾਵਾਂ ਦੇ ਪਾਠ ਦੀ ਤੁਲਨਾ ਕਰਦੇ ਹਾਂ ਤਾਂ ਸਪਸ਼ਟ ਹੋ ਜਾਂਦਾ ਹੈ- ੳ. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚਲਾ ਪਾਠ ਸਭ ਤੋਂ ਸ਼ੁਧ ਹੈ। ਅ. ਆਲਮ ਦੀ 'ਮਾਧਵਨਲ ਕਾਮਕੰਦਲਾ' ਗੁਰਮੁਖੀ ਦਾ ਪਾਠ ਦੂਸ਼ਿਤ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਤੋਂ ਕਿਤੇ ਨਿਮਨ-ਕੋਟਿ ਦਾ ਹੈ। ੲ. ਦੇਵਨਾਗਰੀ ਵਿਚ ਲਿਖੀ 'ਮਾਧਵਨਲ ਕਾਮਕੰਦਲਾ' ਦਾ ਪਾਠ ਸਭ ਤੋਂ ਅਸ਼ੁਧ ਹੈ।
2. ਆਲਮ ਦੇ ਹਿੰਦੀ ਪਾਠ ਅਤੇ ਪੰਜਾਬੀ ਪਾਠ ਵਿਚ ਭਾਰੀ ਅੰਤਰ ਹਨ। ਆਲਮ ਦਾ ਗੁਰਮੁਖੀ ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੇ ਨਜ਼ਦੀਕ ਹੈ, ਨਾ ਕਿ ਆਲਮ ਦੀ ਹਿੰਦੀ ਰਾਗਮਾਲਾ ਦੇ।

3. ਆਲਮ ਦੀਆਂ ਦੋਵੇਂ ਰਾਗਮਾਲਾਵਾਂ ਵਿਚ ਸੋਧਕ ਵਾਲੀ ਪ੍ਰਵਿਰਤੀ ਨਿਰੰਤਰ ਕੰਮ ਕਰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਾਗਮਾਲਾ ਵਿਚ ਆਏ ਜਿਨ੍ਹਾਂ ਅਪ੍ਰਚਲਿਤ ਰਾਗਾਂ ਦਾ ਨਾਮ ਦੁਰਲਭ ਸੀ, ਉਨ੍ਹਾਂ ਦੇ ਬਦਲ ਲਭਣ ਦੀ ਚੇਸ਼ਟਾ ਕੀਤੀ ਗਈ ਹੈ। ਇਸ ਪ੍ਰਯਤਨ ਦਾ ਫਲ ਇਕਸਾਰ ਨਹੀਂ। ਜੇ ਗੁਰਮੁਖੀ ਰਚਨਾ ਨੇ ਇਕ ਨਾਮ ਸੁਝਾਇਆ, ਤਾਂ ਉਸੇ ਵਾਸਤੇ ਦੇਵਨਾਗਰੀ ਨੇ ਕੋਈ ਹੋਰ ਨਾਮ ਸਾਹਮਣੇ ਲਿਆਉਣ ਦੀ ਚੇਸ਼ਟਾ ਕੀਤੀ। ਅਜਿਹੇ ਸਥਾਨਾਂ ਤੇ ਕਿਤੇ-ਕਿਤੇ ਇਕ ਰਚਨਾ ਦਾ ਰਾਗਨਾਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਮੇਲ ਖਾਂਦਾ ਹੈ, ਜਦੋਂ ਕਿ ਆਲਮ ਦੀ ਦੂਜੀ ਰਾਗਮਾਲਾ ਨੇ ਕੋਈ ਹੋਰ ਹੀ ਨਾਮ ਪ੍ਰਸਤੁਤ ਕਰ ਦਿਤਾ ਹੈ। ਇਹ ਸ਼ੋਧਕ ਪ੍ਰਵਿਰਤੀ ਮੂਲ ਲਿਖਾਰੀ ਵਿਚ ਨਹੀਂ ਹੋ ਸਕਦੀ। ਇਸ ਤੋਂ ਸਪਸ਼ਟ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਾਗਮਾਲਾ ਇਨ੍ਹਾਂ ਰਾਗਮਾਲਾਵਾਂ ਉਤੇ ਆਸ਼੍ਰਿਤ ਨਹੀਂ, ਬਲਕਿ ਇਹ ਰਾਗਮਾਲਾਵਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਉਤੇ ਆਸ਼੍ਰਿਤ ਹਨ।

4. ਸਾਰੇ ਮਤਾਂ ਦੀਆਂ ਰਾਗਮਾਲਾਵਾਂ ਵਿਚ ਇਹ ਨਿਯਮ ਰਿਹਾ ਹੈ ਕਿ ਰਾਗਾਂ, ਰਾਗਿਨੀਆਂ, ਰਾਗ-ਪੁਤਰਾਂ ਅਤੇ ਨੂੰਹਾਂ (ਜਿਨ੍ਹਾਂ ਰਾਗਮਾਲਾਵਾਂ ਵਿਚ ਹਨ) ਦਾ ਕਿਤੇ ਵੀ ਦੁਹਰਾਓ ਨਹੀਂ ਆਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਾਗਮਾਲਾ ਵਿਚ ਵੀ ਕੋਈ ਰਾਗ-ਨਾਮ ਦੋਬਾਰਾ ਨਹੀਂ ਵਰਤਿਆ ਗਿਆ, ਪਰ ਆਲਮ ਦੀਆਂ ਕ੍ਰਿਤੀਆਂ ਵਿਚ ਅੰਕਿਤ ਰਾਗਮਾਲਾਵਾਂ ਵਿਚ ਇਸ ਨਿਯਮ ਦਾ ਉਲੰਘਣ ਹੋਇਆ ਹੈ, ਦੇਵਨਾਗਰੀ ਵਿਚ ਆਸਾ ਨੂੰ ਭੈਰਉ ਦਾ ਪੁਤ੍ਰ ਦਰਸਾਉਂਦਿਆਂ ਲਿਖਿਆ ਹੈ- ਪੁਨ ਆਸਾ ਲੋਭੀ ਭੈ ਵਾਰੀ। ਅਗੇ ਮੇਘ ਦਾ ਪੁਤ੍ਰ ਮੰਨ ਕੇ ਲਿਖਿਆ ਹੈ- ਪੁਨਿ ਗਾਵਹਿ ਆਸਾ ਕੁੰਭਨੀ। ਗੁਰਮੁਖੀ ਵਿਚ 'ਭੈਰਵ' ਦੀ ਪਤਨੀ ਬਿਲਾਵਲੀ (ਪ੍ਰਥਮ ਭੈਰਵੀ ਬਿਲਾਵਲੀ) ਮੰਨ ਕੇ ਅਗੇ ਫਿਰ 'ਲਲਿਤ ਬਿਲਾਵਲਿ ਗਾਵਹੀ' ਲਿਖ ਕੇ ਰਾਗਿਨੀ ਨੂੰ ਰਾਗ ਬਣਾ ਕੇ ਦੁਹਰਾਉ ਕੀਤਾ ਹੈ। 'ਸਿੰਧੂਰੀ' ਦੋ ਵਾਰ ਆ ਗਈ ਹੈ। ਹਿੰਦੀ ਸੰਸਕਰਣ ਵਿਚ ਗਉਰਾ/ਗਵਰਾ ਦੋ ਵਾਰ ਆ ਗਿਆ ਹੈ। ਆਲਮ ਦੇ ਗੁਰਮੁਖੀ ਪਾਠ ਵਿਚ ਰਾਗ 'ਵਿਰਾਟੀ' ਦੋ ਵਾਰ ਆ ਗਿਆ ਹੈ। ਇਕ ਵਾਰ ਪੁਰਸ਼-ਰਾਗ ਬਣ ਕੇ, ਪਰ ਦੂਜੀ ਵਾਰੀ ਇਸਤ੍ਰੀ-ਲਿਬਾਸ ਪਹਿਨ ਕੇ।

5. ਆਲਮ ਦੀਆਂ ਕ੍ਰਿਤੀਆਂ ਵਿਚ ਰਾਗਿਨੀਆਂ ਨੂੰ ਰਾਗ-ਨਾਮ ਅਤੇ ਰਾਗਾਂ ਨੂੰ ਰਾਗਿਨੀ ਨਾਮ ਦੇਣ ਦੀਆਂ ਬਜਰ ਭੁਲਾਂ ਕੀਤੀਆਂ ਗਈਆਂ ਹਨ। ਇਸ ਸੰਬੰਧੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਪੂਰੀ ਤਰ੍ਹਾਂ ਨਿਯਮ ਵਿਚ ਬਝੀ ਹੋਈ ਹੈ, ਪਰ 'ਮਾਧਵਨਲ ਕਾਮਕੰਦਲਾ' ਦੇ ਲਿਖਾਰੀ ਨੂੰ ਰਾਗ-ਰਾਗਿਨੀ ਦੇ ਭੇਦ ਦੀ ਸੂਝ ਨਹੀਂ। ਜੋ ਕੁਝ ਉਸ ਨੇ ਨਕਲ ਕਰ ਕੇ ਲਿਖਿਆ ਹੈ, ਉਹ ਨਿਯਮਬਧ ਹੈ, ਪਰ ਜੋ ਉਸ ਨੇ ਪਰਿਵਰਤਨ ਕੀਤੇ ਹਨ, ਉਹ ਨਿਯਮ ਦਾ ਉਲੰਘਣ ਕਰਦੇ ਹਨ।

6. ਵਿਰੋਧੀ ਧਿਰ ਦਾ ਕਹਿਣਾ ਹੈ ਕਿ ਰਾਗਮਾਲਾ ਵਿਚ ਵਰਣਿਤ ਰਾਗ ਕਾਮਕੰਦਲਾ ਨੇ ਰਾਜ-ਦਰਬਾਰ ਵਿਚ ਗਾਏ ਸਨ। ਪਹਿਲਾਂ ਤਾਂ ਅਜਿਹੀ ਬੁਧਿ ਦੇ ਕੁਰਬਾਨ ਜਾਣਾ ਜ਼ਰੂਰੀ ਹੈ, ਜਿਸ ਨੇ ਇਤਨੀ ਮਹਾਨ ਖੋਜ ਸਾਡੇ ਸਾਹਮਣੇ ਰਖੀ ਹੈ, ਕਿਉਂਕਿ ਮੈਂ ਤਾਂ ਰਾਗਦਾਰੀ ਦੇ ਬਹੁਤ ਗਵਈਏ ਵੇਖੇ/ ਸੁਣੇ ਹਨ, ਜੋ ਇਕੋ ਰਾਗ ਦਾ ਵਿਸਤਾਰ ਡੇਢ-ਦੋ ਘੰਟਿਆਂ ਤਕ ਕਰਦੇ ਹਨ। ਰਾਜ-ਦਰਬਾਰ ਦੀ ਸੰਗੀਤਿਕ ਬੈਠਕ ਕਿਤਨੇ ਦਿਨ ਚਲੀ ਹੋਵੇਗੀ ? ਇਹ ਵਿਰੋਧੀ ਪਖ ਹੀ ਦਸ ਸਕੇਗਾ। ਦੂਜਾ ਇਹ ਵੀ ਸੋਚਣ ਦੀ ਲੋੜ ਹੈ ਕਿ ਸ਼ਾਸਤ੍ਰੀ ਸੰਗੀਤ ਦਾ ਗਾਇਨ ਕਰਨ ਵਾਲੇ ਕਿਸੇ ਰਾਗ ਨੂੰ ਕੁਵੇਲੇ ਜਗਾਉਣ ਦਾ ਪਾਪ ਕਦੇ ਨਹੀਂ ਕਰਦੇ। ਇਸ ਨੂੰ ਉਹ ਰਾਗ ਤੋਂ ਸ਼੍ਰਾਪਿਤ ਹੋਣ ਵਾਲਾ ਕਰਮ ਮੰਨਦੇ ਹਨ। ਫਿਰ ਰਾਗ-ਪ੍ਰਵੀਨ 'ਕਾਮਕੰਦਲਾ' ਨੇ ਵਖ-ਵਖ ਵਕਤਾਂ ਦੇ ਰਾਗ ਕਿਵੇਂ ਇਕੋ ਵਾਰ ਗਾ ਦਿਤੇ, ਮੇਰੀ ਬੁਧਿ ਵਿਚ ਨਹੀਂ ਆਉਂਦਾ। ਆਲਮ ਦੇ ਕਥਾਨਕ ਅਨੁਸਾਰ 'ਕਾਮਕੰਦਲਾ' ਇਕੇਲੀ ਗਾ ਰਹੀ ਸੀ, ਤਾਂ ਫਿਰ ਰਾਗਮਾਲਾ ਵਿਚ ਵਾਰ-ਵਾਰ ਬਹੁਵਚਨ ਪਦ 'ਗਾਵਹਿ' ਕਿਉਂ ਆਇਆ ਹੈ, ਇਕਵਚਨ 'ਗਾਵੈ' ਕਿਉਂ ਨਹੀਂ ਆਇਆ ? ਉਸ ਰਾਜ-ਦਰਬਾਰ ਵਿਚ ਜਿਥੇ ਕਾਮਕੰਦਲਾ ਗਾ ਰਹੀ ਸੀ ਕੌਣ ਲੋਕ ਸਨ ਜੋ 'ਲਲਤ ਬਿਲਾਵਲ ਅਪੁਨੀ ਅਪੁਨੀ ਭਾਂਤਿ' ਗਾ ਰਹੇ ਸਨ, ਉਥੇ ਇਕੋ ਸਭਾ ਵਿਚ ਇਕ ਰਾਗ ਨੂੰ ਵਖ-ਵਖ ਤਰੀਕਿਆਂ ਨਾਲ ਗਾਉਣ ਵਾਲੇ ਕਿਤਨੇ ਕੁ ਗਵਈਏ ਬੈਠੇ ਸਨ, ਇਹ ਆਲਮ ਨੇ ਕਿਤੇ ਦਰਸ਼ਨ ਨਹੀਂ ਕਰਵਾਏ। ਮੈਂ ਤਾਂ ਇਹ ਸਮਝ ਸਕਿਆਂ ਕਿ ਰਾਗ-ਪ੍ਰਵੀਨ ਗੁਰੂ ਜੀ ਨੇ ਦਸਿਆ ਹੈ ਕਿ ਗਾਇਨ ਦੇ ਅਧਿਕਾਰੀ ਸੰਗੀਤ-ਵਿਦ ਇਨ੍ਹਾਂ ਰਾਗਾਂ ਨੂੰ ਆਪਣੇ-ਆਪਣੇ ਢੰਗ ਨਾਲ

ਗਾਇਨ ਕਰਦੇ ਹਨ। ਹੈਰਾਨ ਹੋਣ ਦੀ ਜ਼ਰੂਰਤ ਨਹੀਂ। ਇਕੋ ਰਾਗ ਨੂੰ ਵਖ-ਵਖ ਗਾਇਨ ਕਰਨ ਕਰ ਕੇ ਹੀ ਸੰਗੀਤ ਦੇ ਵਖ-ਵਖ ਘਰਾਣੇ ਨਿਰਮਿਤ ਹੋਏ ਹਨ। ਆਲੋਚਕਾਂ ਨੇ ਇਹ ਵੀ ਧਿਆਨ ਨਹੀਂ ਦਿਤਾ ਕਿ ਰਾਗਮਾਲਾ ਵਿਚ ਕੇਵਲ ਰਾਗਾਂ ਦੇ ਗਾਇਨ ਕਰਨ ਦੀ ਹੀ ਸੂਚਨਾ ਨਹੀਂ, ਉਥੇ ਇਹ ਵੀ ਆਇਆ ਹੈ- ਪੁਨਿ ਆਇਅਉ ਹਿੰਡੋਲੁ, ਤੇਲੰਗੀ ਦੇਵਕਰੀ ਆਈ, ਸੁਰਮਾਨੰਦ ਭਾਸਕਰ ਆਏ। ਇਸ ਦਾ ਕੀ ਭਾਵ ਹੈ ? ਕੀ ਇਹ ਵੀ ਸੁੰਦਰ ਬਸਤ੍ਰ ਸਜਾ ਕੇ ਰਾਜ-ਦਰਬਾਰ ਵਿਚ ਕਾਮਕੰਦਲਾ ਕੋਲ ਆ ਕੇ ਸ਼ੋਭਿਤ ਹੋਏ ਸਨ ਜਾਂ ਪਹਿਲਾਂ ਨਗਰ ਵਿਚ ਸੈਰ ਕਰਨ ਗਏ ਸੀ ਉਥੋਂ ਪਰਤ ਆਏ ਸਨ। ਵਾਸਤਵ ਵਿਚ ਇਹ ਲਿਖਾਰੀ ਨੇ ਸੂਚਿਤ ਕੀਤਾ ਹੈ ਕਿ ਰਾਗਮਾਲਾ ਦੇ ਕ੍ਰਮ ਵਿਚ ਫਿਰ ਇਹ ਰਾਗ ਆਇਆ ਹੈ। ਇਹ ਸੂਚਨਾ ਰਾਗਮਾਲਾ ਲਿਖਣ ਦੀ ਹੈ ਜਾਂ ਗਾਉਣ ਦੀ। ਸੰਗੀਤ ਦੀ ਰਤਾ ਕੁ ਜਿਤਨੀ ਜਾਣਕਾਰੀ ਰਖਣ ਵਾਲਾ ਵਿਅਕਤੀ ਵੀ ਜਾਣਦਾ ਹੈ ਕਿ ਇਹ ਰਾਗਮਾਲਾ ਕਦੇ ਵੀ ਗਾਈ ਨਹੀਂ ਜਾ ਸਕਦੀ, ਕਿਉਂਕਿ ਇਕ ਤੁਕ ਵਿਚ ਕਈ-ਕਈ ਰਾਗਾਂ ਦੇ ਨਾਮ ਹਨ। ਹਰ ਰਾਗ ਅਨੁਸਾਰ ਸੁਰ ਨਹੀਂ ਬਦਲੇ ਜਾ ਸਕਦੇ। ਇਸ ਦੀਆਂ ਕੇਵਲ ਉਹ ਤੁਕਾਂ ਗਾਈਆਂ ਜਾ ਸਕਦੀਆਂ ਹਨ, ਜਿਨ੍ਹਾਂ ਵਿਚ ਇਕ ਰਾਗ ਦਾ ਨਾਮ ਹੈ। ਇਸ ਲਈ ਗੁਣੀ ਸਿਖ ਛੇ ਪ੍ਰਮੁਖ ਰਾਗ ਗਾ ਕੇ ਸੁਣਾਉਂਦੇ ਰਹੇ ਹਨ। ਜੋ ਰਾਗਮਾਲਾਵਾਂ ਗਾਇਨ-ਉਪਯੋਗੀ ਹੁੰਦੀਆਂ ਸਨ, ਉਨ੍ਹਾਂ ਦੇ ਇਕ ਪਦੇ ਵਿਚ ਕੇਵਲ ਇਕੋ ਰਾਗ ਦਾ ਨਾਮ ਹੁੰਦਾ ਸੀ, ਅਗਲੇ ਪਦਿਆਂ ਵਿਚ ਵਾਰ-ਵਾਰ ਰਾਗ ਬਦਲਣਾ ਗਵਈਏ ਦੀ ਗਾਇਨ-ਪਰਿਪਕਤਾ ਦਾ ਪਰਿਚਾਇਕ ਹੁੰਦਾ ਹੈ। ਪਰ ਇਸ ਰਾਗਮਾਲਾ ਵਾਂਗ ਜਿਥੇ ਇਕ-ਇਕ ਤੁਕ ਵਿਚ ਤਿੰਨ-ਤਿੰਨ ਰਾਗ ਵੀ ਆ ਜਾਂਦੇ ਹੋਣ, ਰਾਗਨਾਮ ਦੇ ਨਾਲ ਹੀ ਰਾਗ ਬਦਲ ਜਾਵੇ, ਇਹ ਅਸੰਭਵ ਕਾਰਜ ਹੈ। ਸੋ ਆਲੋਚਨਾ ਤੋਂ ਪਹਿਲਾਂ ਵਿਸ਼ੈ-ਵਸਤੂ ਦੀ ਜਾਣਕਾਰੀ ਜ਼ਰੂਰੀ ਹੈ, ਕੇਵਲ ਸੋਹਣੇ ਸਫ਼ੈਦ ਕਾਗ਼ਜ਼ ਕਾਲੇ ਕਰਨ ਨਾਲ ਨਾ ਵਿਦਵਾਨ ਬਣਿਆ ਜਾ ਸਕਦਾ ਹੈ, ਨਾ ਹੀ ਵਿਵੇਕੀ ਸਿਖ।

7. ਇਕ ਗਲ ਇਹ ਦਿਲਚਸਪੀ ਨਾਲ ਵੇਖੀ ਜਾਣੀ ਚਾਹੀਦੀ ਹੈ ਕਿ ਬਹੁਤ ਥਾਂਈਂ ਆਲਮ ਦੀ ਇਕ ਕ੍ਰਿਤੀ ਦਾ ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਮਿਲਦਾ ਹੈ, ਜਦੋਂ ਕਿ ਦੂਜੀ ਰਚਨਾ ਦੇ ਪਾਠ ਵਿਚ ਫ਼ਰਕ ਹੈ। ਇਸ ਤੋਂ ਇਹੋ

ਪ੍ਰਮਾਣਿਤ ਹੁੰਦਾ ਹੈ ਕਿ ਆਲਮ ਦੀਆਂ ਦੋਹਾਂ ਕ੍ਰਿਤੀਆਂ ਦੇ ਪਾਠ ਦਾ ਮੂਲ-ਆਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਹੈ ਅਤੇ ਮੂਲ-ਰਚਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਲੀ ਰਾਗਮਾਲਾ ਹੈ।

8. ਆਲਮ ਦੀ ਦੇਵਨਾਗਰੀ ਰਾਗਮਾਲਾ ਨੂੰ ਧਿਆਨ-ਪੂਰਵਕ ਪੜ੍ਹਿਆਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਇਸ ਦਾ ਹਿੰਦੀਕਰਣ ਕਿਸੇ ਪੰਜਾਬੀ ਨੇ ਕੀਤਾ ਹੋਵੇਗਾ। ਇਸ ਦਾ ਇਹੋ ਭਾਵ ਹੈ ਕਿ ਇਹ ਪਹਿਲਾਂ ਗੁਰਮੁਖੀ ਵਿਚ ਹੋਵੇਗੀ। ਜੇ ਇਹ ਪਹਿਲਾਂ ਗੁਰਮੁਖੀ ਵਿਚ ਸੀ, ਤਾਂ ਫਿਰ ਇਹ ਵੀ ਜ਼ਰੂਰੀ ਹੈ ਕਿ ਇਹ ਆਲਮ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਦਰਬਾਰੀ ਕਵਿ ਹੀ ਹੋਵੇਗਾ।

9. ਆਲਮ ਦੀਆਂ ਕ੍ਰਿਤੀਆਂ ਨੇ ਪਰਿਪੂਰਣ ਸੂਚਨਾਵਾਂ ਅਪੂਰਣ ਕਰ ਦਿਤੀਆਂ ਹਨ। ਉਦਾਹਰਨਰਾਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਾਗਮਾਲਾ ਨੇ ਸੂਚਿਤ ਕੀਤਾ ਕਿ 'ਪੁਨਿ ਆਇਅਉ ਹਿੰਡੋਲੁ ਪੰਚ ਨਾਰਿ ਸੰਗਿ ਅਸਟ ਸੁਤ' ਇਸ ਨੂੰ ਆਲਮ ਨੇ 'ਪੁਨ ਆਯੋ ਹਿੰਡੋਲੁ ਪੰਚ ਵਰਾਂਗਨ ਸੰਗ ਲੇ' ਲਿਖ ਕੇ ਅਪੂਰਣ ਕਰ ਦਿਤਾ ਕਿਉਂਕਿ ਇਸ ਵਿਚ ਸਿਰਫ਼ ਪੰਜ ਰਾਗਿਨੀਆਂ ਦੀ ਸੂਚਨਾ ਹੈ, ਅਠ ਰਾਗ-ਪੁਤਰਾਂ ਨੂੰ ਨਸ਼ਰ ਨਹੀਂ ਕੀਤਾ। ਇਸੇ ਤਰ੍ਹਾਂ 'ਲਲਤ ਬਿਲਾਵਲ ਗਾਵਹੀ ਅਪੁਨੀ ਅਪੁਨੀ ਭਾਂਤਿ' ਦੀ ਸੂਚਨਾ ਦਾ ਸਰਵਨਾਸ਼ ਕਰਦਿਆਂ ਆਲਮ ਨੇ ਲਿਖ ਮਾਰਿਆ- 'ਵੰਗਾਲਾ ਹਰਿਆਵਲ ਕਰਈ'। ਇਥੇ ਹੀ ਇਹ ਦਸ ਦੇਈਏ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਾਗਮਾਲਾ ਦੇ ਆਰੰਭ ਵਿਚ 'ਰਾਗ ਏਕ ਸੰਗਿ ਪੰਚ ਬਰੰਗਨ। ਸੰਗਿ ਅਲਾਪਹਿ ਆਠਉ ਨੰਦਨ' ਰੂਪ ਇਹ ਉਥਾਨਕਾ ਲਿਖ ਕੇ ਸੂਚਿਤ ਕਰ ਦਿਤਾ ਸੀ ਕਿ ਸਾਰੀ ਰਾਗਮਾਲਾ ਵਿਚ ਇਕ-ਇਕ ਰਾਗ ਨਾਲ ਪੰਜ-ਪੰਜ ਰਾਗਿਨੀਆਂ ਅਤੇ ਅਠ-ਅਠ ਰਾਗ-ਪੁਤਰ ਆਉਣਗੇ। ਇਸ ਨਿਯਮ ਦਾ ਰਾਗਮਾਲਾ ਵਿਚ ਉਲੰਘਣ ਨਹੀਂ ਹੋਇਆ। ਆਲਮ ਨੇ ਆਪਣੀ ਰਚਨਾ ਵਿਚ ਰਾਗਮਾਲਾ ਢੁਕਾਉਣ ਹਿਤ ਇਕ ਦੋਹਿਰਾ ਉਥਾਨਕਾ ਵਜੋਂ ਅੰਕਿਤ ਕੀਤਾ ਸੀ, ਯਥਾ-

ਬਾਜੈ ਸਰਬ ਸੰਗੀਤ ਗਤਿ ਤਤ ਬਿਰਤ ਘਨ ਤਾਲ।
ਬਹੁਰ ਅਲਾਪਹਿ ਰਾਗ ਖਟ ਪੰਚ ਪੰਚ ਸੰਗ ਬਾਲ।

ਹੁਣ ਇਸ ਸੂਚਨਾ ਦੀ ਤੁਲਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਰੰਭਿਕ ਦੋਹਰੇ ਨਾਲ ਕਰੀਏ ਤਾਂ ਸਪਸ਼ਟ ਦਿਸਦਾ ਹੈ ਕਿ ਆਲਮ ਨੇ ਆਪਣੇ ਦੋਹਰੇ ਵਿਚ

ਲਿਖਿਆ ਹੈ ਕਿ ਛੇ ਰਾਗਾਂ ਨਾਲ ਪੰਜ-ਪੰਜ ਰਾਗਿਨੀਆਂ ਹਨ। ਅਠ-ਅਠ ਰਾਗ-ਪੁਤਰਾਂ ਦੀ ਆਲਮ ਨੂੰ ਸੁਰਤਿ ਹੀ ਨਹੀਂ। ਜਦੋਂ ਰਾਗਮਾਲਾ ਦੇ ਪ੍ਰਥਮ ਪਦ ਵਿਚ ਪਰਿਪੂਰਣ ਸੂਚਨਾ ਦੇ ਦਿਤੀ ਹੋਈ ਹੈ, ਤਾਂ ਇਸ ਅਪੂਰਣ ਸੂਚਨਾ ਦੀ ਜ਼ਰੂਰਤ ਹੀ ਕੀ ਸੀ ? ਇਥੋਂ ਇਹ ਤਾਂ ਸਾਫ਼ ਹੋ ਜਾਂਦਾ ਹੈ ਕਿ ਰਾਗਮਾਲਾ ਦਾ ਕਰਤਾ ਤਾਂ ਆਪਣੀ ਕ੍ਰਿਤੀ ਦੇ ਨਿਯਮ ਨੂੰ ਭਲੀ-ਭਾਂਤਿ ਸਮਝਦਾ ਹੈ, ਪਰ ਆਲਮ ਕਿਉਂਕਿ ਇਸ ਦਾ ਕਰਤਾ ਨਹੀਂ, ਇਸ ਲਈ ਉਹ ਇਸ ਦੇ ਸਿਸਟਮ ਤੋਂ ਅਭਿਗ ਹੋਣ ਕਾਰਨ ਗ਼ਲਤ-ਬਿਆਨੀ ਕਰਦਾ ਹੈ। ਇਕ ਤਾਂ ਆਲਮ ਦੀ ਸੂਚਨਾ ਅਪੂਰਣ ਹੈ, ਜਦੋਂ ਕਿ ਰਾਗਮਾਲਾ ਦੀ ਅਸਲੋਂ ਪੂਰਣ ਹੈ। ਦੂਜੀ ਗਲ ਇਹ ਹੈ ਕਿ ਰਾਗਮਾਲਾ ਦਾ ਆਰੰਭਿਕ ਪਦ ਹੁੰਦਿਆਂ 'ਆਲਮ' ਦੇ ਇਸ ਦੋਹਿਰੇ ਦੀ ਕੋਈ ਜ਼ਰੂਰਤ ਹੀ ਨਹੀਂ ਸੀ। ਇਹੋ ਜਾਪਦਾ ਹੈ ਕਿ ਇਹ ਸਭ ਕੁਝ 'ਆਲਮ' ਨੇ ਆਪਣੀ ਰਚਨਾ ਵਿਚ ਰਾਗਮਾਲਾ ਨੂੰ ਯੁਕਤੀ-ਸੰਗਤ ਢੰਗ ਨਾਲ ਸੰਜੋਣ ਵਾਸਤੇ ਕੀਤਾ ਹੈ, ਉਂਞ ਰਾਗਮਾਲਾ ਇਸ ਦਾ ਮੂਲ ਅੰਗ ਨਹੀਂ। ਜੇ ਮੂਲ-ਅੰਗ ਹੁੰਦੀ ਤਾਂ ਨਾ ਆਲਮ ਨੂੰ ਇਹ ਦੋਹਿਰਾ ਰਚਣਾ ਪੈਂਦਾ, ਨਾ ਹੀ ਉਹ ਅਜਿਹੀਆਂ ਅਪੂਰਣ ਸੂਚਨਾਵਾਂ ਭਰਪੂਰ ਪੰਕਤੀਆਂ ਜੋੜਦਾ।

10. ਰਾਗਮਾਲਾ ਸੰਬੰਧੀ ਇਕ ਇਹ ਦੁਵਿਧਾ ਰਹੇਗੀ ਕਿ ਜੇ ਇਹ ਰਾਗ-ਪਰਿਵਾਰ ਦੀ ਸੂਚਨਾ ਹੈ, ਜੋ ਉਸ ਸਮੇਂ ਆਵਸ਼ਕ ਸੀ, ਤਾਂ ਇਹ ਕਾਵਿ ਵਿਚ ਕਿਉਂ ਲਿਖੀ ਗਈ ਹੈ ? ਇਸ ਦਾ ਇਕੋ ਸਿਧਾ ਕਾਰਨ ਹੈ ਕਿ ਕਵਿਤਾ ਵਿਚ ਰਾਗ-ਪਰਿਵਾਰ ਨੂੰ ਯਾਦ ਕਰਨਾ ਆਸਾਨ ਹੈ। ਵਾਰਤਕ ਵਿਚ ਅਜਿਹੀ ਜਾਣਕਾਰੀ ਯਾਦ ਕਰਨੀ ਜ਼ਰਾ ਮੁਸ਼ਕਿਲ ਹੁੰਦੀ ਹੈ। ਪੁਰਾਣੇ ਲੋਕ ਇਹ ਵੀ ਧਿਆਨ ਰਖਦੇ ਸਨ ਕਿ ਉਨ੍ਹਾਂ ਦੀ ਪ੍ਰਸਤੁਤੀ ਕਿਸ ਸਹਿਜ ਢੰਗ ਨਾਲ ਆਮ ਵਿਅਕਤੀ ਦੀ ਸਮ੍ਰਿਤੀ ਵਿਚ ਵਸ ਸਕੇ ? ਜਿਸ ਵਿਅਕਤੀ ਨੇ ਕਦੇ ਸੰਗੀਤ ਨਾਲ ਥੋੜ੍ਹਾ ਜਿਤਨਾ ਵੀ ਵਾਸਤਾ ਰਖਿਆ ਹੈ, ਉਸ ਨੂੰ ਇਹ ਜਾਣਕਾਰੀ ਹੈ ਕਿ ਸੰਗੀਤ ਦੇ ਵਿਦਿਆਰਥੀ ਨੂੰ ਸ਼ੁਰੂ ਵਿਚ 'ਲਕ੍ਸ਼ਣ ਗੀਤ' ਸਿਖਾਏ ਜਾਂਦੇ ਹਨ। 'ਲਕ੍ਸ਼ਣ ਗੀਤ' ਇਕ ਅਜਿਹੀ ਰਾਗਬਧ ਸੰਗੀਤਿਕ ਰਚਨਾ ਹੁੰਦੀ ਹੈ, ਜਿਸ ਵਿਚ ਸੰਬੰਧਿਤ ਰਾਗ ਦਾ ਸੁਰ-ਗਿਆਨ, ਆਰੋਹ-ਅਵਰੋਹ, ਜਾਤਿ, ਵਾਦੀ-ਸਮਵਾਦੀ, ਗਾਇਨ-ਕਾਲ ਆਦਿ ਕਾਵਿਬਧ ਕੀਤਾ ਹੁੰਦਾ ਹੈ, ਤਾਂਕਿ

ਬੰਦਿਸ਼ ਸਿਖਣ ਵਾਲਾ ਸਹਿਜੇ ਹੀ ਉਸ ਰਾਗ ਦੇ ਲਛਣਾਂ ਤੋਂ ਪਰਿਚਿਤ ਹੋ ਜਾਵੇ। ਅਜਿਹਾ ਹੀ ਯਤਨ 'ਰਾਗਮਾਲਾ' ਵਿਚ ਕੀਤਾ ਗਿਆ ਹੈ।

ਇਹ ਸਭ ਕੁਝ ਇਹੋ ਸੰਕੇਤ ਕਰਦਾ ਹੈ ਕਿ 'ਮਾਧਵਨਲ ਕਾਮਕੰਦਲਾ' ਵਿਚ ਲਿਖੀ ਰਾਗਮਾਲਾ ਆਲਮ ਦੀ ਮੌਲਿਕ ਰਚਨਾ ਨਹੀਂ, ਸਗੋਂ ਉਸ ਨੇ ਕਿਸੇ ਹੋਰ ਸੋਮੇ ਤੋਂ ਪ੍ਰਾਪਤ ਕਰ ਕੇ ਇਸ ਨੂੰ ਆਪਣੀ ਕਥਾ ਦੀ ਸੁੰਦਰਤਾ ਵਧਾਉਣ ਹਿਤ ਉਪਯੁਕਤ ਸਥਾਨ 'ਤੇ ਜੜ ਲਿਆ ਹੈ। ਉਪਰੋਕਤ ਸਮਖਿਆ ਤੋਂ ਇਹ ਸਿਧ ਹੈ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਤ ਵਿਚ ਆਈ ਰਾਗਮਾਲਾ ਇਸ ਪਾਵਨ ਗ੍ਰੰਥ ਦਾ ਅਭਿੰਨ ਅੰਗ ਹੈ, ਜੋ ਪਹਿਲੀ ਸੰਪਾਦਨਾ ਸਮੇਂ ਆਦਿ ਬੀੜ ਵਿਚ ਅੰਕਿਤ ਹੋਈ। 'ਮਾਧਵਨਲ ਕਾਮਕੰਦਲਾ' ਦੇ ਕਰਤਾ ਨੇ ਇਹ ਰਾਗਮਾਲਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਲਈ ਹੈ ਅਤੇ ਰਾਗਮਾਲਾ ਦਾ ਵਿਰੋਧ ਕਰਨ ਵਾਲੇ ਨਿਰਮੂਲ ਵਿਵਾਦ ਖੜਾ ਕਰ ਕੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪ੍ਰਮਾਣਿਕਤਾ ਉਤੇ ਸੰਦੇਹ ਕਰ ਰਹੇ ਹਨ।

ਸਤਿਗੁਰ ਨਾਨਕ ਦੇਵ ਦੇਵ ਦੇਵੀ ਸਭ ਧਿਆਵਹਿਂ।
ਨਾਦ ਬਾਦ ਬਿਸਮਾਦ ਰਾਗ ਰਾਗਨਿ ਮਿਲ ਗਾਵਹਿਂ।

ਸਮਾਪਿਤ

ਰਾਗ-ਪਰਿਵਾਰ

ਸ਼ਿਵਮਤ

ਸ੍ਰੀ	ਪਤਨੀਆਂ	ਮਾਲਵੀ	ਗੌਰੀ	ਕੇਦਾਰੀ	ਮਧੁਮਾਧਵੀ	ਤ੍ਰਿਵੇਣੀ	ਪਹਾੜੀ
ਬਸੰਤ	ਪਤਨੀਆਂ	ਬੈਰਾਟੀ	ਦੇਵਗਿਰੀ	ਤੋੜੀ	ਲਲਿਤਾ	ਦੇਸੀ	ਹਿੰਦੋਲੀ
ਪੰਚਮ	ਪਤਨੀਆਂ	ਭੂਪਾਲੀ	ਕਰਣਾਟੀ	ਵਿਭਾਸ	ਮਾਲਵੀ	ਪਟਮੰਜਰੀ	ਵਡਹੰਸਿਕਾ
ਮੇਘ	ਪਤਨੀਆਂ	ਸਾਵੈਰੀ	ਮਲਾਰੀ	ਕੋਸ਼ਿਕ	ਸੋਰਠੀ	ਗੰਧਾਰੀ	ਹਰਸ਼ਿੰਗਾਰ
ਭੈਰਵ	ਪਤਨੀਆਂ	ਭੈਰਵੀ	ਗੁਰਜਰੀ	ਰਾਮਕਲੀ	ਗੁਣਕਰੀ	ਬੰਗਾਲੀ	ਸੈਂਧਵੀ
ਬ੍ਰਿਹਨਨਾਟ	ਪਤਨੀਆਂ	ਕਾਮੋਦੀ	ਆਭੀਰੀ	ਨਟਿਕਾ	ਕਲਯਾਣੀ	ਸਰਸਾਂਗੀ	ਨਟ ਹੰਬੀਰ

ਕਾਲਿਨਾਥਮਤ

ਸ੍ਰੀ	ਪਤਨੀਆਂ	ਮਾਲਵੀ	ਗੌਰੀ	ਕੇਦਾਰੀ	ਮਧੁਮਾਧਵੀ	ਤ੍ਰਿਵਿਣਾ	ਪਹਾੜੀ
ਬਸੰਤ	ਪਤਨੀਆਂ	ਬੈਰਾਟੀ	ਦੇਵਗਿਰੀ	ਤੋੜੀ	ਲਲਿਤਾ	ਹਿੰਦੋਲੀ	ਦੇਸੀ
ਭੈਰਵ	ਪਤਨੀਆਂ	ਭੈਰਵੀ	ਗੁਰਜਰੀ	ਬਹਿਲੀ	ਗੁਣਕਰੀ	ਬੰਗਾਲੀ	ਰੇਵਾ
ਪੰਚਮ	ਪਤਨੀਆਂ	ਭੂਪਾਲੀ	ਕਰਣਾਟੀ	ਵਿਭਾਸ	ਮਾਲਸ਼੍ਰੀ	ਪਟਮੰਜਰੀ	ਬਡਹੰਸਿਕਾ
ਮੇਘ	ਪਤਨੀਆਂ	ਸੌਬੀਰ	ਮਲਾਰੀ	ਕੋਸ਼ਿਕੀ	ਸੋਰਠੀ	ਗੰਧਾਰੀ	ਹਰਸ੍ਰਿੰਗਾਰ
ਬ੍ਰਿਹਨਾਟ	ਪਤਨੀਆਂ	ਕਾਮੋਦੀ	ਆਭੋਗੀ	ਨਟਿਕਾ	ਕਲਯਾਣੀ	ਸਾਰੰਗ	ਨਟਹਮੀਰ

ਭਰਤਮਤ

ਭੈਰਵ	ਪਤਨੀਆਂ	ਮਧਮਾਧਵੀ	ਲਲਿਤਾ	ਬੈਰਾੜੀ	ਭੈਰਵੀ	ਬਹੁਲੀ			
	ਪੁਤ੍ਰ	ਦੇਸਾਖ	ਹਰਖ਼	ਲਲਿਤ	ਮਾਧਵ	ਬਿਲਾਵਲ	ਬੰਗਾਲ	ਬਿਭਾਸ	ਪੰਚਮ
ਮਾਲਕੌਸ਼	ਪਤਨੀਆਂ	ਗੌਰੀ	ਧਮਾਵਲੀ	ਤੋੜੀ	ਖੰਭਾਵਤੀ	ਕੁਕੁਭਾ			
	ਪੁਤ੍ਰ	ਗੰਧਾਰ	ਸੁਧ	ਮਗਰ	ਤਿਰੀਛਨ	ਸ਼ਾਹਾਨਾ	ਸਕਤ	ਮਾਲੀਗੌਰਾ	ਕਾਮੋਦ
ਹਿੰਡੋਲ	ਪਤਨੀਆਂ	ਰਾਮਕਲੀ	ਮਾਲਾਵਤੀ	ਆਸਾਵਰੀ	ਦੇਵਾਲੀ	ਸਈ			
	ਪੁਤ੍ਰ	ਬਸੰਤ	ਮਾਰਵਾ	ਮਾਲਵਾ	ਕੁੰਤਲ	ਬਕਾਰਬੇਦ	ਲੰਕਦਹਨ	ਨਾਗਦਹਨ	ਧੌਲ
ਦੀਪਕ	ਪਤਨੀਆਂ	ਕੇਦਾਰਾ	ਗੌਰਾ	ਗੌਂਡ	ਗੁਜਰੀ	ਰੁਦ੍ਰਾਨੀ			
	ਪੁਤ੍ਰ	ਕੁਸਮ	ਟੰਕ	ਨਟਨਾਰਾਇਣ	ਬਿਹਾਗੜਾ	ਫਰਦੋਸਤ	ਹੰਸਮੰਗਲਾ	ਮੰਗਲਾਸਟਿਕ	ਅਡਾਨਾ
ਸ਼੍ਰੀਰਾਗ	ਪਤਨੀਆਂ	ਸਿੰਧਵੀ	ਕਾਫ਼ੀ	ਠੁਮਰੀ	ਬਜਿਤ੍ਰਾ	ਸਰਹਟੀ			
	ਪੁਤ੍ਰ	ਸ਼੍ਰੀਰਵਨ	ਕੋਲਾਹਲ	ਸਾਵੰਤ	ਸ਼ੰਕਰਰਵਨ	ਰਾਗੇਸ਼ਵਰੀ	ਖਟ	ਬਡਹੰਸ	ਦੇਸਕਾਰ
ਮੇਘ	ਪਤਨੀਆਂ	ਮਲਾਰ	ਸਾਰੰਗ	ਦੇਸੀ	ਰਤਬਲੀਆ	ਆਸਾਵਰੀ			
	ਪੁਤ੍ਰ	ਕਲਾਇਰ	ਬਾਗੇਸ਼ਵਰੀ	ਸ਼ੰਕਰਾਭਰਣ	ਪੂਰੀਆ	ਅਸੰਖ	ਤਿਲਕ	ਕਾਨੜਾ	ਸ਼ਾਹਾਨਾ

ਰਾਗਾਰਣਵਮਤ

ਭੈਰਵ	ਪਤਨੀਆਂ	ਬੰਗਾਲੀ	ਗੁਣਕਰੀ	ਮਧਮਾਦਿ	ਵਾਸੰਤੀ	ਧਨਾਸ਼ੀ
ਪੰਚਮ	ਪਤਨੀਆਂ	ਲਲਿਤਾ	ਗੁਰਜਰੀ	ਦੇਸੀ	ਵੈਰਾਟੀ	ਰਾਮਕਰੀ
ਨਟ	ਪਤਨੀਆਂ	ਨਟ ਨਾਰਾਇਣੀ	ਗਾਂਧਾਰੀ	ਸਾਲੰਗ	ਕਰਣਾਟਕ	ਕੇਦਾਰਾ
ਮੇਘਮਲਾਰ	ਪਤਨੀਆਂ	ਮੇਘ	ਮਲਾਰੀ	ਮਾਲਕੌਸ਼ਿਕਾ	ਪਟਮੰਜਰੀ	ਆਸਾਵਰੀ
ਗੌੜਮਾਲਵ	ਪਤਨੀਆਂ	ਹਿੰਦੋਲੀ	ਤ੍ਰਿਵੇਣੀ	ਆਂਧਾਲੀ	ਗੌਰੀ	ਪਠਹੰਸਿਕਾ
ਦੇਸਾਖ	ਪਤਨੀਆਂ	ਭੂਪਾਲੀ	ਕਾਮੋਦੀ	ਨਾਟੰਕਾ	ਕੁਡਾਜੀ	ਬੇਲਾਵਲੀ

ਹਨੂਮੰਤਮਤ

ਭੈਰਵ	ਪਤਨੀਆਂ	ਮਧਮਾਦਿ	ਭੈਰਵੀ	ਬੰਗਾਲੀ	ਬੈਰਾਟੀ	ਸੈਂਧਵੀ
ਗੁਰੂ ਗ੍ਰੰਥ	ਪਤਨੀਆਂ	ਬਿਲਾਵਲੀ	ਭੈਰਵੀ	ਬੰਗਾਲੀ	ਪੁੰਨਿਆਕੀ	ਅਸਲੇਖੀ
ਕੌਸ਼ਿਕ	ਪਤਨੀਆਂ	ਤੋੜੀ	ਖੰਭਾਵਤੀ	ਗੌਰੀ	ਗੁਣਕਰੀ	ਕੁਕੁਭਾ
ਗੁਰੂ ਗ੍ਰੰਥ	ਪਤਨੀਆਂ	ਗੋਂਡਕਰੀ	ਦੇਵਗੰਧਾਰੀ	ਗਾਂਧਾਰੀ	ਸੀਹੁਤੀ	ਧਨਾਸਰੀ
ਹਿੰਦੋਲ	ਪਤਨੀਆਂ	ਵੇਲਾਵਲੀ	ਰਾਮਕਲੀ	ਦੇਵਸਾਖ	ਪਟਮੰਜਰੀ	ਲਲਿਤਾ
ਗੁਰੂ ਗ੍ਰੰਥ	ਪਤਨੀਆਂ	ਤੇਲੰਗੀ	ਦੇਵਕਰੀ	ਬਸੰਤੀ	ਸੰਦੂਰ	ਸਰਸਅਹੀਰੀ
ਦੀਪਕ	ਪਤਨੀਆਂ	ਕੇਦਾ,ਰੀ	ਕਾਨੜਾ	ਦੇਸੀ	ਕਾਮੋਦੀ	ਨਾਟਿਕਾ
ਗੁਰੂ ਗ੍ਰੰਥ	ਪਤਨੀਆਂ	ਕਢੇਲੀ	ਪਟਮੰਜਰੀ	ਤੋੜੀ/ਟੋਡੀ	ਕਾਮੋਦੀ	ਗੂਜਰੀ
ਸ੍ਰੀ	ਪਤਨੀਆਂ	ਬਸੰਤੀ	ਮਾਲਵੀ	ਮਾਲਸਿਰੀ	ਧੰਨਾਂਸਿਕਾ	ਆਸਾਵਰੀ
ਗੁਰੂ ਗ੍ਰੰਥ	ਪਤਨੀਆਂ	ਬੈਰਾਰੀ	ਕਰਨਾਟੀ	ਗਵਰੀ/ਵੌਰੀ	ਸਿੰਧਵੀ/ਸੈਂਧਵੀ	ਆਸਾਵਰੀ
ਮੇਘ	ਪਤਨੀਆਂ	ਦੇਸਕਾਰੀ	ਮਲਾਰੀ	ਭੂਪਾਲੀ	ਗੁਰਜਰੀ	ਟੰਕੀ
ਗੁਰੂ ਗ੍ਰੰਥ	ਪਤਨੀਆਂ	ਸੋਰਠਿ	ਗੋਂਡਮਲਾਰੀ	ਆਸਾ	ਗੁਨ	ਸੂਹੋ

1. ਗੁਰੂ ਗ੍ਰੰਥ ਸਾਹਿਬ ਵਿੱਚ ਕੌਸ਼ਿਕ ਦੇ ਸਥਾਨ ਤੇ ਦੂਜਾ ਰਾਗ ਮਾਲਕੌਸ਼ਿਕ ਹੈ।
2. ਕੇਵਲ 4 ਕੁ ਰਾਗਿਨੀਆਂ ਮਿਲਦੀਆਂ ਹਨ। ਬਾਕੀ ਜੋ ਨਾਮ ਮਿਲਦੇ ਹਨ, ਉਥੇ ਪੁਰਖ ਰਾਗ ਭਿੰਨ ਹੈ।

ਗੁਰੂ ਗ੍ਰੰਥ ਰਾਗ-ਪਰਿਵਾਰ

ਭੈਰਵ	ਪਤਨੀਆਂ	ਬਿਲਾਵਲੀ	ਭੈਰਵੀ	ਬੰਗਲੀ	ਪੁੰਨਿਆਕੀ	ਅਸਲੇਖੀ			
	ਪੁਤ੍ਰ	ਪੰਚਮ	ਹਰਖ਼	ਦੇਸ਼ਾਖ	ਬੰਗਾਲਮ	ਮਧੂ	ਮਾਧਵ	ਲਲਿਤ	ਬਿਲਾਵਲ
ਮਾਲਕਉਸ਼ਕ	ਪਤਨੀਆਂ	ਗੋਂਡਕਰੀ	ਦੇਵਗੰਧਾਰੀ	ਗਾਂਧਾਰੀ	ਸੀਹੁਤੀ	ਧਨਾਸਰੀ			
	ਪੁਤ੍ਰ	ਮਾਰੂ	ਮਸਤਾਂਗ	ਮੇਵਾੜ	ਪ੍ਰਬਲ	ਚੰਦ੍ਰਕੌਸ਼	ਖਉਖਟ	ਭਉਰਾ	ਨੰਦ
ਹਿੰਡੋਲ	ਪਤਨੀਆਂ	ਤੇਲੰਗੀ	ਦੇਵਕਰੀ	ਬਸੰਤੀ	ਸਿੰਧੂਰੀ	ਅਹੀਰੀ			
	ਪੁਤ੍ਰ	ਸੁਰਮਾਨੰਦ	ਭਾਸਕਰ	ਚੰਦ੍ਰਬਿੰਬ	ਮੰਗਲਨ	ਸਰਸਬਾਨ	ਵਿਨੋਦਾ	ਬਸੰਤ	ਕਾਮੋਦ
ਦੀਪਕ	ਪਤਨੀਆਂ	ਕਛੇਲੀ	ਪਟਮੰਜਰੀ	ਟੋਡੀ	ਕਾਮੋਦੀ	ਗੂਜਰੀ			
	ਪੁਤ੍ਰ	ਕਾਲੰਕਾ	ਕੁੰਤਲ	ਰਾਮ	ਕਮਲਕੁਸਮ	ਚੰਪਕ	ਗੌੜਾ	ਕਾਨੜਾ	ਕਲਿਆਣ
ਸ੍ਰੀ	ਪਤਨੀਆਂ	ਬੈਰਾਰੀ	ਕਰਨਾਟੀ	ਗਉੜੀ	ਸਿੰਧਵੀ/ਸੇਂਧਵੀ	ਆਸਾਵਰੀ			
	ਪੁਤ੍ਰ	ਸ਼ਾਲੂ	ਸਾਰੰਗ	ਸਾਗਰ	ਗੋਂਡ	ਗੰਭੀਰ	ਗੁੰਡ	ਕੁੰਭ	ਹਮੀਰ
ਮੇਘ	ਪਤਨੀਆਂ	ਸੋਰਠਿ	ਗੋਂਡਮਲਾਰੀ	ਆਸਾ	ਗੁਨ	ਸੂਹੌ			
	ਪੁਤ੍ਰ	ਬੈਰਾਧਰ	ਗਜਧਰ	ਕੇਦਾਰਾ	ਜਬਲੀਧਰ	ਨਟ	ਜਲਧਾਰਾ	ਸ਼ੰਕਰ	ਸ਼ਿਆਮ

ਸ੍ਰੀ ਕਰਤਾਰਪੁਰੀ ਬੀੜ ਵਿੱਚ ਅੰਕਤ ਰਾਗਮਾਲਾ

ਅੰਤਕਾ ੪

[ਨਮੂਨਾ ਗੁਰਮੁਖੀ ਲਿਪੀ ਸ੍ਰੀ ਕਰਤਾਰਪੁਰੀ ਬੀੜ]

ਸਾਕੇਸੁੰਦਰਖੰਭਹਮੀਰ॥੧॥ਖਸਟਮਮੇਘਰਾਗਵੈਗਾਵਹਿ॥ਪਾਂਚਉਸੰਗਿਬਰੰਗਨਲਾਵ
ਹਿਸੋਰਠਿਗੋਂਡਮਲਾਰੀਧੁਨੀ॥ਪੁਨਿਗਾਵਹਿਆਸਾਗੁਨਗੁਨੀ॥ਊਚੈਸੁਰਿਸੂਹਉਪੁਨਿ
ਕੀਨੀ॥ਮੇਘਰਾਗਸਿਉਪਾਚਉਚੀਨੀ॥੧॥ਬੈਰਾਧਰਗਜਧਰਕੇਦਾਰਾ॥ਜਬਲੀ
ਧਰਨਟਅਉਜਲਧਾਰਾ॥ਪੁਨਿਗਾਵਹਿਸੰਕਰਅਉਸਿਆਮਾ॥ਮੇਘਰਾਗਪੁਤ੍ਰਨਕੇ
ਨਾਮਾ॥੧॥ਖਸਟਰਾਗਉਨਿਗਾਏਸੰਗਿਰਾਗਨੀਤੀਸ॥ਸਭੈਪੁਤ੍ਰਰਾਗੰਨਕੇਅਠਾਰ
ਦਸਬੀਸ॥੧॥੧॥

੧ਓ
ਸਤਿਨਾਮੁਕਰਤਾਪੁਰਖੁਨਿਰ
ਭਉਨਿਰਵੈਰੁਅਕਾਲਮੂਰ
ਤਿਅਜੂਨੀਸੈਭੰਗੁਰਪ੍ਰਸਾ
ਦਿ॥ ॥ਜਪੁ॥ ॥ ॥

ਹਰਿੰਦਰ ਸਿੰਘ ਮਹਿਬੂਬ ਦਾ ਇਸਲਾਮਿਕ ਉਲਾਰ

ਭਗਤ ਬਾਣੀ ਸੰਬੰਧੀ ਛਿੜੀ ਚਰਚਾ[45] ਵਿੱਚ ਹਿੱਸਾ ਲੈਣ ਤੋਂ ਪਹਿਲਾਂ ਹੀ ਮੈਂ ਪਾਠਕਾਂ ਨੂੰ ਨਿਵੇਦਨ ਕਰ ਦਿਆਂ ਕਿ ਮੇਰੀ ਗੱਲ ਵਿੱਚ 'ਇਲਾਹੀ ਨਦਰ ਦੇ ਪੈਂਡਿਆਂ' ਵਾਲੇ ਸੂਖਮ ਤੱਤ-ਵੇਤਾ ਹਰਿੰਦਰ ਸਿੰਘ ਵਰਗੇ ਬਾਰੀਕ ਇਲਹਾਮੀ-ਤਰਕ ਦਾ ਅਤਿ-ਸੂਖਮ ਦਰਸ਼ਨ ਨਹੀਂ ਹੋ ਸਕਦਾ, ਕਿਉਂ ਜੁ ਮੰਦੇ ਭਾਗਾਂ ਨਾਲ ਮੇਰੇ ਜਨਮ ਤੋਂ ਪਹਿਲਾਂ ਹੀ 'ਅੱਲਾਹ' ਦੇ ਦਰਬਾਰ ਵਿੱਚ ਬਹੁਤ ਵੱਡੀ ਚੋਰੀ ਹੋ ਗਈ ਸੀ। ਚੋਰੀ ਉਥੇ ਹੋਈ ਜਿਥੇ ਰੱਬ ਨੇ ਬਾਰੀਕ ਅਕਲ ਨੂੰ ਸੰਭਾਲ ਕੇ ਰੱਖਿਆ ਸੀ। ਇਹ ਤਾਂ ਦੇਰ ਬਾਅਦ 'ਸਹਿਜੇ ਰਚਿਓ ਖਾਲਸਾ' ਛਪਣ ਨਾਲ ਪਤਾ ਲੱਗਿਆ ਕਿ ਸਾਰੇ ਮਨੁਖਾਂ ਵਾਸਤੇ ਜਮ੍ਹਾਂ ਕਰ ਕੇ ਰੱਖੀ ਅਕਲ-ਪੂੰਜੀ ਮਹਿਬੂਬ ਸਾਹਿਬ ਇਕੱਲੇ ਹੀ ਚੁਰਾ ਲਿਆਏ ਸਨ। ਇਸ ਵਾਸਤੇ ਸਾਡੇ ਹਿੱਸੇ ਤਾਂ ਜੱਟ-ਠੁਲ੍ਹ ਹੀ ਰਹਿ ਗਏ ਹਨ। ਉਂਞ ਇਹ ਗੱਲ ਵੀ ਸਿਆਣਿਆਂ ਦੇ ਵਿਚਾਰਨ ਵਾਲੀ ਹੈ ਕਿ ਮਹਿਬੂਬ ਜੀ ਦੇ ਲਿਖੇ ਦਾਰਸ਼ਨਿਕ ਸਪਸ਼ਟੀਕਰਣ ਵਿੱਚ ਦਰਸ਼ਨ ਦੇ ਕਿਹੜੇ ਨਵੇਂ ਬਾਰੀਕ ਸੂਤਰ ਮਾਨਵ-ਕਲਿਆਣ ਲਈ ਉਨ੍ਹਾਂ ਨੇ ਪ੍ਰਸਤੁਤ ਕੀਤੇ ਹਨ ? ਗੁਸੇ ਵਿੱਚ ਕਿਸੇ ਦੇ ਵਿਚਾਰ ਨੂੰ ਮੋਟੀ ਠੁੱਲ੍ਹੀ ਕਹਿ ਕੇ ਉਤਰ ਦੇਣ ਨਾਲ ਹਮੇਸ਼ਾਂ ਹੋਰ ਬਹੁਤੀ ਮੋਟੀ ਠੁਲ੍ਹੀ ਹੀ ਉਪਜਦੀ ਹੈ, ਦਾਰਸ਼ਨਿਕ ਬਾਰੀਕਬੀਨੀਆਂ ਨਹੀਂ। ਖੈਰ ਮੈਂ ਵਿਸ਼ੇ ਵੱਲ ਪਰਤਾਂ। ਮਹਿਬੂਬ ਇਸਲਾਮਿਕ ਉਲਾਰ ਤੋਂ ਗ੍ਰਸਤ ਹੋਵੇ ਤਾਂ ਹੋਰ ਗੱਲ ਹੈ, ਵਾਸਤਵ ਵਿੱਚ ਉਸਦੀ ਪਰਿਪੱਕ ਧਾਰਨਾ ਇਹ ਹੈ ਕਿ ਦਸ ਗੁਰੂ ਪਾਤਸ਼ਾਹ ਕੁਰਾਨਿਕ ਸੱਚ ਦੇ ਪੁਨਰ-ਪ੍ਰਸਾਰ ਅਤੇ ਵੈਦਿਕ-ਸੱਚ ਦਾ ਸਮੂਲ ਨਾਸ਼ ਕਰਨ ਵਾਸਤੇ ਆਏ ਇਸਲਾਮਿਕ ਪੀਰ

45. ਪਾਠਕਾਂ ਨੂੰ ਇਹ ਦਸਣਾ ਜ਼ਰੂਰੀ ਹੈ ਕਿ ਇਹ ਚਰਚਾ ਹਰਿੰਦਰ ਸਿੰਘ ਮਹਿਬੂਬ ਨੇ ਭਗਤ ਕਬੀਰ ਜੀ ਨੂੰ ਬਾਬਾ ਫ਼ਰੀਦ ਤੋਂ ਛੋਟਾ ਸਿਧ ਕਰ ਕੇ ਅਤੇ ਭਗਤ ਬਾਣੀ ਨੂੰ ਗੁਰੂਬਾਣੀ ਤੁਲ ਨਾ ਮੰਨ ਕੇ ਛੇੜੀ ਸੀ।

ਸਨ। ਇਸ ਧਾਰਨਾ ਕਰ ਕੇ ਕਬੀਰ ਦਾ ਇਹ ਐਲਾਨ 'ਤਾ ਤੇ ਹਿੰਦੂ ਹੀ ਰਹੀਐ' ਮਹਿਬੂਬ ਦੀ ਆਤਮਾ ਵਾਸਤੇ 'ਬਿੰਗ ਕਸਾਈਆ ਦਾ ਸਹਿਣਾ' ਹੋ ਨਿਬੜਦਾ ਹੈ। 'ਦੇਵ' ਸ਼ਬਦ ਵਿਚੋਂ ਵੈਦਿਕ ਬੂ ਆਉਣ ਕਰਕੇ ਗੁਰੂ ਨਾਨਕ ਦੇਵ ਨਾ ਕਹਿਣ ਦੀ ਸਹੁੰ ਪਾ ਕੇ ਵਾਰ-ਵਾਰ ਉਨ੍ਹਾਂ ਦਾ ਅਧੂਰਾ ਨਾਮ ਗੁਰੂ ਨਾਨਕ ਸਾਹਿਬ ਲਿਖਣਾ, ਗੁਰੂ ਨਾ ਕਹਿ ਕੇ ਉਨ੍ਹਾਂ ਨੂੰ ਪੈਗ਼ੰਬਰ ਕਹਿਣਾ ਅਤੇ ਬਾਣੀ ਨੂੰ ਸ਼ਬਦ ਨਾ ਕਹਿ ਕੇ ਇਲਹਾਮ ਕਹਿਣਾ ਗੁਰੂ ਨਾਨਕ-ਸੱਤ ਨੂੰ ਕੁਰਾਨਿਕ ਦਵੈਤ ਦੀਆਂ ਪਰਛਾਈਆਂ ਵਿੱਚ ਢਕਣ ਦੇ ਨਾਪਾਕ ਇਰਾਦੇ ਨਹੀਂ ਤਾਂ ਕੀ ਇਹ ਕੋਈ ਉਚੇਰੀ ਗੁਰਮੁਖੀ ਸੁਹਿਰਦਤਾ ਹੈ ? ਦਾਰਸ਼ਨਿਕਤਾ ਦੇ ਸਮੂਹ ਬਾਰੀਕ ਸੂਤਰਾਂ ਦੀ ਉਤਪਤੀ ਦਾ ਮੂਲ-ਸ੍ਰੋਤ ਮਹਿਬੂਬ ਜੀ ਕੀ ਇਹ ਨਹੀਂ ਜਾਣਦੇ ਕਿ ਗੁਰੂ ਅਤੇ ਪਰਮੇਸ਼ਰ, ਗੁਰੂ ਅਤੇ ਮਨੁਖ, ਮਨੁਖ ਅਤੇ ਮਨੁਖ, ਹੋਰ ਜੀਵ-ਅਜੀਵ ਅਤੇ ਮਨੁਖ, ਅਥਵਾ ਪਰਮੇਸ਼ਰ ਅਤੇ ਮਨੁਖ ਦੀ ਜਿਹੜੀ ਅਦ੍ਵੈਤ ਗੁਰੂ ਨਾਨਕ ਦੇਵ ਜੀ ਨੇ ਵਿਧਾਨ ਕੀਤੀ ਹੈ, ਉਸ ਲਈ ਇਸਲਾਮ ਵਿੱਚ ਕੋਈ ਸਥਾਨ ਨਹੀਂ ? ਕੀ 'ਮਨਸੂਰ' ਵਰਗਿਆਂ ਦਾ ਹਸ਼ਰ ਅਤੇ ਸੂਫ਼ੀ ਫ਼ਕੀਰ ਬੁਲ੍ਹੇ ਸ਼ਾਹ ਦਾ 'ਰੁਕ ਰੁਕ ਕੇ ਜਿਹਬਾ ਕਹਿੰਦੀ ਹੈ' ਵਾਲਾ ਸ਼ਰ੍ਹਾ ਦਾ ਡਰ, 'ਬ੍ਰਹਮ ਮਹਿ ਜਨ ਜਨ ਮਹਿ ਪਾਰਬ੍ਰਹਮ' ਨੂੰ ਇਸਲਾਮ ਦਾ ਅਭਿੰਨ ਅੰਗ ਸਾਬਤ ਕਰਨ ਦੀ ਗਵਾਹੀ ਦੇਵੇਗਾ ? ਕੀ ਮਹਿਬੂਬ ਨੂੰ ਪਤਾ ਹੈ ਕਿ ਸ਼ਬਦ ਉਤਰਨ ਸਮੇਂ ਗੁਰੂ ਦਾ ਕਹਿਆ ਹੀ ਧੁਰ ਕੀ ਬਾਣੀ ਹੈ, ਜਦੋਂ ਕਿ ਪੈਗ਼ੰਬਰ ਦਾ ਇਕ ਵੀ ਬਚਨ ਕੁਰਾਨ ਵਿੱਚ ਸ਼ਾਮਿਲ ਨਹੀਂ ਹੋ ਸਕਦਾ, ਕਿਉਂਜੁ ਦ੍ਵੈਤਿਕ ਵਿਧਾਨ ਕਾਰਣ ਅੱਲਾਹ ਦਾ ਬਚਨ ਮੁਹੰਮਦ ਸਾਹਿਬ ਦਾ ਕਥਨ ਨਹੀਂ ਹੋ ਸਕਦਾ। ਸਾਡੇ 'ਅਕਲ-ਲਤੀਫ਼' ਜੀ ਇਕ ਅੱਧ ਪ੍ਰਕਾਸ਼-ਰਿਸ਼ਮ ਇਸਲਾਮ ਦੀ ਪੜ੍ਹਾਈ ਤੇ ਲਾ ਦੇਣ, ਤਾਂ ਸਮਝ ਸਕਣਗੇ ਕਿ ਇਸਲਾਮ ਅਨੁਸਾਰ ਕੁਰਾਨ ਜਬਰਾਈਲ ਵਰਗੇ ਵਿਚੋਲਿਆਂ ਰਾਹੀਂ ਪ੍ਰਕਾਸ਼ਿਤ ਹੋਈ ਸੀ। ਜਦੋਂ ਇਹ ਆਵੇਸ਼ ਵਿਚੋਲਗੀ-ਮੁਕਤ ਹੋਇਆ ਵੀ ਤਾਂ ਅੱਲਾਹ ਪਰਦੇ ਪਿਛੇ ਬੋਲਿਆ, ਪੈਗ਼ੰਬਰ ਦੇ ਸਾਹਮਣੇ ਨਹੀਂ ਆਇਆ, ਜਦੋਂ ਕਿ ਗੁਰੂ ਅਤੇ ਪਰਮੇਸ਼ਰ ਵਿੱਚ ਕੋਈ ਵਿਚੋਲਾ ਨਹੀਂ, ਕੋਈ ਪਰਦਾ ਨਹੀਂ। ਦੋਵੇਂ ਇਕਰੂਪ ਹਨ। ਇੰਞ ਗੁਰੂ ਨੂੰ ਪੈਗ਼ੰਬਰ ਅਤੇ ਸ਼ਬਦ ਨੂੰ ਇਲਹਾਮ ਕਹਿਣਾ ਕੋਰੀ ਅਗਿਆਨਤਾ ਹੈ। ਭਾਈ ਗੁਰਦਾਸ ਜੀ ਜਿਨ੍ਹਾਂ ਦੀ ਬਰਾਬਰੀ ਹਰਿੰਦਰ ਸਿੰਘ ਜੀ ਕਰਨਾ ਲੋਚਦੇ ਹਨ, ਉਹ ਇਸ ਪੱਖੋਂ ਸਰਬਭਾਂਤਿ ਸੁਚੇਤ ਸਨ। ਕਿਸੇ ਸਿਖ ਕਲਾਸਿਕ ਗ੍ਰੰਥ ਵਿੱਚ ਗੁਰੂ ਲਈ ਪੈਗ਼ੰਬਰ, ਸਿਖ ਲਈ ਮੋਮਿਨ, ਸਿਖ ਰਹਿਤ ਲਈ

ਸ਼ਰ੍ਹਾ ਅਤੇ ਰੱਬੀ ਬਾਣੀ ਲਈ ਇਲਹਾਮ ਸ਼ਬਦ ਨਹੀਂ ਵਰਤਿਆ ਗਿਆ। ਸਿਖ ਧਰਮ ਦਾ ਇਸਲਾਮੀਕਰਣ ਕਰਨ ਲਈ ਜਦੋਂ ਮਹਿਬੂਬ ਜੀ ਨੇ ਆਪਣੀ ਪੁਸਤਕ ਨੂੰ 'ਇਲਾਹੀ ਨਦਰ ਦੇ ਪੈਂਡੇ' ਦਾ ਨਾਮ ਦਿੱਤਾ, ਤਾਂ ਨਾਮ ਤੋਂ ਹੀ ਸਪਸ਼ਟ ਹੋ ਗਿਆ ਸੀ ਕਿ ਉਹ ਗੁਰੂ ਨਾਨਕ ਦੇਵ ਜੀ ਨੂੰ ਉਸ ਮਾਰਗ ਦਾ ਪਾਂਧੀ ਬਣਾ ਰਹੇ ਹਨ, ਜੋ ਉਨ੍ਹਾਂ ਦੇ ਆਗਮਨ ਤੋਂ ਪਹਿਲਾਂ ਨਿਸ਼ਚਿਤ ਹੋ ਚੁਕਿਆ ਸੀ ਅਤੇ ਉਸ ਨੂੰ ਨਿਸ਼ਚਿਤ ਕਰਨ ਵਾਲੇ ਨਿਰਸੰਸੇ ਹਜ਼ਰਤ ਮੁਹੰਮਦ ਸਾਹਿਬ ਸਨ।

ਚਾਹੀਦਾ ਇਹ ਸੀ ਕਿ 'ਮਹਿਬੂਬ ਸਾਹਿਬ' ਡਾ. ਪਨੂੰ ਦੁਆਰਾ ਪ੍ਰਸਤੁਤ ਵਾਕ-ਅੰਸ਼ਾਂ ਦੀ ਗੁਰਮਤੀ ਵਿਆਖਿਆ ਕਰ ਕੇ ਆਪਣਾ ਦ੍ਰਿਸ਼ਟੀਕੋਣ ਪਾਠਕਾਂ ਸਾਹਮਣੇ ਰੱਖਦੇ, ਪਰ ਆਪਣੇ ਲੇਖ ਵਿੱਚ ਉਹ ਇਹ ਕਹਿ ਰਹੇ ਹਨ ਕਿ ਜੇ ਮੈਂ 'ਕਬੀਰ' ਸਾਹਿਬ ਵਰਗੇ ਭਗਤਾਂ ਦੀ ਨਿੰਦਿਆ ਕੀਤੀ ਹੈ, ਤਾਂ ਕਈ ਥਾਂਈਂ ਪ੍ਰਸ਼ੰਸਾ ਵੀ ਕੀਤੀ ਹੈ। ਜਿਥੇ ਮੈਨੂੰ ਇਹ ਪਤਾ ਹੈ ਕਿ ਮਹਿਬੂਬ ਸਾਹਿਬ ਦੀਆਂ ਕਾਲਪਨਿਕ ਉਡਾਰੀਆਂ ਦਾ ਕੋਈ ਇਕ ਪੰਨਾ ਵਿਰੋਧਾਭਾਸ ਤੋਂ ਸੱਖਣਾ ਨਹੀਂ ਹੈ, ਉਥੇ ਮੈਨੂੰ ਇਹ ਵੀ ਪਤਾ ਹੈ ਕਿ ਹਿੰਦੂ ਧਰਮ ਅਤੇ ਹਿੰਦੂ ਧਰਮ ਵਿਚੋਂ ਆਏ ਭਗਤਾਂ ਨੂੰ ਛੁਟਿਆ ਕੇ ਇਸਲਾਮ ਦੀ ਉਚਤਾ ਸਥਾਪਿਤ ਕਰਨੀ ਅਤੇ ਫਿਰ ਇਸਲਾਮੀ ਸ਼ਾਨੋ-ਸ਼ੌਕਤ ਵਿੱਚ ਸਿਖ ਧਰਮ ਨੂੰ ਵਿਲੀਨ ਕਰਨਾ, ਇਹ ਉਨ੍ਹਾਂ ਦਾ ਅੰਤਿਮ ਨਿਸ਼ਾਨਾ ਹੈ, ਜਿਸ ਤੋਂ ਕਿਸੇ ਵੀ ਸਥਿਤੀ ਵਿੱਚ ਉਹ ਰੰਚਕ-ਮਾਤਰ ਪਿਛੇ ਨਹੀਂ ਹਟਦੇ, ਵਰਨਾ ਉਹ 'ਨਾ ਹਮ ਹਿੰਦੂ ਨਾ ਮੁਸਲਮਾਨ' ਦੇ ਆਦਰਸ਼ ਦੀ ਬਹਾਲੀ ਲਈ 'ਗਗਨ ਦਮਾਮਾ ਬਾਜਿਓ' ਦਾ ਸ਼ਹਾਦਤ-ਪ੍ਰੇਰਕ ਨਾਅਰਾ ਉਚੀ ਸੁਰ ਵਿੱਚ ਲਾ ਕੇ ਭਗਤ-ਸੂਰਬੀਰਾਂ ਨੂੰ ਸੰਘਰਸ਼ ਦਾ ਸੱਦਾ ਦੇਣ ਵਾਲੇ ਕਬੀਰ ਨੂੰ ਕਦੇ ਅਰਧ ਹਿੰਦੂ-ਰੰਗ ਵਾਲਾ ਅਤੇ ਕਦੇ ਇਸਲਾਮੀ ਰੰਗਤ ਵਾਲਾ ਕਹਿ ਕੇ ਨਾ ਛੁਟਿਆਂਦੇ। ਭਗਤ ਬਾਣੀ ਸੰਬੰਧੀ ਉਹ ਵਾਰ-ਵਾਰ ਲਿਖਦੇ ਹਨ ਕਿ ਇਹ ਗੁਰੂ-ਨਾਨਕ ਅਮਲ ਵਿਚੋਂ ਪ੍ਰਗਟ ਹੋਈ। ਸਿਖ ਨਿਹਚਾ ਹੈ ਕਿ ਗੁਰੂ ਜੋਤਿ ਸਦੀਵੀ ਹੈ। ਨਾ ਕਦੇ ਆਈ ਨਾ ਗਈ। ਇਸੇ ਗੁਰੂ ਜੋਤਿ ਦਾ ਪ੍ਰਕਾਸ਼ ਭਗਤ ਬਾਣੀ ਵਿਚ ਹੈ, ਪਰ ਗੁਰੂ ਨਾਨਕ-ਅਮਲ 1469 ਈ. ਤੋਂ ਆਰੰਭ ਹੁੰਦਾ ਹੈ, ਉਸ ਤੋਂ ਪਹਿਲਾਂ ਨਹੀਂ। ਇਸੇ ਸੰਬੰਧ ਵਿੱਚ ਮਹਿਬੂਬ ਜੀ ਇਕ ਹੋਰ ਕਰਾਮਾਤ ਕਰਦੇ ਹਨ। ਉਹ ਬਾਣੀ ਦਾ ਆਗਮਨ ਗੁਰੂ ਨਾਨਕ-ਅਮਲ ਵਿਚੋਂ ਦਿਖਾਂਦੇ ਹਨ, ਜਦੋਂ ਕਿ ਸਿਖਾਂ ਦੀ ਆਮ ਧਾਰਨਾ ਹੈ ਕਿ ਗੁਰੂ ਬਾਣੀ ਗੁਰੂ ਨਾਨਕ-ਅਮਲ ਦੀ ਜਨਮ ਦਾਤੀ ਹੈ। ਜੇ ਬਾਣੀ ਕਿਸੇ ਪਰਮ-ਮਨੁੱਖ ਦੇ ਅਮਲ ਵਿਚੋਂ ਜਨਮ

ਲੈ ਲਵੇ, ਤਾਂ ਬਾਣੀ ਕਰਨਹਾਰ ਦਾ ਅਕਾਲ-ਪੁਰਖ਼ ਦਾ ਬਚਨ ਨਹੀਂ ਰਹਿ ਜਾਂਦੀ, ਸਗੋਂ ਪ੍ਰਕ੍ਰਿਤੀ ਦੇ ਅਧੀਨ ਹੋ ਜਾਂਦੀ ਹੈ। ਮਹਿਬੂਬ ਦੀ ਇਹ ਰੁਚੀ ਕਿਸੇ ਉਕਾਈ ਕਰ ਕੇ ਨਹੀਂ, ਬਲਕਿ ਉਹ ਜਾਣਦਾ ਹੈ ਕਿ ਇਸਲਾਮਿਕ ਜੀਵਨ ਸ਼ਰ੍ਹਾ-ਪ੍ਰਧਾਨ ਜੀਵਨ ਹੈ (ਹਾਲਾਕਿ ਪਵਿਤਰ ਕੁਰਾਨ ਵੀ ਪੈਗ਼ੰਬਰ ਦੇ ਅਮਲ ਵਿਚੋਂ ਨਹੀਂ ਉਪਜੀ), ਜਦੋਂ ਕਿ ਸਿਖ ਜੀਵਨ ਸ਼ਬਦ-ਪ੍ਰਧਾਨ ਜੀਵਨ ਹੈ। ਗੁਰੂ-ਸ਼ਬਦ ਨੂੰ ਗੁਰੂ ਨਾਨਕ ਦੇਵ ਜੀ ਦੇ ਅਮਲ ਦੇ ਅਧੀਨ ਕਰ ਕੇ ਉਹ ਇਕ ਪਾਸੇ ਸ਼ਬਦ ਉਤੇ ਸ਼ਰ੍ਹਾ ਦੀ ਉਚਤਾ ਸਥਾਪਿਤ ਕਰਦਿਆਂ ਆਪਣਾ ਇਸਲਾਮਿਕ ਫ਼ਰਜ਼ ਪੂਰਾ ਕਰ ਰਿਹਾ ਹੈ ਅਤੇ ਦੂਜੇ ਪਾਸੇ ਕੁਰਾਨ ਨੂੰ ਰੱਬੀ ਕਿਤਾਬ, ਪਰ ਗੁਰਬਾਣੀ ਨੂੰ ਮਾਨਵ-ਕ੍ਰਿਤ ਸਿਧ ਕਰ ਰਿਹਾ ਹੈ, ਜੋ ਸਿਖ ਧਰਮ ਨਾਲ ਬਹੁਤ ਵਡਾ ਧ੍ਰੋਹ ਹੈ।

ਸਿਖ ਵਿਦਵਾਨਾਂ ਦਾ ਦ੍ਰਿਸ਼ਟੀਕੋਣ ਹੈ ਕਿ ਸਿਖ ਧਰਮ ਆਪਣੀਆਂ ਜ਼ਰੂਰਤਾਂ ਲਈ ਕਿਸੇ ਹੋਰ ਸਮੁਦਾਇ ਦਾ ਮੁਹਤਾਜ ਨਹੀਂ, ਨਾ ਹੀ ਉਸ ਕੋਲ ਕੁਝ ਮਾਂਗਵਾਂ ਹੈ। ਪਰ ਜਿਵੇਂ ਇਸਲਾਮਿਕ ਸ਼ਬਦਾਵਲੀ ਉਤੇ 'ਪੁਰਾਣੇ ਨੇਮ' (Old Testament) ਦੀ ਛਾਪ ਹੈ, ਤਿਵੇਂ ਹੀ ਸਿਖ ਧਰਮ ਦੇ ਬੁਨਿਆਦੀ ਸਿਧਾਂਤ ਭਾਰਤੀ ਪਰੰਪਰਾ ਤੋਂ ਨਿਵੇਕਲੇ ਹੁੰਦਿਆਂ ਹੋਇਆਂ ਵੀ ਉਸ ਦੇ ਜ਼ਿਆਦਾ ਨਜ਼ਦੀਕ ਹਨ। ਪਰਮ ਸੱਤ ਦਾ ਸਰੂਪ, ਗੁਰੂ ਜੋਤਿ ਦਾ ਨਿਰਬਾਧ ਪ੍ਰਵਾਹ, ਆਤਮਾ, ਸਰਵਾਤਮਵਾਦ, ਅਦ੍ਵੈਤ, ਪੁਨਰਜੀਵਨ, ਪਰਮ ਸੱਤ ਵਿੱਚ ਜੀਵਾਂ ਦੀ ਅਭੇਦਤਾ, ਜੀਵਾਂ ਦਾ ਇਕ ਅਸਲਾ, ਸ੍ਰਿਸ਼ਟੀ ਅਤੇ ਇਸ ਦੇ ਵਿਨਾਸ਼ ਸੰਬੰਧੀ ਸਿਖ ਧਰਮ ਦੇ ਵਿਚਾਰ ਇਸਲਾਮ ਨਾਲੋਂ ਭਾਰਤੀ ਧਰਮ-ਪਰੰਪਰਾ ਦੇ ਜ਼ਿਆਦਾ ਨੇੜੇ ਹਨ। ਇਸ ਦਾ ਦੂਸਰਾ ਅੰਗ ਜਥੇਬੰਦੀ ਅਤੇ ਉਸਦਾ ਸਰੂਪ ਇਸਲਾਮ ਦੇ ਜ਼ਿਆਦਾ ਨਜ਼ਦੀਕ ਹੈ। ਸਾਂਝਾ ਇਸ਼ਟ, ਸੰਗਤੀ ਪੂਜਾ, ਪੁਜਾਰੀਵਾਦ ਦਾ ਅਭਾਵ, ਸੰਗਠਨ ਵਿੱਚ ਸਮਤਾ ਭਾਵ, ਜੁਝਾਰੂ ਬਿਰਤੀ ਆਦਿ ਇਸਲਾਮਿਕ ਸੰਗਠਨ ਦੇ ਨੇੜੇ ਜਾਪਦੇ ਹਨ, ਪਰ ਇਸਦਾ ਇਹ ਭਾਵ ਨਹੀਂ ਕਿ ਸਿਖ ਧਰਮ ਕਿਸੇ ਹੋਰ ਧਰਮ ਦੀ ਸ਼ਾਖਾ ਹੈ ਜਾਂ ਕਿਸੇ ਵਿਸ਼ੇਸ਼ ਧਰਮ ਵੱਲ ਉਸ ਦਾ ਉਲਾਰ ਹੈ। ਮਹਿਬੂਬ ਜੀ ਦੀਆਂ ਲਿਖਤਾਂ ਵਿੱਚ ਹਰ ਸਮੇਂ ਸਿਖ ਧਰਮ ਇਸਲਾਮਿਕ ਪੱਲੜੇ ਵਿੱਚ ਹੈ ਅਤੇ ਕਦੇ-ਕਦੇ ਪੈਗ਼ੰਬਰੀ-ਜਲਾਲ ਸਾਹਮਣੇ ਨਿਗੂਣਾ ਵੀ ਲਗਣ ਲਗ ਪੈਂਦਾ ਹੈ, ਕਿਉਂਕਿ ਕਿਸੇ ਵਿਸ਼ੇਸ਼ ਸੰਪ੍ਰਦਾਇ ਦਾ ਰੋਅਬ ਮੰਨ ਕੇ ਉਸ ਦੀ ਸ਼ਬਦਾਵਲੀ ਅਤੇ ਪਰੰਪਰਾਵਾਂ ਦੀ ਚੜ੍ਹਤ ਸਥਾਪਿਤ ਕਰਨਾ ਉਸ ਦੀ ਸ਼ਾਨ ਸਾਹਮਣੇ ਛੋਟੇ ਹੋਣ ਵਾਂਗ ਹੀ ਹੈ। ਮਹਿਬੂਬ ਨੇ ਮੁਗ਼ਲ ਸ਼ਹਿਨਸ਼ਾਹਾਂ ਦੀਆਂ ਸੱਤ-

ਪੀੜ੍ਹੀਆਂ ਦੇ 'ਬਾਬਰੀ-ਜਲਾਲ' ਦੇ ਸੋਹਿਲੇ ਇਤਨੀ ਪ੍ਰਚੰਡਤਾ ਨਾਲ ਗਾਏ ਹਨ ਕਿ ਭਗਤ ਤਾਂ ਕੀ ਗੁਰੂ-ਸੂਰਜ ਦਾ ਪ੍ਰਤਾਪ ਵੀ ਉਨ੍ਹਾਂ ਸਾਹਮਣੇ ਮੱਧਮ ਪੈਣ ਦੀ ਸੰਭਾਵਨਾ ਬਣ ਜਾਂਦੀ ਹੈ। ਇਸਲਾਮ ਵੱਲ ਮਹਿਬੂਬ ਦੇ ਗ਼ੈਰਵਾਜ਼ਬ ਝੁਕਾਅ ਅਤੇ ਗੁਰ-ਪ੍ਰਤਾਪ ਨੂੰ ਇਸਲਾਮਿਕ ਦ੍ਵੈਤ ਵਿੱਚ ਸਮੇਟਣ ਦੇ ਯਤਨਾਂ ਲਈ ਉਨ੍ਹਾਂ ਦੀਆਂ ਰਚਨਾਵਾਂ ਦੇ ਕੁਝ ਅੰਸ਼ ਵਿਚਾਰਣ ਨਾਲ ਉਨ੍ਹਾਂ ਦੀ ਦਾਰਸ਼ਨਿਕ ਚਿਤ-ਬਿਰਤੀ ਦੇ ਦੀਦਾਰ ਹੋ ਸਕਦ ਹਨ:-

"ਇਸਲਾਮ ਵਿੱਚ ਪਰਾ-ਗਿਆਨ ਦੀਆਂ ਸਾਰੀਆਂ ਤਫਸੀਲਾਂ, ਵਿਗਿਆਨ ਦਾ ਵਿਸ਼ਾਲ ਫੈਲਾਉ (ਜੇ ਵਿਗਿਆਨਿਕ ਖੋਜਾਂ ਦੀ ਲਿਸਟ ਦੇ ਦੇਂਦੇ ਤਾਂ ਸਾਇੰਸਦਾਨਾਂ ਦੀ ਸੱਚੀ ਰਹਿਨੁਮਾਈ ਵੀ ਹੋ ਜਾਂਦੀ), ਗਿਆਨ-ਚਕਸ਼ੂ ਦੀਆਂ ਤੇਜ ਚਮਕਾਂ, ਅਚਿਹਨਤਾ ਦੀ ਅਬੋਧ ਕਾਇਆਂ ਅਤੇ ਪ੍ਰਾਚੀਨ ਇੰਜੀਲ (ਲੇਖਕ ਨਹੀਂ ਜਾਣਦਾ ਕਿ ਇੰਜੀਲ 'ਪੁਰਾਣੇ ਨੇਮ' ਦੀਆਂ ਪੋਥੀਆਂ ਦਾ ਨਾਮ ਨਹੀਂ) ਦੇ ਪੈਗ਼ੰਬਰਾਂ ਦੇ ਮਹਾਨ ਇਕਰਾਰ ਇਨਸਾਨੀ ਈਮਾਨ ਵਿੱਚ ਇਕਸੁਰਤਾ ਲੱਭਦੇ ਹਨ।" ..... "ਕੁਦਰਤ ਦੇ ਵੱਡੇ ਬਾਗ਼ ਵਿੱਚ, ਜਿਸ ਦਾ ਬਿਆਨ ਕੁਰਾਨ ਮਜ਼ੀਦ ਵਿੱਚ ਨਵੇਂ ਤੋਂ ਨਵੇਂ ਅੰਦਾਜ਼ ਵਿੱਚ ਮਿਲਦਾ ਹੈ, ਮੌਸਮਾਂ ਦੀ ਸਭਾ ਜੁੜਦੀ ਹੈ। ਦੋਸਤੀ ਦਾ ਅਜ਼ੀਮ ਆਲਮ ਹੋਂਦ ਆਉਂਦਾ ਹੈ।"[46]...ਕੁਰਾਨ ਮਜ਼ੀਦ ਦੀ ਨਮਾਜ਼ ਐਨੀ ਜਾਨਦਾਰ ਅਤੇ ਐਨੀ ਦਿਲਦਾਰ ਹੈ, ਕਿ ਗ਼ਰੀਬ ਤੋਂ ਗ਼ਰੀਬ ਚੀਜ਼ ਵੀ ਨਿਆਮਤ ਦੇ ਰੁਤਬੇ ਤੇ ਪਹੁੰਚ ਜਾਂਦੀ ਹੈ।"[47] ਇਸਲਾਮ ਦੇ ਮੁਕਾਬਲੇ ਹਿੰਦੂ ਧਰਮ ਵਿਰੁੱਧ ਲੇਖਕ ਅਸੰਤੁਲਿਤ ਦ੍ਰਿਸ਼ਟੀਕੋਣ ਅਪਣਾਉਂਦਿਆਂ ਲਿਖਦਾ ਹੈ, "ਰਿਗ ਵੇਦ ਦਾ ਡਰ, ਅਰਦਾਸ ਅਤੇ ਸਿਫ਼ਤ ਦਾ ਅਮੁੱਕ ਚੱਕਰ ਅਚੰਭੇ ਭਰਿਆ ਅਤੇ ਵਿਸ਼ਾਲ ਹੋਣ ਦੇ ਬਾਵਜ਼ੂਦ ਵੀ ਸਥਾਨਿਕ ਹੈ। ਇਸ ਵਿੱਚ ਸਕੂਨ ਹੈ, ਪਰ ਇਹ ਸਕੂਨ ਸਥਾਨਕ ਡਰਾਂ, ਸਥਾਨਕ ਲਾਲਸਾ ਅਤੇ ਸਥਾਨਕ ਤੱਤ-ਸੁਆਦਾਂ ਦੀ ਕ੍ਰਮਵਾਰ ਨਵਿਰਤੀ, ਪੂਰਤੀ ਅਤੇ ਪ੍ਰਾਪਤੀ ਵਿਚੋਂ ਹੀ ਉਪਜਿਆ ਹੈ।...ਇਸ ਨਾਜ਼ਕ-ਸੁਬਕ ਕਲਪਨਾ ਉਤੇ ਭੋਜਨ, ਪੁੱਤਰ ਅਤੇ ਦੁੱਧ ਦੀ ਮੰਗ ਦਾ ਵੀ ਭਾਰ ਹੈ।"......"ਕਰਮਕਾਂਡੀ ਮਨ ਇਕ ਨਿਰਾਰਥ-ਰਸ ਵਿੱਚ ਡੁੱਬ

46. ਸਹਿਜੇ ਰਚਿਓ ਖਾਲਸਾ, ਪੰਨਾ 20-21
47. ਸਹਿਜੇ ਰਚਿਓ ਖਾਲਸਾ, ਪੰਨਾ 29
47. ਸਹਿਜੇ ਰਚਿਓ ਖਾਲਸਾ, ਪੰਨਾ 30

ਜਾਂਦਾ ਹੈ, ਮਨ ਉਲਝੇਵੇਂ ਅਤੇ ਭਰਮ ਉਤੇ ਟਿਕ ਜਾਂਦਾ ਹੈ ਅਤੇ ਆਖ਼ਰ ਵਿੱਚ ਨਿਰਾਰਥ-ਰਸ ਹੀ ਅਜਿਹੇ ਮਨ ਲਈ ਅਲੌਕਿਕਤਾ ਅਤੇ ਉਪਰ ਪ੍ਰਕ੍ਰਿਤਕ ਭੈਅ ਦਾ ਸੋਮਾ ਬਣ ਜਾਂਦਾ ਹੈ।"[48]....... "ਹਿੰਦੂ ਧਰਮ ਨੂੰ ਛੱਡ ਕੇ ਹੋਰ ਸਭ ਧਰਮਾਂ ਦਾ ਉਦੇ ਇਕ ਵਿਸ਼ੇਸ਼ ਦੈਵੀ ਪ੍ਰਕਾਸ਼ ਨਾਲ ਹੋਇਆ"[49]। ਇਹ ਵਿਚਾਰ ਮਹਿਬੂਬ ਸਾਹਿਬ ਹੀ ਦੱਸ ਸਕਦੇ ਹਨ ਕਿ ਉਨ੍ਹਾਂ ਕਿਥੋਂ ਲਏ ਹਨ ? ਗੁਰੂ ਸਾਹਿਬ ਨੇ ਅਜਿਹੀ ਨਫ਼ਰਤ ਦਾ ਸਬਕ ਹਰਗ਼ਿਜ਼ ਨਹੀਂ ਦਿੱਤਾ।

ਮਹਿਬੂਬ ਇਸਲਾਮੀ ਵਜ਼ਦ ਵਿੱਚ ਅਜਿਹਾ ਚਿੱਤ-ਲੀਨ ਹੈ ਕਿ ਉਹ ਗੁਰੂ ਦੇ ਅਤਿਅੰਤ ਪਿਆਰਿਆਂ ਨੂੰ ਵੀ ਹਿੰਦੂ-ਕੁਲ ਵਿੱਚ ਜਨਮ ਲੈਣ ਕਰਕੇ ਛੁਟਿਆਣ ਅਤੇ ਛਿਪਾਣ ਦੀ ਕੋਈ ਕਸਰ ਬਾਕੀ ਨਹੀਂ ਰਹਿਣ ਦਿੰਦਾ। ਉਨ੍ਹਾਂ ਦਾ ਦਾਰਸ਼ਨਿਕ ਮਹਾਂਵਾਕ ਹੈ, "ਜਨਮ ਸਾਖੀਆਂ ਵਿੱਚ ਆਉਂਦਾ ਹੈ ਕਿ ਗੁਰੂ ਨਾਨਕ ਸਾਹਿਬ ਦੀ ਇਲਾਹੀ ਜ਼ਾਤ ਦੀ ਪਹਿਲੀ ਰਾਜ਼ਦਾਨ ਉਹਨਾਂ ਦੀ ਵੱਡੀ ਭੈਣ ਬੀਬੀ ਨਾਨਕੀ ਸੀ.....ਪਰ ਆਪਣੀਆਂ ਪਰਤਖ ਇਲਾਹੀ ਨਿਸ਼ਾਨੀਆਂ ਦਾ ਪਹਿਲਾ ਗਵਾਹ ਅਤੇ ਫੇਰ ਮੁਰੀਦ ਤਲਵੰਡੀ ਦੀ ਭੋਇੰ ਦਾ ਸਾਈਂ ਰਾਇ ਬੁਲਾਰ ਭੱਟੀ ਹੀ ਸੀ। ਰਾਇ ਬੁਲਾਰ ਗੁਰੂ ਨਾਨਕ ਅਮਲ ਦੀ ਖਾਲਸ ਇਨਸਾਨੀ ਪਛਾਣ ਦਾ ਪਹਿਲਾ ਰੂਪ ਹੈ।" ਇਥੇ ਬੱਸ ਨਹੀਂ ਲੇਖਕ ਦਾ ਵਿਚਾਰ ਹੈ ਕਿ ਗੁਰੂ ਨਾਨਕ-ਜੋਤਿ ਰਾਇ ਜੀ ਬਿਨਾ ਪ੍ਰਗਟ ਹੋਣ ਦੇ ਅਸਮਰੱਥ ਹੈ, "ਗੁਰੂ ਨਾਨਕ ਸਾਹਿਬ ਦੀ ਪ੍ਰਤਿਭਾ ਦਾ ਅੱਖਰਾਂ ਤੋਂ ਪਾਰਲਾ ਨਿਰਭੈਅ ਦ੍ਰਿਸ਼ ਦੁਨੀਆਂ ਵਿੱਚ ਇੰਨ ਬਿੰਨ ਪਰਤੱਖ ਨਹੀਂ ਸੀ ਹੋ ਸਕਦਾ।"[50] ਇਥੇ ਚਤੁਰਾਈ ਨਾਲ ਸ਼ਬਦ ਉਤੇ ਦੇਹ ਦੀ ਉਤਮਤਾ ਵੀ ਸਥਾਪਿਤ ਕਰ ਦਿੱਤੀ ਹੈ, ਕਿਉਂਜੁ ਇਹ 'ਮਹਿਬੂਬ ਦੇ ਏਜੰਡੇ ਦਾ ਇਕ ਅਹਿਮ ਹਿੱਸਾ ਹੈ। ਦਰਵੇਸ਼ਾਂ ਵਿੱਚ ਵਿਤਕਰੇ ਖੜੇ ਕਰਨ ਵਾਲਾ ਮਹਿਬੂਬ ਹਰਦਿਆਲ ਪੁਰੋਹਿਤ ਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਡਿਤਣ ਦੀ ਪਹਿਲੀ ਪਛਾਣ ਨੂੰ ਤਾਂ ਛਿਪਾਣ ਦਾ ਪਾਪ-ਕਰਮ ਕਰਦਾ ਹੀ ਹੈ, ਉਹ ਇਹ ਵੀ ਦੱਸਦਾ ਹੈ ਕਿ ਨਾਨਕੀ ਜੀ ਨੂੰ ਤਾਂ ਵਿਆਹ ਪਿਛੋਂ ਵਿਛੋੜੇ ਵਿੱਚ ਗੁਰੂ ਨਾਨਕ ਦੀ ਕੁਝ ਸਮਝ ਆਈ ਸੀ, "ਭੈਣ ਨਾਨਕੀ ਦਾ ਮਨ 'ਹੁਣ'

48. ਸਹਿਜੇ ਰਚਿਓ ਖਾਲਸਾ, ਪੰਨਾ 791
49. ਸਹਿਜੇ ਰਚਿਓ ਖਾਲਸਾ, ਪੰਨਾ 57

ਵਿੱਚ ਮਾਸੂਮ ਸੀ, ਦੂਰੀਆਂ ਨੇ ਇਸ 'ਹੁਣ' ਦੀ ਮਾਸੂਮੀ ਵਿੱਚ ਪੂਰਨ ਸੱਚ ਦੀ ਲਿਵ ਨੂੰ ਰੌਸ਼ਨ ਕਰ ਦਿੱਤਾ।"[51]

ਮਹਿਬੂਬ ਦੀ ਧਾਰਨਾ ਹੈ ਕਿ ਗੁਰੂ ਨਾਨਕ ਜੋਤਿ 'ਪਾਪ ਕੀ ਜੰਞ' ਦੇ ਲਾੜੇ ਬਾਬਰ ਬਿਨਾ ਜਗਮਗਾ ਨਹੀਂ ਸਕਦੀ, "ਸਭ ਤੋਂ ਪਹਿਲਾਂ **ਬਾਬਰੀ-ਜਲਾਲ** ਗੁਰੂ ਨਾਨਕ ਅਮਲ ਦੇ ਸਾਹਮਣੇ 'ਸੱਚ ਕੀ ਬੇਲਾ' (ਸਚ ਪ੍ਰਗਟ ਹੋਣ ਦਾ ਵਕਤ) ਪੈਦਾ ਕਰਦਾ ਹੈ। ਗੁਰੂ ਨਾਨਕ ਸਾਹਿਬ ਦਾ ਅਥਾਹ ਸੱਚ ਚੁੱਪ ਹੈ, ਇਸ ਦੇ ਬੋਲਣ ਦੀ ਇਕ ਖ਼ਾਸ ਘੜੀ ਹੈ, **ਬਾਬਰੀ-ਜਲਾਲ** ਇਸ ਘੜੀ ਨਾਲ ਅਭੇਦ ਹੈ।... ਇਹ ਖ਼ਾਸ ਵੇਲਾ ਅਚਿਹਨ ਰੂਪ ਵਿੱਚ **ਬਾਬਰੀ-ਜਲਾਲ** ਦੀ ਦੇਣ ਹੈ।"[52] (ਜੇ ਇਹ ਕੁਝ ਕਹਿ ਕੇ ਵੀ ਮਹਿਬੂਬ ਸਿਖ-ਹਿਤੈਸ਼ੀ ਹੈ, ਤਾਂ ਫਿਰ ਇਸ ਪੰਥ ਦੇ ਕੇਵਲ ਕਟਰ ਦੁਸ਼ਮਣ ਹੀ ਇਸ ਦੇ ਹਿਤੈਸ਼ੀ ਮੰਨੇ ਜਾ ਸਕਦੇ ਹਨ ਅਤੇ ਇਹ ਮਨੌਤ ਜੇ ਵਿਆਪਕ ਰੂਪ ਧਾਰ ਗਈ, ਤਾਂ ਕੋਈ ਸੰਦੇਹ ਨਹੀਂ ਕਿ ਸਿਖ ਪੰਥ ਸਮੂਲ-ਨਾਸ਼ ਵਲ ਜਾਵੇਗਾ)। **ਬਾਬਰੀ-ਜਲਾਲ** ਦੀ ਮਹਿਮਾ ਗਾਂਦਿਆਂ ਜ਼ਫ਼ਰਨਾਮੇ ਵਿੱਚ ਔਰੰਗਜ਼ੇਬ ਨੂੰ ਪਾਈ ਫਟਕਾਰ ਦੇ ਧੋਣੇ ਧੋਣ ਹਿੱਤ ਲਿਖਿਆ ਹੈ, "ਗੁਰੂ ਗੋਬਿੰਦ ਸਿੰਘ ਨੇ ਔਰੰਗਜ਼ੇਬ ਦੇ 'ਕੋਹ' ਵਰਗੇ ਦਿਲ ਵਿੱਚ "ਬਖ਼ਸ਼ਿਸ਼ ਕਬੀਰ" ਅਤੇ "ਰੌਸ਼ਨ ਜ਼ਮੀਰ" ਜੇਹੀਆਂ ਫ਼ਰਿਸ਼ਤਿਆਂ ਵਰਗੀਆਂ ਸਿਫ਼ਤਾਂ ਦੀ ਹੋਂਦ ਦਾ 'ਜ਼ਫ਼ਰਨਾਮਾ' ਵਿੱਚ ਬੜਾ ਸਪਸ਼ਟ ਇਸ਼ਾਰਾ ਕੀਤਾ ਹੈ।" ਮਹਿਬੂਬ ਨੂੰ ਬੜਾ ਦੁਖ ਹੈ ਕਿ ਬਾਬਰੀ ਜਲਾਲ ਦੇ ਕੁਲ-ਦੀਪਕ ਜਹਾਂਗੀਰ ਨੂੰ ਤੱਥ-ਪੂਜ ਡਾ. ਗੰਡਾ ਸਿੰਘ ਨੇ ਪੰਚਮ ਪਾਤਸ਼ਾਹ ਦੀ ਸ਼ਹਾਦਤ ਦਾ ਦੋਸ਼ੀ ਗਰਦਾਨਿਆ ਹੈ, ਕਿਉਂਜੁ ਮਹਿਬੂਬ ਲਈ ਤਾਂ "ਭਾਵੇਂ ਜਹਾਂਗੀਰ ਕਿਤਨਾ ਜ਼ਾਲਮ ਹੋਵੇ, ਉਸ ਦੀ ਕੀਮਤੀ ਚੀਜ਼ ਦੀ ਕੀਮਤ ਗੁਰੂ ਜੀ ਨੇ ਪਾਉਣੀ ਹੈ, ਕਿਉਂਕਿ ਇੰਜ ਕਰਨ ਨਾਲ ਗੁਰੂ ਨਾਨਕ-ਸੱਚ ਦੀ ਤੀਖਣਤਾ ਸੰਸਾਰਕ ਤਾਕਤ ਦੇ "ਸੁਰਯਾ ਸ਼ਿਕੋਹ" ਦਰਮਿਆਨ ਵਧੇਰੇ ਨਿਖਰਦੀ ਹੈ। ਬਾਬਰੀ ਜਲਾਲ ਮੈਦਾਨਿ ਜੰਗਾਂ ਦੇ ਮੁਜਾਹਿਦੀ ਜੋਸ਼, ਮਹਿਫ਼ਲਾਂ ਦੇ ਭਰਪੂਰ ਸੋਜ਼, ਖ਼ੂਬਸੂਰਤੀ ਦੀ ਲਜ਼ਤ- ਇਹਨਾਂ ਸਿਫ਼ਤਾਂ ਨੂੰ ਤਾਕਤ ਦੇ ਨਸ਼ੇ ਦੇ ਵਧਣ ਨਾਲ ਬੁੱਤ ਜੇਹੀ ਸਖ਼ਤ ਚੀਜ਼ ਵਿੱਚ ਬਦਲਦਾ ਹੈ"[53]।

51. ਸਹਿਜੇ ਰਚਿਓ ਖਾਲਸਾ, ਪੰਨਾ 58
52. ਸਹਿਜੇ ਰਚਿਓ ਖਾਲਸਾ, ਪੰਨਾ 83
53. ਸਹਿਜੇ ਰਚਿਓ ਖਾਲਸਾ, ਪੰਨਾ 161

ਮਹਿਬੂਬ ਦਾ ਗੁਰੂ-ਘਰ **ਬਾਬਰੀ-ਜਲਾਲ** ਦਾ ਇਕ ਜ਼ਰ-ਖ਼ਰੀਦ ਚਾਕਰ ਹੈ। ਕਥਨ ਦੇਖੋ' "ਗੁਰੂ ਜੰਗਾਂ ਬਾਬਰੀ ਜਲਾਲ ਨੂੰ ਸੁੱਚਤਾ ਵੱਲ ਲਿਜਾਂਦੀਆਂ ਹਨ, ਉਸ ਦੇ ਰੋਗ-ਗ੍ਰਸਤ ਅੰਗਾਂ ਦਾ ਬਿਨਾਸ ਕਰਦੀਆਂ ਹਨ, ਅਤੇ ਉਸ ਅੰਦਰ ਇਕ ਐਸਾ ਪਛਤਾਵਾ ਉਪਜਾਉਂਦੀਆਂ ਹਨ, ਜਿਹੜਾ ਉਸ ਨੂੰ ਗੁਨਾਹ ਦੇ ਲਿਬਾਸ ਵਿੱਚ ਅੰਤਿਮ ਨਿਆਂ ਦੇ ਸਾਹਮਣੇ ਲੈ ਜਾਂਦਾ ਹੈ"[54]। ਮਹਿਬੂਬ ਸਾਹਿਬ ਨੂੰ ਇਹ ਵੀ ਦੱਸਣਾ ਚਾਹੀਦਾ ਹੈ ਕਿ ਜੇ ਗੁਰੂ ਸਾਹਿਬ ਦੇ ਸਾਰੇ ਹੀਲੇ ਇਸਲਾਮਿਕ ਸ਼ੁਧਤਾ ਦੀ ਬਹਾਲੀ ਅਤੇ ਵੈਦਿਕ ਸੱਚ ਦੇ ਵਿਨਾਸ਼ ਵੱਲ ਰੁਚਿਤ ਸਨ, ਤਾਂ ਉਨ੍ਹਾਂ ਦੇ ਸ਼ਿਸ਼ ਬਹੁਤੇ ਮੁਸਲਮਾਨ ਕਿਉਂ ਨਾ ਬਣੇ ਅਤੇ ਹਿੰਦੂ ਕਿਉਂ ਬਣੇ ? ਮਹਿਬੂਬ ਸਪਸ਼ਟ ਆਖਦਾ ਹੈ ਕਿ ਗੁਰੂ ਸਾਹਿਬ ਦਾ ਮਿਸ਼ਨ ਇਸਲਾਮ ਦੀ ਸੁਰਜੀਤੀ ਸੀ, "ਮਾਰੂ ਸੋਲਹੇ ਵਿੱਚ ਅਬਦਾਲ ਫ਼ਕੀਰ ਨੂੰ ਜੋ ਪਾਕ ਨਸੀਹਤ ਦਿੱਤੀ ਹੈ, ਉਸ ਵਿੱਚ ਮੁਹੰਮਦ ਸਾਹਿਬ ਦੀਆਂ ਦੂਰ-ਆਵਾਜ਼ਾਂ ਦੀ ਪਹਿਲ-ਤਾਜ਼ਗੀ ਨੂੰ ਪੁਨਰ-ਸੁਰਜੀਤ ਕੀਤਾ ਗਿਆ ਹੈ। ... ਏਥੇ ਮੁਸਲਮਾਨੀ ਹੱਜ ਦੀ ਸਦਾ-ਬਹਾਰ ਤਲਬ ਇਕ ਜਿੰਦਾ ਮਰਕਜ਼ ਤੇ ਪੁਜ ਗਈ ਹੈ। ਕੁਰਾਨ ਮਜੀਦ, ਪੰਜ ਨਮਾਜ਼ਾਂ, ਕਾਬਾ, ਹਦੀਸ, ਪਾਕ ਅਮਲ, ਬੰਦਗੀ ਦੇ ਨਿਸ਼ਾਨ ਅਤੇ ਇਸਲਾਮੀ ਸ਼ਰ੍ਹਾ ਦੀਆਂ ਸੂਰਤਾਂ ਅਮਲ ਦੀ ਗਿਰਾਵਟ ਤੋਂ ਉਪਰ ਉਠਕੇ ਮੁਹੰਮਦੀ ਆਵਾਜ਼ ਦੇ ਗਲ ਨਾਲ ਵਿਛੜੇ ਪੁੱਤਰਾਂ ਵਾਂਗ ਜਾ ਲੱਗੀਆਂ ਹਨ"[55]। ਜਾਂ "(ਫਰੀਦ ਦੇ) ਕਲਾਮ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸ਼ਾਮਿਲ ਕਰਨ ਤੋਂ ਸਾਬਤ ਹੈ ਕਿ ਗੁਰੂ ਨਾਨਕ-ਸੱਚ ਨਾਲ ਇਸਲਾਮੀ ਤਸੱਵੁਫ ਦੇ ਕਾਮਲ ਅਤੇ ਖਾਲਸ ਰਾਜ਼ ਇੱਕਜਾਨ ਹਨ"[56]। ਪਰ ਬੁਧੀਮਾਨ ਪਾਠਕ ਜਨ ਜੀ ! ਜੇ ਇਕ ਫ਼ਰੀਦ ਦੀ ਬਾਣੀ ਗੁਰੂ ਗ੍ਰੰਥ ਦਾ ਇਸਲਾਮੀਕਰਣ ਕਰ ਸਕਦੀ ਹੈ ਤਾਂ 13 ਹਿੰਦੂ ਭਗਤ ਕੀ ਇਸ ਨੂੰ ਹਿੰਦੂ ਧਰਮ ਗ੍ਰੰਥ ਨਹੀਂ ਬਣਾ ਦੇਣਗੇ ? ਗੈਰ ਮੁਸਲਮਾਨਾਂ ਪ੍ਰਤੀ ਮਹਿਬੂਬ ਦੇ ਅਸੀਮ ਨਫ਼ਰਤ ਭਾਵ ਸਿਖ ਸਪਿਰਿਟ ਦਾ ਅਨਾਦਰ ਕਰਦਿਆਂ ਮਨੁਖਤਾ ਨੂੰ ਕਾਣੀ ਅੱਖ ਨਾਲ ਵੇਖਦੇ ਹਨ। ਗੁਰੂ ਨਾਨਕ-ਸੱਤ ਵਿੱਚ ਵੇਦ ਅਤੇ ਕਤੇਬ, ਸੰਤ ਅਤੇ

54. ਸਹਿਜੇ ਰਚਿਓ ਖਾਲਸਾ, ਪੰਨਾ 169
55. ਸਹਿਜੇ ਰਚਿਓ ਖਾਲਸਾ, ਪੰਨਾ 284
56. ਸਹਿਜੇ ਰਚਿਓ ਖਾਲਸਾ, ਪੰਨਾ 325

ਫ਼ਕੀਰ, ਕਾਜ਼ੀ ਅਤੇ ਬ੍ਰਾਹਮਣ ਪ੍ਰਤੀ ਖੰਡਨ ਅਤੇ ਮੰਡਨ ਦਾ ਇਕਸਮਾਨ ਵਰਤਾਰਾ ਸੀ, ਪਰ ਮਹਿਬੂਬ ਦਾ ਵਰਤਾਰਾ ਦੇਖੋ' "ਭਾਵੇਂ 'ਸ਼ੇਖ ਮਸਾਇਕ ਪੀਰ' ਵੀ ਮੰਦ ਆਵਸਥਾ ਵਿੱਚ ਰੋਂਦੇ ਹਨ, ਪਰ ਉਹ ਆਪਣੀ ਅਧੋਗਤੀ ਵਿੱਚ ਵੀ ਹਿੰਦੂ ਅਵਤਾਰਾਂ ਵਾਂਗ 'ਨਿਕਾਲਾ ਭਇਆ' ਦੇ ਸੰਸਾਰੀ ਸੰਕਟ ਵਿੱਚ ਨਹੀਂ ਫਸੇ ਹੋਏ"[57]। "ਸੂਫ਼ੀ ਫ਼ਕੀਰ ਹਮੇਸ਼ਾਂ ਹੀ **ਬਾਬਰੀ-ਜਲਾਲ** ਵਿੱਚ ਗੁਰੂ ਰੂਪ ਦੀ ਪ੍ਰਮਾਣੀਕ ਨਿਰਮਲਤਾ ਜਗਾਉਂਦਾ ਹੈ, ਪਰ ਬਿਪਰ ਸੰਸਕਾਰ ਉਸ ਦੀ ਖੁਣਸ ਅਤੇ ਈਰਖਾ ਨੂੰ ਤੇਜ਼ ਕਰਦਾ ਹੈ"[58]। ਸਵਾਮੀ ਸਮਰੱਥ ਰਾਮਦਾਸ ਬਾਰੇ ਲਿਖਿਆ ਹੈ, "ਹਿੰਦੂ ਅਧਿਆਤਮਿਕ ਪੰਧਾਊ ਗੁਰੂ-ਛੋਹ ਦੀ ਪਾਵਨਤਾ ਨਾਲ ਜਾਗਦਾ ਜ਼ਰੂਰ ਹੈ, ਪਰ ਉਸ ਦੀ ਜਾਗ ਕਿਸੇ ਖ਼ਾਸ ਸੁਆਲ ਦੇ ਹੱਲ ਹੋਣ ਦੀ ਖ਼ੁਸ਼ੀ ਤਕ ਹੀ ਮਹਿਦੂਦ ਰਹਿੰਦੀ ਹੈ। "ਯਹ ਹਮਾਰੇ ਮਨ ਭਾਵਤੀ ਹੈ" (ਰਾਮਦਾਸ ਦਾ ਕਥਨ) ਉਤਲੀ ਉਤਲੀ ਪ੍ਰਤੀਤੀ ਦਾ ਹੀ ਪ੍ਰਗਟਾ ਹੈ।

ਮਹਿਬੂਬ ਭਾਵਹੀਣ ਸ਼ਬਦ-ਜਾਲ ਦੀ ਬੁਣਤੀ ਬੁਣ ਕੇ ਭਗਤ ਬਾਣੀ ਬਾਰੇ ਆਪਣੇ ਲਿਖਿਤ ਗੁਨਾਹਾਂ ਸੰਬੰਧੀ ਲੋਕਾਂ ਨੂੰ ਗੁਮਰਾਹ ਨਹੀਂ ਕਰ ਸਕਦਾ। ਉਹ ਸਪਸ਼ਟ ਲਿਖਦਾ ਹੈ, "(ਭਗਤ) ਅਰਧ ਹਿੰਦੂ-ਰੰਗ ਰਖਣ ਦੇ ਬਾਵਜੂਦ ਗੁਰੂ ਨਾਨਕ ਸੱਚ ਦੀ ਵਿਸ਼ਾਲਤਾ ਵਿੱਚ ਬਿਰਾਜਮਾਨ ਹਨ।" ... "ਬਹੁਤੀ ਭਗਤ ਬਾਣੀ ਗੁਰੂ ਸਾਹਿਬਾਨ ਦੀ ਬਾਣੀ ਜੇਡਾ ਸਹਿਜ ਨਹੀਂ ਸੀ ਰਖਦੀ, ਪਰ ਜਦੋਂ ਇਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਗੁਰੂ ਨਾਨਕ-ਅਮਲ ਦੇ ਦ੍ਰਿਸ਼ਟਮਾਨ ਰੂਪ ਵਿਚ ਅਭੇਦ ਕੀਤਾ, ਤਾਂ ਇਸਦਾ ਪੂਰਬ ਅਧੂਰਾ ਸਹਿਜ ਨਵੇਂ ਵੱਡੇ ਸਹਿਜ ਵਿਚ ਬਦਲ ਗਿਆ।" .... "ਇਸ ਦੇ ਬਹੁਤੇ ਸਾਰੇ ਹਿੱਸੇ ਗੁਰੂ ਬਾਣੀ ਜਿੰਨੇ ਸੰਪੂਰਨ ਨਹੀਂ ਲੱਗਣਗੇ ਅਤੇ ਉਸ ਦਾ ਬਾਹਰੋਂ ਦਿਸਦਾ ਆਤਮਕ ਸੁਹੱਪਣ ਗੁਰੂ ਨਾਨਕ-ਸੱਚ ਦੀ ਗਹਿਰ-ਗੰਭੀਰਤਾ ਵਾਲਾ ਨਹੀਂ ਹੋਵੇਗਾ।" ਲੇਖਕ ਦਾ ਪੱਕਾ ਮੱਤ ਹੈ ਕਿ ਭਗਤਾਂ ਦੀ ਲਿਵ ਛਿਣ-ਭੰਗੁਰ ਹੈ, "ਉਹ ਆਪਣੇ ਜੇਤੂ ਛਿਣਾਂ ਵਿੱਚ" ..... "ਵਿਸ਼ੇਸ਼ ਛਿਣ ਵਿੱਚ ਉਹਨਾਂ ਦਾ ਮੁਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਲਿਵ ਵੱਲ ਹੈ..ਉਹਨਾਂ ਦੀ ਸ਼ੁੱਧ ਚੇਤਨਾ ਦੇ ਕੁਝ

57. ਸਹਿਜੇ ਰਚਿਓ ਖਾਲਸਾ, ਪੰਨਾ 284
58. ਸਹਿਜੇ ਰਚਿਓ ਖਾਲਸਾ, ਪੰਨਾ 169

ਛਿਣ".... "ਛਿਣ ਸੱਚ ਵਿੱਚ ਸਵੀਕਾਰ ਕੀਤਾ ਹੈ।"....... "ਉਸ ਦਾ ਵਾਸਤਾ ਕੇਵਲ ਉਹਨਾਂ ਧਿਆਨ ਛਿਣਾਂ ਨਾਲ ਹੈ ਜਿਹੜੇ ਗੁਰੂ ਅਮਲ ਨਾਲ ਜੁੜੇ ਹਨ।".... "ਭਗਤਾਂ ਦੀਆਂ ਕੇਵਲ ਉਚੀਆਂ ਧਿਆਨ-ਰਮਜ਼ਾਂ ਅਰਥਾਤ ਉਹਨਾਂ ਦੀ ਜ਼ਿੰਦਗੀ ਦੇ ਸ਼ੁੱਧ ਛਿਣਾਂ ਨੇ ਹੀ ਗੁਰੂ ਨਾਨਕ ਅਮਲ ਦੀ ਅਨੇਕਤਾ ਦੇ ਤਾਲ ਨੂੰ ਗ੍ਰਹਿਣ ਕੀਤਾ ਹੈ[59]" ਪਿਆਰੇ ਮਹਿਬੂਬ ਜੀ ਭਗਤਾਂ ਦੇ ਦੈਵੀ-ਮਿਲਣ ਨੂੰ ਤੁਸਾਂ ਜੋ ਖਿਣਿਕ ਸ਼ਬਦ ਨਾਲ ਸੰਬੋਧਨ ਕਰਕੇ ਉਨ੍ਹਾਂ ਦੇ ਵਿਅਕਤਿਤਵ ਨੂੰ ਛੁਟਿਆਣ ਦਾ ਯਤਨ ਕੀਤਾ ਹੈ ਉਸ ਵਿਰੁਧ ਚੇਤਾਵਨੀ ਦੇਂਦਿਆਂ, ਗੁਰੂ ਅਮਰਦਾਸ ਜੀ ਪਹਿਲਾਂ ਹੀ ਕਹਿ ਗਏ ਸਨ ਕਬੀਰ, ਨਾਮਦੇਵ ਆਦਿ ਭਗਤ ਪੂਰੇ ਗੁਰੂ ਤੋਂ ਪ੍ਰਕਾਸ਼ਮਾਨ ਹੋ ਕੇ ਪੂਰੇ ਬ੍ਰਹਮ ਦੇ ਪੂਰਣ ਗਿਆਤਾ ਬਣ ਗਏ ਸਨ। ਉਹ ਉਸ ਪਰਮ ਆਵਸਥਾ ਵਿਚ ਨਿਰੰਤਰ ਲੀਨ ਸਨ, ਜਿਹੜੀ ਆਪਣਾ ਨਿਜ ਗੁਆ ਕੇ ਬ੍ਰਹਮ-ਲੀਨਤਾ ਤੋਂ ਮਿਲਦੀ ਹੈ। ਉਨ੍ਹਾਂ ਦੀ ਬਾਣੀ ਸਾਧਾਰਨ ਮਨੁਖਾਂ ਅਤੇ ਫ਼ਰਿਸ਼ਤਿਆਂ ਲਈ ਵੀ ਕਲਿਆਣਕਾਰੀ ਹੈ, ਤਾਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਈ ਹੈ। ਪੜ੍ਹੋ ਇਹ ਸੱਤਰਾਂ-

"ਨਾਮਾ ਛੀਬਾ ਕਬੀਰੁ ਜੁੋਲਾਹਾ ਪੂਰੇ ਗੁਰ ਤੇ ਗਤਿ ਪਾਈ ॥
ਬ੍ਰਹਮ ਕੇ ਬੇਤੇ ਸਬਦੁ ਪਛਾਣਹਿ ਹਉਮੈ ਜਾਤਿ ਗਵਾਈ ॥
ਸੁਰਿ ਨਰ ਤਿਨ ਕੀ ਬਾਣੀ ਗਾਵਹਿ ਕੋਇ ਨ ਮੇਟੈ ਭਾਈ ॥"

ਇਥੇ ਇਹ ਵੀ ਨਿਵੇਦਨ ਕਰ ਦੇਵਾਂ ਕਿ ਬਾਬਾ ਫ਼ਰੀਦ ਜੀ ਦੇ 112 ਸਲੋਕਾਂ ਦੇ ਸਪਸ਼ਟੀਕਰਣ ਹਿੱਤ ਗੁਰੂ ਪਾਤਸ਼ਾਹਾਂ ਦੇ 18 ਸਲੋਕ ਹਨ, ਜਦੋਂ ਕਿ ਕਬੀਰ ਸਾਹਿਬ ਦੇ 243 ਸਲੋਕਾਂ ਵਿਚ ਕੋਈ ਗੁਰੂ ਪਾਤਸ਼ਾਹਾਂ ਦਾ ਕੋਈ ਵੀ ਸਲੋਕ ਨਹੀਂ। ਫ਼ਰੀਦ ਸਾਹਿਬ ਦੇ 4 ਸ਼ਬਦਾਂ ਵਿਚੋਂ ਇਕ 'ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ' ਦੀ ਵਿਆਖਿਆ ਗੁਰੂ ਨਾਨਕ ਸਾਹਿਬ ਨੂੰ ਕਰਨ ਦੀ ਲੋੜ ਮਹਿਸੂਸ ਹੋਈ ਸੀ। ਭਗਤ ਬਾਣੀ ਵਿਚ ਇਹ ਪ੍ਰਵਿਰਤੀ ਕਿਉਂ ਮਧਮ ਹੈ ? ਫ਼ਰੀਦ ਜੀ ਦੀ ਬਾਣੀ ਨਾਲ ਕੀ ਸਮਸਿਆ ਹੈ ਕਿ ਪਹਿਲੇ, ਤੀਜੇ, ਚੌਥੇ ਅਤੇ ਪੰਜਵੇਂ ਗੁਰੁਦੇਵ ਨੂੰ ਇਸ ਦੀ ਬਹੁਤ ਥਾਂਈਂ ਵਿਆਖਿਆ ਕਰਨੀ ਪਈ ਸੀ ?। ਸਪਸ਼ਟ ਹੈ ਕਿ ਇਸਲਾਮਿਕ ਬੋਲੀ ਅਤੇ ਸੰਕਲਪਾਂ ਨੂੰ ਜਿਸ ਸੁਚੇਤ-ਬਿਰਤੀ ਨਾਲ ਗੁਰੂ ਸਾਹਿਬ ਵਰਤਦੇ ਹਨ, ਉਸ ਦੀ

59. ਸਹਿਜੇ ਰਚਿਓ ਖਾਲਸਾ, ਪੰਨਾ 324-27

ਕਬੀਰ-ਬਾਣੀ ਸੰਬੰਧੀ ਲੋੜ ਨਹੀਂ ਸਮਝੀ। ਮਹਿਬੂਬ ਦਾ ਚਿਤ ਜਿਸ ਇਸਲਾਮੀ ਜਲਾਲ ਦੀ ਪ੍ਰਚੰਡਤਾ ਵਿਚੋਂ ਵਿਵੇਕ ਗ੍ਰਹਿਣ ਕਰਦਾ ਹੈ, ਉਸ ਦਾ ਬਾਣੀ ਨਾਲ ਤਾਲਮੇਲ ਬਿਠਾਉਣ ਵਿਚ ਕਈ ਔਕੜਾਂ ਸਨ।

ਮਹਿਬੂਬ ਡਾ. ਗੰਡਾ ਸਿੰਘ ਨੂੰ ਇਸ ਲਈ ਰੱਜ ਕੇ ਤ੍ਰਿਸਕਾਰਦਾ ਹੈ ਕਿ ਉਨ੍ਹਾਂ ਨੇ ਇਤਿਹਾਸਿਕ ਤੱਥਾਂ ਦੇ ਆਧਾਰ ਤੇ ਮੁਗ਼ਲ ਬਾਦਸ਼ਾਹਾਂ ਦੇ ਸਿਖਾਂ ਉਤੇ ਅਤਿਆਚਾਰਾਂ ਦਾ ਖੁਲਾਸਾ ਕੀਤਾ ਹੈ। ਇਸੇ ਤਰ੍ਹਾਂ ਉਹ ਭਗਤ-ਬਾਣੀ ਅਥਵਾ ਗੁਰੂ-ਬਾਣੀ ਦੀ ਪੂਰਨ ਸਮਾਨਤਾ ਸਥਾਪਤ ਕਰਨ ਕਰਕੇ ਪ੍ਰੋ. ਸਾਹਿਬ ਸਿੰਘ ਦਾ ਦਿਲ ਖੋਲ੍ਹ ਕੇ ਨਿਰਾਦਰ ਕਰਦਾ ਹੈ। ਉਸ ਦੀ ਅਹੰਕਾਰ-ਪ੍ਰਚੰਡਤਾ ਵਿੱਚ ਮਦਮਸਤ ਸੁਰ ਦਾ ਅੰਤਿਮ-ਨਿਸ਼ਾਨਾ ਦੋਹਾਂ ਨੂੰ ਨਕਾਰ ਕੇ ਡਾ. ਗੰਡਾ ਸਿੰਘ ਤੋਂ ਵੱਡਾ ਇਤਿਹਾਸਕਾਰ ਅਤੇ ਪ੍ਰੋ. ਸਾਹਿਬ ਸਿੰਘ ਤੋਂ ਵੱਡਾ ਗੁਰਬਾਣੀ-ਵਿਆਖਿਆਕਾਰ ਹੋਣ ਦੀ ਹੈ, ਜੋ ਇਸ ਕਰਕੇ ਪੂਰੀ ਨਹੀਂ ਹੋ ਸਕਦੀ ਕਿਉਂਜੁ ਉਨ੍ਹਾਂ ਦੀ ਵਡ-ਆਕਾਰੀ ਪੋਥੀ 'ਸਹਿਜੇ ਰਚਿਓ ਖਾਲਸਾ' ਨਾ ਕਵਿਤਾ ਹੈ ਨਾ ਵਾਰਤਕ, ਨਾ ਇਤਿਹਾਸ ਨਾ ਸਾਹਿਤ, ਨਾ ਸਿਧਾਂਤ ਨਾ ਦਰਸ਼ਨ। ਲੋਕਾਂ ਨੂੰ ਆਕਾਰ ਦੁਆਰਾ ਭੈਭੀਤ ਕਰਨ ਵਾਸਤੇ ਲਿਖਿਆ ਇਹ ਗ੍ਰੰਥ ਕਿਹੋ ਜਿਹੀ ਗੁਰੂ ਨਿੰਦਾ ਨਾਲ ਭਰਪੂਰ ਹੈ, ਹੁਕਮਨਾਮਿਆਂ ਪ੍ਰਤੀ ਇਹ ਸ਼ਬਦ ਪੜ੍ਹ ਕੇ ਸਿਖ ਆਪ ਫੈਸਲਾ ਕਰ ਲੈਣ, "ਹੁਕਮਨਾਮੇ ਦਫਤਰੀ ਚੀਜ਼ ਹਨ (ਅਰਥਾਤ ਗੁਰੂ ਜੀ ਦੇ ਹੁੰਦਿਆਂ ਵੀ ਨਿਕੰਮੀ ਚੀਜ਼ ਹਨ); ਵਿਸ਼ੇ ਦੇ ਪੱਖੋਂ ਨਿਰਜਿੰਦ ਪਦਾਰਥਕ ਇਕਾਈਆਂ ਦੇ ਸਮੂਹ ਹਨ, ਬੇਜਾਨ ਅਤੇ ਰਸਹੀਣ ਵਾਰਤਕ ਦੇ ਨਮੂਨੇ ਹਨ ਅਤੇ ਇਹ ਗਤੀਹੀਣ, ਦੁਨਿਆਵੀ ਅਤੇ ਵਕਤੀ ਲੋੜਾਂ ਦੇ ਪ੍ਰਤੀਕ ਹਨ। ਹੁਕਮਨਾਮਿਆਂ ਦੀ ਉਪਜ ਇਕ ਅਜਿਹੀ ਤੰਗ, ਖਰ੍ਹਵੀ, ਸੁਸਤ, ਅਨਪੜ੍ਹ ਅਤੇ ਬੌਣੀ ਚੇਤਨਾ ਵਿਚੋਂ ਹੋਈ ਹੈ, ਜਿਸ ਦਾ ਕਿਸੇ ਮਹਾਨ ਆਦਰਸ਼ ਨਾਲ ਉਕਾ ਹੀ ਵਾਸਤਾ ਨਹੀਂ, ਇਹਨਾਂ ਦੇ ਪਿਛੋਕੜ ਵਿੱਚ ਮੋਟੀ ਅਕਲ, ਜ਼ਬਤ ਦੀ ਅਣਹੋਂਦ, ਸੁਆਰਥ ਅਤੇ ਕਾਵਹੀਣਤਾ ਹੈ"[60]।

ਉਪਰੋਕਤ ਪ੍ਰਮਾਣਾਂ ਦੀ ਦ੍ਰਿਸ਼ਟੀ ਵਿੱਚ ਇਹ ਗੱਲ ਸਾਫ਼ ਹੈ ਕਿ ਮਹਿਬੂਬ ਦੀ ਵਿਚਾਰਧਾਰਾ ਵਾਲੇ ਲੋਕ ਰਾਜਨੀਤਿਕ ਸਮੀਕਰਣ ਬਣਾਉਣ ਹਿੱਤ ਧਰਮ ਦੀ ਅਤਿ

60. ਸਹਿਜੇ ਰਚਿਓ ਖਾਲਸਾ, ਪੰਨਾ 773

ਭ੍ਰਿਸ਼ਟ ਵਿਆਖਿਆ ਕਰ ਕੇ ਧਰਮ ਦੇ ਸੰਸਥਾਪਕਾਂ ਅਤੇ ਧਰਮ-ਸਿਧਾਂਤਾਂ ਦਾ ਅਨਾਦਰ ਕਰਨ ਦਾ ਮਹਾ-ਪਾਪ ਕਰਦੇ ਹਨ। ਦਸਮ ਗ੍ਰੰਥ ਦੀ ਵਿਰੋਧਤਾ ਕਰਨ ਪਿੱਛੇ ਵੀ ਇਹੀ ਮੁਖ-ਸੂਤਰ ਹੈ। ਪਰ ਰਾਜਨੀਤਿਕ ਕਾਰਣਾਂ ਹਿੱਤ ਧਰਮ-ਵਿਧਾਨ ਨੂੰ ਭ੍ਰਿਸ਼ਟ ਕਰਨਾ ਅਤੇ ਵਿਸ਼ੇਸ਼ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਅੰਸ਼ਾਂ ਵਿੱਚ ਅਪੂਰਨਤਾ ਵੇਖਣੀ ਨਾ ਕੋਈ ਪ੍ਰਸ਼ੰਸਾਜਨਕੀ ਗੱਲ ਹੈ, ਨਾ ਹੀ ਇਸ ਦਾ ਅੰਤਿਮ ਫਲ ਸੁਖਦਾਈ ਹੋ ਸਕਦਾ ਹੈ।

ਸਮਾਪਿਤ

ਸ਼ਬਦ, ਇਲਹਾਮ, ਭਗਤ ਬਾਣੀ ਆਦਿ

(ਡਾ. ਗੁਰਤਰਨ ਸਿੰਘ ਦੇ ਪ੍ਰਤੀਕਰਮ ਦਾ ਸਿਧਾਂਤਿਕ ਉਤਰ)

ਕੁਝ ਸਮੇਂ ਤੋਂ ਮੈਂ ਆਪਣੇ ਇਕ ਪਰਮ ਮਿਤ੍ਰ ਦੇ ਸਾਹਿਤਿਕ ਕਰਜ਼ ਦਾ ਭਾਰ ਸਿਰ ਉਤੇ ਚੁਕੀ ਵਿਚਰ ਰਿਹਾ ਸਾਂ। ਬੋਝ ਵਾਰ-ਵਾਰ ਮਹਿਸੂਸ ਹੁੰਦਾ ਸੀ, ਪਰ ਦੋ ਕਾਰਨਾਂ ਕਰ ਕੇ ਇਸ ਨੂੰ ਚੁਕਣ ਵਾਸਤੇ ਮਜ਼ਬੂਰ ਸਾਂ। ਪਹਿਲਾ ਕਾਰਨ ਸਮੇਂ ਦੀ ਘਾਟ ਸੀ। ਦੂਜਾ ਕਾਰਨ ਇਕ ਬਹੁਤ ਸੁਲਝੇ ਸੁਹਿਰਦ ਵਿਅਕਤੀ ਨੇ ਕਿਸੇ ਸੰਤ-ਬਚਨ ਤੋਂ ਪ੍ਰਮਾਣਿਤ ਸਲਾਹ ਦਿੱਤੀ ਸੀ ਕਿ ਪ੍ਰਤੀਕ੍ਰਿਆ ਕਦੇ ਤੁਰੰਤ ਨਾ ਦਿਓ। ਜਿਤਨਾ ਰੁਕ ਜਾਓਗੇ, ਉਤਨੀ ਸੰਭਲੀ ਹੋਈ ਪ੍ਰਤੀਕ੍ਰਿਆ ਦੇਣ ਦੇ ਸਮਰਥ ਹੋ ਜਾਓਗੇ। ਪਹਿਲੀ ਮਜ਼ਬੂਰੀ ਤਾਂ ਅਜੇ ਵੀ ਨਾਲ ਹੈ ਕਿ ਰੁਝੇਵੇਂ ਬਹੁਤ ਹਨ। ਦੂਜੀ ਜੋ ਨੇਕ ਸਲਾਹ ਸੀ, ਉਸ ਦੀ ਚੰਗਿਆਈ ਆਪਣੀ ਸਮਰਥਾ ਅਤੇ ਯੋਗਤਾ ਅਨੁਸਾਰ ਗ੍ਰਹਿਣ ਕਰਨ ਦਾ ਯਤਨ ਕੀਤਾ ਹੈ। ਹੁਣ ਮਨ ਪਹਿਲਾਂ ਨਾਲੋਂ ਸੰਤੁਲਿਤ ਹੈ, ਸਹਿਜ ਦਾ ਕੁਝ ਸੰਗ ਪ੍ਰਾਪਤ ਹੈ, ਕ੍ਰੋਧ ਦਾ ਪੂਰਨ ਅਭਾਵ ਹੈ ਅਤੇ ਪ੍ਰਤੀਕਰਮ ਵਿਚ ਵੈਰ-ਭਾਵ ਦੀ ਸੰਭਾਵਨਾ ਉਛਾਲੇ ਨਹੀਂ ਮਾਰਦੀ। ਮੇਰੇ ਵਿਰੁਧ ਲਿਖੇ ਕਟੂ-ਬਚਨਾਂ ਵਿਚੋਂ ਮੈਨੂੰ ਦੁਸ਼ਮਣੀ ਨਹੀਂ, ਮਿਤ੍ਰਤਾ ਹੀ ਨਜ਼ਰ ਆਉਂਦੀ ਹੈ। ਜੋ ਬਚਨ ਪਹਿਲਾਂ ਕਿਸੇ ਕੱਟਰ ਵਿਰੋਧੀ ਦੇ ਜਾਪਦੇ ਸਨ, ਉਹ ਹੁਣ ਮਿਤ੍ਰ ਦੇ ਲਗਦੇ ਹਨ। ਹੁਣ ਮਨ ਕਹਿੰਦਾ ਹੈ ਕਿ ਲੇਖਕ ਮੇਰਾ ਵੈਰੀ ਤਾਂ ਕਦੇ ਰਿਹਾ ਨਹੀਂ। ਮੇਰਾ ਸੁਹਿਰਦ ਮਿਤ੍ਰ ਜ਼ਰੂਰ ਰਿਹਾ ਹੈ। ਉਸ ਦੀ ਲਿਖਿਤ ਨੇ ਪੁਰਾਣੀ ਮਿਤ੍ਰਤਾ ਹੀ ਤਾਜ਼ੀ ਕੀਤੀ ਹੈ। ਪ੍ਰਤੀਕਰਮ ਵਿਚ ਨਾ ਕੋਈ ਤਲਖੀ ਆਈ ਹੈ, ਨਾ ਕਿਸੇ ਕਿਸਮ ਦਾ ਨਿਜੀ ਵਿਰੋਧ। ਹੁਣ ਮਨ ਇਹ ਕਹਿਣ ਦੀ ਸਥਿਤੀ ਵਿਚ ਹੈ ਕਿ ਜਿਵੇਂ ਲਿਖਣ-ਬੋਲਣ ਲਈ ਮੈਂ ਆਜ਼ਾਦ ਹਾਂ, ਉਸੇ ਤਰ੍ਹਾਂ ਹਰ ਵਿਅਕਤੀ ਨੂੰ ਲਿਖਣ ਦੀ ਪੂਰੀ ਸੁਤੰਤਰਤਾ ਹੈ ਅਤੇ ਉਸ ਦੀ ਸੁਤੰਤਰਤਾ

ਨੋਟ :- ਡਾ. ਗੁਰਤਰਨ ਸਿੰਘ ਦਾ ਲੇਖ ਪੰਨਾ ਨੰ. 155 ਤੇ ਪੜ੍ਹ ਸਕਦੇ ਹੋ।

ਦਾ ਮੈਨੂੰ ਪ੍ਰਬਲ ਸਮਰਥਕ ਜ਼ਰੂਰ ਹੋਣਾ ਚਾਹੀਦਾ ਹੈ। ਫਿਰ ਵੀ ਵਾਕ-ਯੁਧ ਵਿਚ ਕਟੁਤਾ ਦਾ ਪੂਰਨ ਅਭਾਵ ਹੋਵੇ, ਇਹ ਸ਼ਾਇਦ ਸੰਭਵ ਨਹੀਂ ਹੋ ਸਕਦਾ। ਅਜਿਹੀ ਕਟੁਤਾ ਅਤੇ ਅਸ਼ਿਸ਼ਟਾਚਾਰ ਲਈ ਮੈਂ ਪਹਿਲਾਂ ਹੀ ਡਾ. ਗੁਰਤਰਨ ਸਿੰਘ ਅਤੇ ਪਾਠਕਾਂ ਤੋਂ ਮੁਆਫ਼ੀ ਮੰਗ ਲੈਂਦਾ ਹਾਂ।

ਅਸਲ ਵਿਚ ਬਹੁਤ ਸਾਲ ਪਹਿਲਾਂ ਮੈਂ ਇਕ ਲੇਖ 'ਹਰਿੰਦਰ ਸਿੰਘ ਮਹਿਬੂਬ ਦਾ ਇਸਲਾਮਿਕ ਉਲਾਰ' ਲਿਖਿਆ ਸੀ। ਜੇ ਮੈਨੂੰ ਠੀਕ ਯਾਦ ਹੈ, ਤਾਂ ਇਹ 'ਪੰਜਾਬ ਟ੍ਰਡੇ' ਵਲੋਂ ਸੰਨ 2000 ਵਿਚ ਛਾਪਿਆ ਗਿਆ ਸੀ। ਕੁਝ ਸਮਾਂ ਬਾਅਦ ਕਿਸੇ ਮਿਤ੍ਰ ਨੇ ਪ੍ਰੋ. ਹਰਿੰਦਰ ਸਿੰਘ ਮਹਿਬੂਬ ਦਾ ਇਕ ਪੱਤਰ ਵਿਖਾਇਆ, ਜਿਸ ਵਿਚ ਉਨ੍ਹਾਂ ਲਿਖਿਆ ਸੀ ਕਿ ਪ੍ਰੋ. ਕੁਲਵੰਤ ਸਿੰਘ ਗਰੇਵਾਲ, ਡਾ. ਹਰਪਾਲ ਸਿੰਘ ਪੰਨੂ ਅਤੇ ਡਾ. ਹਰਭਜਨ ਸਿੰਘ ਮੇਰੇ ਜਾਨੀ ਦੁਸ਼ਮਣ ਹਨ। ਮੈਨੂੰ ਇਹ ਪੜ੍ਹ ਕੇ ਅਫ਼ਸੋਸ ਹੋਇਆ ਅਤੇ ਮੈਂ ਇਕ ਪੱਤਰ ਲਿਖ ਕੇ 'ਮਹਿਬੂਬ' ਜੀ ਨੂੰ ਬੇਨਤੀ ਕੀਤੀ ਕਿ ਤੁਹਾਡੇ ਵਿਚਾਰਾਂ ਨਾਲ ਮੇਰੀ ਅਸਹਿਮਤੀ ਤੋਂ ਭਾਵ ਇਹ ਨਹੀਂ ਕਿ ਮੈਂ ਤੁਹਾਡੀ ਜ਼ਾਤ ਦਾ ਵਿਰੋਧੀ ਹਾਂ। ਵਿਚਾਰਧਾਰਾ ਦੇ ਵਖਰੇਵੇਂ ਕਾਰਨ ਮੇਰੇ ਮਨ ਵਿਚ ਕਿਸੇ ਵਿਅਕਤੀਗਤ ਵਿਰੋਧ ਦਾ ਰੰਚਕ-ਮਾਤ੍ਰ ਵੀ ਭਾਵ ਨਹੀਂ ਹੈ। ਪਤਾ ਨਹੀਂ ਇਹ ਪਤ੍ਰ ਉਨ੍ਹਾਂ ਨੂੰ ਮਿਲਿਆ ਕਿ ਨਹੀਂ, ਪਰ ਮੈਂ ਮਨ ਬਣਾਇਆ ਕਿ ਅਜਿਹੇ ਭਾਵੁਕ ਵਿਅਕਤੀ ਦੀਆਂ ਲਿਖਿਤਾਂ ਬਾਰੇ ਕੁਝ ਵੀ ਲਿਖਣਾ ਅਨੁਚਿਤ ਹੈ। ਮੇਰਾ ਉਹੋ ਪੁਰਾਣਾ ਲੇਖ 'ਪੰਜਾਬ ਟਾਈਮਜ਼' ਦੇ ਮੁਖ ਸੰਪਾਦਕ ਜੀ ਨੇ ਪਿਛਲੇ ਸਾਲ ਜੂਨ ਦੇ ਅੰਕ ਵਿਚ ਪੁਨਰ-ਪ੍ਰਕਾਸ਼ਿਤ ਕਰ ਦਿੱਤਾ। ਉਸ ਦੇ ਪ੍ਰਤੀਕਰਮ ਵਜੋਂ ਮੇਰੇ ਪਿਆਰੇ ਪਰਮ-ਸਨੇਹੀ ਮਿਤ੍ਰ ਡਾ. ਗੁਰਤਰਨ ਸਿੰਘ ਜੀ, ਜੋ ਮਹਿਬੂਬ ਸਾਹਿਬ ਨੂੰ ਸਭ ਧਰਮਾਂ ਦੇ ਧਰਮ-ਦਰਸ਼ਨ, ਧਰਮ-ਸ਼ਾਸਤਰ, ਇਤਿਹਾਸ ਅਤੇ ਧਰਮ ਗ੍ਰੰਥਾਂ ਦਾ ਮੂਲ-ਪ੍ਰਕਾਸ਼ਕ ਮੰਨ ਕੇ ਉਨ੍ਹਾਂ ਨੂੰ ਧਰਤੀ ਉਤੇ ਵਿਚਰਦੇ ਆਦਿ-ਗਿਆਨ ਦਾ ਮੂਲ ਕਾਰਨ ਮੰਨਦੇ ਹਨ, ਨੇ ਕੁਝ ਤਲਖੀ ਵਿਚ ਇਕ ਲੇਖ ਲਿਖਿਆ ਸੀ। ਡਾ. ਗੁਰਤਰਨ ਸਿੰਘ ਅਤੇ ਮਹਿਬੂਬ ਦੇ ਸੰਬੰਧਾਂ ਬਾਰੇ ਮੈਨੂੰ ਪੰਜਾਬੀ ਯੂਨੀਵਰਸਿਟੀ ਤੋਂ ਰਿਟਾਇਰ ਹੋਏ ਸੀਨੀਅਰ ਵਿਦਵਾਨ ਡਾ. ਬਲਕਾਰ ਸਿੰਘ ਜੀ ਦੀ ਇਹ ਟਿਪਣੀ ਹਮੇਸ਼ਾ ਯਾਦ ਰਹਿੰਦੀ ਹੈ- "ਮਹਿਬੂਬ ਦੇ ਸਨਮਾਨ ਨੂੰ ਤਦੋਂ ਤਕ ਕੋਈ ਵਡਾ ਖ਼ਤਰਾ ਨਹੀਂ, ਜਦੋਂ ਤਕ ਉਹ ਗੁਰਤਰਨ ਦੀ ਪ੍ਰਸ਼ੰਸਾ ਤੋਂ ਬਚਿਆ ਰਹੇਗਾ।" ਸਿਆਣਿਆਂ ਦੀਆਂ ਸਿਆਣੀਆਂ ਗੱਲਾਂ। ਇਸ ਲੇਖ ਵਿਚ ਉਹੋ ਕੁਝ ਪ੍ਰਤਖ ਸਚ ਦਾ ਰੂਪ ਧਾਰਨ ਕਰ

ਕੇ ਵਾਪਰਿਆ ਹੈ। ਜਿਸ ਇਸਲਾਮਿਕ ਉਲਾਰ ਬਾਰੇ ਮੈਂ ਪ੍ਰਸ਼ਨ ਉਠਾਇਆ ਸੀ, ਉਸ ਨੂੰ ਪੂਰੇ ਜੋਬਨ ਤਕ ਡਾ. ਗੁਰਤਰਨ ਸਿੰਘ ਦੇ ਇਸ ਲੇਖ ਨੇ ਪਹੁੰਚਾ ਦਿੱਤਾ ਹੈ। ਜਿਸ ਭਗਤ-ਬਾਣੀ ਬਾਰੇ ਮਹਿਬੂਬ ਡਰਦਾ ਹੋਇਆ ਕਹਿੰਦਾ ਸੀ "ਜੇ ਮੈਂ 'ਕਬੀਰ' ਸਾਹਿਬ ਵਰਗੇ ਭਗਤਾਂ ਦੀ ਨਿੰਦਿਆ ਕੀਤੀ ਹੈ, ਤਾਂ ਕਈ ਥਾਂਈਂ ਪ੍ਰਸ਼ੰਸਾ ਵੀ ਕੀਤੀ ਹੈ" ਉਸ ਦੀ ਘਟੀਆ-ਘਟੀਆ ਪ੍ਰਮਾਣਾਂ ਦੁਆਰਾ ਵਿਆਪਕ ਨਿੰਦਿਆ ਆਪ ਕਰ ਕੇ ਡਾ. ਗੁਰਤਰਨ ਸਿੰਘ ਨੇ ਉਸ ਦਾ ਮਾਰੂ ਭਾਰ ਮਹਿਬੂਬ ਜੀ ਦੇ ਸਿਰ ਪਾ ਦਿੱਤਾ ਹੈ। ਅਗਲੇ ਪੰਨਿਆਂ 'ਤੇ ਮੈਂ ਡਾ. ਗੁਰਤਰਨ ਸਿੰਘ ਦੇ ਇਸ ਲੇਖ ਦੀ ਸੰਖਿਪਿਤ ਸਮੀਖਿਆ ਅਤੇ ਉਸ ਦਾ ਯੁਕਤੀ-ਸੰਗਤ ਉਤਰ ਦੇਣ ਦਾ ਯਤਨ ਕਰ ਰਿਹਾ ਹਾਂ। ਉਸ ਵਿਚ ਕਿਤਨਾ ਕੁ ਸਫਲ ਹੁੰਦਾ ਹਾਂ, ਇਸ ਸੰਬੰਧੀ ਮੈਂ ਕੋਈ ਦਾਅਵਾ ਨਹੀਂ ਕਰ ਸਕਦਾ, ਕਿਉਂਕਿ ਇਹ ਅਧਿਕਾਰ-ਖੇਤਰ ਪਾਠਕ ਦਾ ਹੈ। ਪ੍ਰਸੰਗ ਵਾਸਤੇ ਮਹਿਬੂਬ ਸਾਹਿਬ ਦੀ ਰਚਨਾ ਬਾਰੇ ਟਿਪਣੀਆਂ ਆਉਣੀਆਂ ਸੁਭਾਵਿਕ ਹਨ, ਪਰ ਉਨ੍ਹਾਂ ਦਾ ਜਾਂ ਕਿਸੇ ਹੋਰ ਦਾ ਵੀ ਅਪਮਾਨ ਕਰਨ ਦਾ ਮੇਰੇ ਮਨ ਵਿਚ ਤਿਲ-ਮਾਤ੍ਰ ਵੀ ਭਾਵ ਨਹੀਂ ਹੈ।

ਹਰਿੰਦਰ ਸਿੰਘ ਮਹਿਬੂਬ, ਜਿਸ ਨੂੰ ਗੁਰਤਰਨ ਸਿੰਘ ਧਰਤੀ ਦਾ ਸਦੀਵਕਾਲ ਭਾਰ ਝਲਣ ਵਾਲੇ ਚਾਲੀ ਕੁਰਾਨ-ਉਪਜਿਤ ਮਾਨਵ ਰੂਪੀ ਥੰਭਾਂ ਵਿਚ ਸ਼ਾਮਿਲ ਕਰ ਕੇ ਸਦਜੁਗੀ ਅਵਤਾਰੀ ਪੁਰਸ਼ ਸਥਾਪਿਤ ਕਰਦਿਆਂ, ਉਸ ਬਾਰੇ ਲਿਖਦਾ ਹੈ "ਹਰਿੰਦਰ ਸਿੰਘ ਮਹਿਬੂਬ ਸਿੱਖ ਕੌਮ ਦੇ ਉਨ੍ਹਾਂ ਚਾਲੀ ਸਿੱਖਾਂ ਵਿਚੋਂ ਇਕ ਹਨ, ਜਿਹੜੇ ਚਮਕੌਰ ਦੀ ਗੜੀ ਅਤੇ ਚਾਲੀ ਮੁਕਤਿਆਂ ਦੇ ਰੂਪ ਵਿਚ ਗੁਰੂ ਦੇ ਨਾਲ ਰਹੇ ਅਤੇ ਅੱਜ ਵੀ ਇਹ ਗਿਣਤੀ ਕਾਇਮ ਹੈ। ਪ੍ਰੰਤੂ ਇਹ ਚਾਲੀ ਚੁਣੇ ਹੋਏ ਬੰਦਿਆਂ ਦੀ ਪੇਸ਼ੀਨਗੋਈ ਵੀ ਕੁਰਾਨ ਵਿਚ ਹੀ ਮਿਲਦੀ ਹੈ, ਜੋ ਕਿ ਗੁਰੂ ਸਾਹਿਬਾਨ ਤੇ ਪਹੁੰਚ ਕੇ ਹੀ ਅਸਲ ਵਿਚ ਪੂਰੀ ਉਤਰਦੀ ਹੈ। ਕੁਰਾਨ ਵਿਚ ਲਿਖਿਆ ਹੈ[61] ਕਿ ਧਰਤੀ ਤੇ ਕਿੰਨਾ ਵੀ ਪਤਨ ਆ ਜਾਵੇ, ਇਸ ਉਪਰ ਰੱਬ ਵਲੋਂ ਚੁਣੇ ਚਾਲੀ ਬੰਦਿਆਂ ਦਾ ਆਸਰਾ ਸਦਾ ਰਹੇਗਾ।" ਡਾ. ਗੁਰਤਰਨ ਸਿੰਘ ਦੇ ਉਪਰੋਕਤ ਕਥਨ ਤੋਂ ਇਹ ਸਿਧ

61 ਕੁਰਾਨ ਦੀ ਕਿਸ ਸੂਰਤ ਦੀ ਕਿਸ ਆਇਤ ਵਿਚ ਇਹ ਲਿਖਿਆ ਹੈ ? ਵਿਦਵਾਨ ਜੀ ਨੇ ਸੂਚਨਾ ਨਹੀਂ ਦਿੱਤੀ। ਅਸਲ ਵਿਚ ਡਾ. ਗੁਰਤਰਨ ਸਿੰਘ ਸਮਝਦੇ ਹਨ ਕਿ ਉਨ੍ਹਾਂ ਦੇ ਆਪਣੇ ਵਚਨ ਹੀ ਧਰਮ ਗ੍ਰੰਥਾਂ ਦੇ ਅਗੰਮੀ ਵਾਕ ਹਨ। ਇਹੋ ਕੁਰਾਨ ਅਤੇ ਇਹੋ ਗੁਰੂ ਗ੍ਰੰਥ ਵਚਨ ਹਨ।

ਹੁੰਦਾ ਹੈ ਕਿ ਚਮਕੌਰ ਦੀ ਗੜ੍ਹੀ ਦੇ ਚਾਲੀ ਬੀਰ ਸਿਖ ਅਤੇ ਮੁਕਤਸਰ ਦੇ ਚਾਲੀ ਮੁਕਤੇ ਗੁਰੂ-ਬਲ ਦੇ ਆਸਰੇ ਬਲਵਾਨ ਨਹੀਂ ਸਨ, ਸਗੋਂ ਕੁਰਾਨ ਦੀ ਆਤਮਾ ਵਿਚੋਂ ਪੈਦਾ ਹੋਏ ਸਨ ਅਤੇ ਸਿਖ ਧਰਮ ਦਾ ਆਗਮਨ ਕੁਰਾਨ ਸ਼ਰੀਫ਼ ਦੇ ਸਿਧਾਂਤਾਂ ਦੀ ਪੂਰਤੀ ਵਾਸਤੇ ਹੀ ਹੋਇਆ ਹੈ। ਗੁਰਤਰਨ ਸਿੰਘ ਬਹੁਤ ਸਪਸ਼ਟ ਕਹਿੰਦਾ ਹੈ ਕਿ ਸਿਖ ਧਰਮ ਉਨ੍ਹਾਂ ਧਾਰਮਿਕ ਕਦਰਾਂ-ਕੀਮਤਾਂ ਨੂੰ ਜੋਬਨ 'ਤੇ ਪਹੁੰਚਾਉਣ ਵਾਸਤੇ ਹੈ, ਜੋ ਕੁਰਾਨ ਦੁਆਰਾ ਧਰਤੀ ਉਤੇ ਅਵਤ੍ਰਿਤ ਹੋਈਆਂ ਸਨ। ਗੁਰਤਰਨ ਦੀ ਇਸ ਧਾਰਨਾ ਦਾ ਮੈਂ ਕਦੇ ਵੀ ਸਮਰਥਨ ਨਹੀਂ ਕਰ ਸਕਦਾ, ਕਿਉਂਕਿ ਮੇਰੀ ਧਾਰਨਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਧਰਤੀ ਉਤੇ ਅਵਤ੍ਰਿਤ ਹੋਇਆ ਸਿਖ ਪੰਥ ਅਸਲੋਂ ਨਵੀਨ ਅਤੇ ਨਵੇਕਲੀ ਵਿਚਾਰਧਾਰਾ ਉਤੇ ਆਸ਼੍ਰਿਤ ਹੈ। ਉਸ ਕੋਲ ਕਿਸੇ ਪੰਥ ਦੀ ਉਧਾਰੀ ਲਈ ਕੋਈ ਵਸਤੂ ਨਹੀਂ, ਭਾਵੇਂ ਸਾਰੇ ਧਰਮਾਂ ਦਾ ਮੂਲ-ਆਧਾਰ ਸੱਚ ਅਤੇ ਇਸ ਤੋਂ ਉਪਜਿਆ ਸੱਚ-ਆਚਾਰ ਹਮੇਸ਼ਾ ਇਕੋ ਹੀ ਰਿਹਾ ਹੈ, ਫਿਰ ਵੀ ਗੁਰੂ ਨਾਨਕ ਹੀ ਸਤਿ ਦਾ ਅੰਤਿਮ ਪ੍ਰਤਖ ਰੂਪ ਹੈ।

ਮਹਿਬੂਬ ਦੀ ਵਿਦਿਆ ਦੇ ਮਹਾਨ ਪ੍ਰਕਾਸ਼ ਤੋਂ ਦੋ ਜਹਾਨ ਰੋਸ਼ਨ ਹੋਣ ਸੰਬੰਧੀ ਡਾ. ਗੁਰਤਰਨ ਸਿੰਘ ਕਹਿੰਦੇ ਹਨ "ਉਸਨੇ ਵਿਸ਼ਵ ਦੇ ਹਰ ਇਤਿਹਾਸਕਾਰ ਦੀ ਵੱਖ ਵੱਖ ਧਰਮਾਂ ਨੂੰ ਸਮਝਣ ਪ੍ਰਤੀ ਸਹੀ ਅਤੇ ਅਧੂਰੀ ਦ੍ਰਿਸ਼ਟੀ ਨੂੰ ਦਲੀਲਾਂ ਸਹਿਤ ਬੇਨਕਾਬ ਕੀਤਾ ਹੈ। ਟਾਲਸਟਾਏ, ਪਾਸਤਰਨਾਕ, ਵਿਕਟਰ ਹਿਊਗੋ, ਆਰਨਲਡ ਟੌਆਇਨਬੀ ਅਤੇ ਗੁਡਬਿਨ ਜਿਹੇ ਦਾਨਸ਼ਮੰਦ ਇਤਿਹਾਸਕਾਰਾਂ ਦੀ ਇਤਿਹਾਸ ਪ੍ਰਤੀ ਕਿਥੋਂ ਤਕ ਦ੍ਰਿਸ਼ਟੀ ਸਹੀ ਅਤੇ ਕਿਥੇ ਜਾ ਕੇ ਇਤਿਹਾਸਕ ਘਟਨਾਵਾਂ ਨਾਲ ਸਹੀ ਨਿਆਂ ਨਹੀਂ ਕਰਦੀ ਆਦਿ ਦਾ ਨਿਖੇੜਾ ਕਰਦਿਆਂ ਇਤਿਹਾਸ ਦਾ ਵਿਸ਼ਵ ਮਜ਼੍ਹਬਾਂ ਦੇ ਸਹੀ ਇਤਿਹਾਸ ਪ੍ਰਤੀ ਇਕ ਬਿਲਕੁਲ ਨਵਾਂ ਅਤੇ ਮੌਲਿਕ ਦ੍ਰਿਸ਼ਟੀਕੋਣ ਸਿਰਜਿਆ ਹੈ, ਜਿਥੋਂ ਵੇਖਿਆਂ ਗੁਰੂ ਇਤਿਹਾਸ ਅਤੇ ਵਿਸ਼ਵ ਇਤਿਹਾਸ ਦੀ ਸਹੀ ਰੂਪ ਰੇਖਾ ਪਾਠਕ ਦੇ ਸਾਹਮਣੇ ਸਾਕਾਰ ਹੁੰਦੀ ਹੈ।" ਜਿਸ ਮਹਿਬੂਬ ਦੀ ਪਰਲੋਕ ਤਕ ਵਿਸਤ੍ਰਿਤ ਹੋਈ ਅਪਾਰ ਬੌਧਿਕਤਾ ਦਾ ਗੁਰਤਰਨ ਇਸ ਪ੍ਰਕਾਰ ਕੀਰਤੀ-ਗਾਨ ਕਰਦਾ ਹੈ, ਉਸ ਮਹਿਬੂਬ ਦੀ ਹਾਲਤ ਵੇਖੋ। ਉਸ ਨੂੰ ਇਹ ਨਹੀਂ ਪਤਾ ਕਿ 'ਅੰਜੀਲ' ਕਿਸ ਨੂੰ ਕਹਿੰਦੇ ਹਨ। ਉਹ ਲਿਖਦਾ ਹੈ, "ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਵੇਦਾਂ ਅਤੇ ਪੁਰਾਤਨ ਅੰਜੀਲ ਦੇ ਜ਼ਮਾਨਿਆਂ ਤੋਂ ਲੈ ਕੇ ਕਿਸੇ ਖ਼ੁਦਾਈ ਕਿਤਾਬ, 'ਵਿਵੇਕ ਸ਼ਾਸਤਰ', ਕਿਸੇ ਸੰਤ-ਰਿਸ਼ੀ-ਮੁਨੀ, ਕਵੀ, ਯੋਗੀ, ਅਵਤਾਰ ਜਾਂ ਪੈਗੰਬਰ ਨੇ

ਅਕਾਲ ਫਤਿਹ ਦਾ ਪੂਰਨ ਪ੍ਰਕਾਸ਼ ਨਹੀਂ ਕੀਤਾ। (ਸਹਿਜੇ ਰਚਿਓ ਖਾਲਸਾ, ਸਫਾ-35)।" ਗੁਰਤਰਨ ਦੇ ਲੇਖ ਵਿਚ ਫਿਰ ਲਿਖਿਆ ਹੈ, "ਮੌਤ ਦਾ ਸੱਚੀ ਮੁੱਚੀ ਦਾ ਭੈਅ ਜੋ ਕਿ ਰਿਗਵੇਦ, ਅਯੁਰਵੇਦ, ਪੁਰਾਣਾਂ ਅਤੇ ਪੁਰਾਤਨ ਅੰਜੀਲ ਵਿਚ ਮਿਲਦਾ ਹੈ", "ਦੋਵੇਂ ਪਵਿਤਰ ਅੰਜੀਲਾਂ ਅਤੇ ਕੁਰਾਨ ਸ਼ਰੀਫ ਨਾਲੋਂ ਬਿਲਕੁਲ ਵਖਰਾ ਹੈ।" ਮੇਰੇ ਪਰਮ ਮਿਤ੍ਰ ਗੁਰਤਰਨ ਸਿੰਘ ਨੂੰ ਕੌਣ ਸਮਝਾਵੇ ਕਿ Old Testament ਨਾਲ 'ਅੰਜੀਲ' ਸ਼ਬਦ ਲਗਾਉਣਾ ਸਰਵਥਾ ਅਨੁਚਿਤ ਅਤੇ ਘੋਰ ਅਵਿਦਿਆ ਦਾ ਪ੍ਰਗਟਾਵਾ ਹੈ। ਪਹਿਲਾਂ ਤਾਂ ਇਹ ਸ਼ਬਦ 'ਅੰਜੀਲ' ਨਹੀਂ 'ਇੰਜੀਲ' ਹੈ। ਅਨਪੜ੍ਹ ਲੋਕ ਇਸ ਨੂੰ 'ਅੰਜੀਲ' ਲਿਖਦੇ-ਬੋਲਦੇ ਹਨ। ਫਿਰ 'ਇੰਜੀਲ' ਦੇ ਅਰਥ ਹਨ- ਖੁਸ਼ਖ਼ਬਰੀ (ਭਾਵ ਈਸਾ ਦੇ ਸੰਸਾਰ ਵਿਚ ਆਗਮਨ ਦਾ ਸ਼ੁਭ ਸਮਾਚਾਰ), ਹਜ਼ਰਤ ਈਸਾ ਤੇ ਨਾਜ਼ਿਲ ਹੋਈ ਧਰਮ ਪੁਸਤਕ, ਈਸਾਈ ਧਰਮ-ਪੁਸਤਕਾਂ ਆਦਿ। ਵਾਸਤਵ ਵਿਚ ਨਵੇਂ ਨੇਮ (New Testament) ਦੀਆਂ ਮੈਥਿਊ, ਮਾਰਕ, ਲੂਕ ਅਤੇ ਜੌਹਨ ਦੀਆਂ ਚਾਰ Gospel ਪੋਥੀਆਂ ਨੂੰ ਇੰਜੀਲ ਕਿਹਾ ਜਾਂਦਾ ਹੈ। ਜਿਨ੍ਹਾਂ ਧਾਰਮਿਕ ਪੋਥੀਆਂ ਨੂੰ ਉਹ 'ਪੁਰਾਤਨ ਅੰਜੀਲ' ਕਹਿਣ ਦੇ ਘੋਰ ਅਗਿਆਨ-ਮਾਰਗੀ ਹਨ, ਉਸ ਦੀਆਂ ਪਹਿਲੀਆਂ ਪੰਜ ਪੋਥੀਆਂ ਨੂੰ 'ਤੌਰੇਤ' ਕਿਹਾ ਜਾਂਦਾ ਹੈ, 'ਪੁਰਾਤਨ ਅੰਜੀਲ' ਨਹੀਂ ਆਖਿਆ ਜਾਂਦਾ।

ਡਾ. ਗੁਰਤਰਨ ਸਿੰਘ ਲਿਖਦਾ ਹੈ ਕਿ "ਹਰਿੰਦਰ ਸਿੰਘ ਮਹਿਬੂਬ ਨੇ ਗੁਰਬਾਣੀ ਆਵੇਸ਼ ਵਿਚੋਂ ਗੁਰੂ ਸ਼ਖ਼ਸੀਅਤ ਦੀ ਅਪਹੁੰਚ ਸਿਖ਼ਰ ਨੂੰ ਸਮਝਣ ਅਤੇ ਸਮਝਾਉਣ ਲਈ 'ਸਹਿਜੇ ਰਚਿਓ ਖਾਲਸਾ ਵਿਚ ਅਨੇਕ ਨਵੇਂ ਤੋਂ ਨਵੇਂ ਸੰਕਲਪ ਸਿਰਜੇ ਹਨ।" ਸਾਡਾ ਮਤਿ ਹੈ ਕਿ ਨਿਰਸੰਦੇਹ ਮਹਿਬੂਬ ਨੇ ਨਵੇਂ ਤੋਂ ਨਵੇਂ ਸੰਕਲਪ ਸਿਰਜਣ ਦੀ ਚੇਸ਼ਟਾ ਕੀਤੀ ਹੈ, ਪਰ ਇਸ ਚੇਸ਼ਟਾ ਵਿਚੋਂ ਮਹਿਬੂਬ ਦੇ ਸੰਕਲਪ ਤਾਂ ਸਪਸ਼ਟ ਨਹੀਂ ਹੋਏ, ਗੁਰਬਾਣੀ ਦੇ ਸੰਕਲਪ ਜ਼ਰੂਰ ਧੁੰਦਲੇ ਪੈ ਗਏ ਜਾਪਦੇ ਹਨ। ਮਹਿਬੂਬ ਕੋਈ ਗੁਰੂ-ਪੀਰ ਨਹੀਂ ਸੀ, ਜੋ ਵਿਸ਼ਵ ਨੂੰ ਧਰਮ-ਸੰਬੰਧਿਤ ਨਵੀਨ ਸੰਕਲਪਾਂ ਦੇ ਰੂਬਰੂ ਕਰਵਾ ਸਕਦਾ। ਉਹ ਸਿਖ ਸੰਕਲਪਾਂ ਦਾ ਵਿਆਖਿਆਕਾਰ ਸੀ ਅਤੇ ਗੁਰਬਾਣੀ ਦੇ ਸੰਕਲਪਾਂ ਦੀ ਵਿਆਖਿਆ ਉਸ ਦਾ ਧਰਮ ਸੀ। ਉਸ ਨੇ ਬਿਨਾ ਸ਼ਬਦਾਂ ਅਤੇ ਇਨ੍ਹਾਂ ਵਿਚ ਲੁਪਤ ਸਿਧਾਂਤਾਂ ਨੂੰ ਸਮਝੇ ਅਕਾਲ ਫਤਹਿ, ਅੰਤਿਮ-ਹੈ ਆਦਿ ਭ੍ਰਾਮਿਕ ਸ਼ਬਦਾਵਲੀ ਸਿਰਜ ਕੇ ਪਾਠਕਾਂ ਦੇ ਵਿਵੇਕ ਉਤੇ ਸ਼ਬਦ-ਜਾਲ ਦਾ ਬੋਝ ਪਾਇਆ ਹੈ ਅਤੇ ਗੁਰਤਰਨ ਸਿੰਘ ਵਰਗਾ ਉਨ੍ਹਾਂ ਦਾ ਅਨਿੰਨ ਸ਼ਿਸ਼ ਸ਼ਬਦ-

ਜਾਲ ਨੂੰ ਕਟਣ ਵਾਸਤੇ ਉਨ੍ਹਾਂ ਦੀ ਵਿਆਖਿਆ ਪੜ੍ਹਨ ਦੀ ਪਾਠਕਾਂ ਨੂੰ ਮਤਿ ਦੇਂਦਾ ਹੈ। ਸ਼ਬਦਾਂ ਦੇ ਰੂੜ੍ਹ ਅਰਥਾਂ ਨੂੰ ਭ੍ਰਿਸ਼ਟ ਰੂਪ ਵਿਚ ਪੇਸ਼ ਕਰਨਾ ਕੋਈ ਵਿਦਵਤਾ ਨਹੀਂ ਅਤੇ ਨਾ ਹੀ ਇਹ ਕਰਮ ਕਰ ਕੇ ਕੋਈ ਵਿਅਕਤੀ ਵਿਦਵਾਨ ਸਥਾਪਿਤ ਹੋ ਸਕਦਾ ਹੈ। ਮਹਿਬੂਬ ਦੀ ਸਿਰਜੀ ਹਰ ਪੰਕਤੀ ਅੰਤਰ-ਵਿਰੋਧ ਦੇ ਭਾਰ ਨਾਲ ਆਪ ਹੀ ਇਤਨੀ ਡਾਂਵਾਂ-ਡੋਲ ਹੈ ਕਿ ਉਸ ਨੂੰ ਡੇਗਣ ਦੀ ਕਿਸੇ ਨੂੰ ਕੀ ਜ਼ਰੂਰਤ ਹੈ ? ਮਹਿਬੂਬ ਇਕ ਪਾਸੇ ਕਹਿੰਦਾ ਹੈ, "ਅਕਾਲ ਫ਼ਤਹਿ ਦੀ ਮੰਜ਼ਿਲ ਸਮੇਂ ਬਖ਼ਸ਼ਿਸ਼ ਦੀ ਸਾਦਗੀ ਅਪਾਰ ਹੁੰਦੀ ਹੈ। ਕੋਈ ਨੀਵਾਂ ਨਹੀਂ, ਜਿਸ ਉਤੇ ਬਖ਼ਸ਼ਿਸ਼ ਹੋ ਰਹੀ ਹੈ। ਜਦ ਨੀਵੇਂ ਨੂੰ ਬਖ਼ਸ਼ਿਸ਼ ਦਾ ਯਕੀਨ ਹੋ ਜਾਂਦਾ ਹੈ ਤਾਂ ਨੀਵਾਂ ਵੀ ਬਖ਼ਸ਼ਿਸ਼ ਜੇਡਾ ਹੀ ਹੋ ਜਾਂਦਾ ਹੈ।" ਵੈਸੇ ਤਾਂ ਇਹ ਸਟੇਟਮੈਂਟ ਹੀ ਬਹੁਤ ਨਿਕੰਮੀ ਜਿਹੀ ਹੈ, ਕਿਉਂਕਿ ਬਖ਼ਸ਼ਿਸ਼ ਦੀ ਸਾਦਗੀ ਦੀ ਗੱਲ ਤਾਂ ਕੀਤੀ ਜਾ ਸਕਦੀ ਹੈ, ਜੇ ਕਿਸੇ ਨੇ ਇਸ ਦੀ ਮਾਇਆਵੀ ਸ਼ਾਨੋ-ਸ਼ੌਕਤ ਵੀ ਕਦੇ ਵੇਖੀ ਹੋਵੇ। ਦੂਜੀ ਗੱਲ ਕਿ ਬਖ਼ਸ਼ਿਸ਼-ਪ੍ਰਾਪਤ ਵਿਅਕਤੀ ਬਖ਼ਸ਼ਿਸ਼ ਜੇਡਾ ਨਹੀਂ, ਬਖ਼ਸ਼ਿੰਦ ਜੇਡਾ ਹੋ ਜਾਂਦਾ ਹੈ। ਪਰ ਜੇ ਮਹਿਬੂਬ ਦੇ ਵਿਚਾਰ ਵੀ ਮੰਨ ਲਈਏ ਤਾਂ ਇਹ ਸਪਸ਼ਟ ਹੈ ਕਿ ਬਖ਼ਸ਼ਿਸ਼ ਦੇ ਦਰ ਉਤੇ ਦਰਜੇਬੰਦੀ ਦਾ ਸਰਵਥਾ ਅਭਾਵ ਹੋ ਜਾਂਦਾ ਹੈ, ਫਿਰ ਮਹਿਬੂਬ ਅਤੇ ਗੁਰਤਰਨ ਫ਼ਰੀਦ ਅਤੇ ਕਬੀਰ ਵਿਚ ਅੰਤਰ ਕਿਉਂ ਸਿਰਜ ਰਹੇ ਹਨ ? ਕੀ ਕਬੀਰ ਬਖ਼ਸ਼ਿਸ਼-ਪ੍ਰਾਪਤ ਸੰਤ ਨਹੀਂ ਸੀ ? ਫਿਰ ਗੁਰਬਾਣੀ ਅਤੇ ਭਗਤ-ਬਾਣੀ ਵਿਚ ਦੀਵਾਰ ਉਸਾਰਨ ਦਾ ਕੀ ਪ੍ਰਯੋਜਨ ਹੈ ? ਇਹ ਤਾਂ ਗੁਰੂ ਸਾਹਿਬਾਨ ਦੀ ਸਮ-ਦ੍ਰਿਸ਼ਟੀ ਕਾਰਨ ਹੈ ਕਿ ਬਾਬੇ ਫ਼ਰੀਦ ਦੀ ਰਚਨਾ ਨੂੰ ਅਸੀਂ ਰੱਬੀ ਬਚਨ ਮੰਨਦੇ ਹਾਂ, ਵਰਨਾ ਕਿਸੇ ਮੁਸਲਮਾਨ ਨੂੰ ਪੁਛ ਕੇ ਵੇਖਣਾ ਕਿ ਕੀ ਫ਼ਰੀਦ ਦੀ ਬਾਣੀ ਕੁਰਾਨ ਵਾਂਗ ਇਲਹਾਮੀ ਮੰਨੀ ਜਾ ਸਕਦੀ ਹੈ ? ਜੇ ਇਲਹਾਮ ਦਾ ਇਸਲਾਮਿਕ ਦ੍ਰਿਸ਼ਟੀਕੋਣ ਸਹੀ ਹੈ, ਤਾਂ ਗੁਰੂ ਸਾਹਿਬਾਨ ਦੀ ਬਾਣੀ ਸਮੇਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕੋਈ ਵੀ ਬਾਣੀ ਰੱਬੀ ਬਚਨ ਨਹੀਂ ਹੋ ਸਕਦੀ, ਕਿਉਂਕਿ ਇਸਲਾਮ ਅਨੁਸਾਰ ਹਜ਼ਰਤ ਮੁਹੰਮਦ ਸਾਹਿਬ ਧਰਤੀ ਦੇ ਆਖ਼ਿਰੀ ਪੈਗ਼ੰਬਰ ਹਨ ਅਤੇ ਕੁਰਾਨ ਦਾ ਇਲਹਾਮ ਆਖ਼ਿਰੀ ਰੱਬੀ ਬਾਣੀ ਹੈ। ਡਾ. ਗੁਰਤਰਨ ਸਿੰਘ ਨੇ ਮਹਿਬੂਬ ਦੇ ਵਿਚਾਰਾਂ ਦੇ ਪੁਰਜ਼ੋਰ ਸਮਰਥਨ ਵਿਚ ਲਿਖਦਿਆਂ ਆਪਣੇ ਲੇਖ ਵਿਚ ਭਗਤ-ਬਾਣੀ ਸੰਬੰਧੀ ਹੇਠ ਲਿਖੀਆਂ ਸਥਾਪਿਤੀਆਂ ਕੀਤੀਆਂ ਹਨ-

1. ਗੁਰੁਬਾਣੀ ਨੂੰ ਹਰਿੰਦਰ ਸਿੰਘ ਮਹਿਬੂਬ ਨੇ ਇਲਹਾਮ ਇਸ ਲਈ ਕਿਹਾ ਹੈ, ਕਿਉਂਕਿ ਬਾਣੀ ਤਾਂ ਭਗਤਾਂ ਨੇ ਵੀ ਲਿਖੀ ਹੈ ?
2. ਇਲਹਾਮ ਤੇ ਬਾਣੀ (ਭਗਤ ਬਾਣੀ) ਵਿਚ ਫ਼ਰਕ ਹੈ। ਇਲਹਾਮ ਰੱਬ ਵਲੋਂ ਸਿੱਧੇ ਰੂਪ ਵਿਚ ਆਉਂਦਾ ਹੈ, ਜਦੋਂ ਕਿ ਭਗਤ-ਬਾਣੀ ਨੂੰ ਵਿਸ਼ਵ ਦੇ ਤਿੰਨ ਪ੍ਰਸਿਧ ਚਿੰਤਕਾਂ ਹਰਿੰਦਰ ਸਿੰਘ ਮਹਿਬੂਬ, ਪ੍ਰੋ. ਪੂਰਨ ਸਿੰਘ ਅਤੇ ਫਰਿਥਜਾਫ ਸ਼ੂਨ ਨੇ ਪ੍ਰੇਰਨਾ ਮੰਨਿਆ ਹੈ ?
3. ਇਲਹਾਮ ਦੁਆਰਾ ਉਤਰੀ ਬਾਣੀ ਨੂੰ ਧਰਮ ਗ੍ਰੰਥ ਦਾ ਰੁਤਬਾ ਪ੍ਰਾਪਤ ਹੈ।
4. ਇਲਹਾਮ ਦੇ ਹੱਕਦਾਰ ਗੁਰੂ ਅਤੇ ਪੈਗ਼ੰਬਰ ਰੱਬ ਦੇ ਦੋਸਤ ਹਨ। ਇਹ ਦਰਜਾ ਭਗਤਾਂ ਨੂੰ ਹਾਸਿਲ ਨਹੀਂ ਹੈ।

ਆਓ ! ਅਸੀਂ ਇਸ ਪਰਮ ਵਿਵੇਕੀ ਸੱਜਣ ਦੀਆਂ ਇਨ੍ਹਾਂ ਸਥਾਪਨਾਵਾਂ ਦੀ ਯੁਕਤੀ-ਸੰਗਤ ਸਮੀਖਿਆ ਕਰਨ ਤੋਂ ਪਹਿਲਾਂ ਇਲਹਾਮ ਸੰਬੰਧੀ ਕੁਝ ਬੁਨਿਆਦੀ ਗੱਲਾਂ ਸਮਝਣ ਦਾ ਯਤਨ ਕਰੀਏ, ਤਾਂ ਕਿ ਕੁਰਾਨ ਦੇ ਇਲਹਾਮ ਅਤੇ ਗੁਰਬਾਣੀ ਦੇ ਅਵਤ੍ਰਣ ਵਿਚ ਫ਼ਰਕ ਨੂੰ ਸਮਝਿਆ ਜਾ ਸਕੇ। ਇਸ ਯਤਨ ਵਿਚ ਅਸੀਂ ਸਮਝਣ ਦਾ ਯਤਨ ਕਰਨਾ ਹੈ ਕਿ ਇਲਹਾਮ ਦੇ ਕੀ ਅਰਥ ਹਨ ? ਇਸ ਦਾ ਅਵਤ੍ਰਣ ਕਿਵੇਂ ਹੁੰਦਾ ਹੈ ? ਇਲਹਾਮ ਵਿਚ ਪੈਗ਼ੰਬਰ ਦਾ ਕੀ ਯੋਗਦਾਨ ਹੁੰਦਾ ਹੈ ? ਇਲਹਾਮ ਅਵਤ੍ਰਣ ਸਮੇਂ ਪੈਗ਼ੰਬਰ ਸਾਹਿਬ ਦੀ ਮਾਨਸਿਕ ਸਥਿਤੀ ਕੀ ਹੁੰਦੀ ਹੈ ?

'ਇਲਹਾਮ' ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਸ ਦੇ ਅਰਥ ਹਨ- ਰੱਬੀ ਬਾਣੀ। ਇਸਲਾਮ ਵਿਚ ਰੱਬੀ ਬਾਣੀ ਤੋਂ ਭਾਵ ਹੈ, ਉਹ ਦੈਵੀ ਬਾਣੀ ਜੋ ਪੈਗ਼ੰਬਰ ਦੁਆਰਾ ਧਰਤੀ ਉਤੇ ਆਈ ਹੈ, ਪਰ ਜਿਸ ਦਾ ਇਕ ਵੀ ਸ਼ਬਦ ਹਜ਼ਰਤ ਮੁਹੰਮਦ ਸਾਹਿਬ ਦਾ ਰਚਿਆ ਹੋਇਆ ਨਹੀਂ। ਇਸਲਾਮ ਦੀ ਮਾਨਤਾ ਹੈ ਕਿ ਕੁਰਾਨ ਵਿਚ ਸੰਗ੍ਰਹਿਤ ਰੱਬੀ ਬਾਣੀ ਅੱਲਾਹ ਦੇ ਦਰਬਾਰ ਵਿਚ ਮੌਜੂਦ ਵਡੀ ਕਿਤਾਬ ਦਾ ਕੁਝ ਆਂਸ਼ਿਕ ਭਾਗ ਹੈ। ਉਸ ਇਲਾਹੀ ਪੁਸਤਕ ਵਿਚ ਜਿਵੇਂ ਰੱਬੀ ਬਾਣੀ ਅੰਕਿਤ ਹੈ, ਉਸ ਦਾ ਛੋਟਾ ਜਿਹਾ ਭਾਗ ਅਖਰ-ਅਖਰ ਉਸੇ ਤਰ੍ਹਾਂ ਪੈਗ਼ੰਬਰ ਮੁਹੰਮਦ ਸਾਹਿਬ ਦੇ ਮਾਧਿਅਮ ਨਾਲ ਮੋਮਿਨਾਂ ਲਈ ਨਵੀਂ ਸ਼ਰਅ ਦੇ ਰੂਪ ਵਿਚ ਅਵਤ੍ਰਿਤ ਹੋਇਆ ਹੈ। ਇਨ੍ਹਾਂ ਵਚਨਾਂ ਨੂੰ ਕੁਰਾਨ ਦੇ ਰੂਪ ਵਿਚ ਸੰਗ੍ਰਹਿਤ ਕੀਤਾ ਗਿਆ ਹੈ। ਇਸ ਦੀ ਇਕ ਵੀ ਪੰਕਤੀ ਅਜਿਹੀ ਨਹੀਂ, ਜੋ ਹਜ਼ਰਤ ਮੁਹੰਮਦ ਸਾਹਿਬ ਦੁਆਰਾ ਰਚਿਤ ਹੋਵੇ। ਕਿਸੇ ਪੰਕਤੀ ਵਿਚੋਂ ਸੰਕੇਤ ਨਹੀਂ ਮਿਲਦਾ ਕਿ ਇਸ ਦੇ ਰਚਇਤਾ ਪੈਗ਼ੰਬਰ ਮੁਹੰਮਦ

ਸਾਹਿਬ ਹਨ। ਇਸ ਦੇ ਪਵਿੱਤਰ ਵਾਕ ਜਾਂ ਤਾਂ ਅੱਲਾਹ ਵਲੋਂ ਹਜ਼ਰਤ ਮੁਹੰਮਦ ਸਾਹਿਬ ਨੂੰ ਸੰਬੋਧਿਤ ਹਨ, ਜਾਂ ਅੱਲਾਹ ਮੁਸਲਮਾਨਾਂ ਨੂੰ ਸੰਬੋਧਨ ਕਰਦਾ ਹੈ। ਇਸਲਾਮ ਦੀ ਇਸ ਧਾਰਨਾ ਦਾ ਇਕ ਨਤੀਜਾ ਇਹ ਵੀ ਨਿਕਲਦਾ ਹੈ ਕਿ ਅੱਲਾਹ ਦੀ ਬੋਲੀ ਅਰਬੀ ਹੈ। ਕੁਰਾਨ ਤੋਂ ਬਾਅਦ ਦੂਜਾ ਦਰਜਾ 'ਹਦੀਸ' ਨੂੰ ਪ੍ਰਾਪਤ ਹੈ। 'ਹਦੀਸ' ਦੇ ਬਚਨ ਅੱਲਾਹ ਦੇ ਆਪਣੇ ਬਚਨ ਨਹੀਂ, ਸਗੋਂ ਅੱਲਾਹ ਦੀ ਪ੍ਰੇਰਨਾ ਤੋਂ ਉਪਜੇ ਪੈਗ਼ੰਬਰੀ ਵਾਕ ਹਨ ਜਾਂ ਕੁਰਾਨ ਦੀ ਪ੍ਰੇਰਨਾ ਵਾਲਾ ਪੈਗ਼ੰਬਰ ਸਾਹਿਬ ਦਾ ਜੀਵਨ-ਅਮਲ ਹੈ। ਜੇ ਗੁਰਤਰਨ ਸਿੰਘ ਦੀ ਇਹ ਗੱਲ ਮੰਨ ਲਈ ਜਾਵੇ ਕਿ ਭਗਤ-ਬਾਣੀ ਪ੍ਰੇਰਨਾ ਵਿਚੋਂ ਜਨਮੀ ਹੈ, ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇਕ ਵਡਾ ਹਿੱਸਾ ਕੁਰਾਨ ਦੇ ਦਰਜੇ ਨੂੰ ਪ੍ਰਾਪਤ ਨਹੀਂ ਕਰ ਸਕਦਾ, ਬਲਕਿ ਵਧ ਤੋਂ ਵਧ 'ਹਦੀਸ' ਦੇ ਬਰਾਬਰ ਹੋ ਸਕਦਾ ਹੈ।

ਜਿਥੋਂ ਤਕ ਇਲਹਾਮ ਦੇ ਅਵਤ੍ਰਣ ਦਾ ਸਵਾਲ ਹੈ, ਤਾਂ ਇਸ ਸੰਬੰਧੀ ਇਸਲਾਮਿਕ ਵਿਸ਼ਵਾਸ ਨਿਮਨ ਅਨੁਸਾਰ ਹੈ-

1. ਕਈ ਵਾਰ ਕੁਰਾਨ ਦੀਆਂ ਪੰਕਤੀਆਂ ਦੇ ਲਿਖਿਤ ਰੂਪ ਦਾ ਸੰਕੇਤ ਹਜ਼ਰਤ ਮੁਹੰਮਦ ਸਾਹਿਬ ਨੂੰ ਪ੍ਰਾਪਤ ਹੋਇਆ ਸੀ। ਉਦਾਹਰਣ ਦੇ ਤੌਰ ਤੇ ਹਿਰਾ ਪਰਬਤ ਦੀ ਗੁਫ਼ਾ ਵਿਚ ਜਦੋਂ ਪਹਿਲਾ ਇਲਹਾਮ ਜਬਰਾਈਲ ਲੈ ਕੇ ਆਇਆ ਤਾਂ ਉਸ ਨੇ ਹਜ਼ਰਤ ਮੁਹੰਮਦ ਸਾਹਿਬ ਨੂੰ ਲਿਖਿਤ ਆਇਤਾਂ ਪੜ੍ਹਨ ਵਾਸਤੇ ਆਖਿਆ ਸੀ।
2. ਕਦੇ-ਕਦੇ ਪੈਗ਼ੰਬਰ ਮੁਹੰਮਦ ਸਾਹਿਬ ਨੂੰ ਘੰਟੀਆਂ ਵਰਗੀ ਵਿਸ਼ੇਸ਼ ਆਵਾਜ਼ ਸੁਣਾਈ ਦੇਂਦੀ, ਜਿਸ ਤੋਂ ਉਹ ਅੱਲਾਹ ਦਾ ਹੁਕਮ ਸਮਝ ਲੈਂਦੇ ਸਨ।
3. ਕਈ ਵਾਰ ਜਬਰਾਈਲ ਆਦਮੀ ਦੀ ਸ਼ਕਲ ਧਾਰਨ ਕਰ ਕੇ ਹਜ਼ਰਤ ਮੁਹੰਮਦ ਸਾਹਿਬ ਨੂੰ ਅੱਲਾਹ ਦਾ ਸੰਦੇਸ਼ ਪ੍ਰਦਾਨ ਕਰਦਾ ਸੀ।
4. ਕੁਝ ਮੌਕਿਆਂ ਤੇ ਜਬਰਾਈਲ ਆਪਣੇ 600 ਖੰਭਾਂ ਸਮੇਤ ਫ਼ਰਿਸ਼ਤੇ ਵਾਲੇ ਰੂਪ ਵਿਚ ਅੱਲਾਹ ਦਾ ਪੈਗ਼ਾਮ ਲੈ ਕੇ ਪੈਗ਼ੰਬਰ ਸਾਹਿਬ ਪਾਸ ਆਉਂਦਾ ਸੀ।
5. ਕੁਝ ਪ੍ਰਸਥਿਤੀਆਂ ਵਿਚ ਜਬਰਾਈਲ ਹਜ਼ਰਤ ਮੁਹੰਮਦ ਸਾਹਿਬ ਨੂੰ ਨੀਂਦ ਦੀ ਅਵਸਥਾ ਵਿਚ ਅੱਲਾਹ ਦੇ ਬਚਨ ਸੁਣਾ ਜਾਂਦਾ ਸੀ।
6. ਕਈ ਵਾਰ ਅੱਲਾਹ ਉਨ੍ਹਾਂ ਦੇ ਕੰਨ ਵਿਚ ਕੁਝ ਕਹਿ ਜਾਂਦਾ ਸੀ ਜਾਂ ਦਿਲ ਵਿਚ ਫੁਰਨਾ ਪੈਦਾ ਕਰ ਦੇਂਦਾ ਸੀ।

7. ਕੁਝ ਮੌਕਿਆਂ ਤੇ ਅੱਲਾਹ ਪਰਦੇ ਪਿਛੇ ਬੋਲ ਕੇ ਹਜ਼ਰਤ ਮੁਹੰਮਦ ਸਾਹਿਬ ਨੂੰ ਕੁਰਾਨ ਦੀਆਂ ਆਇਤਾਂ ਸੁਣਾ ਦੇਂਦਾ ਸੀ।

ਜਿਥੋਂ ਤਕ ਇਲਹਾਮ ਦੇ ਅਵਤ੍ਰਣ ਵਿਚ ਪੈਗੰਬਰ ਦੇ ਯੋਗਦਾਨ ਦਾ ਸਵਾਲ ਹੈ, ਤਾਂ ਅਸੀਂ ਉਪਰ ਕਹਿ ਆਏ ਹਾਂ ਕਿ ਇਸ ਦੀ ਸ਼ਾਬਦਿਕ ਸਿਰਜਣਾ ਸਹਿਤ ਇਸ ਵਿਚ ਉਨ੍ਹਾਂ ਦਾ ਕਿਸੇ ਪ੍ਰਕਾਰ ਦਾ ਯੋਗਦਾਨ ਨਹੀਂ ਸੀ। ਉਨ੍ਹਾਂ ਦਾ ਯੋਗਦਾਨ ਤਿੰਨ ਤਰੀਕਿਆਂ ਦਾ ਨਿਸ਼ਚਿਤ ਕੀਤਾ ਜਾ ਸਕਦਾ ਹੈ-

1. ਕੁਰਾਨ ਦੀਆਂ ਆਇਤਾਂ ਅਵਤ੍ਰਣ ਦਾ ਪੈਗੰਬਰ ਮੁਹੰਮਦ ਸਾਹਿਬ ਮਾਧਿਅਮ ਸਨ, ਅਰਥਾਤ ਉਨ੍ਹਾਂ ਦੁਆਰਾ ਅੱਲਾਹ ਆਪਣੇ ਬਚਨ ਲੋਕਾਂ ਤਕ ਪਹੁੰਚਾਉਂਦਾ ਸੀ।
2. ਜ਼ਰੂਰਤ ਅਨੁਸਾਰ ਹਜ਼ਰਤ ਮੁਹੰਮਦ ਸਾਹਿਬ ਕੁਰਾਨ ਦੀਆਂ ਆਇਤਾਂ ਦੀ ਵਿਆਖਿਆ ਕਰ ਦੇਂਦੇ ਸਨ।
3. ਕੁਰਾਨ ਨੂੰ ਆਪਣੇ ਅਮਲ ਦੁਆਰਾ ਪਰਦਰਸ਼ਿਤ ਕਰ ਕੇ ਲੋਕਾਂ ਲਈ ਕੁਰਾਨ ਦੇ ਦੈਵੀ-ਸੰਦੇਸ਼ ਨੂੰ ਜੀਵਨ ਵਿਚ ਢਾਲਣ ਵਾਸਤੇ ਉਹ ਮਾਰਗ-ਦਰਸ਼ਕ ਦਾ ਕੰਮ ਕਰਦੇ ਸਨ।

ਇਲਹਾਮ ਦੇ ਉਤਰਨ ਵੇਲੇ ਹਜ਼ਰਤ ਮੁਹੰਮਦ ਸਾਹਿਬ ਦੀ ਮਾਨਸਿਕ ਅਵਸਥਾ ਦੇ ਦੋ ਪਹਿਲੂ ਧਿਆਨ ਰਖਣ ਯੋਗ ਹਨ। ਪਹਿਲਾ ਇਹ ਕਿ ਇਲਹਾਮ ਉਤਰਨ ਸਮੇਂ ਉਹ ਕਸ਼ਟ ਕਹਿਸੂਸ ਕਰਦੇ ਸਨ। ਦੂਜਾ ਇਹ ਕਿ ਉਸ ਸਮੇਂ ਅੱਲਾਹ ਨਾਲ ਉਸ ਤਰ੍ਹਾਂ ਅਭੇਦ ਨਹੀਂ ਸੀ ਹੁੰਦੇ, ਜਿਵੇਂ ਭਾਰਤੀ ਪਰੰਪਰਾ ਦੇ ਧਰਮ-ਸਾਧਕਾਂ ਬਾਰੇ ਮੰਨਿਆ ਜਾਂਦਾ ਹੈ, ਕਿਉਂਕਿ ਇਸਲਾਮ ਦੀ ਸਰਵੋਤਮ ਮੰਜ਼ਿਲ ਬਹਿਸ਼ਤ ਦੀ ਪ੍ਰਾਪਤੀ ਹੈ, ਜਿਥੇ ਧਰਮੀ ਲੋਕਾਂ ਨੂੰ ਅੱਲਾਹ ਦੇ ਦਰਸ਼ਨ ਪ੍ਰਾਪਤ ਹੁੰਦੇ ਹਨ, ਪਰ ਅਸਲੇ ਦੀ ਭਿੰਨਤਾ ਕਾਰਨ ਜੀਵ ਅਤੇ ਪਰਮੇਸ਼ਰ ਕਿਸੇ ਵੀ ਪਧਰ ਤੇ ਇਕ ਨਹੀਂ ਹੋ ਸਕਦੇ। ਇਸ ਸੰਬੰਧ ਵਿਚ ਸੂਫ਼ੀਆਂ ਦੀਆਂ ਧਾਰਨਾਵਾਂ ਨੂੰ ਇਸਲਾਮੀ ਮੱਤ ਨਾਲ ਰਲਗਡ ਨਹੀਂ ਕਰਨਾ ਚਾਹੀਦਾ, ਕਿਉਂਕਿ ਮੁਜੱਦਦ ਅਲਫ਼ਸਾਨੀ (ਸ਼ੈਖ ਅਹਿਮਦ ਸਰਹਿੰਦੀ) ਦੇ ਵਹਦਤ-ਉਲ-ਸ਼ੁਹੂਦ ਨੂੰ ਛਡ ਕੇ ਹੋਰ ਬਹੁਤੇ ਸੂਫ਼ੀ ਸਾਧਕ ਵਹਦਤ-ਉਲ ਵੁਜੂਦ ਦੇ ਜੀਵ-ਬ੍ਰਹਮ-ਅਭੇਦਤਾ ਦੇ ਇਤਨੇ ਪ੍ਰਬਲ ਸਮਰਥਕ ਸਨ ਕਿ ਉਨ੍ਹਾਂ ਵਿਚੋਂ ਕੁਝ ਤਾਂ ਇਸ ਸਿਧਾਂਤਿਕ ਮਾਰਗ ਦੀ ਰਖਿਆ ਵਾਸਤੇ ਸ਼ਰਅ ਤੋਂ ਮਨਸੂਰ ਵਾਂਗ ਬੰਦ-ਬੰਦ ਕਟਵਾਉਣ ਵਾਸਤੇ ਰਾਜ਼ੀ ਸਨ ਅਤੇ ਕੁਝ ਬੁਲੇ ਸ਼ਾਹ ਵਾਂਗ ਸ਼ਰਅ

ਦੇ ਵਿਰੋਧ ਤੋਂ ਬਚਣ ਵਾਸਤੇ ਇਸ ਅਭੇਦਤਾ ਨੂੰ ਹੀਰ-ਰਾਂਝੇ ਜਾਂ ਕਿਸੇ ਅਜਿਹੇ ਹੀ ਪ੍ਰਤੀਕ ਦੁਆਰਾ ਪ੍ਰਗਟ ਕਰਦੇ ਸਨ। ਬੁਲੇ ਦੇ ਇਸ ਕਥਨ, ਰਾਂਝਾ ਰਾਂਝਾ ਕਰਦੀ ਨੀ ਮੈਂ ਆਪੇ ਰਾਂਝਾ ਹੋਈ। ਸਦੋ ਨੀ ਮੈਨੂੰ ਧੀਦੋ ਰਾਂਝਾ ਹੀਰ ਨਾ ਆਖੋ ਕੋਈ, ਦਾ ਸਿਧਾ ਅਰਥ ਹੈ- ਅੱਲਾਹ-ਅੱਲਾਹ ਜਪਦਿਆਂ ਮੈਂ ਅੱਲਾਹ ਹੋ ਗਿਆ ਹਾਂ। ਹੇ ਲੋਕੋ ! ਹੁਣ ਤੁਸੀਂ ਮੈਨੂੰ ਅੱਲਾਹ ਆਖੋ, ਕੋਈ (ਭੁਲ ਕੇ) ਵੀ ਮੈਨੂੰ ਬੁਲਾ ਨਾ ਆਖੋ। ਜੀਵ-ਬ੍ਰਹਮ ਦੀ ਇਸ ਅਭੇਦਤਾ ਨੂੰ ਅਸਿਧੇ ਤਰੀਕੇ ਨਾਲ ਪ੍ਰਗਟ ਕਰਨ ਦਾ ਮੂਲ-ਕਾਰਨ ਇਹ ਸੀ ਕਿ ਜਦੋਂ ਦੈਵੀ ਮਸਤੀ ਵਿਚ ਆਏ ਮਨਸੂਰ ਨੇ ਬਗਦਾਦ ਦੀਆਂ ਗਲੀਆਂ ਵਿਚ 'ਅਨਲਹਕ' ਦਾ ਉਚਾਰਨ ਕੀਤਾ ਸੀ, ਤਾਂ ਇਸਲਾਮ ਵਿਚ ਉਸ ਦਾ ਇਤਨਾ ਤੀਬਰ ਪ੍ਰਤੀਕਰਮ ਹੋਇਆ ਸੀ ਕਿ ਮਨਸੂਰ ਨੂੰ ਭਿਆਨਕ ਮੌਤ ਦਾ ਸਾਹਮਣਾ ਕਰਨਾ ਪਿਆ। ਮਨਸੂਰ ਦੀ ਸ਼ਹਾਦਤ ਮਗਰੋਂ ਇਮਾਮ ਗਜ਼ਾਲੀ ਵਰਗਿਆਂ ਨੂੰ ਇਹ ਕਹਿਣਾ ਪਿਆ ਕਿ ਦਰਵੇਸ਼ਾਂ ਨੂੰ ਮਸਤੀ ਦੇ ਨਾਲ-ਨਾਲ ਹੋਸ਼ ਤੋਂ ਵੀ ਕੰਮ ਲੈਣਾ ਚਾਹੀਦਾ ਹੈ, ਕਿਉਂਕਿ ਉਨ੍ਹਾਂ ਦੀ ਇਹ ਆਂਤ੍ਰਿਕ ਆਨੰਦਮਈ ਅਵਸਥਾ ਜਨ-ਸਾਧਾਰਨ ਦੀ ਸਮਝ ਤੋਂ ਦੂਰ ਹੈ। ਸਾਧਕਾਂ ਦੀਆਂ ਮਸਤੀ ਵਿਚ ਕਹੀਆਂ ਗੱਲਾਂ ਦੇ ਸ਼ਰਅ ਨਾਲ ਟਕਰਾਅ ਦੇ ਭਿਆਨਕ ਨਤੀਜੇ ਸਾਹਮਣੇ ਆਉਣ ਦੀ ਸੰਭਾਵਨਾ ਰਹਿੰਦੀ ਹੈ। ਇਸ ਲਈ ਦਰਵੇਸ਼ਾਂ ਵਾਸਤੇ ਆਪਣੇ ਵਿਵਹਾਰ ਅਤੇ ਬੋਲਚਾਲ ਵਿਚ ਸੰਜਮ ਲਿਆਉਣਾ ਜ਼ਰੂਰੀ ਹੈ। ਇਮਾਮ ਗਜ਼ਾਲੀ ਵਰਗੇ ਵਿਦਵਾਨਾਂ ਦੀ ਅਜਿਹੀ ਨਸੀਅਤ ਕਾਰਨ ਹੀ ਬੁਲੇ ਸ਼ਾਹ ਰੱਬ ਨਾਲ ਆਪਣੀ ਅਭੇਦਤਾ ਅਤੇ ਅਦ੍ਵੈ ਅਵਸਥਾ ਅਸਿਧੇ ਤਰੀਕੇ ਦੁਆਰਾ ਲੋਕਾਂ ਨਾਲ ਸਾਂਝੀ ਕਰਦਿਆਂ ਕਹਿੰਦਾ ਹੈ-

ਸਚ ਆਖਿਆਂ ਭਾਂਬੜ ਮਚਦਾ ਹੈ।
ਝੂਠ ਆਖਾਂ ਤਾਂ ਕੁਝ ਬਚਦਾ ਹੈ
ਦਿਲ ਦੋਹਾਂ ਗੱਲਾਂ ਤੋਂ ਝਕਦਾ ਹੈ।
ਮੂੰਹ ਆਈ ਬਾਤ ਨਾ ਰਹਿੰਦੀ ਏ
ਰੁਕ ਰੁਕ ਕੇ ਜਿਹਬਾ ਕਹਿੰਦੀ ਏ।

ਬੁਲੇ ਸ਼ਾਹ ਦੇ ਇਹ ਪਦ ਸਾਧਾਰਨ ਨਹੀਂ ਹਨ, ਡੂੰਘੇ ਫ਼ਲਸਫ਼ੇ ਅਤੇ ਅਧਿਆਤਕ ਚਿੰਤਨ ਨਾਲ ਸੰਬੰਧਿਤ ਹਨ। ਉਸ ਦਾ 'ਸਚ', ਜਿਸ ਨੂੰ ਕਹਿਣ 'ਤੇ ਭਾਂਬੜ ਬਲਦਾ ਹੈ, ਰੱਬ ਅਤੇ ਸਾਧਕ ਦੀ ਏਕਤਾ ਦੀ ਘੋਸ਼ਣਾ ਹੈ, ਵਹਦਤ-ਉਲ-ਵੁਜੂਦ, ਜਾਂ ਪੂਰਨ ਅਦ੍ਵੈਤ ਦਾ ਉਹ ਐਲਾਨ ਹੈ, ਜਿਸ ਦੇ ਕਾਰਨ ਮਨਸੂਰ ਦੇ ਅਨਲਹੱਕ ਨੇ ਸ਼ਰੱਈ ਲੋਕਾਂ

ਦੇ ਦਿਲਾਂ ਵਿਚ ਵਿਕਰਾਲ ਭਾਂਬੜ ਮਚਾ ਦਿੱਤਾ ਸੀ। ਇਸ ਕਰ ਕੇ ਬੁਲੇ ਨੂੰ ਆਪਣੇ ਆਪ ਨੂੰ ਹੀਰ ਦਾ ਜਾਮਾ ਪਹਿਨਾਉਣਾ ਪੈਂਦਾ ਹੈ ਅਤੇ ਰੱਬ ਨੂੰ ਰਾਂਝੇ ਦੇ ਲਿਬਾਸ ਵਿਚ ਪ੍ਰਸਤੁਤ ਕਰਨਾ ਪੈਂਦਾ ਹੈ। ਇਹ ਅਸਿਧੀ ਗੱਲ ਹੈ, ਜੋ ਬੁਲੇ ਦੀ ਜ਼ੁਬਾਨ ਅਸਿਧੇ ਤਰੀਕੇ ਨਾਲ ਕਹਿੰਦੀ ਹੈ।

ਡਾ. ਗੁਰਤਰਨ ਸਿੰਘ ਦੀਆਂ ਭਗਤ-ਬਾਣੀ ਸੰਬੰਧੀ ਉਪਰੋਕਤ ਧਾਰਨਾਵਾਂ ਨੂੰ ਸਮਝਣ ਤੋਂ ਪਹਿਲਾਂ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਇਲਹਾਮ ਸੰਬੰਧੀ ਇਸਲਾਮ ਦੀਆਂ ਧਾਰਨਾਵਾਂ ਨੂੰ ਸਿਖ ਧਰਮ ਅਨੁਸਾਰ ਸ਼ਬਦ-ਅਵਤ੍ਰਣ ਦੇ ਸਿਸਟਮ ਦੀ ਕਸੌਟੀ ਤੇ ਪਰਖਣ ਦਾ ਯਤਨ ਕਰੀਏ। ਇਲਹਾਮ ਦੇ ਸਮਾਨਾਂਤਰ ਸਿਖ ਧਰਮ ਵਿਚ 'ਸ਼ਬਦ' ਅਤੇ 'ਬਾਣੀ' ਦੋ ਸ਼ਬਦ ਆਏ ਹਨ। 'ਸ਼ਬਦ' ਦੀ ਬਣਤਰ 'ਸ' ਅਤੇ 'ਵਦ' ਦੇ ਸੰਜੋਗ ਉਤੇ ਆਧਾਰਿਤ ਹੈ। 'ਸ' ਦੇ ਅਰਥ ਸੰਗ, ਨਾਲ, ਸਹਿਤ, ਸਾਥ-ਸਾਥ, ਸੰਯੁਕਤ ਹੋ ਕੇ ਆਦਿ ਹਨ। 'ਵਦ' ਦੇ ਦੋ ਮਹਤਵਪੂਰਨ ਅਰਥ ਇਥੇ ਪ੍ਰਾਸੰਗਿਕ ਹਨ- ਉਚਾਰਨ ਕਰਨਾ ਅਤੇ ਆਵਾਜ਼। 'ਸ' ਅਤੇ 'ਵਦ' ਸੰਯੁਕਤ ਪਦ ਦਾ ਅਰਥ ਹੈ- ਉਚਾਰਨ ਦੇ ਨਾਲ ਰਹਿਣ ਵਾਲੀ ਚੀਜ਼ ਭਾਵ ਜੋ ਵਸਤੂ ਮਾਨਵੀ ਆਵਾਜ਼ ਨਾਲ ਇਕਮਿਕ ਰਹਿੰਦੀ ਹੈ। ਜਿਸ ਨੂੰ ਇੰਵ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ- ਸ਼ਬਦ ਉਹ ਹੈ, ਜੋ ਮਾਨਵੀ ਆਵਾਜ਼ ਨੂੰ ਭਾਵ ਪ੍ਰਦਾਨ ਕਰਦਾ ਹੈ। ਦੂਜਾ ਸ਼ਬਦ ਬਾਣੀ ਹੈ, ਜਿਸ ਦਾ ਸੰਸਕ੍ਰਿਤ-ਮੂਲ 'ਵਾਣੀ' ਹੈ। 'ਵਾਣੀ' ਦੇ ਅਰਥ ਵੀ ਉਚਾਰਨ ਕਰਨਾ, ਆਵਾਜ਼ ਕਰਨਾ ਆਦਿ ਹਨ, ਜੋ ਸ਼ਬਦ ਨਾਲ ਹੀ ਮਿਲਦੇ ਹਨ। ਸ਼ਬਦ ਅਤੇ 'ਵਾਣੀ' ਵਿਚ ਮੂਲ ਅੰਤਰ ਇਹ ਹੈ ਕਿ ਵਾਣੀ 'ਸ਼ਬਦ' ਦਾ ਕੇਵਲ ਉਚਰਿਤ ਰੂਪ ਹੈ, ਜਦੋਂ ਕਿ 'ਸ਼ਬਦ' ਵਾਣੀ ਰੂਪ ਧਾਰਨ ਕਰਨ ਤੋਂ ਵੀ ਪਹਿਲਾਂ ਮੌਜੂਦ ਹੈ, ਤਦੋਂ ਉਹ ਭਾਵ ਰੂਪ ਵਿਚ ਹੈ। ਭਾਵ ਰੂਪ ਉਸ ਨੇ ਪ੍ਰਕਾਸ਼ਮਾਨ ਮਾਨਵੀ-ਚਿੱਤ ਵਿਚ ਗ੍ਰਹਿਣ ਕਰ ਕੇ 'ਪਸ਼ਯੰਤੀ' ਰੂਪ ਧਾਰਨ ਕੀਤਾ ਹੈ, ਮਾਨਵ ਦੇ ਸੰਪਰਕ ਵਿਚ ਆਉਣ ਤੋਂ ਪਹਿਲਾਂ 'ਪਰਾ' ਰੂਪ ਵਿਚ ਉਹ ਕੇਵਲ ਪ੍ਰਕਾਸ਼ ਹੈ। ਉਸ ਸਥਿਤੀ ਵਿਚ ਹਨੇਰੇ ਅਤੇ ਚਾਨਣ, ਚੰਗਿਆਈ ਅਤੇ ਬੁਰਿਆਈ ਦਾ ਪੂਰਨ ਅਭਾਵ ਹੋਣ ਕਰ ਕੇ ਸ਼ਬਦ ਦੀ ਉਹ ਸਥਿਤੀ ਵਰਣਨ ਤੋਂ ਬਾਹਰੀ ਹੈ। ਇਸ ਪਰਾ-ਸ਼ਬਦ ਦਾ ਜਦੋਂ ਗੁਰੂ ਚਿੱਤ ਨਾਲ ਸੰਜੋਗ ਹੁੰਦਾ ਹੈ, ਤਾਂ ਉਸ ਵਿਚ ਪਰਮੇਸ਼ਰ ਦੀ ਉਸ 'ਆਗਿਆ ਦਾ ਆਗਮਨ' (ਹੁਕਮਾਉ) ਸੰਮਿਲਿਤ ਰਹਿੰਦਾ ਹੈ, ਜਿਸ ਅਨੁਸਾਰ ਗੁਰੂ ਨੇ ਲੋਕਾਈ ਨੂੰ ਪ੍ਰਕਾਸ਼ਮਾਨ ਕਰਨ ਵਾਸਤੇ ਪਰਾ-ਸ਼ਬਦ ਨੂੰ ਮਾਨਵੀ ਬੋਲੀ ਦਾ ਰੂਪ ਦੇਣਾ ਹੈ। ਪਰ ਗੁਰੂ ਦੁਆਰਾ

ਮਾਨਵੀ-ਭਾਸ਼ਾ ਵਿਚ ਇਸ ਦਾ ਪ੍ਰਕਾਸ਼ਨ, ਇਸ ਦੀ ਦਿਵਯਤਾ ਨੂੰ ਰਤਾ ਵੀ ਪ੍ਰਭਾਵਿਤ ਨਹੀਂ ਕਰਦਾ, ਕਿਉਂ ਜੁ ਗੁਰੂਦੇਵ ਆਪ ਅਕਾਲ-ਪੁਰਖ ਦੇ ਹੀ ਪ੍ਰਕਾਸ਼ਮਾਨ ਸਰੂਪ ਹਨ। ਧਰਮ-ਸਾਧਕ ਜਾਂ ਗੁਰੂ ਸਾਹਿਬਾਨ ਵਰਗੇ ਸਮਰਥ ਦੈਵੀ-ਪੁਰਸ਼ ਸਮੇਂ ਅਨੁਸਾਰ, ਜ਼ਰੂਰਤ ਅਨੁਸਾਰ ਅਤੇ ਸਾਹਮਣੇ ਮੌਜੂਦ ਜਿਗਿਆਸੀ ਦੀ ਯੋਗਤਾ ਅਤੇ ਕਰਮ ਜਾਂ ਮਾਨਸਿਕ ਅਵਸਥਾ ਅਨੁਸਾਰ ਸ਼ਬਦ ਦਾ ਸਫਲ ਪ੍ਰਕਾਸ਼ਨ ਕਰਦੇ ਹਨ। ਉਹ ਸ਼ਬਦ ਜੋ 'ਪਰਾ' ਅਤੇ 'ਪਸ਼ਯੰਤੀ' ਰੂਪ ਵਿਚ ਮਾਨਵੀ ਭਾਸ਼ਾ ਤੋਂ ਉਪਰ ਰਹਿੰਦਾ ਹੈ, ਜਦੋਂ ਗੁਰੂ ਜਾਂ ਹੋਰ ਧਰਮ-ਸਾਧਕਾਂ ਦੇ ਮੁਖ ਤੋਂ ਉਚਰਿਤ ਹੁੰਦਾ ਹੈ, ਤਾਂ ਉਸ ਦੀ ਭਾਸ਼ਾ ਨਾ ਕੇਵਲ ਮਾਨਵੀ ਹੁੰਦੀ ਹੈ, ਬਲਕਿ ਇਲਾਕਾਈ ਵੀ ਹੁੰਦੀ ਹੈ, ਪਰ ਇਸ ਵਿਚਲਾ ਪ੍ਰਕਾਸ਼ ਅਸਲੋਂ ਦੈਵੀ ਜਾਂ ਰੱਬੀ ਹੁੰਦਾ ਹੈ। ਇਸ ਸੰਬੰਧੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅੰਕਿਤ ਕਬੀਰ ਜੀ ਦੇ ਕੁਝ ਪਦਾਂ ਵਿਚ ਬਹੁਤ ਸੁੰਦਰਤਾ ਸਹਿਤ ਨਿਮਨ-ਲਿਖਿਤ ਵਿਚਾਰ ਆਏ ਹਨ-

ਬਾਵਨ ਅਛਰ ਲੋਕ ਤ੍ਰੈ ਸਭੁ ਕਛੁ ਇਨ ਹੀ ਮਾਹਿ ॥
ਏ ਅਖਰ ਖਿਰਿ ਜਾਹਿਗੇ ਓਇ ਅਖਰ ਇਨ ਮਹਿ ਨਾਹਿ ॥ ੧ ॥
ਜਹਾ ਬੋਲਿ ਤਹ ਅਛਰ ਆਵਾ ॥ ਜਹ ਅਬੋਲ ਤਹ ਮਨੁ ਨ ਰਹਾਵਾ ॥
ਬੋਲ ਅਬੋਲ ਮਧਿ ਹੈ ਸੋਈ ॥ ਜਸ ਓਹੁ ਹੈ ਤਸ ਲਖੈ ਨ ਕੋਈ ॥ ੨ ॥

ਇਨ੍ਹਾਂ ਪੰਕਤੀਆਂ ਦਾ ਭਾਵ ਹੈ- ਬਾਵੰਜਾ ਅੱਖਰਾਂ ਵਾਲੀ ਬੋਲੀ ਜਾਂ ਭਾਸ਼ਾ ਅਰਥਾਤ ਸਮੂਹ ਮਾਨਵੀ ਭਾਸ਼ਾਵਾਂ ਦਾ ਘੇਰਾ ਤ੍ਰਿਗੁਣੀ ਜਗਤ ਤਕ ਸੀਮਿਤ ਹੈ। ਤ੍ਰਿਗੁਣੀ ਜਗਤ ਵਿਚ ਨਿਵਾਸ ਕਰਦੇ ਮਨੁੱਖ ਵਾਸਤੇ ਵਿਵਹਾਰਿਕ ਗਿਆਨ ਬੋਲੀ ਦੁਆਰਾ ਪ੍ਰਗਟ ਹੁੰਦਾ ਹੈ। ਮਾਨਵ ਸਿਰਜਿਤ ਸਮੁਚਾ ਜਾਗਤਿਕ ਗਿਆਨ ਅੱਖਰ-ਨਿਰਮਿਤ ਭਾਸ਼ਾਵਾਂ ਦੀਆਂ ਸੀਮਾਵਾਂ ਵਿਚ ਹੈ। ਇਹ ਵਰਣ-ਆਧਾਰਿਤ ਭਾਸ਼ਾਵਾਂ ਜਾਗਤਿਕ ਹੋਣ ਕਰ ਕੇ ਜ਼ਰੂਰ ਨਸ਼ਟ ਹੋ ਜਾਣਗੀਆਂ, ਕਿਉਂਕਿ ਨਸ਼ਟ ਨਾ ਹੋਣ ਵਾਲਾ ਅਨਾਸ਼ ਬ੍ਰਹਮ ਅੱਖਰਾਂ ਜਾਂ ਭਾਸ਼ਾ ਵਿਚ ਨਹੀਂ ਸਮੇਟਿਆ ਜਾ ਸਕਦਾ। ਜਿਥੇ ਵੀ ਭਾਸ਼ਾ ਹੈ, ਉਥੇ ਅੱਖਰ ਜਾਂ ਵਰਣ ਆ ਜਾਂਦੇ ਹਨ। ਜੋ ਦਿਵਯ-ਪ੍ਰਕਾਸ਼ ਭਾਸ਼ਾ-ਮੁਕਤ ਹੈ, ਅਰਥਾਤ ਅੱਖਰਾਂ ਤੋਂ ਉਪਰ ਹੈ, ਉਸ ਉਤੇ ਮਾਨਵੀ-ਮਨ ਟਿਕਦਾ ਨਹੀਂ। ਜੋ ਅਕਾਲ-ਪੁਰਖ ਸਾਰੇ ਜੀਵਾਂ ਦੇ ਬੋਲਾਂ ਵਿਚ ਰਹਿੰਦਾ ਹੈ, ਉਹ ਅਬੋਲ ਸਥਿਤੀ ਵਿਚ ਵੀ ਰਹਿੰਦਾ ਹੈ ਭਾਵ ਉਸ ਦੀ ਆਪਣੀ ਕੋਈ ਬੋਲੀ ਨਹੀਂ। ਜੈਸਾ ਉਹ ਹੈ, ਉਸ ਰੂਪ ਵਿਚ ਉਸ ਨੂੰ ਕੋਈ ਜੀਵ ਜਾਣ ਨਹੀਂ ਸਕਦਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਰੋਕਤ ਪਦ ਨੇ ਇਹ ਸਪਸ਼ਟ ਕਰ ਦਿੱਤਾ ਕਿ ਰੱਬ ਦੀ ਕੋਈ ਵਿਸ਼ੇਸ਼ ਭਾਸ਼ਾ ਨਹੀਂ, ਉਹ ਵਰਨਮਾਲਾ ਆਧਾਰਿਤ ਬੋਲੀਆਂ ਤੋਂ ਸਰਵਥਾ ਨਿਰਲੇਪ ਹੈ, ਕਿਉਂਕਿ ਬੋਲੀਆਂ ਦੀ ਸਾਰਥਕਤਾ ਜੀਵਾਂ ਵਾਸਤੇ ਹੈ, ਬ੍ਰਹਮ ਵਾਸਤੇ ਨਹੀਂ। ਇੰਞ ਨਿਰਸੰਸੇ ਇਹ ਗੱਲ ਕਹੀ ਜਾ ਸਕਦੀ ਹੈ ਕਿ ਧਰਮ ਗ੍ਰੰਥਾਂ ਦੀ ਬਾਣੀ ਵਿਚ ਲੁਪਤ ਸੂਖਮ ਗਿਆਨ ਦੈਵੀ ਹੈ, ਇਸ ਦਾ ਸ਼ਾਬਦਿਕ ਜਾਂ ਭਾਸ਼ਾ ਰੂਪ ਮਾਨਵੀ ਹੈ। ਇਸੇ ਕਾਰਨ ਕਰ ਕੇ ਧਰਮ ਗ੍ਰੰਥਾਂ ਦਾ ਨਿਰਾ ਪਾਠ ਕਰਨ ਵਾਲੇ ਮਨੁੱਖ ਮਾਨਵੀ-ਪ੍ਰਵਿਰਤੀਆਂ ਤੋਂ ਉਪਰ ਨਹੀਂ ਉਠ ਸਕਦੇ, ਜਦੋਂ ਕਿ ਸੂਖਮ ਚਿਤ ਵਾਲੇ ਗੁਰਮੁਖ ਲੋਕ ਧਾਰਮਿਕ ਪਾਠ ਦੇ ਅੱਖਰਾਂ ਨੂੰ ਭੇਦ ਕੇ ਇਨ੍ਹਾਂ ਪਿਛੇ ਛਿਪੇ ਸ੍ਰੇਸ਼ਠ ਦੈਵੀ-ਪ੍ਰਕਾਸ਼ ਨਾਲ ਅੰਤਹਕਰਣ ਦੀ ਪਵਿੱਤਰਤਾ ਪ੍ਰਾਪਤ ਕਰਦੇ ਹਨ। ਜੇ ਬਾਣੀ ਦੀ ਭਾਸ਼ਾ ਵੀ ਦੈਵੀ ਹੋਵੇ, ਤਾਂ ਇਕ ਪਰਮਾਤਮਾ ਸਮੁਚੀ ਮਨੁੱਖਤਾ ਦਾ ਜਾਂ ਕੋਟਿ ਬ੍ਰਹਿਮੰਡਾਂ ਦਾ ਸਵਾਮੀ ਨਹੀਂ ਹੋ ਸਕਦਾ, ਉਹ ਕਬੀਲਿਆਈ ਪ੍ਰਭੂ ਹੀ ਹੋ ਸਕਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਰਮੇਸ਼ਰ ਸਾਰੀ ਮਨੁੱਖਤਾ ਦਾ ਇਕੋ ਮਾਲਿਕ ਤਾਂ ਹੈ, ਕਿਉਂਕਿ ਉਹ ਕਿਸੇ ਭਾਸ਼ਾ-ਵਿਸ਼ੇਸ਼ ਨਾਲ ਜੁੜਿਆ ਹੋਇਆ ਨਹੀਂ, ਸਗੋਂ ਹਰ ਭਾਸ਼ਾ ਨੂੰ ਆਪਣੀ ਦਿਵਯਤਾ ਵਿਚੋਂ ਪ੍ਰਗਟ ਕਰਦਾ ਹੈ ਅਤੇ ਸਭ ਭਾਸ਼ਾਵਾਂ ਨਾਲ ਇਕੋ ਜਿਤਨਾ ਸੰਬੰਧਿਤ ਜਾਂ ਅਸੰਬੰਧਿਤ ਹੈ। ਇਸਲਾਮ ਵਿਚ ਜੇ ਉਹ ਭਾਸ਼ਾ-ਵਿਸ਼ੇਸ਼ ਨਾਲ ਜੁੜਿਆ ਹੈ, ਤਾਂ ਉਹ ਪੱਖਪਾਤੀ ਵੀ ਹੈ। ਉਹ ਇਸਲਾਮੀ ਸ਼ਰਅ ਮੰਨਣ ਵਾਲਿਆਂ ਦਾ ਸਮਰਥਕ ਹੈ, ਪਰ ਹੋਰ ਧਰਮਾਂ ਦੀ ਮਰਯਾਦਾ ਮੰਨਣ ਵਾਲੇ ਲੋਕਾਂ ਨੂੰ ਨਰਕ ਵਿਚ ਸਦਾ ਲਈ ਸੁਟ ਕੇ ਵਾਰ-ਵਾਰ ਸਾੜਨ ਵਾਲਾ ਵੀ ਹੈ। ਉਪਰੋਕਤ ਪੜਤਾਲ ਤੋਂ ਇਲਹਾਮ ਅਤੇ ਗੁਰਬਾਣੀ ਵਿਚ ਇਕ ਬਹੁਤ ਵਡਾ ਅੰਤਰ ਸਾਹਮਣੇ ਆ ਜਾਂਦਾ ਹੈ।

ਇਲਹਾਮ ਭਾਸ਼ਾ ਸਹਿਤ ਦੈਵੀ ਹੈ, ਜਦੋਂ ਕਿ ਗੁਰਬਾਣੀ ਜਾਂ ਸ਼ਬਦ ਭਾਸ਼ਾ ਕਰ ਕੇ ਮਾਨਵੀ ਅਤੇ ਗਿਆਨ-ਚਾਨਣ ਕਰ ਕੇ ਦੈਵੀ ਹੈ। ਗੁਰੂ ਦਾ ਸਾਰੀਰਿਕ ਪਾਬੰਦੀਆਂ ਵਿਚ ਅਵਤ੍ਰਣ ਇਸੇ ਲਈ ਹੁੰਦਾ ਹੈ ਕਿ ਉਹ ਦੈਵੀ ਗਿਆਨ ਨੂੰ ਭਾਸ਼ਾ ਰੂਪ ਦੇਵੇ। ਉਹ ਦੈਵੀ ਗਿਆਨ ਨੂੰ ਭਾਸ਼ਾ ਰੂਪ ਦੇਣ ਵਿਚ ਸਮਰਥ ਵੀ ਤਾਂ ਹੈ ਕਿਉਂਕਿ ਉਹ ਅਕਾਲ-ਪੁਰਖ ਨਾਲ ਅਭੇਦ ਹੈ, ਉਸੇ ਜਿਤਨਾ ਵਡਾ ਹੈ। ਇਸਲਾਮ ਦਾ ਪੈਗੰਬਰ ਰੱਬੀ ਬਚਨਾਂ ਨੂੰ ਰੱਬੀ ਭਾਸ਼ਾ ਸਹਿਤ ਪ੍ਰਗਟ ਕਰਦਾ ਹੈ। ਉਹ ਨਾ ਰੱਬ ਵਿਚ ਅਭੇਦ ਹੋ ਸਕਦਾ ਹੈ, ਨਾ ਹੀ ਉਸ ਜਿਤਨਾ ਵਡਾ ਹੋਣ ਦੀ ਉਸ ਨੂੰ ਕੋਈ ਲੋੜ ਹੈ, ਕਿਉਂ

ਕਿ ਉਸ ਦਾ ਫ਼ਰਜ਼ ਸੀਮਿਤ ਹੈ, ਗੁਰੂ ਵਰਗਾ ਵਿਸ਼ਾਲ ਨਹੀਂ। ਗੁਰੂ ਰੱਬ ਅਤੇ ਮਨੁੱਖ ਵਿਚ ਵਿਚੋਲਾ ਇਸ ਕਾਰਨ ਹੈ ਕਿ ਉਹ ਇਕ ਪਾਸੇ ਰੱਬ ਦੇ ਭਾਸ਼ਾ-ਮੁਕਤ ਹੁਕਮ ਨੂੰ ਜਾਣਨ ਦੇ ਸਮਰਥ ਹੈ ਅਤੇ ਦੂਜੇ ਪਾਸੇ ਉਸ ਹੁਕਮ ਨੂੰ ਮਾਨਵੀ ਭਾਸ਼ਾ ਦੇਣ ਦੇ ਸਮਰਥ ਹੈ। ਇਸ ਲਈ ਸਿਖ ਧਰਮ ਵਿਵਸਥਾ ਵਿਚ ਰ"ਬ ਦੀ ਬਾਣੀ ਨੂੰ ਇਲਹਾਮ ਕਹਿਣ ਦੀ ਜ਼ਰੂਰਤ ਨਹੀਂ, ਉਸ ਨੂੰ ਨਿਰਸੰਕੋਚ ਗੁਰੂ ਦਾ ਸ਼ਬਦ ਕਿਹਾ ਜਾ ਸਕਦਾ ਹੈ ਅਤੇ ਸਿਖ ਕਹਿੰਦੇ ਹੀ ਹਨ। ਗੁਰੂ ਦੇ ਸ਼ਬਦ ਅਤੇ ਰੱਬ ਦੀ ਬਾਣੀ ਵਿਚ ਰੰਚਕ-ਮਾਤ੍ਰ ਵੀ ਭੇਦ ਨਾ ਹੋਣ ਕਾਰਨ ਇਕੋ ਬਾਣੀ ਜਾਂ ਸ਼ਬਦ ਨੂੰ ਗੁਰੂ ਦਾ ਬਚਨ ਵੀ ਮੰਨਿਆ ਜਾ ਸਕਦਾ ਹੈ ਅਤੇ 'ਧੁਰ ਕੀ ਬਾਣੀ' ਵੀ।

'ਧੁਰ ਕੀ ਬਾਣੀ' ਸਤਵੇਂ ਆਕਾਸ਼ ਤੋਂ ਆਇਆ ਇਲਹਾਮ ਨਹੀਂ, ਕਿਉਂਕਿ ਵਾਹਿਗੁਰੂ ਆਪਣੀ ਸਿਰਜੀ ਪ੍ਰਕ੍ਰਿਤੀ ਨਾਲ ਅਭਿੰਨ ਹੈ। ਉਹ ਜੀਵਾਂ ਦੇ ਧੁਰ ਅੰਦਰ ਨਿਵਾਸ ਕਰਦਾ ਹੈ। ਅਕਾਲ-ਪੁਰਖ ਦੇ ਹੁਕਮ ਦਾ ਪ੍ਰਕਾਸ਼ ਗੁਰੂ ਦੇ ਅੰਤਹਕਰਣ ਵਿਚ ਹੈ। ਉਸ ਅੰਤਹਕਰਣ ਦੀਆਂ ਸੂਖਮ ਤੋਂ ਸੂਖਮ ਪਰਤਾਂ ਵਿਚੋਂ ਉਤਪੰਨ ਹੋਇਆ ਗੁਰੂ-ਸ਼ਬਦ ਧੁਰ ਕੀ ਬਾਣੀ ਹੈ। ਇਸ 'ਧੁਰ ਅੰਦਰੋਂ' ਨਿਕਲੀ ਬ੍ਰਹਮ-ਬਾਣੀ ਦੇ ਰਚਇਤਾ ਰੂਪ ਵਿਚ ਨਾਨਕ, ਕਬੀਰ, ਤ੍ਰਿਲੋਚਨ, ਰਵਿਦਾਸ ਆਦਿ ਪਦਾਂ ਦਾ ਅੰਕਿਤ ਹੋ ਜਾਣਾ, ਇਸ ਦੇ ਦੈਵੀ ਹੋਣ ਪ੍ਰਤੀ ਕੋਈ ਸੰਦੇਹ ਨਹੀਂ ਉਪਜਾਂਦਾ, ਕਿਉਂਕਿ 'ਬ੍ਰਹਮ ਮਹਿ ਜਨੁ ਜਨ ਮਹਿ ਪਾਰਬ੍ਰਹਮੁ ॥ ਏਕਹਿ ਆਪਿ ਨਹੀ ਕਛੁ ਭਰਮੁ' ਦਾ ਮਹਾ-ਪਵਿੱਤਰ ਅਦ੍ਵੈਤ-ਚਿੰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚਲੇ ਅਧਿਆਤਮਵਾਦ ਦਾ ਮੂਲ-ਆਧਾਰ ਹੈ। ਜੇ ਮੇਰੇ ਮਿਤ੍ਰ ਗੁਰਤਰਨ ਸਿੰਘ ਜੀ ਇਸ ਚਿੰਤਨ ਦਾ ਕੋਈ ਸੂਤਰ ਪਵਿੱਤਰ ਕੁਰਾਨ ਵਿਚੋਂ ਕਢ ਦੇਣ, ਤਾਂ ਮੈਨੂੰ ਉਨ੍ਹਾਂ ਦੀ ਸੁਹਿਰਦ ਮਿਤ੍ਰਤਾ ਅਤੇ ਅਸੀਮ ਬੌਧਿਕ ਸਮਰਥਾ ਤੋਂ ਵਡੀ ਪ੍ਰਾਪਤੀ ਹੋ ਸਕੇਗੀ।

ਹੁਣ ਅਸੀਂ ਇਲਹਾਮ ਦੇ ਅਵਤ੍ਰਣ ਸੰਬੰਧੀ ਇਸਲਾਮਿਕ ਧਾਰਨਾਵਾਂ ਦੀ ਗੁਰਮਤਿ ਵਿਚ ਵਿਆਪਕਤਾ ਦਾ ਵਿਸ਼ਲੇਸ਼ਣ ਕਰਾਂਗੇ। ਮੈਂ ਇਹ ਵੀ ਸਪਸ਼ਟ ਕਰ ਦੇਵਾਂ ਕਿ ਅਜਿਹੇ ਵਿਸ਼ਲੇਸ਼ਣ ਅਤੇ ਤੁਲਨਾ ਸਰਵਥਾ ਅਵਾਂਛਿਤ ਹਨ। ਸਾਰੇ ਧਰਮਾਂ ਦੇ ਆਪਣੇ ਵਿਲਖਣ ਬਾਹਰੀ ਵਿਧਾਨ ਹਨ। ਉਨ੍ਹਾਂ ਦੀ ਖ਼ੂਬਸੂਰਤੀ ਆਪਣੇ-ਆਪਣੇ ਦਾਇਰੇ ਵਿਚ ਹੈ। ਕਿਸੇ ਦੀ ਸੁੰਦਰਤਾ ਨੂੰ ਘਟ ਦਸਣ ਦਾ ਪਾਪ ਕਰਨ ਦੀ ਕੋਈ ਲੋੜ ਨਹੀਂ। ਮੇਰਾ ਧਰਮ ਮੇਰੇ ਵਾਸਤੇ ਖ਼ੂਬਸੂਰਤ ਸਿਰਫ਼ ਤਦੋਂ ਹੀ ਨਹੀਂ ਹੋ ਸਕਦਾ, ਜਦੋਂ ਮੈਂ ਦੂਜਿਆਂ ਸਾਰਿਆਂ ਨੂੰ ਬਦਸੂਰਤ ਸਿਧ ਕਰ ਦੇਵਾਂ। ਬਲਕਿ ਮੈਂ ਆਪਣੇ ਧਰਮ

ਦੀ ਸੁੰਦਰਤਾ ਦਾ ਆਨੰਦ ਤਦੋਂ ਹੀ ਮਾਣ ਸਕਦਾ ਹਾਂ, ਜਦੋਂ ਇਹੋ ਜਿਹਾ ਆਨੰਦ ਮਾਣਦਿਆਂ ਗੈਰ-ਧਰਮੀ ਵੀ ਸੋਹਣੇ ਲਗਦੇ ਹੋਣ। ਮੈਂ ਅਜਿਹੀ ਤੁਲਨਾ ਪ੍ਰਸਤੁਤ ਕਰਨ ਵਾਸਤੇ ਮਜ਼ਬੂਰ ਹਾਂ, ਕਿਉਂਕਿ ਇਹ ਮੇਰੇ ਉਤੇ ਗੁਰਤਰਨ ਦੇ ਦ੍ਵੈਤਿਕ, ਭ੍ਰਾਂਤਿਕ ਅਤੇ ਪਥ-ਭ੍ਰਸ਼ਟ ਚਿੰਤਨ ਨੇ ਥੋਪ ਦਿੱਤੀ ਹੈ। ਸੋ ਪਾਠਕ-ਜਨ ਜੀ ਮਜ਼ਬੂਰੀ ਵਾਸਤੇ ਇਹ ਅਨੁਚਿਤ ਤੁਲਨਾ ਪ੍ਰਸਤੁਤ ਕਰਨੀ ਉਚਿਤ ਹੋ ਗਈ ਹੈ-

- ਹਜ਼ਰਤ ਮੁਹੰਮਦ ਸਾਹਿਬ ਨੂੰ ਕੁਰਾਨ ਦੀਆਂ ਆਇਤਾਂ ਲਿਖਿਤ ਰੂਪ ਵਿਚ ਪ੍ਰਾਪਤ ਹੋਈਆਂ ਸਨ, ਪਰ ਗੁਰੂ ਜੀ ਨੇ ਦੈਵੀ-ਬਾਣੀ ਨੂੰ ਲਿਖਿਤ ਰੂਪ ਆਪ ਦਿੱਤਾ ਸੀ। ਕੋਈ ਅਜਿਹਾ ਇਤਿਹਾਸਿਕ ਜਾਂ ਸਾਹਿਤਿਕ ਪ੍ਰਮਾਣ ਪ੍ਰਾਪਤ ਨਹੀਂ ਹੁੰਦਾ ਕਿ ਗੁਰੂ ਜੀ ਨੂੰ ਕਿਸੇ ਵੀ ਜਾਮੇ ਵਿਚ ਕਿਸੇ ਵੀ ਸਮੇਂ ਅਕਾਲ-ਪੁਰਖ ਤੋਂ ਲਿਖਿਤ ਬਾਣੀ ਮਿਲੀ ਹੋਵੇ। ਇਲਹਾਮ ਪ੍ਰਾਪਤੀ ਸਮੇਂ ਜੋ ਦੁਵਿਧਾ ਪੈਗੰਬਰ ਸਾਹਮਣੇ ਹੈ, ਉਹ ਗੁਰੂ ਸਾਹਿਬਾਨ ਅਤੇ ਭਗਤਾਂ ਸਾਹਮਣੇ ਕਦੇ ਨਹੀਂ। ਪਹਿਲੀ ਵਾਰ ਵਹੀ ਆਉਣ ਤੇ ਜਬਰਾਈਲ ਨੇ ਪੜ੍ਹਨ ਵਾਸਤੇ ਕਿਹਾ ਤਾਂ ਪੈਗੰਬਰ ਜੀ ਨੇ ਕਿਹਾ 'ਮੈਂ ਉਮੀ ਹਾਂ ਪੜ੍ਹ ਨਹੀਂ ਸਕਦਾ'। ਜਬਰਾਈਲ ਦੇ ਤਿੰਨ ਵਾਰ ਕਹਿਣ 'ਤੇ ਪੈਗੰਬਰ ਸਾਹਿਬ ਨੇ ਇਲਹਾਮੀ ਆਇਤਾਂ ਪੜ੍ਹੀਆਂ ਸਨ। ਉਸ ਸਮੇਂ ਵੀ ਉਨ੍ਹਾਂ ਸਾਹਮਣੇ ਇਹ ਦੁਵਿਧਾ ਰਹੀ ਮੌਜੂਦ ਸੀ ਕਿ ਉਨ੍ਹਾਂ ਨੇ ਵਾਸਤਵ ਵਿਚ ਫ਼ਰਿਸ਼ਤੇ ਨੂੰ ਵੇਖਿਆ ਹੈ ਜਾਂ ਸ਼ੈਤਾਨ ਨੂੰ। ਇਹ ਦੁਵਿਧਾ ਬੁਜ਼ੁਰਗ ਵਰੱਕਾਹ ਨੇ ਦੂਰ ਕੀਤੀ ਸੀ। ਉਸ ਨੇ ਹਜ਼ਰਤ ਮੁਹੰਮਦ ਸਾਹਿਬ ਅਤੇ ਉਨ੍ਹਾਂ ਦੀ ਪਤਨੀ ਨੂੰ ਇਹ ਯਕੀਨ ਦਿਵਾਇਆ ਸੀ ਕਿ ਮੁਹੰਮਦ ਸਾਹਿਬ ਪੈਗੰਬਰ ਹੋ ਗਏ ਹਨ। ਗੁਰੂ ਸਾਹਿਬਾਨ ਨੂੰ ਨਾ ਕਦੇ ਕਿਸੇ ਫ਼ਰਿਸ਼ਤੇ ਜਾਂ ਦੇਵਤੇ ਨੇ ਬਾਣੀ ਪੜ੍ਹਨ ਦੀ ਪ੍ਰੇਰਨਾ ਕੀਤੀ, ਨਾ ਉਨ੍ਹਾਂ ਦੇ ਮਨ ਵਿਚ ਕੋਈ ਦੁਚਿਤੀ ਸੀ। ਨਾ ਹੀ ਉਹ ਬਾਣੀ ਦੇ ਅਵਤ੍ਰਣ ਸਮੇਂ ਕਿਸੇ ਮਾਨਸਿਕ ਪੀੜਾ ਤੋਂ ਗ੍ਰਸਤ ਸਨ। ਉਲਟਾ ਉਹ ਸ਼ਬਦ-ਅਵਤ੍ਰਣ ਸਮੇਂ ਪਰਮ-ਆਨੰਦ ਵਿਚ ਅਜਿਹੇ ਲੀਨ ਹੁੰਦੇ ਕਿ ਸਾਰੀ ਸ੍ਰਿਸ਼ਟੀ ਉਨ੍ਹਾਂ ਦੇ ਨਾਲ ਪ੍ਰਭੂ-ਕੀਰਤੀ ਗਾਇਨ ਕਰਦੀ ਆਨੰਦ-ਮਗਨ ਹੋ ਜਾਂਦੀ ਸੀ।
- ਕਦੇ-ਕਦੇ ਪੈਗੰਬਰ ਮੁਹੰਮਦ ਸਾਹਿਬ ਨੂੰ ਘੰਟੀਆਂ ਵਰਗੀ ਵਿਸ਼ੇਸ਼ ਆਵਾਜ਼ ਸੁਣਾਈ ਦੇਂਦੀ ਸੀ, ਜਿਸ ਤੋਂ ਉਹ ਅੱਲਾਹ ਦਾ ਹੁਕਮ ਸਮਝ ਲੈਂਦੇ ਸਨ। ਸਿਖ ਗੁਰੂ ਸਾਹਿਬਾਨ ਸੰਬੰਧੀ ਅਸਾਂ ਕਿਤੇ ਨਹੀਂ ਪੜ੍ਹਿਆ ਕਿ ਉਨ੍ਹਾਂ ਨੂੰ ਅਜਿਹੀ

ਕੋਈ ਆਵਾਜ਼ ਸੁਣਾਈ ਦੇਂਦੀ ਹੋਵੇ। ਉਨ੍ਹਾਂ ਦਾ ਤੀਨ-ਲੋਕ ਤਕ ਵਿਸਤ੍ਰਿਤ ਹਿਰਦਾ ਬਾਣੀ ਦਾ ਅਤਿ ਵਿਸ਼ਾਲ ਸਮੁੰਦਰ ਸੀ, ਜਿਥੋਂ ਗੁਰੂ ਦੀ ਇਛਾ ਅਨੁਸਾਰ ਅਨੇਕਾਂ ਸ਼ਬਦ ਸਫਟਿਤ ਹੋਣ ਵਾਸਤੇ ਹਮੇਸ਼ਾ ਤਿਆਰ ਸਨ, ਉਹ ਵੀ ਬਿਨਾ ਕਿਸੇ ਫ਼ਰਿਸ਼ਤੇ ਦੀ ਸਹਾਇਤਾ ਦੇ ਅਤੇ ਬਿਨਾ ਕਿਸੇ ਬਾਹਰੀ ਪ੍ਰੇਰਨਾ ਦੇ।

- ਹਜ਼ਰਤ ਮੁਹੰਮਦ ਸਾਹਿਬ ਨੂੰ ਕਈ ਵਾਰ ਜਬਰਾਈਲ ਫ਼ਰਿਸ਼ਤਾ ਕਦੇ ਆਦਮੀ ਦੀ ਸ਼ਕਲ ਵਿਚ ਕਦੇ ਆਪਣੇ ਵਾਸਤਵਿਕ ਰੂਪ ਵਿਚ ਕੁਰਾਨ ਦੀਆਂ ਆਇਤਾਂ ਦੇਂਦਾ ਸੀ, ਗੁਰੂ ਜੀ ਅਤੇ ਅਕਾਲ-ਪੁਰਖ ਵਿਚ ਕਦੇ ਕੋਈ ਅਜਿਹਾ ਵਿਚੋਲਾ ਨਹੀਂ ਰਿਹਾ। ਨਾ ਫ਼ਰਿਸ਼ਤਿਆਂ ਜਾਂ ਦੇਵਤਿਆਂ ਦੀ ਹੋਂਦ ਉਤੇ ਸਿਖ ਧਰਮ ਦਾ ਵਿਸ਼ਵਾਸ ਹੈ। ਸਿਖ ਧਰਮ ਅਨੁਸਾਰ ਚੰਗਾ ਮਨੁੱਖ ਹੀ ਦੇਵਤਾ ਹੈ, ਉਹੋ ਫ਼ਰਿਸ਼ਤਾ ਹੈ।
- ਕੁਝ ਪ੍ਰਸਥਿਤੀਆਂ ਵਿਚ ਜਬਰਾਈਲ ਹਜ਼ਰਤ ਮੁਹੰਮਦ ਸਾਹਿਬ ਨੂੰ ਨੀਂਦ ਦੀ ਅਵਸਥਾ ਵਿਚ ਅੱਲਾਹ ਦੇ ਬਚਨ ਸੁਣਾ ਜਾਂਦਾ ਸੀ। ਗੁਰੂ ਜੀ ਨੂੰ ਕਦੇ ਨੀਂਦ ਵਿਚ ਕਿਸੇ ਤੋਂ ਬਾਣੀ ਪ੍ਰਾਪਤ ਨਹੀਂ ਹੋਈ। ਉਨ੍ਹਾਂ ਦਾ ਆਪਣੇ ਵਾਹਿਗੁਰੂ ਨਾਲ ਸਿਧਾ ਸੰਪਰਕ ਸੀ ਅਤੇ ਗੁਰਬਾਣੀ ਦਾ ਇਕ-ਇਕ ਅੱਖਰ ਉਨ੍ਹਾਂ ਦੀ ਜਾਗ੍ਰਿਤ, ਸਚੇਤ ਅਤੇ ਸਾਵਧਾਨ ਅਵਸਥਾ ਦਾ ਸ਼੍ਰੇਸ਼ਠਤਮ ਪ੍ਰਤੀਕ ਹੈ।
- ਕੁਰਾਨ ਦੇ ਅਵਤ੍ਰਣ ਸਮੇਂ ਕਈ ਵਾਰ ਅੱਲਾਹ ਪੈਗੰਬਰ ਸਾਹਿਬ ਦੇ ਕੰਨ ਵਿਚ ਕੁਝ ਕਹਿ ਜਾਂਦਾ ਸੀ, ਜਾਂ ਦਿਲ ਵਿਚ ਫੁਰਨਾ ਪੈਦਾ ਕਰ ਦੇਂਦਾ ਸੀ। ਅਕਾਲ-ਪੁਰਖ ਨੇ ਗੁਰੂ ਜੀ ਦੇ ਕੰਨਾਂ ਵਿਚ ਕਦੇ ਕੁਝ ਕਿਹਾ ਹੋਵੇ, ਇਹ ਮੈਂ ਕਿਤੋਂ ਨਹੀਂ ਪੜ੍ਹਿਆ। ਗੁਰਤਰਨ ਜੀ ਨੇ ਪੜ੍ਹਿਆ ਹੋ ਸਕਦਾ ਹੈ। ਹਾਂ ਅਸੀਂ ਪਹਿਲਾਂ ਹੀ ਕਹਿ ਚੁਕੇ ਹਾਂ ਕਿ ਉਨ੍ਹਾਂ ਦੇ ਅੰਤਹਕਰਣ ਵਿਚ ਦੈਵੀ-ਪ੍ਰਕਾਸ਼ ਸਥਿਤ ਸੀ, ਜੋ ਗੁਰੂ ਦੀ ਇਛਾ ਅਨੁਸਾਰ ਸਮੇਂ-ਸਮੇਂ ਬਾਣੀ ਰੂਪ ਧਾਰਨ ਕਰਦਾ ਸੀ। ਉਹ ਨਿਰਸੰਸੇ ਕਿਸੇ ਫੁਰਨੇ ਤੋਂ ਉਚਾ ਹੈ।
- ਕੁਝ ਮੌਕਿਆਂ ਤੇ ਅੱਲਾਹ ਪਰਦੇ ਪਿਛੇ ਬੋਲ ਕੇ ਹਜ਼ਰਤ ਮੁਹੰਮਦ ਸਾਹਿਬ ਨੂੰ ਕੁਰਾਨ ਦੀਆਂ ਆਇਤਾਂ ਸੁਣਾ ਦੇਂਦਾ ਸੀ। ਸਿਖ ਧਰਮ ਵਿਚ 'ਹਰਿ ਹਰਿ ਜਨ ਦੁਇ ਏਕ ਹੈ' ਦਾ ਨਗਾਰਾ ਗੂੰਜ ਰਿਹਾ ਹੈ। ਗੁਰੂ ਅਤੇ ਵਾਹਿਗੁਰੂ ਵਿਚ ਕਿਸੇ ਪਰਦੇ ਦੀ ਗੱਲ ਕਰਨਾ ਤਾਂ ਬਹੁਤ ਬਡੀ ਬੇਸਮਝੀ ਹੈ, ਦੋ ਵਖਰੀਆਂ

ਹਸਤੀਆਂ ਦੀ ਕਲਪਨਾ ਹੀ ਗ਼ਲਤ ਹੈ। 'ਵਾਹਿਗੁਰੂ' ਪਦ ਗੁਰੂ-ਪਰਮੇਸ਼ਰ ਦੀ ਏਕਤਾ ਦਾ ਅਕਟ ਪ੍ਰਮਾਣ ਹੈ। ਇਹ ਪਦ ਅਕਾਲ-ਪੁਰਖ ਨੂੰ ਗੁਰੂ ਰੂਪ ਵਿਚ ਹੀ ਜਪਣ ਦੀ ਪ੍ਰੇਰਨਾ ਦੇਂਦਾ ਹੈ। ਗੁਰੂ ਦੀ ਵਾਹ ਜਾਂ ਧੰਨਤਾ ਕਰਨ ਲਈ ਸਿਖ ਨੂੰ ਪ੍ਰੇਰਦਾ ਹੈ। ਗੁਰੂ ਅਕਾਲ-ਪੁਰਖ ਨਾਲ ਅਭਿੰਨ ਜਪਣ ਯੋਗ ਹਸਤੀ ਹੈ। ਪੈਗ਼ੰਬਰ ਅੱਲਾਹ ਤੋਂ ਸਰਵਥਾ ਭਿੰਨ ਹੈ। ਦੋਵਾਂ ਦਾ ਅਸਲਾ ਅਤੇ ਜ਼ਾਤ ਵਖ-ਵਖ ਹਨ। ਪੈਗ਼ੰਬਰ ਦਾ ਨਾਮ ਜਪਿਆ ਨਹੀਂ ਜਾ ਸਕਦਾ, ਉਸ ਵਾਸਤੇ ਕੇਵਲ ਦੁਆ ਕਰਨ ਦਾ ਵਿਧਾਨ ਹੈ।

- ਇਲਹਾਮ ਅਤੇ ਸ਼ਬਦ ਜਾਂ ਬਾਣੀ ਵਿਚ ਇਕ ਅਤਿ ਸਥੂਲ ਅੰਤਰ ਇਹ ਹੈ ਕਿ ਇਲਹਾਮ ਦੇ ਦੋ ਮੁਖ ਭੇਦ ਹਨ- ੳ. ਬਾਹਰੀ ਪ੍ਰੇਰਨਾ ਦੁਆਰਾ ਅਵਤ੍ਰਿਤ ਇਲਹਾਮ। ਇਹ ਉਹ ਇਲਹਾਮ ਹੈ, ਜੋ ਜਬਰਾਈਲ ਦੇ ਮੁਖ ਤੋਂ ਪ੍ਰਾਪਤ ਹੋ ਕੇ ਸਿਧਾ ਪੈਗ਼ੰਬਰ ਸਾਹਿਬ ਦੇ ਕੰਨਾਂ ਤਕ ਪੁਜਦਾ ਸੀ ਅਤੇ ਹਜ਼ਰਤ ਮੁਹੰਮਦ ਸਾਹਿਬ ਨੂੰ ਪੂਰਾ ਵਿਸ਼ਵਾਸ ਹੁੰਦਾ ਕਿ ਰੱਬ ਦਾ ਸੁਨੇਹਾ ਲਿਆਉਣ ਵਾਲਾ ਜਬਰਾਈਲ ਤੋਂ ਸਿਵਾ ਕੋਈ ਹੋਰ ਨਹੀਂ ਹੈ। ਕੇਵਲ ਇਸੇ ਕਿਸਮ ਦੀ ਪ੍ਰੇਰਨਾ ਤੋਂ ਆਇਆ ਇਲਹਾਮ ਪਵਿੱਤਰ ਕੁਰਾਨ ਵਿਚ ਅੰਕਿਤ ਹੋਇਆ ਹੈ। ਅ. ਆਂਤ੍ਰਿਕ ਪ੍ਰੇਰਨਾ ਉਹ ਵਿਚਾਰ ਹੈ, ਜਦੋਂ ਪੈਗ਼ੰਬਰ ਸਾਹਿਬ ਵਿਵੇਕ ਅਤੇ ਯੁਕਤੀ ਨਾਲ ਕਿਸੇ ਗੱਲ ਨੂੰ ਜਾਣਦੇ, ਠੀਕ ਉਸੇ ਤਰ੍ਹਾਂ ਜਿਵੇਂ ਕੋਈ ਇਸਲਾਮ ਦਾ ਬਹੁਤ ਸੂਝਵਾਨ ਵਿਦਵਾਨ ਸਮਝਦਾ ਅਤੇ ਸਮਝਾਉਂਦਾ ਹੈ। ਪੈਗ਼ੰਬਰ ਸਾਹਿਬ ਜਦੋਂ ਧਰਮ ਦੀ ਵਿਆਖਿਆ ਆਪਣੇ ਦੁਆਰਾ ਕਰਦੇ, ਤਾਂ ਉਹ ਹੇਠਲੇ ਦਰਜੇ ਦਾ ਗਿਆਨ ਮੰਨਿਆ ਜਾਂਦਾ। ਇਸ ਪ੍ਰੇਰਨਾ ਤੋਂ ਉਪਜਿਆ ਗਿਆਨ 'ਹਦੀਸ' ਵਿਚ ਅੰਕਿਤ ਹੈ। ਜਿਸ ਨੂੰ ਕੁਰਾਨ ਦਾ ਦਰਜਾ ਪ੍ਰਾਪਤ ਨਹੀਂ। ਸਿਖ ਧਰਮ ਵਿਚ ਸਥਿਤੀ ਬਿਲਕੁਲ ਉਲਟ ਹੈ। ਗੁਰੂ ਜੋ ਆਪ ਪਰਮੇਸ਼ਰ ਨਾਲ ਅਭਿੰਨ ਹੈ, ਉਸ ਨੂੰ ਕਿਸੇ ਬਾਹਰੀ ਪ੍ਰੇਰਨਾ ਦੀ ਜ਼ਰੂਰਤ ਨਹੀਂ, ਨਾ ਕਿਸੇ ਫ਼ਰਿਸ਼ਤੇ ਦੀ ਵਿਚੋਲਗੀ ਦੀ ਜ਼ਰੂਰਤ ਹੈ। ਨਾ ਹੀ ਕਿਸੇ ਦੀ ਵਿਚੋਲਗੀ ਸਿਖ ਇਤਿਹਾਸ, ਪਰੰਪਰਾ ਅਤੇ ਗੁਰਬਾਣੀ ਨੇ ਕਦੇ ਪ੍ਰਵਾਣ ਕੀਤੀ ਹੈ। ਦੈਵੀ-ਪ੍ਰੇਰਨਾ ਤੋਂ ਗੁਰੂ ਦੇ ਅੰਦਰ ਜੋ ਸ਼ਬਦ-ਪ੍ਰਕਾਸ਼ ਹੋਇਆ ਹੈ, ਉਸ ਦਾ ਮਾਨਵੀ ਭਾਸ਼ਾ ਵਿਚ ਸਫਲ, ਇੰਨ-ਬਿੰਨ ਅਤੇ ਸ਼ੁਧ ਪ੍ਰਗਟਾਵਾ ਸ਼ਬਦ ਜਾਂ ਬਾਣੀ ਹੈ। ਪਾਠਕਾਂ ਲਈ ਇਹ ਜਾਣਨਾ ਆਵਸ਼ਕ ਹੈ ਕਿ ਇਸਲਾਮ ਵਿਚ ਪੈਗ਼ੰਬਰ ਸਾਹਿਬ ਦੇ ਪ੍ਰਕਾਸ਼ਮਾਨ ਅੰਤਹਕਰਣ ਵਿਚੋਂ ਦੂਜੇ ਦਰਜੇ ਦਾ ਗਿਆਨ ਅਰਥਾਤ 'ਹਦੀਸ' ਜਨਮ ਲੈਂਦੀ ਹੈ, ਮੂਲ-ਗਿਆਨ ਕੁਰਾਨ ਨਹੀਂ, ਪਰ ਸਿਖ ਧਰਮ ਵਿਚ ਗੁਰੂ ਦੇ ਪ੍ਰਕਾਸ਼ਮਾਨ ਹਿਰਦੇ ਵਿਚੋਂ ਉਪਜਿਆ ਗਿਆਨ, ਪਰਮ-ਗਿਆਨ ਹੈ, ਸ਼ਬਦ ਹੈ, ਗੁਰਬਾਣੀ ਹੈ। ਇੰਵ ਇਲਹਾਮ ਅਤੇ ਗੁਰਬਾਣੀ ਜਾਂ ਸ਼ਬਦ ਦੇ ਅਵਤ੍ਰਣ ਸੰਬੰਧੀ ਦੋਹਾਂ ਧਰਮਾਂ ਦੇ ਸਿਧਾਂਤ ਵਿਚ ਬੁਨਿਆਦੀ ਅੰਤਰ ਹੈ। ਹਜ਼ਰਤ ਮੁਹੰਮਦ ਸਾਹਿਬ ਆਪਣੇ ਬਚਨਾਂ ਅਤੇ ਰੱਬੀ ਬਾਣੀ ਵਿਚ ਅੰਤਰ ਕਰਦਿਆਂ ਕਹਿੰਦੇ ਸਨ "ਜਦੋਂ ਮੈਂ ਦੀਨ ਦੀ ਗੱਲ ਕਰਾਂ ਤਾਂ ਮੋਮਿਨ ਹਰ ਹਾਲ ਉਸ ਦਾ ਪਾਲਣ ਕਰਨ ਕਿਉਂਕਿ ਉਹ ਅੱਲਾਹ ਦਾ ਹੁਕਮ ਹੈ, ਪਰ ਜਦੋਂ ਮੈਂ ਦੁਨੀ ਦੀ ਗੱਲ ਕਰਾਂ, ਤਾਂ ਮੈਂ ਤੁਹਾਡੇ ਵਰਗਾ ਮਨੁੱਖ ਹਾਂ, ਤੁਸੀਂ ਮੰਨੋ ਚਾਹੇ ਨਾ ਮੰਨੋ।" ਸਿਖ ਧਰਮ ਵਿਚ ਗੁਰੂ ਦਾ ਕਿਉਂਕਿ ਹਿਰਦਾ ਪ੍ਰਕਾਸ਼ਮਾਨ ਹੈ, ਇਸ ਲਈ ਚਾਹੇ ਉਹ ਦੀਨ ਦੀ ਗੱਲ ਕਰੇ ਚਾਹੇ ਦੁਨੀ ਦੀ, ਹਰ ਬਚਨ ਸਿਖ ਨੇ ਜ਼ਰੂਰ ਪਾਲਣਾ ਹੈ। ਗੁਰੂ ਉਸ ਦੇ ਦੀਨ ਅਤੇ ਦੁਨੀ ਦੋਹਾਂ ਦਾ ਪਾਤਸ਼ਾਹ ਹੈ। ਉਂਵ ਗੁਰਤਰਨ ਜੀ ਨੂੰ ਇਹ ਵੀ ਸਮਝ ਹੋਣੀ ਚਾਹੀਦੀ ਹੈ ਕਿ ਜੇ ਇਲਹਾਮ ਦਾ ਇਸਲਾਮੀ ਸਿਧਾਂਤ ਗੁਰਬਾਣੀ ਉਤੇ ਥੋਪਿਆ ਜਾਵੇ, ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਰੀ ਬਾਣੀ 'ਕੁਰਾਨ' ਦਾ ਨਹੀਂ 'ਹਦੀਸ' ਦਾ ਦਰਜਾ ਰਖੇਗੀ, ਜਦੋਂ ਕਿ ਸਿਖ ਗੌਰਵ ਨਾਲ ਕਹਿੰਦੇ ਹਨ, ਰੱਬੀ ਬਾਣੀਆਂ ਵਿਚੋਂ ਉਨ੍ਹਾਂ ਦਾ ਗ੍ਰੰਥ ਸਰਵ-ਸ਼੍ਰੇਸ਼ਠ ਹੈ। ਗੁਰਤਰਨ ਦੀ ਗੁਲਾਮ ਸੋਚ ਪੰਥ ਦਾ ਝੰਡਾ ਉਚਾ ਨਹੀਂ ਕਰਦੀ, ਅਤਿ ਨੀਵਾਂ ਅਤੇ ਦੂਜਿਆਂ ਦਾ ਦਬੇਲ ਬਣਾਉਂਦੀ ਹੈ, ਕਿਉਂਕਿ ਜੋ ਲੋਕ ਦੂਜੀਆਂ ਕੌਮਾਂ ਦੀ ਚੜ੍ਹਤ ਅਤੇ ਸ਼ਾਨ ਸਾਹਮਣੇ ਆਪਣੇ-ਆਪ ਨੂੰ ਹੀਣਾ ਸਮਝ ਕੇ- "ਆਦਿ ਪੁਰਖ ਕਉ ਅਲਹੁ ਕਹੀਐ ਸੇਖਾਂ ਆਈ ਵਾਰੀ ॥ ਦੇਵਲ ਦੇਵਤਿਆ ਕਰੁ ਲਾਗਾ ਐਸੀ ਕੀਰਤਿ ਚਾਲੀ ॥ ੫ ॥ ਕੂਜਾ ਬਾਂਗ ਨਿਵਾਜ ਮੁਸਲਾ ਨੀਲ ਰੂਪ ਬਨਵਾਰੀ ॥ ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ" -ਦਾ ਰਾਹ ਪਕੜਦੇ ਹਨ, ਉਹ ਕੌਮ ਦਾ ਗੌਰਵ ਵਧਾਉਂਦੇ ਨਹੀਂ, ਉਸ ਨੂੰ ਮਹਾਪਤਨ ਅਤੇ ਘੋਰ ਵਿਨਾਸ਼ ਵਲ ਲਿਜਾਂਦੇ ਹਨ। ਪਾਠਕ ਆਪ ਨਿਰਣਾ ਕਰ ਲੈਣ ਕਿ ਧਰਮ ਦੇ ਸੂਖਮ ਸੂਤਰਾਂ ਤੋਂ ਮੈਂ ਵਿਦਿਤ/ ਅਵਿਦਿਤ ਹਾਂ ਜਾਂ ਮੇਰੇ ਪਰਮ ਮਿਤ੍ਰ ਡਾ. ਗੁਰਤਰਨ ਸਿੰਘ ਜੀ।

ਹੁਣ ਅਸੀਂ ਇਹ ਵੇਖਣ ਦਾ ਯਤਨ ਕਰਾਂਗੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਏ ਭਗਤਾਂ ਦੀ ਪਾਰਬ੍ਰਹਮ ਤਕ ਪਹੁੰਚ ਸੀ ਜਾਂ ਨਹੀਂ, ਉਨ੍ਹਾਂ ਦਾ ਧੁਰ-ਅੰਤਰ ਰੱਬੀ ਬਾਣੀ ਪ੍ਰਗਟ ਕਰਨ ਦੇ ਸਮਰਥ ਸੀ ਜਾਂ ਨਹੀਂ। ਮੇਰਾ ਮੱਤ ਹੈ ਕਿ ਭਗਤ ਪਾਰਬ੍ਰਹਮ ਵਿਚ ਸਰਬ-ਭਾਂਤ ਅਭੇਦ ਸਨ ਅਤੇ ਉਨ੍ਹਾਂ ਦੇ ਅੰਤਹਕਰਣ ਵਿਚੋਂ ਪ੍ਰਗਟ ਹੋਇਆ 'ਸ਼ਬਦ' ਕਿਸੇ ਵੀ ਸਥਿਤੀ ਵਿਚ ਗੁਰਬਾਣੀ ਤੋਂ ਵਧ ਜਾਂ ਘਟ ਨਹੀਂ ਆਂਕਿਆ ਜਾ ਸਕਦਾ, ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਪੋਥੀ ਜਾਂ ਸ਼ਬਦ ਨੂੰ ਪਰਮੇਸ਼ਰ ਦਾ ਹੀ ਇਕ ਰੂਪ ਕਿਹਾ ਹੈ ਅਤੇ ਪਰਮੇਸ਼ਰ ਦੇ ਕਿਸੇ ਅੰਗ ਨੂੰ ਵਡਾ ਜਾਂ ਛੋਟਾ ਨਹੀਂ ਕਿਹਾ ਜਾ ਸਕਦਾ। ਨਾ ਹੀ ਇਹ ਕਿਹਾ ਜਾ ਸਕਦਾ ਹੈ ਕਿ ਗੁਰੂ ਜੀ ਦਾ ਪਰਮੇਸ਼ਰ ਭਗਤਾਂ ਦੇ ਪਾਰਬ੍ਰਹਮ ਤੋਂ ਉਚਾ ਸੀ। ਨਾ ਇਹ ਮੰਨਿਆ ਜਾ ਸਕਦਾ ਹੈ ਕਿ ਭਗਤ ਪਰਮੇਸ਼ਰ ਦੇ ਉਸ ਤਰ੍ਹਾਂ ਨਜ਼ਦੀਕ ਨਹੀਂ ਸਨ, ਜਿਵੇਂ ਸਾਡੇ ਗੁਰੂ-ਪਾਤਸ਼ਾਹ ਹਜ਼ੂਰ ਸਨ। ਜੇ 'ਗੁਰਤਰਨ' ਨੇ ਇਸਲਾਮ ਬਾਰੇ ਕੁਝ ਪੜ੍ਹਿਆ ਹੈ, ਤਾਂ ਉਹ ਜ਼ਰੂਰ ਜਾਣਦਾ ਹੋਵੇਗਾ ਕਿ ਇਸਲਾਮ ਵਿਚ ਇਹ ਦਰਜੇਬੰਦੀ ਹੈ। ਪੈਗੰਬਰ ਸਾਹਿਬ ਦੇ ਸਤਵੇਂ ਆਕਾਸ਼ ਜਾਣ ਵਾਲੀ ਕਥਾ ਵਿਚ ਅਬਰਾਹਮ, ਮੂਸਾ, ਈਸਾ ਆਦਿ ਪਹਿਲੇ ਪੈਗੰਬਰਾਂ ਨੂੰ ਵਖ-ਵਖ ਆਕਾਸ਼ਾਂ 'ਤੇ ਵਿਖਾਇਆ ਗਿਆ ਹੈ। ਪਰ ਗੁਰੁਬਾਣੀ ਦੇ ਅਧਿਆਤਮਵਾਦ ਵਿਚ ਦਰਜੇਬੰਦੀ ਨੂੰ ਕੋਈ ਸਥਾਨ ਨਹੀਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਗੁਰਤਰਨ ਸਿੰਘ ਵਰਗੇ ਪੱਖਪਾਤੀ ਅਤੇ ਦ੍ਵੈਤ-ਪੀੜਿਤ ਵਿਅਕਤੀਆਂ ਦੁਆਰਾ ਸਿਰਜੀਆਂ ਸਮੂਹ ਦਰਜੇਬੰਦੀਆਂ ਨੂੰ ਨਕਾਰਦਿਆਂ ਸਾਧਕਾਂ ਦੀ ਅੰਤਿਮ ਮੰਜ਼ਿਲ 'ਬੇਗਮਪੁਰੇ' ਵਿਚ ਸਥਿਤ ਕਰ ਕੇ ਹਰ ਦੀਵਾਰ, ਹਰ ਭੇਦ-ਭਾਵ, ਹਰ ਊਚ-ਨੀਚ ਨੂੰ ਪੂਰੀ ਤਰ੍ਹਾਂ ਵਿਨਸ਼ਟ ਕਰ ਕੇ ਇਕ ਪ੍ਰਭੂ-ਦਰਬਾਰ ਦੀ ਸਿਰਜਣਾ ਕੀਤੀ ਹੈ। ਹਰ ਜੀਵ ਉਥੋਂ ਆਇਆ ਹੈ, ਉਸੇ ਵਿਚ ਸਮਾ ਜਾਵੇਗਾ, ਯਥਾ- ਤਾਹੀ ਤੇ ਉਪਜ ਸਭੇ ਤਾਹੀ ਮਹਿ ਸਮਾਹਿੰਗੇ। ਸੱਤ ਆਕਾਸ਼ ਅਤੇ ਸੱਤ ਪਾਤਾਲ ਦਾ ਇਸਲਾਮੀ ਸਿਧਾਂਤ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਗ਼ਦਾਦ ਵਰਗੇ ਇਸਲਾਮਿਕ ਕੇਂਦਰ ਵਿਚ ਵੀ ਨਕਾਰ ਦਿੱਤਾ ਸੀ। ਅਕਾਲ-ਪੁਰਖ ਦੀ ਬਾਦਸ਼ਾਹਤ ਤਾਂ ਹੀ ਸਦੀਵੀ ਹੈ, ਕਿਉਂਕਿ ਉਥੇ ਦ੍ਵੈਤ ਅਤੇ ਦ੍ਵੇਸ਼ ਪ੍ਰੇਰਿਤ ਲੋਕਾਂ ਦੇ ਪੈਰ ਰਖਣ ਵਾਸਤੇ ਕੋਈ ਸਥਾਨ ਨਹੀਂ। ਉਥੇ ਉਨ੍ਹਾਂ ਦਿਲ ਦੇ ਅਮੀਰ ਲੋਕਾਂ ਦਾ ਆਗਮਨ ਸਵਾਗਤ ਯੋਗ ਹੈ, ਜਿਹੜੇ ਜਾਤਿ ਅਤੇ ਧਰਮ ਧਰਮ ਦੀਆਂ ਤੰਗ-ਦਿਲੀਆਂ ਤੋਂ

ਮੁਕਤ ਹਨ। 'ਹਮਸ਼ਹਿਰੀਆਂ' ਦੇ ਉਸ ਇਕ ਵਤਨ ਵਿਚ ਉਨ੍ਹਾਂ ਲੋਕਾਂ ਨੂੰ ਕਦੇ ਵੀ ਪ੍ਰਵੇਸ਼ ਨਹੀਂ ਮਿਲ ਸਕਦਾ, ਜਿਨ੍ਹਾਂ ਦੀ ਮਾਨਸਿਕ ਸੰਕੀਰਣਤਾ ਆਪਣੇ ਹੀ ਧਰਮ ਗ੍ਰੰਥਾਂ ਦੇ ਬਚਨਾਂ ਵਿਚ ਊਚ-ਨੀਚ ਦੀ ਦੀਵਾਰ ਖੜ੍ਹੀ ਕਰਦੀ ਹੋਵੇ, ਯਥਾ-

ਕਾਇਮੁ ਦਾਇਮੁ ਸਦਾ ਪਾਤਿਸਾਹੀ ॥ ਦੋਮ ਨ ਸੇਮ ਏਕ ਸੋ ਆਹੀ ॥
ਆਬਾਦਾਨੁ ਸਦਾ ਮਸਹੂਰ ॥ ਊਹਾਂ ਗਨੀ ਬਸਹਿ ਮਾਮੂਰ ॥ ੨ ॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥ ਮਹਰਮ ਮਹਲ ਨ ਕੋ ਅਟਕਾਵੈ ॥
ਕਹਿ ਰਵਿਦਾਸ ਖਲਾਸ ਚਮਾਰਾ ॥ ਜੋ ਹਮ ਸਹਰੀ ਸੁ ਮੀਤੁ ਹਮਾਰਾ ॥ ੩ ॥

ਗਉੜੀ, ਰਵਿਦਾਸ, ਸਫ਼ਾ 345

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਸਦੀ ਹੈ ਕਿ ਭਗਤ ਨਾ ਕੇਵਲ ਅਕਾਲ-ਪੁਰਖ ਤਕ ਪਹੁੰਚੇ ਹੋਏ ਸਨ, ਬਲਕਿ ਅਕਾਲ-ਪੁਰਖ ਨਾਲ ਜਲ ਅਤੇ ਲਹਿਰ ਵਾਂਗ ਇਸ ਤਰ੍ਹਾਂ ਅਭੇਦ ਸਨ ਕਿ ਪਰਮੇਸ਼ਰ ਤੋਂ ਭਿੰਨ ਉਨ੍ਹਾਂ ਦੇ ਵਖਰੇ ਅਸਤਿਤ੍ਵ ਦੀ ਕਲਪਨਾ ਹੀ ਨਹੀਂ ਕੀਤੀ ਜਾ ਸਕਦੀ-

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ ॥
ਕਨਕ ਕਟਿਕ ਜਲ ਤਰੰਗ ਜੈਸਾ ॥ ੧ ॥
ਜਉ ਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ ॥
ਪਤਿਤ ਪਾਵਨ ਨਾਮੁ ਕੈਸੇ ਹੁੰਤਾ ॥ ੧ ॥ ਰਹਾਉ ॥
ਤੁਮ੍ਹ ਜੁ ਨਾਇਕ ਆਛਹੁ ਅੰਤਰਜਾਮੀ ॥
ਪ੍ਰਭ ਤੇ ਜਨੁ ਜਾਨੀਜੈ ਜਨ ਤੇ ਸੁਆਮੀ ॥ ੨ ॥

ਸਿਰੀ ਰਾਗ, ਰਵਿਦਾਸ, ਸਫ਼ਾ 93

ਜਬ ਹਮ ਹੋਤੇ ਤਬ ਤੁਮ ਨਾਹੀ ਅਬ ਤੁਮ ਹਹੁ ਹਮ ਨਾਹੀ ॥
ਅਬ ਹਮ ਤੁਮ ਏਕ ਭਏ ਹਹਿ ਏਕੈ ਦੇਖਤ ਮਨੁ ਪਤੀਆਹੀ ॥ ੧ ॥

ਗਉੜੀ, ਕਬੀਰ, ਸਫ਼ਾ 339

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਭਗਤਾਂ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਤਿਕਾਰ ਨਾਲ ਨਾਮਦੇਵ ਜੀ, ਕਬੀਰ ਜੀਉ, ਰਵਿਦਾਸ ਜੀ ਆਦਿ ਲਿਖਿਆ ਹੈ। ਜਿਨ੍ਹਾਂ ਦਾ ਨਾਮ ਗੁਰੂ ਸੱਚੇ ਪਾਤਸ਼ਾਹ ਨੇ ਸਤਿਕਾਰ ਨਾਲ ਲਿਆ ਹੋਵੇ, ਉਨ੍ਹਾਂ ਦੀ ਬਾਣੀ ਨਾਲ ਹੀਣਤਾ ਸੰਬੰਧਿਤ ਕਰਨੀ ਹਰ ਤਰੀਕੇ ਨਾਲ ਗ਼ਲਤ ਹੀ ਨਹੀਂ, ਨਿੰਦਣਯੋਗ ਵੀ ਹੈ। ਭਗਤਾਂ ਦੀ ਬਾਣੀ ਨਾਲ ਕਈ ਪਦ ਗੁਰੂ ਜੀ ਨੇ ਰਲਾ ਕੇ ਲਿਖੇ

ਹਨ। ਕਈ ਥਾਂਈਂ ਉਨ੍ਹਾਂ ਦੀ ਸਿਖਿਆ ਨੂੰ ਆਧਾਰ ਬਣਾ ਕੇ ਆਪਣੇ ਪਦ ਰਚੇ ਹਨ, ਜਿਵੇਂ ਸਾਰੰਗ ਮਹਲਾ ੫ ਸੂਰਦਾਸ। ਕਬੀਰ ਦੇ ਨਾਮ ਹੇਠ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਹ ਪੂਰਾ ਸ਼ਬਦ ਉਚਾਰਨ ਕੀਤਾ ਹੈ-

ਭੈਰਉ ਮਹਲਾ ੫ ॥
ਵਰਤ ਨ ਰਹਉ ਨ ਮਹ ਰਮਦਾਨਾ ॥
ਤਿਸੁ ਸੇਵੀ ਜੋ ਰਖੈ ਨਿਦਾਨਾ ॥ ੧ ॥
ਏਕੁ ਗੁਸਾਈ ਅਲਹੁ ਮੇਰਾ ॥
ਹਿੰਦੂ ਤੁਰਕ ਦੁਹਾਂ ਨੇਬੇਰਾ ॥ ੧ ॥ ਰਹਾਉ ॥
ਹਜ ਕਾਬੈ ਜਾਉ ਨ ਤੀਰਥ ਪੂਜਾ ॥
ਏਕੋ ਸੇਵੀ ਅਵਰੁ ਨ ਦੂਜਾ ॥ ੨ ॥
ਪੂਜਾ ਕਰਉ ਨ ਨਿਵਾਜ ਗੁਜਾਰਉ ॥
ਏਕ ਨਿਰੰਕਾਰ ਲੇ ਰਿਦੈ ਨਮਸਕਾਰਉ ॥ ੩ ॥
ਨਾ ਹਮ ਹਿੰਦੂ ਨ ਮੁਸਲਮਾਨ ॥
ਅਲਹ ਰਾਮ ਕੇ ਪਿੰਡੁ ਪਰਾਨ ॥ ੪ ॥
ਕਹੁ ਕਬੀਰ ਇਹੁ ਕੀਆ ਵਖਾਨਾ ॥
ਗੁਰ ਪੀਰ ਮਿਲਿ ਖੁਦਿ ਖਸਮੁ ਪਛਾਨਾ ॥ ੫ ॥

ਭੈਰਉ, ਮਹਲਾ ੫, ਸਫ਼ਾ 1136

ਕੀ ਗੁਰਤਰਨ ਸਿੰਘ ਦੇ ਪ੍ਰਚੰਡ ਬੌਧਿਕ-ਗਿਆਨ ਤੋਂ ਬੁਧੀਮਾਨ ਹੋ ਕੇ ਅਸੀਂ ਅਜਿਹੇ ਗੁਰਵਾਕਾਂ ਨੂੰ ਵੀ ਛੋਟੇ ਦਰਜੇ ਦੇ ਸਵੀਕਾਰ ਕਰਨ ਲਗ ਜਾਵਾਂਗੇ ? ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਭਗਤਾਂ ਦੇ ਪਰਮੇਸ਼ਰ ਨਾਲ ਅਭੇਦ ਹੋਣ ਦੀ ਵਾਰ-ਵਾਰ ਪ੍ਰੋੜਤਾ ਕੀਤੀ ਗਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਜਿਹੇ ਬਹੁਤ ਪਦ ਹਨ, ਜਿਨ੍ਹਾਂ ਵਿਚ ਨਾਮਦੇਵ, ਕਬੀਰ, ਰਵਿਦਾਸ ਆਦਿ ਪ੍ਰਭੂ ਦੇ ਹਰ ਸੇਵਕ ਨੂੰ ਪਰਮੇਸ਼ਰ ਨਾਲ ਅਭੇਦ ਦਰਸਾਇਆ ਹੈ, ਉਦਾਹਰਨਾਰਥ-

ਹਲੇ ਯਾਰਾਂ ਹਲੇ ਯਾਰਾਂ ਖੁਸਿਖਬਰੀ ॥
ਬਲਿ ਬਲਿ ਜਾਂਉ ਹਉ ਬਲਿ ਬਲਿ ਜਾਂਉ ॥
ਨੀਕੀ ਤੇਰੀ ਬਿਗਾਰੀ ਆਲੇ ਤੇਰਾ ਨਾਉ ॥ ੧ ॥ ਰਹਾਉ ॥

ਤਿਲੰਗ, ਨਾਮਦੇਵ, ਸਫ਼ਾ 727

ਹਰਿ ਕੇ ਸੇਵਕ ਜੋ ਹਰਿ ਭਾਏ ਤਿਨ੍ ਕੀ ਕਥਾ ਨਿਰਾਰੀ ਰੇ ॥
ਆਵਹਿ ਨ ਜਾਹਿ ਨ ਕਬਹੂ ਮਰਤੇ ਪਾਰਬ੍ਰਹਮ ਸੰਗਾਰੀ ਰੇ ॥ ੩ ॥

ਬਿਲਾਵਲ, ਕਬੀਰ, ਸਫ਼ਾ 855

ਹਰਿ ਮਹਿ ਤਨੁ ਹੈ ਤਨ ਮਹਿ ਹਰਿ ਹੈ ਸਰਬ ਨਿਰੰਤਰਿ ਸੋਇ ਰੇ ॥
ਕਹਿ ਕਬੀਰ ਰਾਮ ਨਾਮੁ ਨ ਛੋਡਉ ਸਹਜੇ ਹੋਇ ਸੁ ਹੋਇ ਰੇ ॥ ੩ ॥

ਗੋਂਡ, ਕਬੀਰ, ਸਫ਼ਾ 870

ਜਾਨੀ ਜਾਨੀ ਰੇ ਰਾਜਾ ਰਾਮ ਕੀ ਕਹਾਨੀ ॥
ਅੰਤਰਿ ਜੋਤਿ ਰਾਮ ਪਰਗਾਸਾ ਗੁਰਮੁਖਿ ਬਿਰਲੈ ਜਾਨੀ ॥ ੧ ॥ ਰਹਾਉ ॥

ਰਾਮਕਲੀ, ਕਬੀਰ, ਸਫ਼ਾ 970

ਰਾਮ ਮੋ ਕਉ ਤਾਰਿ ਕਹਾਂ ਲੈ ਜਈ ਹੈ ॥
ਸੋਧਉ ਮੁਕਤਿ ਕਹਾ ਦੇਉ ਕੈਸੀ ਕਰਿ ਪ੍ਰਸਾਦ ਮੋਹਿ ਪਾਈ ਹੈ ॥ ੧ ॥ ਰਹਾਉ ॥

ਮਾਰੂ, ਕਬੀਰ, ਸਫ਼ਾ 1104

ਸੰਤਨ ਸੰਗਿ ਕਬੀਰਾ ਬਿਗਰਿਓ ॥
ਸੋ ਕਬੀਰੁ ਰਾਮੈ ਹੋਇ ਨਿਬਰਿਓ ॥ ੪ ॥

ਭੈਰਉ, ਕਬੀਰ, ਸਫ਼ਾ 1158

ਏਕੁ ਭਗਤੁ ਮੇਰੇ ਹਿਰਦੇ ਬਸੈ ॥
ਨਾਮੇ ਦੇਖਿ ਨਰਾਇਨੁ ਹਸੈ ॥ ੩ ॥
ਦੂਧੁ ਪੀਆਇ ਭਗਤੁ ਘਰਿ ਗਇਆ ॥
ਨਾਮੇ ਹਰਿ ਕਾ ਦਰਸਨੁ ਭਇਆ ॥ ੪ ॥

ਭੈਰਉ, ਨਾਮਦੇਵ, ਸਫ਼ਾ 1163

ਸਾਤ ਘੜੀ ਜਬ ਬੀਤੀ ਸੁਣੀ ॥
ਅਜਹੁ ਨ ਆਇਓ ਤ੍ਰਿਭਵਣ ਧਣੀ ॥ ੧੪ ॥
ਪਾਖੰਤਣ ਬਾਜ ਬਜਾਇਲਾ ॥
ਗਰੁੜ ਚੜ੍ਹੇ ਗੋਬਿੰਦ ਆਇਲਾ ॥ ੧੫ ॥
ਅਪਨੇ ਭਗਤ ਪਰਿ ਕੀ ਪ੍ਰਤਿਪਾਲ ॥
ਗਰੁੜ ਚੜ੍ਹੇ ਆਏ ਗੋਪਾਲ ॥ ੧੬ ॥
ਕਹਹਿ ਤ ਧਰਣਿ ਇਕੋਡੀ ਕਰਉ ॥

ਕਹਹਿ ਤ ਲੇ ਕਰਿ ਊਪਰਿ ਧਰਉ ॥ ੧੨ ॥

ਭੈਰਉ, ਨਾਮਦੇਵ, ਸਫ਼ਾ 1166

ਹਰਿ ਕੇ ਨਾਮ ਕਬੀਰ ਉਜਾਗਰ ॥
ਜਨਮ ਜਨਮ ਕੇ ਕਾਟੇ ਕਾਗਰ ॥ ੧ ॥
ਨਿਮਤ ਨਾਮਦੇਉ ਦੂਧੁ ਪੀਆਇਆ ॥
ਤਉ ਜਗ ਜਨਮ ਸੰਕਟ ਨਹੀ ਆਇਆ ॥ ੨ ॥
ਜਨ ਰਵਿਦਾਸ ਰਾਮ ਰੰਗਿ ਰਾਤਾ ॥
ਇਉ ਗੁਰ ਪਰਸਾਦਿ ਨਰਕ ਨਹੀ ਜਾਤਾ ॥ ੩ ॥

ਆਸਾ, ਰਵਿਦਾਸ, ਸਫ਼ਾ 487

ਗੁਰੂ ਜੀ ਨੇ ਆਪਣੇ ਮੁਖ-ਅਰਵਿੰਦ ਤੋਂ ਭਗਤ-ਜਨਾਂ ਦੀ ਉਪਮਾ ਵਿਚ ਉਚਾਰਨ ਕੀਤਾ ਹੈ-

ਭਲੋ ਕਬੀਰੁ ਦਾਸੁ ਦਾਸਨ ਕੋ ਊਤਮੁ ਸੈਨੁ ਜਨੁ ਨਾਈ ॥
ਊਚ ਤੇ ਊਚ ਨਾਮਦੇਉ ਸਮਦਰਸੀ ਰਵਿਦਾਸ ਠਾਕੁਰ ਬਣਿ ਆਈ ॥

ਸਾਰਗ, ਮਹਲਾ ੫, ਸਫ਼ਾ 1207

ਨਾਮਾ ਛੀਬਾ ਕਬੀਰੁ ਜੁੋਲਾਹਾ ਪੂਰੇ ਗੁਰ ਤੇ ਗਤਿ ਪਾਈ ॥
ਬ੍ਰਹਮ ਕੇ ਬੇਤੇ ਸਬਦੁ ਪਛਾਣਹਿ ਹਉਮੈ ਜਾਤਿ ਗਵਾਈ ॥
ਸੁਰਿ ਨਰ ਤਿਨ ਕੀ ਬਾਣੀ ਗਾਵਹਿ ਕੋਇ ਨ ਮੇਟੈ ਭਾਈ ॥ ੩ ॥

ਸਿਰੀ ਰਾਗ, ਮਹਲਾ ੩, ਸਫ਼ਾ 68

ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ ॥
ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ ॥ ੪ ॥

ਆਸਾ, ਮਹਲਾ ੫, ਸਫ਼ਾ 488

ਊਧਉ ਅਕ੍ਰੂਰੁ ਤਿਲੋਚਨੁ ਨਾਮਾ ਕਲਿ ਕਬੀਰ ਕਿਲਵਿਖ ਹਰਿਆ ॥
ਸੋਈ ਨਾਮੁ ਅਛਲੁ ਭਗਤਹ ਭਵ ਤਾਰਣੁ ਅਮਰਦਾਸ ਗੁਰ ਕਉ ਫੁਰਿਆ ॥ ੩ ॥

ਸਵਈਏ, ਮਹਲੇ ਤੀਜੇ ਕੇ, ਸਫ਼ਾ 1393

ਧ੍ਰੂ ਪ੍ਰਹਲਾਦ ਕਬੀਰ ਤਿਲੋਚਨ ਨਾਮੁ ਲੈਤ ਉਪਜ੍ਯੋ ਜੁ ਪ੍ਰਗਾਸੁ ॥
ਜਿਹ ਪਿਖਤ ਅਤਿ ਹੋਇ ਰਹਸੁ ਮਨਿ ਸੋਈ ਸੰਤ ਸਹਾਰੁ ਗੁਰੂ ਰਾਮਦਾਸੁ ॥ ੨ ॥

ਸਵਈਏ, ਮਹਲੇ ਚੌਥੇ ਕੇ, ਸਫ਼ਾ 1406

ਜਿਸ ਕਬੀਰ ਨੂੰ ਮਹਿਬੂਬ ਦੀ ਪ੍ਰੇਰਨਾ ਵਿਚ ਡਾ. ਗੁਰਤਰਨ ਸਿੰਘ ਡਰਪੋਕ ਦਰਸਾਉਣ ਦਾ ਯਤਨ ਕਰ ਰਹੇ ਹਨ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਉਹ ਧਰਮ-ਸਾਧਕ ਬਹੁਤ ਆਤਮ-ਵਿਸ਼ਵਾਸ ਨਾਲ ਰੱਬ ਦੇ ਸਿੰਘਾਸਣ ਉਤੇ ਹਰ-ਹਾਲ ਚੜ੍ਹ ਜਾਣ ਲਈ ਦ੍ਰਿੜ-ਸੰਕਲਪ ਦੀ ਘੋਸ਼ਣਾ ਕਰਦਾ ਹੈ। ਇਸ ਵਿਸ਼ਵਾਸ ਵਿਚ ਉਹ ਬਾਬਾ ਫ਼ਰੀਦ ਸਾਹਿਬ ਤੋਂ ਕਿਵੇਂ ਪਿਛੇ ਹੈ-

ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ ॥
ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ॥ ੬ ॥

ਰਾਮਕਲੀ, ਕਬੀਰ, ਸਫ਼ਾ 969

ਕੁਰਾਨ ਦੇ ਸਰਵ-ਕਾਲੀ ਸੱਤ ਦੇ ਗਿਆਨਵਾਨ ਪ੍ਰਚਾਰਕ ਮੇਰੇ ਪਰਮ ਮਿਤ੍ਰ ਡਾ. ਗੁਰਤਰਨ ਸਿੰਘ ਨੇ ਆਪਣੇ ਲੇਖ ਵਿਚ ਫਰਿਥਜਾਫ ਸੂਨ (ਇਹ ਨਾਮ ਜਿਵੇਂ ਗੁਰਤਰਨ ਸਿੰਘ ਨੇ ਪੰਜਾਬੀ ਵਿਚ ਲਿਖਿਆ ਹੈ, ਮੈਂ ਉਨ੍ਹਾਂ ਦੀ ਜ਼ਿਮੇਵਾਰੀ ਸਹਿਤ ਇੰਨ-ਬਿੰਨ ਲਿਖ ਰਿਹਾ ਹਾਂ। ਕਿਸੇ ਸੂਰਤ ਵਿਚ ਜੇ ਇਸ ਦਾ ਪੰਜਾਬੀਕਰਣ ਗ਼ਲਤ ਹੋਵੇ, ਤਾਂ ਪਾਠਕ ਮੈਨੂੰ ਕਸੂਰਵਾਰ ਨਾ ਠਹਿਰਾਉਣ) ਨੂੰ ਉਨ੍ਹਾਂ 40 ਦੈਵੀ-ਪੁਰਖਾਂ ਵਿਚੋਂ ਇਕ ਦੱਸਿਆ ਹੈ, ਜੋ ਸਦੀਵ ਕਾਲ ਪਰਮੇਸ਼ਰ ਦੇ ਸਿੰਘਾਸਣ ਨੂੰ ਆਸਰਾ ਦੇਂਦੇ ਹਨ ਅਤੇ ਉਨ੍ਹਾਂ ਦਾ ਅਟੁਟ ਵਿਸ਼ਵਾਸ ਹੈ ਕਿ ਅਜੋਕੇ ਯੁਗ ਦੇ ਵਿਦਵਾਨ ਹਰਿੰਦਰ ਸਿੰਘ ਮਹਿਬੂਬ ਵੀ ਚਾਲ੍ਹੀਆਂ ਵਿਚੋਂ ਇਕ ਹਨ। ਹੁਣ ਵਾਲੇ ਇਨ੍ਹਾਂ 40 ਸਤ-ਪੁਰਖਾਂ ਵਿਚੋਂ 39 ਕਿਹੜੇ ਹਨ, ਉਨ੍ਹਾਂ ਦੇ ਨਾਵਾਂ ਦੀ ਸੂਚੀ ਡਾ. ਗੁਰਤਰਨ ਸਿੰਘ ਨੇ ਜਾਰੀ ਨਹੀਂ ਕੀਤੀ। ਉਂਞ ਮੇਰਾ ਯਕੀਨ ਹੈ ਕਿ ਅਜਿਹੇ ਹੋਰ ਨਾਮ 38 ਹੀ ਹੋਣੇ ਚਾਹੀਦੇ ਹਨ, ਕਿਉਂਕਿ ਚਾਲ੍ਹੀਆਂ ਵਿਚੋਂ ਇਕ ਤਾਂ ਗੁਰਤਰਨ ਜੀ ਜ਼ਰੂਰ ਆਪ ਹੋਣਗੇ। ਜੇ 40 ਪੁਰਖ ਧਰਤੀ ਦਾ ਭਾਰ ਹਮੇਸ਼ਾ ਚੁਕੀ ਰਖਦੇ ਹਨ, ਤਾਂ ਡਾ. ਗੁਰਤਰਨ ਸਿੰਘ ਉਨ੍ਹਾਂ ਚਾਲ੍ਹੀਆਂ ਵਿਚੋਂ ਇਕ ਅਜਿਹੇ ਮਹਾਨ ਵਿਅਕਤੀ ਜ਼ਰੂਰ ਹਨ, ਜੋ ਹਰਿੰਦਰ ਸਿੰਘ ਮਹਿਬੂਬ ਦੇ ਹੈਦਰੀ ਝੰਡੇ ਵਾਲੇ ਥੈਲੇ ਦਾ ਭਾਰ ਹਮੇਸ਼ਾ ਚੁਕੀ ਰਖਦੇ ਹਨ। ਗੱਲ ਹੋਰ ਪਾਸੇ ਨਾ ਚਲੀ ਜਾਵੇ, ਅਸੀਂ ਗੁਰਤਰਨ ਜੀ ਵਲੋਂ ਪ੍ਰਤੀਪਾਦਿਤ ਫਰਿਥਜਾਫ ਸੂਨ ਦੀਆਂ ਕੁਝ ਕੁ ਟਿਪਣੀਆਂ ਦਾ ਵਿਸ਼ਲੇਸ਼ਣ ਕਰਨਾ ਹੈ। ਇਸ ਅਵਤਾਰੀ ਚਿੰਤਕ ਦਾ ਜੋ ਦੈਵੀ ਮਹਿਮਾ-ਗਾਨ ਡਾ. ਗੁਰਤਰਨ ਸਿੰਘ ਨੇ ਕੀਤਾ ਹੈ, ਉਸ ਦੇ ਕੁਝ ਮਹੱਤਵਪੂਰਨ ਅੰਸ਼ ਇਥੇ ਦੇ ਰਹੇ ਹਾਂ, ਤਾਂ ਕਿ ਨਵੇਂ ਪਾਠਕਾਂ ਨੂੰ ਲੜੀ ਜੋੜਨ ਵਿਚ ਅਸੁਵਿਧਾ ਨਾ ਹੋਵੇ। ਗੁਰਤਰਨ ਜੀ ਲਿਖਦੇ ਹਨ-

"ਫਰਿਥਜਾਫ ਸੂਨ ਭਗਤ-ਬਾਣੀ ਅਤੇ ਗੁਰਬਾਣੀ ਵਿਚ ਇਕ ਚਮਤਕਾਰੀ ਅੰਦਾਜ਼ ਵਿਚ ਅਚੇਤ ਹੀ ਨਿਖੇੜਾ ਕਰਦਿਆਂ ਇਹ ਦਰਸਾਉਂਦਾ ਹੈ ਕਿ ਆਧੁਨਿਕ ਯੁੱਗ ਵਿਚ ਭਾਸ਼ਾਵਾਂ ਅਤੇ ਸਮੂਹਿਕ ਮਨੁੱਖ ਵਿਚ ਏਥੋਂ ਤੱਕ ਨਿਘਾਰ ਆ ਚੁੱਕਿਆ ਹੈ ਕਿ ਅੱਜ ਦੇ ਸਮੇਂ (Revealed Book) ਇਲਹਾਮ ਵਾਲਾ ਕੋਈ ਧਰਮ ਗ੍ਰੰਥ ਪੈਦਾ ਨਹੀਂ ਹੋ ਸਕਦਾ। ਪ੍ਰੰਤੂ ਏਸੇ ਥਾਂ ਤੇ ਉਹ ਪੁਸਤਕ ਦੇ ਫੁਟ ਨੋਟ ਤੇ ਇਹ ਲਿਖਦੇ ਹਨ ਕਿ ਹਾਂ ਸਿੱਖ ਸੰਗਤ ਦੇ ਰੂਪ ਵਿਚ ਕਬੀਰ ਰਾਹੀਂ ਪੈਦਾ ਹੋਇਆ ਧਰਮ ਇਕ ਵਿਸ਼ੇਸ਼ ਧਰਮ ਗ੍ਰੰਥ (Revealed Book) ਦੇ ਰੁਤਬੇ ਦਾ ਹੋ ਸਕਦਾ ਹੈ। ਇਥੇ ਉਸ ਨੂੰ ਅਚੇਤ ਹੀ ਪਾਰਦਰਸ਼ੀ ਦ੍ਰਿਸ਼ਟੀ ਰਾਹੀਂ ਇਹ ਪਤਾ ਹੈ ਕਿ ਕਬੀਰ ਦੀ ਬਾਣੀ ਪਿਛੇ ਗੁਰੂ ਜਾਂ ਪੈਗੰਬਰ ਵੀ ਹੋ ਸਕਦਾ ਹੈ। ਕਬੀਰ ਆਦਿ ਭਗਤਾਂ ਬਾਰੇ ਤਾਂ ਉਹ ਵੱਖ ਵੱਖ ਥਾਂਵਾਂ 'ਤੇ ਇਹ ਸਪਸ਼ਟ ਕਰ ਚੁੱਕੇ ਹਨ ਕਿ ਭਗਤ-ਬਾਣੀ ਜਿਵੇਂ ਕਿ ਚੈਤੰਨਿਆ ਆਦਿ ਦੀ ਰਚਨਾ ਪਿਆਰ ਵਿਚੋਂ ਪੈਦਾ ਹੋਈ ਹੈ। ਪਿਆਰ ਦੀ ਉਪਜ ਨੂੰ ਉਹ ਇਲਹਾਮ ਨਹੀਂ ਮੰਨਦਾ। ਭਗਤ-ਬਾਣੀ ਰੱਬ ਨਾਲ ਸਿੱਧੇ ਰਿਸ਼ਤੇ ਵਿਚੋਂ ਪੈਦਾ ਨਹੀਂ ਹੋਈ, ਸਗੋਂ ਇਸਦਾ ਸਰੋਤ ਇਸਾਈ ਸੰਤਾਂ ਵਾਲਾ ਭਾਵ ਇਲਹਾਮ ਦੀ ਥਾਂ ਪ੍ਰੇਰਨਾ (Inspiration) ਵਿਚੋਂ ਹੈ। ਅਸੀਂ ਆਪਣੇ ਮੱਤ ਦੀ ਪੁਸ਼ਟੀ ਲਈ ਉਨ੍ਹਾਂ ਦੇ ਵਿਚਾਰ ਉਨ੍ਹਾਂ ਦੀਆਂ ਪੁਸਤਕਾਂ ਕਰਮਵਾਰ 'ਦੀ ਅੰਡਰਸਟੈਂਡਿੰਗ ਇਸਲਾਮ' ਅਤੇ ਦੀ ਟਰਾਂਸੈਂਡੈਂਟ ਯੂਨਿਟੀ ਆਫ ਰਿਲੀਜਨਜ਼ ਵਿਚੋਂ ਇਥੇ ਦੇਣੇ ਉਚਿਤ ਸਮਝਦੇ ਹਾਂ-

"A language is sacred when God has spoken it, and in order that God should speak in it, it must have certain characteristics such as are not found in any modern language, finally, it is essential to understand that after a certain cyclical period and the hardening of the terrestrial ambience which it comprises, God no longer speaks, at least not as revealer. (Page 47)"

"ਪ੍ਰੰਤੂ ਏਸੇ ਖਿਆਲ ਦੇ ਅਗਲੇ ਸਫੇ ਦੇ ਫੁਟ ਨੋਟ ਵਿਚ ਫਰਿਥਜਾਫ ਸੂਨ ਸਿੱਖ ਧਰਮ ਵਿਚ ਇਲਹਾਮ (Revelation) ਵਾਲਾ ਧਰਮ ਗ੍ਰੰਥ ਹੋਣ ਸਬੰਧੀ ਸਹਿਮਤ ਹੈ। ਉਸਨੇ ਭਾਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤਾ ਨਹੀਂ ਸੀ ਪੜ੍ਹਿਆ, ਪ੍ਰੰਤੂ

ਉਸਨੂੰ ਕਿਸੇ ਵਸੀਲੇ ਰਾਹੀਂ ਕੋਈ ਜਾਣਕਾਰੀ ਸਿੱਖ ਧਰਮ ਗ੍ਰੰਥ ਪ੍ਰਤੀ ਜ਼ਰੂਰ ਸੀ। ਏਸੇ ਲਈ ਉਸਨੂੰ ਆਧੁਨਿਕ ਯੁਗ ਵਿਚ ਕਿਸੇ ਇਲਹਾਮ ਦੀ ਸੰਭਾਵਨਾ ਨਾ ਹੋਣ ਦੇ ਬਾਵਜੂਦ ਇਹ ਕਹਿਣਾ ਪਿਆ ਕਿ ਸਿੱਖ ਧਰਮ ਜ਼ਰੂਰ ਇਲਾਹੀ ਬਾਣੀ ਦਾ ਹੱਕਦਾਰ ਹੋ ਸਕਦਾ ਹੈ। ਫਰਿਥਜਾਫ ਸੂਨ ਦੀ ਅੱਗੇ ਲਿਖੀ ਟਿੱਪਣੀ ਇਸਦਾ ਸੰਕੇਤ ਹੈ ਕਿ "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ" ਇਕ ਪਵਿੱਤਰ ਧਰਮ ਗ੍ਰੰਥ (Revealed Book) ਹੈ ਅਤੇ ਗੁਰੂ ਦਾ ਸਰੀਰ ਸ਼ਬਦ (Word in flesh) "In fact Islam is the last world religion. As for the Sikh brotherhood, this is an asterism analogous to that of Kabir, the special position of which is explained by the quite exceptional conditions arising from the contiguity of Hinduism and sufism, but here too it is a case of a final possibility. Page 48. Foot note 13."

"ਅਸੀਂ ਏਥੇ ਇਹ ਦਰਸਾਉਣਾ ਚਾਹੁੰਦੇ ਹਾਂ ਕਿ ਫਰਿਥਜਾਫ ਸੂਨ ਨੂੰ ਭਾਵੇਂ ਗੁਰੂਆਂ ਬਾਰੇ ਸਿੱਧੇ ਰੂਪ ਵਿਚ ਨਹੀਂ ਸੀ ਪਤਾ, ਪ੍ਰੰਤੂ ਉਸਨੂੰ ਇਸ ਧਰਤੀ ਉਪਰ ਅਗਲੇ ਧਰਮ, ਅੰਤਮ ਧਰਮ ਦੇ ਸੰਭਵ ਹੋਣ ਪ੍ਰਤੀ ਜੋ ਯਕੀਨ ਹੈ, ਉਸਦਾ ਆਧਾਰ ਕਬੀਰ ਭਗਤ ਨਹੀਂ। ਕਿਉਂਕਿ ਭਗਤ-ਬਾਣੀ ਤਾਂ ਉਨ੍ਹਾਂ ਨੇ ਕਿਤੇ ਵੀ ਰੱਬ ਵਲੋਂ ਆਈ ਸਿੱਧੀ ਬਾਣੀ ਪ੍ਰਵਾਨ ਹੀ ਨਹੀਂ ਕੀਤੀ। ਇਸਦਾ ਇਕ ਹੋਰ ਹਵਾਲਾ ਏਥੇ ਦੇਣਾ ਉਚਿਤ ਸਮਝਦੇ ਹਾਂ ਤਾਂ ਕਿ ਪਾਠਕ ਦੀ ਭਗਤ-ਬਾਣੀ ਦੇ ਦੈਵੀ ਸਥਾਨ ਪ੍ਰਤੀ ਤਸੱਲੀ ਹੋ ਸਕੇ। ਉਹ ਗੁਰੂਬਾਣੀ ਅਤੇ ਭਗਤ ਦੀ ਬਾਣੀ ਵਿਚ ਨਿਖੇੜਾ ਕਰਨ ਦੇ ਸਮਰੱਥ ਹੋ ਸਕੇ- Faith is in fact nothing else than the 'bhaktic' mode of knowledge and of intellectual certainty, which means that faith is a passive act of the intelligence, its immediate object being not the truth as such but a symbol of the truth. This symbol will yield up its secrets in proportion to the greatness of the faith, which in its tern will be determined by an attitude of confidence or of emotional certainty, That is to say, by an element of bhakti or love Insofar as faith is a contemplative attitude, its subject is the intelligence, it can therefore be said to constitute a virtual

knowledge. But since its mode is passive, it say, by an attitude of the will. The substance of which is precisely confidence and fervor by virtue of which the intelligence will receive spiritual certainties. (ਦੇਖੋ ਸਫਾ 139, ਦੀ ਟਰਾਂਸੈਂਡੈਂਟ ਯੂਨਿਟੀ ਆਫ ਰਿਲੀਜ਼ਨਜ਼ ਬਾਈ ਫਥਿਜਾਫ ਸੂਨ)"

ਗੁਰਤਰਨ ਸਿੰਘ ਦੁਆਰਾ ਪ੍ਰਤੀਪਾਦਿਤ ਫਰਿਥਜਾਫ ਸੂਨ ਦੇ ਉਪਰੋਕਤ ਹਵਾਲਿਆਂ ਦਾ ਸਾਰਾਂਸ਼-

- ਕੁਰਾਨ ਤੋਂ ਬਾਅਦ ਇਲਹਾਮੀ ਗ੍ਰੰਥ ਪੈਦਾ ਨਹੀਂ ਹੋ ਸਕਦਾ।
- ਸਿਖ ਧਰਮ ਦੇ ਸੰਸਥਾਪਕ ਭਗਤ, ਕਬੀਰ ਹਨ।
- ਸਿਖ ਧਰਮ ਹਿੰਦੂ ਧਰਮ ਅਤੇ ਸੂਫੀਵਾਦ ਦਾ ਮਿਲਗੋਭਾ ਹੈ।
- ਚੈਤੰਨਿਆ ਆਦਿ ਭਗਤਾਂ ਦੀ ਬਾਣੀ ਇਸਾਈ ਸੰਤਾਂ ਵਾਂਗ ਪਿਆਰ ਵਿਚੋਂ ਪੈਦਾ ਹੋਈ ਹੈ, ਰੱਬ ਦੇ ਸਿਧੇ ਸੰਪਰਕ ਵਿਚੋਂ ਨਹੀਂ।
- ਇਲਹਾਮੀ ਭਾਸ਼ਾ ਦੀ ਪਵਿੱਤਰਤਾ ਇਸ ਗੱਲ ਉਤੇ ਨਿਰਭਰ ਕਰਦੀ ਹੈ ਕਿ ਉਹ ਦੀ ਬੋਲੀ ਰੱਬੀ ਹੋਵੇ ਅਤੇ ਉਸ ਵਿਚ ਕੁਝ ਅਜਿਹੇ ਗ਼ੈਬ ਤੋਂ ਆਏ ਸ਼ਬਦ ਹੋਣ, ਜਿਨ੍ਹਾਂ ਦਾ ਸੰਬੰਧ ਧਰਤੀ ਦੀਆਂ ਭਾਸ਼ਾਵਾਂ ਨਾਲ ਨਾ ਹੋਵੇ।
- ਕੁਰਾਨ ਦੇ ਅਵਤ੍ਰਣ ਤੋਂ ਬਾਅਦ ਰੱਬ ਨੇ ਬੋਲਣਾ ਬੰਦ ਕਰ ਦਿੱਤਾ ਹੈ। ਘਟੋ-ਘਟ ਆਪਣਾ ਆਪਾ ਮਨੁੱਖਤਾ ਉਤੇ ਜ਼ਾਹਿਰ ਕਰਨਾ ਰੋਕ ਦਿੱਤਾ ਹੈ।
- ਕੁਰਾਨ ਤੋਂ ਬਾਅਦ ਕਿਸੇ ਇਲਹਾਮ ਦੀ ਸੰਭਾਵਨਾ ਤਾਂ ਨਹੀਂ, ਪਰ ਕਬੀਰ ਦੁਆਰਾ ਸਥਾਪਿਤ ਸਿਖ ਧਰਮ ਇਸ ਦਾ ਹੱਕਦਾਰ ਹੋ ਸਕਦਾ ਹੈ।
- ਸਿਖ ਧਰਮ ਵਿਚ ਗੁਰੂ ਦਾ ਸਰੀਰ ਸ਼ਬਦ (Word in flesh) ਹੈ।
- ਭਗਤਾਂ ਦੇ ਵਿਸ਼ਵਾਸ ਦਾ ਆਧਾਰ ਬੌਧਿਕ ਗਿਆਨ ਹੈ। ਇਸ ਵਿਚ ਸਚ ਦਾ ਪ੍ਰਕਾਸ਼ ਨਹੀਂ, ਉਸ ਦੀ ਪਰਛਾਈ ਹੈ।

ਇਸ ਚਰਚਿਤ ਅਵਤਾਰੀ ਵਿਦਿਆ-ਪੁੰਜ ਫਰਿਥਜਾਫ ਸੂਨ ਸੰਬੰਧੀ ਗੁਰਤਰਨ ਸਿੰਘ ਲਿਖਦਾ ਹੈ "ਕੁਰਾਨ ਵਿਚ ਲਿਖਿਆ ਹੈ ਕਿ ਧਰਤੀ ਤੇ ਕਿੰਨਾ ਵੀ ਨਿਘਾਰ ਅਤੇ ਗਿਰਾਵਟ ਕਿਉਂ ਨਾ ਆ ਜਾਵੇ, ਪ੍ਰੰਤੂ ਰੱਬ ਵਲੋਂ ਭੇਜੇ ਵੱਖ ਵੱਖ ਧਰਮਾਂ ਦੇ ਸਬੰਧ ਵਿਚ ਇਸਨੂੰ ਸਿਦਕ ਦੇਣ ਲਈ ਚਾਲੀ ਚੁਣੇ ਹੋਏ ਮਨੁੱਖ (ਰੱਬ ਦੇ ਦੋਸਤ) ਏਸ ਧਰਤੀ ਤੇ ਜ਼ਰੂਰ ਰਹਿਣਗੇ। ਹਰਿੰਦਰ ਸਿੰਘ ਮਹਿਬੂਬ, ਪ੍ਰੋ. ਪੂਰਨ ਸਿੰਘ, ਰੈਨੇਗੁਈਨਾਨ,

ਫਰਿਥ ਜਾਫ ਸੂਨ ਅਤੇ ਮਾਰਟਿਨ ਲਿੰਗਜ਼ ਇਨ੍ਹਾਂ ਉਪਰੋਕਤ ਚਾਲੀ ਬੰਦਿਆਂ ਵਿਚ ਹੀ ਆਪਣਾ ਸਥਾਨ ਰੱਖਦੇ ਹਨ। ਵਿਸ਼ਵ ਧਰਮਾਂ ਦੀ ਏਕਤਾ ਨੂੰ ਆਪਣੇ ਆਪਣੇ ਅਨੁਭਵ ਰਾਹੀਂ ਪਹਿਚਾਣਦਿਆਂ ਇਨ੍ਹਾਂ ਦੇ ਆਪਸੀ ਖਿਆਲ ਹਰ ਥਾਂ ਤੇ ਸਾਂਝੇ ਹਨ। ਕਿਤੇ ਵੀ ਕੋਈ ਮੱਤਭੇਦ ਨਹੀਂ। ਪਾਠਕ ਇਸ ਅਧਿਐਨ ਰਾਹੀਂ ਖੁਦ ਹੀ ਨਿਰਣਾ ਕਰ ਸਕਦੇ ਹਨ।" ਇਸੇ ਵਿਦਵਾਨ ਬਾਰੇ ਉਹ ਕਹਿੰਦਾ ਹੈ ਕਿ ਫਰਿਥਜਾਫ ਸੂਨ ਨੇ "ਭਾਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤਾ ਨਹੀਂ ਸੀ ਪੜ੍ਹਿਆ, ਪ੍ਰੰਤੂ ਉਸਨੂੰ ਕਿਸੇ ਵਸੀਲੇ ਰਾਹੀਂ ਕੋਈ ਜਾਣਕਾਰੀ ਸਿੱਖ ਧਰਮ ਗ੍ਰੰਥ ਪ੍ਰਤੀ ਜ਼ਰੂਰ ਸੀ।" ਗੁਰਤਰਨ ਜੀ ਆਪਣੇ ਲੇਖ ਵਿਚ ਪਾਠਕਾਂ ਨੂੰ ਆਪ ਨਿਰਣਾ ਕਰ ਲੈਣ ਦਾ ਜਿਹੜਾ ਨਿਮੰਤ੍ਰਣ ਦੇਂਦੇ ਹਨ, ਉਸ ਦਾ ਮੈਂ ਹਾਰਦਿਕ ਅਤੇ ਪੁਰਜ਼ੋਰ ਸਮਰਥਨ ਕਰਦਾ ਹਾਂ। ਮੇਰਾ ਵਿਚਾਰ ਹੈ ਕਿ ਜੋ ਪਾਠਕ ਤੰਗਦਿਲੀ ਅਤੇ ਪੱਖਪਾਤ ਤਿਆਗ ਕੇ ਗੁਰਤਰਨ ਜੀ ਦੀਆਂ ਭਗਤ-ਬਾਣੀ ਬਾਰੇ ਅਜਿਹੀਆਂ ਭੱਦੀਆਂ ਟਿਪਣੀਆਂ ਨੂੰ ਵਿਚਾਰੇਗਾ, ਉਹ ਜ਼ਰੂਰ ਗੁਰਤਰਨ ਜੀ ਦੇ ਵਿਦਿਤ ਹੋਣ ਦਾ ਭਰਪੂਰ ਤ੍ਰਿਸਕਾਰ ਕਰੇਗਾ। ਫਰਿਥਜਾਫ ਸੂਨ ਵਰਗੇ ਜਿਸ ਵਿਅਕਤੀ ਨੂੰ ਸਿਖ ਧਰਮ ਦੇ ਮੂਲ-ਮੁਢ ਬਾਰੇ ਰਤਾ ਭਰ ਵੀ ਜਾਣਕਾਰੀ ਨਹੀਂ, ਜਿਸ ਨੇ ਸ਼ਾਇਦ ਕਿਸੇ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਾਰੇ ਕੁਝ ਸੁਣਿਆ ਹੈ ਜਾਂ ਨਹੀਂ ਸੁਣਿਆ, ਉਸ ਦੇ ਬਹੁਤ ਤੁਛ, ਹੀਣੇ, ਅਗਿਆਨ-ਭਰਪੂਰ ਅਤੇ ਅਪਮਾਨ-ਜਨਕ ਕਥਨਾਂ ਨੂੰ ਇਲਾਹੀ-ਸੱਤ ਦਰਸਾਉਣ ਵਾਲਾ ਗੁਰਤਰਨ ਸਿੰਘ ਵਰਗਾ ਵਿਅਕਤੀ ਸਿਖਾਂ ਦਾ ਮਿਤ੍ਰ ਹੈ ਜਾਂ ਕੱਟਰ ਦੁਸ਼ਮਣ ਇਸ ਦਾ ਨਿਰਣਾ ਤਾਂ ਸਿਖ-ਚਿੰਤਕਾਂ ਨੂੰ ਜ਼ਰੂਰ ਕਰਨਾ ਪਵੇਗਾ।

ਫਰਿਥਜਾਫ ਸੂਨ ਦੀਆਂ ਉਪਰ ਦਿਤੀਆਂ ਬੇਥਵੀਆਂ ਅਤੇ ਬੇਹੂਦਾ ਸਥਾਪਨਾਵਾਂ ਦਾ ਸੰਖੇਪ ਜਿਹਾ ਵਿਸ਼ਲੇਸ਼ਣ ਜ਼ਰੂਰੀ ਹੈ-

1. ਉਸ ਦੀ ਇਹ ਧਾਰਨਾ ਕਿ ਕੁਰਾਨ ਤੋਂ ਬਾਅਦ ਕੋਈ ਇਲਹਾਮੀ ਗ੍ਰੰਥ ਨਹੀਂ ਹੋ ਸਕਦਾ, ਬਹੁਤ ਹੀ ਘਟੀਆ ਅਤੇ ਤੁਛ-ਬਿਰਤੀ ਵਿਚੋਂ ਉਪਜੀ ਹੈ। ਉਸ ਨੂੰ ਵਿਸ਼ਵ ਦੇ ਧਰਮਾਂ ਅਤੇ ਧਰਮ ਗ੍ਰੰਥਾਂ ਬਾਰੇ ਕੁਝ ਵੀ ਪਤਾ ਨਹੀਂ ਸੀ। ਜੇ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਾਰੇ ਕੁਝ ਜਾਣਦਾ ਹੁੰਦਾ ਤਾਂ ਅਜਿਹਾ ਕਦੇ ਨਾ ਲਿਖਦਾ। ਬਿਨਾ ਜਾਣਕਾਰੀ ਦੇ ਧਰਮਾਂ, ਧਰਮ ਗ੍ਰੰਥਾਂ ਅਤੇ ਧਰਮ-ਚਿੰਤਕਾਂ ਬਾਰੇ ਟਿਪਣੀਆਂ ਕਰਨਾ ਸਰਵਥਾ ਅਨੁਚਿਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਰੱਬ ਦਾ ਉਹ ਵਚਨ ਹੈ, ਜੋ ਸਿਧਾ ਦੈਵੀ ਹੈ। ਇਸ ਦੇ ਬਾਣੀਕਾਰ

ਗੁਰੂ-ਪੁਰਖਾਂ ਜਾਂ ਮਹਾਨ ਸੰਤਾਂ ਨੂੰ ਨਾ ਕਿਸੇ ਜਬਰਾਈਲ ਦੀ ਵਿਚੋਲਗੀ ਚਾਹੀਦੀ ਸੀ, ਨਾ ਉਨ੍ਹਾਂ ਟਪਲਾ ਖਾ ਕੇ ਕਦੇ ਸ਼ੈਤਾਨ ਦੀ ਪ੍ਰੇਰਨਾ ਵਿਚ 'ਸ਼ੈਤਾਨ ਦੀਆਂ ਆਇਤਾਂ' ਨੂੰ ਇਲਹਾਮ ਸਮਝਿਆ ਸੀ। ਵਿਵੇਕੀ ਪਾਠਕ ਜਾਣਦੇ ਹਨ ਕਿ ਪੈਗੰਬਰ ਸਾਹਿਬ ਸਾਹਮਣੇ ਕਈ ਵਾਰ ਅਜਿਹੀ ਸਥਿਤੀ ਆਉਂਦੀ ਰਹੀ ਹੈ, ਜਦੋਂ ਉਨ੍ਹਾਂ ਸ਼ੈਤਾਨ ਨੂੰ ਫ਼ਰਿਸ਼ਤਾ ਸਮਝ ਲਿਆ। ਕੇਵਲ ਇਕ ਅੱਲਾਹ ਦੀ ਹੋਂਦ ਦੇ ਵਿਸ਼ਵਾਸੀ ਪੈਗੰਬਰ ਸਾਹਿਬ ਨੇ ਇਕ ਮੌਕੇ ਅਲ-ਉਜ਼ਾ, ਅਲ-ਲਾਤ ਅਤੇ ਅਲ-ਮਨਾਤ ਦੇਵੀਆਂ ਦੀ ਪੂਜਾ ਦਾ ਸਮਰਥਨ ਕੀਤਾ, ਪਰ ਮਗਰੋਂ ਉਨ੍ਹਾਂ ਬਚਨਾਂ ਨੂੰ 'ਸ਼ੈਤਾਨ ਦੀਆਂ ਆਇਤਾਂ' ਕਹਿ ਦਿੱਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ 'ਧੁਰ ਕੀ ਬਾਣੀ' ਦੇ ਅਵਤ੍ਰਣ ਸੰਬੰਧੀ ਸਿਖ ਇਤਿਹਾਸ ਵਿਚ ਕਿਸੇ ਅਜਿਹੇ ਟਪਲੇ ਦਾ ਜ਼ਿਕਰ ਨਹੀਂ, ਜਿਸ ਦੇ ਕਾਰਨ ਗੁਰੂ ਸਾਹਿਬਾਨ ਨੇ ਕਦੇ ਬੁਤ-ਪੂਜਾ ਜਾਂ ਦੇਵੀ-ਪੂਜਾ ਨੂੰ ਉਚਿਤ ਠਹਿਰਾਇਆ ਹੋਵੇ। ਦੂਜੀ ਗੱਲ ਇਹ ਕਿ ਕੁਰਾਨ ਦਾ ਸ਼ਬਦ ਪੈਗੰਬਰ ਸਾਹਿਬ ਨੂੰ ਅਸਿਧੇ ਤੌਰ ਤੇ, ਜਬਰਾਈਲ ਜੈਸੇ ਦੀ ਵਿਚੋਲਗੀ ਤੋਂ ਪ੍ਰਾਪਤ ਹੋਇਆ ਹੈ। ਗੁਰਬਾਣੀ ਹਰ ਉਚਾਰਨ-ਕਰਤਾ ਨੂੰ ਸਿਧੀ ਆਈ ਹੈ। ਗੁਰਤਰਨ ਸਿੰਘ ਪਾਠਕਾਂ ਨੂੰ ਜਵਾਬ ਦੇਣ ਕਿ ਸਿਧੀ ਆਈ ਬਾਣੀ ਰੱਬਤਾ ਦੇ ਜ਼ਿਆਦਾ ਨੇੜੇ ਹੈ ਜਾਂ ਅਸਿਧੇ ਤੌਰ ਤੇ ਆਈ।

2. ਨਾ ਕਬੀਰ ਜੀ ਸਿਖ ਧਰਮ ਦੇ ਸੰਸਥਾਪਕ ਸਨ, ਨਾ ਹੀ ਸਿਖ ਧਰਮ ਹਿੰਦੂ ਧਰਮ ਅਤੇ ਸੂਫ਼ੀਵਾਦ ਦਾ ਮਿਲਗੋਭਾ ਹੈ। ਮਹਿਬੂਬ ਅਤੇ ਗੁਰਤਰਨ ਵਾਂਗ ਕਬੀਰ ਆਦਿ ਭਗਤਾਂ ਨੂੰ ਹਿੰਦੂ ਭਗਤ ਕਹਿਣਾ ਕੇਵਲ ਅੰਧ-ਗਿਆਨ ਨਹੀਂ, ਬਲਕਿ ਉਨ੍ਹਾਂ ਗੁਰਮੁਖ ਲੋਕਾਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਭਾਰੀ ਅਪਮਾਨ ਹੈ, ਕਿਉਂਕਿ ਇਨ੍ਹਾਂ ਸੰਤ-ਜਨਾਂ ਨੇ ਡੰਕੇ ਦੀ ਚੋਟ ਤੇ ਘੋਸ਼ਣਾ ਕਰ ਦਿੱਤੀ ਸੀ 'ਹਮਰਾ ਝਗਰਾ ਰਹਾ ਨ ਕੋਊ ॥ ਪੰਡਿਤ ਮੁਲਾਂ ਛਾਡੇ ਦੋਊ'। ਜੋ ਭਗਤ ਮੰਦਿਰ ਅਤੇ ਮਸਜਿਦ, ਪੂਜਾ ਅਤੇ ਨਮਾਜ਼, ਵੇਦ ਅਤੇ ਕਤੇਬ ਨਾਲੋਂ ਆਪਣੇ-ਆਪ ਨੂੰ ਹਮੇਸ਼ਾ ਅਸੰਬੰਧਿਤ ਕਰਦੇ ਸਨ, ਉਨ੍ਹਾਂ ਨੂੰ ਹਿੰਦੂ ਜਾਂ ਮੁਸਲਮਾਨ ਕਿਵੇਂ ਕਿਹਾ ਜਾ ਸਕਦਾ ਹੈ ?

3. ਨਾ ਚੈਤੰਨਿਆ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਾਣੀ ਹੈ, ਨਾ ਉਸ ਨਾਲ ਸਿਖਾਂ ਦਾ ਕੋਈ ਸੰਬੰਧ ਹੈ। ਜਿਥੋਂ ਤਕ ਈਸਾਈ ਸੰਤਾਂ ਦੀ ਰਚਨਾ ਦਾ ਸੰਬੰਧ

ਹੈ, ਭਗਤਾਂ ਦੀ ਬਾਣੀ ਨੂੰ ਉਸ ਨਾਲ ਮੇਲਣ ਤੋਂ ਵਡਾ ਪਾਪ ਹੋਰ ਕੋਈ ਨਹੀਂ ਹੋ ਸਕਦਾ, ਕਿਉਂਕਿ ਈਸਾਈ ਸੰਤਾਂ ਨੇ ਜਾਂ ਈਸਾ ਦੀਆਂ ਜੀਵਨ ਕਥਾਵਾਂ ਲਿਖੀਆਂ ਹਨ ਜਾਂ ਮਗਰਲੇ ਪੱਤਰਾਂ ਵਿਚ ਈਸਾਈ ਸ਼ਰਅ ਦੀ ਵਿਆਖਿਆ ਕੀਤੀ ਹੈ। ਭਗਤਾਂ ਦੀ ਬਾਣੀ ਵਿਚ ਕੇਵਲ ਪਰਮੇਸ਼ਰ ਦੀ ਉਸਤਤਿ ਹੈ, ਜਿਵੇਂ ਹੋਰ ਗੁਰਬਾਣੀ ਵਿਚ। ਜਿਥੋਂ ਤਕ ਬਾਣੀ ਦੇ ਰੱਬੀ ਪਿਆਰ ਵਿਚੋਂ ਉਪਜਣ ਦਾ ਪ੍ਰਸ਼ਨ ਹੈ, ਤਾਂ ਮੇਰਾ ਦ੍ਰਿੜ ਵਿਸ਼ਵਾਸ ਹੈ ਕਿ ਰੱਬ ਨਾਲ ਪਿਆਰ ਤੋਂ ਬਿਨਾ, ਉਸ ਨਾਲ ਨਾ ਕਦੇ ਸੰਪਰਕ ਹੋ ਸਕਦਾ ਹੈ ਅਤੇ ਨਾ ਕੋਈ ਦੈਵੀ-ਬਾਣੀ ਜਨਮ ਲੈ ਸਕਦੀ ਹੈ। ਗੁਰੂ ਨਾਨਕ ਦੇਵ ਜੀ ਦਾ ਫਰਮਾਣ ਹੈ-

ਸੰਤਾਂ ਸੰਗਤਿ ਪਾਈਐ ਜੇ ਮੇਲੇ ਮੇਲਣਹਾਰੁ ॥
ਮਿਲਿਆ ਹੋਇ ਨ ਵਿਛੁੜੈ ਜਿਸੁ ਅੰਤਰਿ ਜੋਤਿ ਅਪਾਰ ॥
ਸਚੈ ਆਸਣਿ ਸਚਿ ਰਹੈ ਸਚੈ ਪ੍ਰੇਮ ਪਿਆਰ ॥ ੪ ॥

ਸਿਰੀ ਰਾਗ, ਮਹਲਾ ੧, ਸਫ਼ਾ 56

ਬਾਣੀ ਦੇ ਅਵਤ੍ਰਣ ਯੋਗ ਉਚਤਮ ਸੁਰਤਿ ਦਾ ਆਗਮਨ ਪ੍ਰਭੂ ਦੇ ਪ੍ਰੇਮ ਨਾਲ ਹੀ ਸੰਭਵ ਹੋ ਸਕਦਾ ਹੈ। ਇਸੇ

ਸੁਰਤਿ-ਸੰਜੋਗ ਵਿਚੋਂ ਪ੍ਰਭੂ ਦਾ ਪਰਮ-ਆਨੰਦਦਾਇਕ ਸੰਦੇਸ਼ ਪ੍ਰਾਪਤ ਹੁੰਦਾ ਹੈ-

ਸੁਣਿ ਸਾਜਨ ਪ੍ਰੇਮ ਸੰਦੇਸਰਾ ਅਖੀ ਤਾਰ ਲਗੰਨਿ ॥
ਗੁਰਿ ਤੁਠੈ ਸਜਣੁ ਮੇਲਿਆ ਜਨ ਨਾਨਕ ਸੁਖਿ ਸਵੰਨਿ ॥

ਸਲੋਕ, ਮਹਲਾ ੪, ਸਫ਼ਾ 302

4. ਅਗਲੇ ਨੁਕਤੇ ਸੰਬੰਧੀ ਅਸੀਂ ਪਹਿਲਾਂ ਵਿਚਾਰ ਆਏ ਹਾਂ ਕਿ ਰੱਬ ਦੀ ਆਪਣੀ ਕੋਈ ਬੋਲੀ ਨਹੀਂ। ਉਹ ਸਾਰੀਆਂ ਬੋਲੀਆਂ ਦਾ ਜਨਮ ਦਾਤਾ ਹੈ ਅਤੇ ਸਾਰੀਆਂ ਬੋਲੀਆਂ ਵਿਚ ਵਸਦਾ ਹੈ। ਸਾਰੀਆਂ ਬੋਲੀਆਂ ਪਿਛੇ ਇਕੋ ਭਾਵ ਦੀ ਮੌਜੂਦਗੀ ਉਸ ਦੀ ਸਰਬ-ਵਿਆਪੀ ਸੱਤਾ ਦਾ ਪ੍ਰਮਾਣ ਹੈ। ਕੇਵਲ ਮਾਨਵੀ ਹੀ ਨਹੀਂ, ਸਭ ਜੀਵਾਂ ਦੀਆਂ ਬੋਲੀਆਂ ਨੂੰ ਉਹ ਇਕ ਸਮਾਨ ਪਿਆਰ ਕਰਦਾ ਹੈ। ਗ਼ੈਬ ਵਿਚੋਂ ਪ੍ਰਗਟ ਹੋਏ ਰੱਬ ਦੀ ਬੋਲੀ ਦੇ ਨਿਰਰਥਕ ਸ਼ਬਦਾਂ ਦੀ ਹੋਂਦ ਸਰਵਥਾ ਭ੍ਰਾਂਤੀ-ਪੂਰਵਕ ਹੈ। ਹਾਂ ਕਈ ਵਾਰ ਸਮਰਥ ਮਹਾਨ ਪੁਰਖ ਕਈਆਂ ਸ਼ਬਦਾਂ ਦੇ ਰੂਪ ਅਤੇ ਅਰਥ ਵਿਚ ਇਤਨਾ ਪਰਿਵਰਤਨ ਕਰ ਦੇਂਦੇ ਹਨ ਕਿ

ਉਸ ਦੇ ਵਾਸਤਵਿਕ ਮੂਲ ਅਤੇ ਅਰਥਾਂ ਨੂੰ ਸਮਝਣਾ ਮਨੁੱਖ ਲਈ ਮੁਸ਼ਕਿਲ ਹੋ ਜਾਂਦਾ ਹੈ। ਕਿਸੇ ਪਦ ਦਾ ਸਮਝ ਵਿਚ ਨਾ ਆਉਣਾ ਉਸ ਦੇ ਦਿਵ੍ਯ ਹੋਣ ਦਾ ਸਬੂਤ ਨਹੀਂ।

5. ਫਰਿਥਜਾਫ ਦਾ ਇਹ ਵਿਚਾਰ ਬਹੁਤ ਹੀ ਘਟੀਆ ਅਤੇ ਅਗਿਆਨ ਆਧਾਰਿਤ ਹੈ ਕਿ ਰੱਬ ਕਦੇ-ਕਦੇ ਬੋਲਦਾ ਹੈ, ਫਿਰ ਲੰਬੇ ਸਮੇਂ ਲਈ ਬੋਲਣਾ ਬੰਦ ਕਰ ਦੇਂਦਾ ਹੈ ਅਤੇ ਕੁਰਾਨ ਦੇ ਅਵਤ੍ਰਣ ਤੋਂ ਬਾਅਦ ਉਸ ਦੀ ਜ਼ੁਬਾਨ ਉਤੇ ਤਾਲਾ ਲਗ ਗਿਆ ਹੈ। ਇਹੋ ਜਿਹੀਆਂ ਮੂਰਖਤਾ ਪੂਰਨ ਕਥਨੀਆਂ ਦਾ ਪ੍ਰਸ਼ੰਸਕ ਗੁਰਤਰਨ ਹੀ ਹੋ ਸਕਦਾ ਹੈ, ਕਿਉਂਕਿ ਉਸ ਨੇ ਬਾਣੀ ਦਾ ਕਦੇ ਪਾਠ ਨਹੀਂ ਕੀਤਾ, ਉਸ ਨੂੰ ਸਮਝਣਾ ਤਾਂ ਦੂਰ ਦੀ ਗੱਲ ਹੈ। ਜੇ ਗੁਰਤਰਨ ਨੇ ਬਾਣੀ ਪੜ੍ਹੀ ਹੁੰਦੀ ਤਾਂ ਘਟੋ ਘਟ ਗੁਰਬਾਣੀ ਦਾ ਇਹ ਵਾਕ ਯਾਦ ਕਰ ਕੇ 'ਠਾਕੁਰੁ ਹਮਰਾ ਸਦ ਬੋਲੰਤਾ ॥ ਸਰਬ ਜੀਆ ਕਉ ਪ੍ਰਭੁ ਦਾਨੁ ਦੇਤਾ' ਨਾ ਤਾਂ ਉਹ ਆਪਣੇ ਸਿਰ ਉਤੇ ਫਰਿਥਜਾਫ ਦੇ ਕੂੜੇ ਦਾ ਭਾਰ ਢੋਣ ਦਾ ਭਾਗੀ ਬਣਦਾ ਅਤੇ ਨਾ ਹੀ ਕੁਰਾਨ ਸਾਹਮਣੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਤੀ ਅਧਮ ਦਸਣ ਦੇ ਘੋਰ ਪਾਪ ਵਿਚ ਲਿਪਤ ਹੁੰਦਾ। ਸਿਖ ਧਰਮ ਦਾ ਪਾਰਬ੍ਰਹਮ ਆਪਣੇ ਸੰਤਾਂ ਦੇ ਸਦਾ ਸਮੀਪ, ਉਨ੍ਹਾਂ ਸਾਹਮਣੇ ਸਦਾ ਆਪਣਾ ਆਪਾ ਪ੍ਰਗਟ ਕਰਨ ਵਾਲਾ, ਸੇਵਕਾਂ ਦੀ ਸਦਾ ਪ੍ਰਾਰਥਨਾ ਸੁਣਨ ਵਾਲਾ ਅਤੇ ਸਦਾ ਉਨ੍ਹਾਂ ਨਾਲ ਬੋਲਣ ਵਾਲਾ ਹੈ। ਫਰਿਥਜਾਫ ਦੇ ਯੁਗਾਂ ਤਕ ਗੂੰਗੇ ਹੋ ਜਾਣ ਵਾਲੇ ਰੱਬ ਦਾ ਸਨੇਹੀ ਗੁਰਤਰਨ ਉਸ ਨੂੰ ਆਪਣੇ ਹੀ ਘਰ ਸੰਭਾਲ ਕੇ ਰਖੇ ਸਿਖਾਂ ਨੂੰ ਉਸ ਦੀ ਕੋਈ ਜ਼ਰੂਰਤ ਨਹੀਂ, ਬਲਕਿ ਕਿਸੇ ਗੂੰਗੇ-ਬੋਲੇ ਜੜ੍ਹ ਰੱਬ ਦੀ ਪੂਰੀ ਮਨੁੱਖਤਾ ਨੂੰ ਹੀ ਕੋਈ ਲੋੜ ਨਹੀਂ।

6. ਫਰਿਥਜਾਫ ਦੇ ਇਸ ਨਿੰਦਿਤ ਵਿਚਾਰ ਨੂੰ ਕਿ 'ਕੁਰਾਨ ਤੋਂ ਬਾਅਦ ਕਿਸੇ ਇਲਹਾਮ ਦੀ ਸੰਭਾਵਨਾ ਤਾਂ ਨਹੀਂ, ਪਰ ਕਬੀਰ ਦੁਆਰਾ ਸਥਾਪਿਤ ਸਿਖ ਧਰਮ ਇਸ ਦਾ ਹੱਕਦਾਰ ਹੋ ਸਕਦਾ ਹੈ' ਪ੍ਰਗਟ ਕਰਨ ਪਿਛੇ ਗੁਰਤਰਨ ਦਾ ਕੇਵਲ ਇਕੋ ਮਕਸਦ ਹੈ- ਇਸਲਾਮ ਦੇ ਸਾਹਮਣੇ ਸਿਖ ਧਰਮ ਨੂੰ ਅਤੇ ਕੁਰਾਨ ਦੇ ਸਾਹਮਣੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਛੋਟਾ ਦੱਸਣਾ। ਫਰਿਥਜਾਫ ਜਿਥੇ ਕੁਰਾਨ ਦੇ ਆਖ਼ਿਰੀ ਅਤੇ ਪ੍ਰਮਾਣਿਕ ਇਲਹਾਮੀ ਗ੍ਰੰਥ ਹੋਣ ਦੀ ਸਬਲ

ਘੋਸ਼ਣਾ ਕਰਦਾ ਹੈ, ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਬਾਰੇ ਲਿਖਦਾ ਹੈ ਕਿ ਇਸ ਦੇ ਵੀ ਇਲਹਾਮ ਦੇ ਥੋੜ੍ਹਾ-ਬਹੁਤ ਨਜ਼ਦੀਕ ਹੋਣ ਦੀ ਸੰਭਾਵਨਾ ਹੋ ਸਕਦੀ ਹੈ। ਇੰਝ ਉਸ ਨੇ ਨਿਸ਼ਚਿਤ ਅਤੇ ਸਾਫ਼ ਤੌਰ ਤੇ ਗੁਰਬਾਣੀ ਨੂੰ ਕੁਰਾਨ ਤੋਂ ਬਹੁਤ ਥੱਲੇ ਰਖਿਆ ਹੈ। ਡਾ. ਗੁਰਤਰਨ ਸਿੰਘ ਵਲੋਂ ਇਸ ਧਾਰਨਾ ਦੀ ਭਰਪੂਰ ਪ੍ਰਸ਼ੰਸਾ ਸਿਖ ਧਰਮ ਉਤੇ ਬਹੁਤ ਵਡਾ ਹਮਲਾ ਹੈ। ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰਤਰਨ ਜੀ ਨੂੰ ਉਹ ਸਾਰੀਆਂ ਖ਼ੂਬੀਆਂ ਨਜ਼ਰ ਨਹੀਂ ਆਉਂਦੀਆਂ, ਜੋ ਉਨ੍ਹਾਂ ਨੂੰ ਕੁਰਾਨ ਵਿਚ ਸਦੀਆਂ ਤੋਂ ਵਿਦਮਾਨ ਦਿਸਦੀਆਂ ਹਨ, ਜੇ ਉਨ੍ਹਾਂ ਨੂੰ ਬਾਬਰ ਦੇ ਵੰਸ਼ਜਾਂ ਦਾ ਜਲਾਲ ਗੁਰੂ-ਪ੍ਰਤਾਪ ਤੋਂ ਜ਼ਿਆਦਾ ਪ੍ਰਭਾਵਿਤ ਕਰਦਾ ਹੈ, ਜੇ ਉਨ੍ਹਾਂ ਨੂੰ ਸਿਖ ਧਰਮ ਦੇ ਪਾਠ-ਕੀਰਤਨ ਨਾਲੋਂ ਨਮਾਜ਼ ਜ਼ਿਆਦਾ ਜਾਨਦਾਰ ਅਤੇ ਪਾਕ ਜਾਪਦੀ ਹੈ, ਤਾਂ ਉਨ੍ਹਾਂ ਨੂੰ ਸੁੰਨਤ ਅਪਨਾਉਣ ਤੋਂ ਕੌਣ ਰੋਕਦਾ ਹੈ ? ਹਾਂ ਇਹ ਜ਼ਰੂਰ ਹੈ ਸਿਖ ਧਰਮ ਦੀ ਵਿਚਾਰਧਾਰਾ ਨੂੰ ਦੂਸ਼ਿਤ ਅਤੇ ਭ੍ਰਿਸ਼ਟ ਕਰਨ ਦੀ ਇਜਾਜ਼ਤ ਨਾ ਸਿਖ ਉਨ੍ਹਾਂ ਨੂੰ ਦੇਣਗੇ, ਨਾ ਹੀ ਮਹਿਬੂਬ ਜਾਂ ਕਿਸੇ ਹੋਰ ਨੂੰ। ਇਕ ਪਾਸੇ ਭਗਤ ਕਬੀਰ ਨੂੰ ਛੋਟਾ ਕਹਿਣਾ ਅਤੇ ਉਨ੍ਹਾਂ ਦੇ ਬਚਨਾਂ ਨੂੰ ਰੱਬੀ ਬਚਨਾਂ ਦੇ ਦਰਜੇ ਤੋਂ ਵੰਚਿਤ ਕਰਨਾ, ਦੂਜੇ ਪਾਸੇ ਜਾਣ-ਬੁਝ ਕੇ ਉਨ੍ਹਾਂ ਨੂੰ ਸਿਖ ਧਰਮ ਦਾ ਸੰਸਥਾਪਕ ਲਿਖਣਾ ਅਤੇ ਕੁਰਾਨ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਤੇ ਉਚਤਾ ਸਥਾਪਿਤ ਕਰਨਾ, ਸਿਖ ਧਰਮ ਉਤੇ ਉਨ੍ਹਾਂ ਦਾ ਇਕ ਮਾਰੂ ਹਮਲਾ ਹੈ, ਜਿਸ ਦਾ ਵਿਰੋਧ ਮੈਂ ਤਾਂ ਹਰ ਹੀਲੇ ਕਰਾਂਗਾ ਹੀ, ਸਮੂਚੀ ਸਿਖ ਕੌਮ ਸਾਹਮਣੇ ਵੀ ਇਹ ਇਕ ਚੈਲੇਂਜ ਹੈ, ਜਿਸ ਨੂੰ ਤਮਾਸ਼ਾ ਜਾਣ ਕੇ ਪਾਸਾ ਵਟਣ ਵਾਲਾ ਕੋਈ ਵੀ ਵਿਅਕਤੀ ਸੁਹਿਰਦ ਸਿਖ ਨਹੀਂ ਅਖਵਾ ਸਕਦਾ।

7. ਸਿਖ ਧਰਮ ਵਿਰੁਧ ਪਾਪ-ਦਰ-ਪਾਪ ਕਰਦਿਆਂ ਗੁਰਤਰਨ ਜੀ ਦਾ ਮਨ ਜਦੋਂ ਸੰਤੁਸ਼ਟ ਨਹੀਂ ਹੋਇਆ, ਤਾਂ ਉਨ੍ਹਾਂ ਸਿਖ ਧਰਮ ਵਿਰੁਧ ਗੁਨਾਹਾਂ ਦੀਆਂ ਸਾਰੀਆਂ ਸੀਮਾਵਾਂ ਦਾ ਉਲੰਘਣ ਕਰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ 'ਗੁਰੂ ਦਾ ਸਰੀਰ ਸ਼ਬਦ (Word in flesh)' ਬਣਾ ਦਿੱਤਾ ਹੈ। ਸਾਰੇ ਪਾਠਕ ਸ਼ਾਇਦ ਡਾ. ਗੁਰਤਰਨ ਸਿੰਘ ਦੇ ਇਸ ਅਗਿਆਨ-ਆਧਾਰਿਤ ਦੂਸ਼ਿਤ ਵਿਚਾਰ ਨੂੰ ਸਮਝ ਨਾ ਸਕਣ, ਇਸ ਲਈ ਇਸ ਵਿਚਾਰ ਦੇ ਮੂਲ ਨੂੰ ਸਮਝਣਾ ਜ਼ਰੂਰੀ ਹੈ। ਵਾਸਤਵ ਵਿਚ ਈਸਾਈ ਧਰਮ ਗ੍ਰੰਥ ਦੇ ਇੰਜੀਲ ਭਾਗ

ਦੀ ਚੌਥੀ ਪੋਥੀ ਸੰਤ ਯੂਹੰਨਾ (Saint John) ਦੁਆਰਾ ਰਚਿਤ ਹੈ। ਇਸ ਦੇ ਆਰੰਭਿਕ ਪਦਾਂ ਦਾ ਭਾਵ ਹੈ ਕਿ ਸ਼ਬਦ ਆਦਿ ਕਾਲ ਤੋਂ ਚਲਦਾ ਆ ਰਿਹਾ ਹੈ ਅਤੇ ਇਹ ਸ਼ਬਦ ਹਮੇਸ਼ਾ ਪਰਮੇਸ਼ਰ ਦੇ ਨਾਲ ਸੀ। ਇਹ ਸ਼ਬਦ ਲਹੂ ਮਾਸ ਦਾ ਰੂਪ ਧਾਰਨ ਕਰ ਗਿਆ ਅਤੇ ਈਸਾ ਰੂਪ ਹੋ ਕੇ ਈਸਾਈਆਂ ਦੀ ਅਗਵਾਈ ਲਈ ਧਰਤੀ 'ਤੇ ਅਵਤ੍ਰਿਤ ਹੋਇਆ। ਹਕੀਕਤਨ ਇਹ ਵਿਚਾਰ ਈਸਾਈ ਸੰਤਾਂ ਨੇ ਯਹੂਦੀ ਧਰਮ ਵਿਚਲੀ ਸ਼ਬਦ-ਉਚਤਾ ਦੇ ਵਿਧਾਨ ਨੂੰ ਨਕਾਰਣ ਵਾਸਤੇ ਪ੍ਰਸਤੁਤ ਕੀਤਾ ਸੀ। ਯਹੂਦੀ ਲੋਕ ਧਰਮ-ਪੁਸਤਕਾਂ ਨੂੰ ਪੈਗੰਬਰਾਂ ਤੋਂ ਵੀ ਵਧ ਮਹਤਵ ਦੇ ਕੇ ਉਨ੍ਹਾਂ ਦੀ ਅਗਵਾਈ ਵਿਚ ਚਲਣ ਲਈ ਕ੍ਰਿਤ-ਸੰਕਲਪ ਸਨ। ਉਨ੍ਹਾਂ ਦੀ ਇਸ ਧਾਰਨਾ ਦੇ ਵਿਰੁਧ ਮਸੀਹੀ ਧਰਮ ਨੇ ਹਡ-ਮਾਸ ਦੇ ਪੈਗੰਬਰ ਈਸਾ ਨੂੰ ਸ਼ਬਦ ਵਾਲਾ ਸਥਾਨ ਦੇ ਦਿੱਤਾ। ਸ਼ਬਦ ਦੀ ਅਗਵਾਈ ਦਾ ਬਦਲ ਈਸਾ ਦੇ ਸਰੀਰ ਵਿਚ ਵੇਖਿਆ ਗਿਆ। ਸਿਖ ਧਰਮ ਵਿਚ '(Word in flesh)' ਦਾ ਕੋਈ ਵਿਧਾਨ ਨਹੀਂ। ਇਹ ਵਿਧਾਨ ਕੇਵਲ ਦੇਹ-ਪੂਜ ਕੌਮਾਂ ਵਿਚ ਹੋ ਸਕਦਾ ਹੈ। ਈਸਾਈ ਧਰਮ ਵਿਚ ਈਸਾ ਦਾ ਸਰੀਰ ਮਹਤਵ ਪੂਰਨ ਅਤੇ ਪੂਜਣ ਯੋਗ ਹੈ। ਹਜ਼ਰਤ ਈਸਾ ਅਤੇ ਉਸ ਦੀ ਮਾਤਾ ਮਰੀਅਮ ਦੀਆਂ ਮੂਰਤੀਆਂ ਪੂਜੀਆਂ ਜਾਂਦੀਆਂ ਹਨ। ਸਿਖ ਧਰਮ ਵਿਚ ਨਿਰਾਕਾਰ ਵਾਹਿਗੁਰੂ ਸ਼ਬਦ-ਬ੍ਰਹਮ ਹੈ। ਦੇਹ-ਪੂਜਾ ਵਰਜਿਤ ਹੈ। ਸਿਖ ਸਿਧਾਂਤ ਅਨੁਸਾਰ ਸ਼ਬਦ ਗੁਰੂ ਦੇ ਹਿਰਦੇ ਤੋਂ ਪ੍ਰਗਟ ਹੁੰਦਾ ਹੈ, ਪਰ ਗੁਰੂ ਦੀ ਹਡ-ਮਾਸ ਵਾਲੀ ਕਾਇਆ ਸ਼ਬਦ ਨਹੀਂ। ਸਿਖ ਰਿਵਾਇਤਾਂ ਅਨੁਸਾਰ ਗੁਰੂ-ਪੁਰਖ ਆਪਣੇ ਵਖ-ਵਖ ਸਰੂਪਾਂ ਵਿਚ ਸਿਖਾਂ ਨੂੰ ਦ੍ਰਿੜਤਾ ਸਹਿਤ ਸਮਝਾਂਦੇ ਰਹੇ ਸਨ ਕਿ ਉਨ੍ਹਾਂ ਦੀ ਕਾਇਆ ਪੂਜਣ-ਯੋਗ ਨਹੀਂ। ਗੁਰੂ ਸ਼ਬਦ ਵਿਚ ਸਥਿਤ ਹੈ ਅਤੇ ਸ਼ਬਦ ਹੀ ਗੁਰੂ ਹੈ। ਸੋ ਡਾ. ਗੁਰਤਰਨ ਸਿੰਘ ਦੇ ਦੂਸ਼ਿਤ ਵਿਚਾਰਾਂ ਤੋਂ ਉਪਜੀ ਇਹ ਸਥਾਪਿਤੀ ਵੀ ਕੇਵਲ ਆਪੱਤੀ-ਜਨਕ ਹੀ ਨਹੀਂ, ਸਿਖ ਧਰਮ ਪ੍ਰਤੀ ਬਹੁਤ ਹੀ ਅਪਮਾਨ-ਜਨਕ ਵੀ ਹੈ।

8. ਫਰਿਥਜਾਫ ਦੀ ਇਹ ਧਾਰਨਾ ਵੀ ਨਿਰਮੂਲ ਹੈ ਕਿ ਭਗਤਾਂ ਦੇ ਵਿਸ਼ਵਾਸ ਦਾ ਆਧਾਰ ਬੌਧਿਕ ਗਿਆਨ ਹੈ। ਇਹ ਧਾਰਨਾ ਚੈਤੰਨਿਆ ਆਦਿ ਭਗਤਾਂ ਸੰਬੰਧੀ ਜੇ ਕੁਝ ਹੱਦ ਤਕ ਸਚ ਵੀ ਹੋਵੇ, ਤਾਂ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਭਗਤਾਂ ਸੰਬੰਧੀ ਪੂਰੀ ਤਰ੍ਹਾਂ ਨਿਰਾਧਾਰ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਭਗਤ ਕਬੀਰ ਦਾ ਇਹ ਵਾਕ 'ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ' ਅੰਕਿਤ ਕਰ ਕੇ ਸਪਸ਼ਟ ਕਰ ਦਿੱਤਾ ਹੈ ਕਿ ਭਗਤ-ਬਾਣੀ ਬੌਧਿਕ ਗਿਆਨ ਨਹੀਂ, ਦੈਵੀ ਅਨੁਭੂਤੀ ਹੈ। ਭਗਤਾਂ ਦੇ ਵਿਚਾਰਾਂ ਨੂੰ ਗੁਰੂ ਜੀ ਦੁਆਰਾ ਆਪਣੇ ਸ਼ਬਦਾਂ ਵਿਚ ਲਿਖਣਾ ਅਤੇ ਆਪਣੀ ਬਾਣੀ ਨੂੰ ਭਗਤਾਂ ਦੇ ਬਚਨਾਂ ਨਾਲ ਰਲਾ ਕੇ ਲਿਖਣਾ ਭਗਤ-ਬਾਣੀ ਅਤੇ ਗੁਰਬਾਣੀ ਦੀ ਅਭੇਦਤਾ ਦਾ ਪੁਖ਼ਤਾ ਪ੍ਰਮਾਣ ਹੈ। ਜੇ ਸਾਰੀ ਭਗਤ-ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਤ ਵਿਚ ਵੀ ਆ ਜਾਂਦੀ, ਤਾਂ ਵੀ ਸ਼ਾਇਦ ਕੋਈ ਅਸਮਾਨਤਾ ਪ੍ਰਤੀਤ ਹੁੰਦੀ, ਪਰ ਇਹ ਸਰਬ ਵਿਦਿਤ ਹੈ ਕਿ ਜਦੋਂ ਭਾਈ ਮਨੀ ਸਿੰਘ ਨੇ ਭਗਤ-ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਤ ਵਿਚ ਲਿਜਾਣ ਦਾ ਪ੍ਰਯਤਨ ਕੀਤਾ ਸੀ, ਤਾਂ ਸਮੁਚੇ ਖ਼ਾਲਸਾ ਪੰਥ ਨੇ ਇਸ ਕਰਮ ਨੂੰ ਅਤਿ ਨਿੰਦਿਤ ਸਮਝਦਿਆਂ ਇਸ ਨੂੰ ਅਪ੍ਰਵਾਨ ਕਰ ਦਿੱਤਾ ਸੀ।

ਗੁਰੂ ਅਤੇ ਭਗਤ ਵਿਚ ਅੰਤਰ : ਸਾਡੇ ਉਪਰੋਕਤ ਵਿਚਾਰਾਂ ਦਾ ਭਾਵ ਕਦੇ ਵੀ ਇਹ ਨਹੀਂ ਕਿ ਭਗਤ-ਬਾਣੀ ਦੇ ਸਿਰਜਕ ਸਿਖ ਲਈ ਗੁਰੂ ਵਾਂਗ ਪੂਜਯ ਹਨ। ਭਗਤਾਂ ਅਤੇ ਗੁਰੂ-ਪੁਰਖਾਂ ਦੀ ਬਾਣੀ ਦੀ ਦਿਵਯ ਉਚਾਈ ਵਿਚ ਰਤਾ ਭਰ ਵੀ ਫ਼ਰਕ ਨਾ ਹੋਣ ਦੇ ਬਾਵਜੂਦ ਭਗਤ ਦਾ ਵਿਅਕਤਿਤ੍ਵ ਗੁਰੂ ਤੁਲ ਨਹੀਂ। ਇਸ ਨੂੰ ਸਮਝ ਲੈਣਾ ਆਵਸ਼ਕ ਹੈ। ਅਸਲ ਵਿਚ ਪੂਰਨ ਗੁਰੂ ਦੇ ਦੋ ਮੁਖ ਅੰਗ ਹਨ। ਇਕ 'ਜੋਤਿ' ਅਤੇ ਦੂਜਾ 'ਜੁਗਤਿ'। ਇਸ ਸੰਬੰਧੀ ਅਸੀਂ ਸੱਤੇ ਅਤੇ ਬਲਵੰਡ ਦੀ ਬਾਣੀ ਵਿਚੋਂ ਇਹ ਪ੍ਰਮਾਣ ਵੇਖ ਸਕਦੇ ਹਾਂ- ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ। ਅਰਥਾਤ ਗੁਰੂ ਅੰਗਦ ਦੇਵ ਜੀ ਕੋਲ 'ਜੋਤਿ' ਅਤੇ 'ਜੁਗਤਿ' ਗੁਰੂ ਨਾਨਕ ਦੇਵ ਜੀ ਵਾਲੀ ਸੀ, ਕੇਵਲ ਗੁਰੂ ਨੇ ਸਰੀਰ ਬਦਲਿਆ ਸੀ। 'ਜੋਤਿ' ਉਹ ਆਦਿ ਪ੍ਰਕਾਸ਼ ਹੈ, ਜਿਸ ਦੀ ਵਿਦਮਾਨਤਾ ਸ਼ਬਦ ਵਿਚ ਰਹਿੰਦੀ ਹੈ। ਹਰ ਉਸ ਅਵਤਾਰੀ ਪੁਰਖ ਅਤੇ ਸਾਧਕ ਵਿਚ, ਜੋ ਅਕਾਲ-ਪੁਰਖ ਨਾਲ ਪੂਰੀ ਤਰ੍ਹਾਂ ਅਭੇਦ ਹੋ ਜਾਂਦਾ ਹੈ, ਇਹ ਜੋਤਿ ਇਕਸਮਾਨ ਪ੍ਰਕਾਸ਼ਮਾਨ ਹੁੰਦੀ ਹੈ । ਅਭੇਦ ਪੁਰਖਾਂ ਵਿਚ ਚਾਹੇ ਉਹ ਗੁਰੂ ਹੋਵੇ ਜਾਂ ਸਿਖ ਹੋਵੇ ਜਾਂ ਭਗਤ ਹੋਵੇ ਜੋਤਿ ਪਖੋਂ ਦਰਜੇਬੰਦੀ ਨਹੀਂ ਕੀਤੀ ਜਾ ਸਕਦੀ, ਕਿਉਂਕਿ ਹਰ ਪਰਮ-ਪੁਰਖ ਜਾਂ ਸਾਧਕ ਇਕੋ ਪਰਮੇਸ਼ਰ ਵਿਚ ਅਭੇਦ ਹੁੰਦਾ ਹੈ। ਕਿਉਂਕਿ 'ਸ਼ਬਦ' ਦਾ ਪ੍ਰਗਟਾਅ ਰੱਬ ਅਤੇ ਸਾਧਕ ਦੀ ਇਸ ਅਭੇਦਤਾ ਵਿਚੋਂ ਹੁੰਦਾ ਹੈ, ਇਸ ਲਈ ਮਹਾਪੁਰਖਾਂ ਦੀ ਬਾਣੀ ਵਿਚ ਅੰਤਰ ਨਹੀਂ ਸਥਾਪਿਤ ਕੀਤਾ ਜਾ ਸਕਦਾ। ਉਂਞ

ਵੀ ਬਾਣੀ ਵਿਚ ਦਰਜੇਬੰਦੀ ਤਾਂ ਹੀ ਕੀਤੀ ਜਾ ਸਕਦੀ ਹੈ, ਜੇ ਇਹ ਵਖ-ਵਖ ਪਰਮੇਸ਼ਰਾਂ ਦੀ ਹੋਵੇ। ਇਕੋ ਪਰਮੇਸ਼ਰ ਦੀ ਬਾਣੀ ਵਿਚ ਭੇਦ-ਭਾਵ ਦੀ ਦੀਵਾਰ ਕਿਵੇਂ ਉਸਾਰੀ ਜਾ ਸਕਦੀ ਹੈ ? ਪਰ ਇਸ ਕਥਨ ਤੋਂ ਇਕ ਸੰਸਾ ਪੈਦਾ ਹੋ ਸਕਦਾ ਹੈ ਕਿ ਕੀ ਗੁਰੂ-ਕਾਲ ਤੋਂ ਮਗਰੋਂ ਵੀ ਰੱਬ ਦੇ ਕਿਸੇ ਪ੍ਰੇਮੀ ਨੂੰ ਰੱਬੀ ਸ਼ਬਦ ਅਨੁਭੂਤ ਹੋ ਸਕਦਾ ਹੈ ? ਮੇਰੀ ਮਾਨਤਾ ਹੈ ਕਿ ਜੇ ਰੱਬ ਕਾਇਮ ਹੈ, ਉਸ ਤਕ ਪਹੁੰਚਣ ਵਾਲੇ ਵੀ ਰਹਿਣਗੇ, ਉਸ ਦੀ ਸ਼ਬਦ-ਸ਼ਕਤੀ ਵੀ ਵਿਨਸ਼ਟ ਨਹੀਂ ਹੋ ਸਕਦੀ, ਤਾਂ ਬਾਣੀ ਕਿਸੇ ਸਮੇਂ ਵਿਚ ਵੀ ਅਵਤ੍ਰਿਤ ਹੋ ਸਕਦੀ ਹੈ। ਗੁਰੂ ਕਾਲ ਵਿਚ ਇਹ ਕੀਰਤਨਕਾਰਾਂ ਨੂੰ ਅਤੇ ਭੱਟ-ਕਵੀਆਂ ਜੈਸੇ ਗੁਰਮੁਖਾਂ ਨੂੰ ਵੀ ਅਨੁਭੂਤ ਹੋਈ ਸੀ। ਪਰ ਸਚੀ ਬਾਣੀ ਅਤੇ ਕਚੀ ਬਾਣੀ ਵਿਚ ਅੰਤਰ ਕੇਵਲ ਗੁਰੂ ਕਰ ਸਕਦਾ ਹੈ, ਸਿਖ ਨਹੀਂ। ਇਸ ਕਾਰਨ ਗੁਰੂ ਦੁਆਰਾ ਪ੍ਰਮਾਣਿਤ ਬਾਣੀ ਤੋਂ ਬਾਅਦ ਸਿਖ ਕਿਸੇ ਹੋਰ ਬਾਣੀ ਦੇ ਦਿਵਯ ਹੋਣ ਉਤੇ ਵਿਸ਼ਵਾਸ ਨਹੀਂ ਕਰ ਸਕਦਾ। ਫਿਰ ਵੀ ਇਸਲਾਮ ਵਾਂਗ ਸਿਖ ਮੱਤ ਇਹ ਨਹੀਂ ਕਹਿੰਦਾ ਕਿ ਗੁਰੂ-ਕਾਲ ਤੋਂ ਬਾਅਦ ਰੱਬ ਗੂੰਗਾ ਹੋ ਗਿਆ ਹੈ। ਅਸੀਂ ਉਪਰ ਇਹ ਵਿਚਾਰ ਰਹੇ ਸੀ ਕਿ ਗੁਰੂ ਦੇ ਇਕ ਅੰਗ 'ਜੋਤਿ' ਦਾ ਨਿਵਾਸ ਜਿਵੇਂ ਭਗਤਾਂ ਵਿਚ ਸੀ, ਤਿਵੇਂ ਗੁਰੂ ਸਾਹਿਬਾਨ ਵਿਚ ਸੀ, ਉਸੇ ਤਰ੍ਹਾਂ ਬਾਣੀਕਾਰ ਗੁਰਸਿਖਾਂ ਵਿਚ। ਉਨ੍ਹਾਂ ਦੀ ਬਾਣੀ ਵਿਚ ਇਕੋ 'ਜੋਤਿ' ਦਾ ਪ੍ਰਕਾਸ਼ ਸੀ। ਇਕੋ ਜੋਤਿ ਦੇ ਗਿਆਨ-ਚਾਨਣ ਤੋਂ ਭਰਪੂਰ ਸਾਰੀ ਬਾਣੀ ਦਾ ਦਰਜਾ ਇਕੋ ਜਿਹਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕੋਈ ਬਾਣੀ ਦੂਜੀ ਤੋਂ ਸ੍ਰੇਸ਼ਠ ਜਾਂ ਤੁਛ ਨਹੀਂ ਹੋ ਸਕਦੀ, ਸਭ ਪਦਾਂ ਵਿਚ ਇਕੋ ਜੋਤਿ ਦਾ ਪ੍ਰਕਾਸ਼ ਹੈ, ਕਿਉਂਕਿ ਉਸ ਦੇ ਰਚਨਹਾਰ ਇਕੋ ਨੂਰ ਵਿਚ ਅਭੇਦ ਸਨ।

ਗੁਰੂ ਦਾ ਦੂਜਾ ਅਹਿਮ ਅੰਗ 'ਜੁਗਤਿ' ਹੈ। 'ਜੁਗਤਿ' ਦਾ ਭਾਵ ਉਸ ਸਫਲ ਵਿਧੀ ਤੋਂ ਹੈ, ਜਿਸ ਦੁਆਰਾ ਗੁਰੂ ਆਪਣੇ ਸਿਖਾਂ ਦੇ ਹਿਰਦਿਆਂ ਵਿਚ ਸ਼ਬਦ-ਜੋਤਿ ਦਾ ਪ੍ਰਕਾਸ਼ ਕਰਦਾ ਹੈ। ਇਹ 'ਜੁਗਤਿ' ਕੋਈ ਸਾਧਾਰਨ ਵਿਧੀ ਨਹੀਂ, ਬਲਕਿ ਇਕ ਦੈਵੀ-ਅਧਿਕਾਰ ਹੈ। ਪੈਗੰਬਰ ਜਾਂ ਗੁਰੂ ਇਸੇ ਵਿਸ਼ੇਸ਼ ਅਧਿਕਾਰ ਕਾਰਨ ਭਗਤਾਂ ਅਤੇ ਸਾਧਕਾਂ ਤੋਂ ਵਖ ਹੋ ਜਾਂਦੇ ਹਨ। ਭਗਤਾਂ ਨੇ ਆਪਣੀ ਸਾਧਨਾ ਦੁਆਰਾ ਆਪਣਾ ਅੰਤਹਕਰਣ ਪ੍ਰਕਾਸ਼ਮਾਨ ਕੀਤਾ ਹੈ, ਉਸ ਅੰਤਹਕਰਣ ਵਿਚੋਂ 'ਦਿਵਯ-ਜੋਤਿ' ਸ਼ਬਦ ਦਾ ਰੂਪ ਧਾਰਨ ਕਰ ਕੇ ਬਾਹਰ ਪ੍ਰਗਟ ਹੋਈ ਹੈ, ਪਰ ਉਸ ਜੋਤਿ ਦੇ ਮਾਨਵ-ਮਨ ਵਿਚ ਸਫਲ ਸੰਚਾਰ ਦਾ ਜੋ ਵਿਸ਼ੇਸ਼ ਅਧਿਕਾਰ ਗੁਰੂ-ਪੁਰਖ ਕੋਲ ਹੈ, ਉਹ ਭਗਤਾਂ ਕੋਲ ਨਹੀਂ। ਭਗਤ ਕਬੀਰ ਨੇ ਜਾਤਿ-ਪਾਤਿ ਦਾ ਨਿਖੇਧ ਕਰਨ ਵਾਲੇ

ਜੋਤਿਮਈ ਸ਼ਬਦ ਤਾਂ ਉਚਾਰਨ ਕੀਤੇ ਹਨ, ਆਪ ਇਨ੍ਹਾਂ ਭੇਦ-ਭਾਵਾਂ ਤੋਂ ਉਹ ਉਪਰ ਵੀ ਉਠ ਜਾਂਦੇ ਹਨ, ਪਰ ਜਾਤਿ-ਮੁਕਤ ਸਮਾਜ ਸਿਰਜਣ ਦਾ ਉਨ੍ਹਾਂ ਕੋਲ ਉਹ ਅਧਿਕਾਰ ਨਹੀਂ, ਜੋ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦੇ ਹੋਰ ਨੌਂ ਸਰੀਰਾਂ ਕੋਲ ਸੀ। ਭਾਵ ਇਹ ਕਿ ਭਗਤ ਜੋਤਿ ਕਾਰਨ ਗੁਰੂ ਨਾਲ ਅਭੇਦ ਹਨ। ਉਨ੍ਹਾਂ ਦੇ ਬਚਨ ਗੁਰੂ ਦੀ ਬਾਣੀ ਤੁਲ ਹਨ, ਪਰ ਉਨ੍ਹਾਂ ਦਾ ਸਮੁਚਾ ਵਿਅਕਤਿਤ੍ਵ ਗੁਰੂ ਜੇਡਾ ਨਹੀਂ। ਸਿਖ ਮੱਤ ਇਸ ਸੰਬੰਧੀ ਬਹੁਤ ਸਪਸ਼ਟ ਹੈ। ਹਰ ਸਿਖ ਭਗਤਾਂ ਦੀ ਬਾਣੀ ਨੂੰ ਗੁਰਬਾਣੀ ਨਾਲ ਅਭਿੰਨ ਮੰਨਦਾ ਹੈ। ਭਗਤਾਂ ਦੀ ਬਾਣੀ ਨੂੰ ਉਹੋ ਸਨਮਾਨ ਦੇਂਦਾ ਹੈ, ਜਿਹੜਾ ਉਹ ਗੁਰਬਾਣੀ ਨੂੰ ਦੇਂਦਾ ਹੈ, ਪਰ ਭਗਤਾਂ ਦੇ ਵਿਅਕਤਿਤ੍ਵ ਨੂੰ ਉਹ ਸਥਾਨ ਕਦੇ ਨਹੀਂ ਦੇਂਦਾ, ਜਿਹੜਾ ਗੁਰੂ ਪਾਤਸ਼ਾਹਾਂ ਨੂੰ ਦੇਂਦਾ ਹੈ। ਇਹ ਸੂਖਮ ਅੰਤਰ ਗੁਰੂ ਅਤੇ ਭਗਤ ਦਾ ਹੈ, ਜਿਸ ਦੀ ਠੀਕ ਸਮਝ ਨਾ ਹੋਣ ਕਾਰਨ ਗੁਰਤਰਨ ਸਿੰਘ ਅਤੇ ਉਨ੍ਹਾਂ ਦੇ ਪੂਜਯ 'ਕਲਿਕੀ ਅਵਤਾਰ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਕੁਝ ਭਾਗ ਨੂੰ ਛੋਟਾ ਸਮਝਣ ਦਾ ਅਪਰਾਧ ਕਰ ਰਹੇ ਹਨ।

ਸਾਡੇ ਮਿਤ੍ਰ ਗੁਰਤਰਨ ਜੀ ਆਪਣੀ ਬੁਧੀ ਵਿਚ ਸਥਿਤ, ਜਿਸ ਸ੍ਰੇਸ਼ਠਤਮ ਵਿਵੇਕ ਦੀਆਂ ਪ੍ਰਕਾਸ਼ ਕਿਰਣਾਂ ਦੇ ਪਰਮ-ਪ੍ਰਤਾਪੀ ਤੇਜ ਨੂੰ ਦੋ ਜਹਾਨ ਰੋਸ਼ਨ ਕਰਨ ਵਾਲਾ ਸਮਝਦੇ ਹਨ, ਸਾਡੀ ਦ੍ਰਿਸ਼ਟੀ ਵਿਚ ਉਹ ਬਹੁਤ ਭ੍ਰਾਂਤੀ-ਯੁਕਤ, ਪਥ-ਭ੍ਰਸ਼ਟ ਅਤੇ ਤਰੁਟੀ-ਪੂਰਨ ਹੈ। ਉਨ੍ਹਾਂ ਦਾ ਭਾਵੁਕ ਵੇਗ ਕਦੇ ਕਿਸੇ ਪਾਸੇ ਉਡਾਰੀ ਮਾਰਦਾ ਹੈ, ਕਦੇ ਕਿਸੇ ਪਾਸੇ। ਇਕ ਵਿਚਾਰ ਉਤੇ ਸਥਿਰਤਾ ਉਨ੍ਹਾਂ ਦੇ ਸੁਭਾਅ ਵਿਚ ਨਾ ਕਦੇ ਰਹੀ ਹੈ, ਨਾ ਰਹਿ ਸਕਦੀ ਹੈ। ਸਾਰੇ ਲੇਖ ਵਿਚ ਭਗਤ-ਬਾਣੀ ਦੀ ਹੀਣਤਾ ਉਤੇ ਲਾਇਆ ਬਲ ਉਨ੍ਹਾਂ ਆਪਣੀ ਇਕੋ ਪੰਕਤੀ ਨਾਲ ਆਪ ਹੀ ਨਸ਼ਟ ਕਰ ਦਿੱਤਾ ਹੈ। ਜਿਨ੍ਹਾਂ ਭਗਤਾਂ ਨੂੰ ਛਲ-ਪੂਰਵਕ ਈਸਾਈ ਸੰਤਾਂ ਨਾਲ ਤੁਲਨਾਕੇ ਅਤੇ ਪ੍ਰੋ. ਪੂਰਨ ਸਿੰਘ ਜੈਸੇ ਵਿਦਵਾਨ ਦਰਵੇਸ਼ਾਂ ਦੇ ਨਾਮ ਦੀ ਦੁਰਵਰਤੋਂ ਕਰ ਕੇ ਉਹ ਛੁਟਿਆਂਦੇ ਰਹੇ ਹਨ, ਇਕੋ ਪੰਕਤੀ ਨਾਲ ਉਸ ਦਾ ਆਪ ਹੀ ਝੁਗਾ-ਚੌੜ ਕਰ ਲੈਂਦੇ ਹਨ। ਭਗਤ-ਬਾਣੀ ਸਮੇਤ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਉਤੇ ਨਾਜ਼ਿਲ ਹੋਇਆ ਇਲਹਾਮ ਮੰਨ ਕੇ ਆਪਣੇ ਘਰ ਆਪ ਹੀ ਲੂਕੀ (ਢੁਆਤੀ) ਲਾ ਕੇ ਮਿਹਨਤ ਨਾਲ ਉਸਾਰੀ ਆਪਣੀ ਪਥ-ਭ੍ਰਸ਼ਟ ਵਿਚਾਰਧਾਰਾ ਨੂੰ ਬਰਬਾਦ ਕਰ ਬੈਠਦੇ ਹਨ। ਇਸੇ ਲੇਖ ਵਿਚ ਉਹ ਲਿਖਦੇ ਹਨ-

"ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇਕ ਇਲਹਾਮ ਦਾ ਦਰਜਾ ਰਖਣ ਵਾਲਾ ਧਰਮ ਗ੍ਰੰਥ ਉਦੋਂ ਹੀ ਸਥਾਪਤ ਹੁੰਦਾ ਹੈ, ਜਦੋਂ ਇਸ ਦਾ ਆਖਰੀ ਰੂਪ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਇਲਹਾਮ ਵਿਚੋਂ ਨੌਂ ਮਹੀਨੇ ਨੌਂ ਦਿਨ ਅਤੇ ਨੌਂ ਘੜੀਆਂ ਵਿਚ ਦਮਦਮੇ ਸਾਹਿਬ ਨਾਜ਼ਲ ਹੋਇਆ।"

ਗੁਰਤਰਨ ਸਿੰਘ ਜੀ ਦੇ ਇਸ ਇਕ ਹੋਰ ਸ਼ਗੂਫੇ ਤੋਂ ਹੇਠ ਲਿਖੇ ਨੁਕਤੇ ਸਾਹਮਣੇ ਆਉਂਦੇ ਹਨ-

1. 6 ਗੁਰੂ ਪਾਤਸ਼ਾਹਾਂ, ਭਗਤਾਂ ਅਤੇ ਗੁਰਸਿਖਾਂ ਦੀ ਬਾਣੀ ਆਪਣੇ ਅਵਤ੍ਰਣ ਸਮੇਂ ਇਲਹਾਮੀ ਬਾਣੀ ਨਹੀਂ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਇਲਹਾਮ ਦਾ ਦਰਜਾ ਤਦ ਮਿਲਿਆ, ਜਦੋਂ ਜਿਸ ਦਾ ਅੰਤਿਮ ਰੂਪ ਤਿਆਰ ਹੋਇਆ।
2. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਰੀ ਬਾਣੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਇਲਹਾਮ ਹੋਈ ਸੀ।
3. ਜੇ ਸਿਖ ਗੁਰੂ ਸਾਹਿਬਾਨ ਵਿਚੋਂ ਇਲਹਾਮ ਪ੍ਰਾਪਤੀ ਦਾ ਅਧਿਕਾਰ ਕੇਵਲ ਗੁਰੂ ਗੋਬਿੰਦ ਸਿੰਘ ਜੀ ਨੂੰ ਪ੍ਰਾਪਤ ਸੀ, ਤਾਂ ਉਨ੍ਹਾਂ ਦੀ ਉਚਾਰਨ ਕੀਤੀ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਬਾਣੀ ਵੀ ਰੱਬੀ ਬਾਣੀ ਮੰਨੀ ਜਾਣੀ ਚਾਹੀਦੀ ਹੈ।

ਸਮੀਖਿਆ : ਆਓ, ਡਾ. ਗੁਰਤਰਨ ਸਿੰਘ ਜੀ ਦੀਆਂ ਉਪਰੋਕਤ ਸਥਾਪਨਾਵਾਂ ਦੇ ਸੰਖੇਪ ਵਿਸ਼ਲੇਸ਼ਣ ਦਾ ਯਤਨ ਕਰੀਏ-

- ਬੁਧੀਮਾਨ ਲੇਖਕ ਕਹਿੰਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਇਲਹਾਮ ਦਾ ਦਰਜਾ ਤਦ ਮਿਲਿਆ, ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਨੂੰ ਅੰਤਿਮ ਰੂਪ ਦਿੱਤਾ। ਇਸ ਦਾ ਸਪਸ਼ਟ ਭਾਵ ਇਹ ਹੈ ਕਿ ਆਪਣੇ ਅਵਤ੍ਰਣ ਸਮੇਂ ਇਹ ਬਾਣੀ ਇਲਹਾਮ ਦੇ ਬਰਾਬਰ ਦੀ ਨਹੀਂ ਸੀ। ਮੈਂ ਇਹ ਵੀ ਸਪਸ਼ਟ ਕਰਨਾ ਚਾਹੁੰਦਾ ਹਾਂ ਕਿ ਮੈਂ ਗੁਰਬਾਣੀ ਨੂੰ ਇਲਹਾਮ ਸਿਧ ਕਰਨ ਵਲ ਰਤਾ ਭਰ ਵੀ ਰੁਚਿਤ ਨਹੀਂ, ਕਿਉਂਕਿ ਮੈਂ ਇਸ ਨੂੰ ਦੈਵੀ-ਸ਼ਬਦ ਜਾਂ ਦੈਵੀ-ਬਾਣੀ ਮੰਨਦਾ ਹਾਂ ਅਤੇ ਦੈਵੀ-ਸ਼ਬਦ ਨੂੰ ਵਿਚੋਲਗੀ ਆਧਾਰਿਤ ਇਲਹਾਮ ਤੋਂ ਉਤਮ ਮੰਨਦਾ ਹਾਂ। ਪਰ ਮੇਰੇ ਮਿਤ੍ਰ ਗੁਰਤਰਨ ਸਿੰਘ ਗੁਰਬਾਣੀ ਨੂੰ ਹਰ ਹਾਲ ਬਲ-ਪੂਰਵਕ ਕੁਰਾਨ ਤੋਂ ਛੋਟਾ ਸਿਧ ਕਰਨ ਉਤੇ ਤੁਲੇ ਹੋਏ ਹਨ ਅਤੇ ਇਸ ਵਾਸਤੇ ਜਿਤਨੇ ਕੁਤਰਕ ਸਿਰਜਣ ਦੀ ਉਨ੍ਹਾਂ ਦੀ ਬੌਧਿਕ ਸਮਰਥਾ ਹੈ, ਉਤਨੇ ਸਿਰਜ ਰਹੇ ਹਨ। ਉਨ੍ਹਾਂ ਨੇ ਭਗਤ-ਬਾਣੀ ਨੂੰ ਕੁਰਾਨ ਤੋਂ ਨੀਵਾਂ

ਕਰਨਾ ਹੈ। ਇਸ ਕੁਚੇਸ਼ਟਾ ਦੀ ਪੂਰਤੀ ਵਾਸਤੇ ਉਨ੍ਹਾਂ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਦਿਵਯਤਾ ਨੂੰ ਕੂੜ ਦੇ ਜਾਮੇ ਵਿਚ ਲਪੇਟ ਕੇ ਨਸ਼ਟ ਕਰਨ ਦਾ ਯਤਨ ਕੀਤਾ ਹੈ। ਜੇ ਇਹ ਬਾਣੀ 1706-07 ਤੋਂ ਪਹਿਲਾਂ ਦੈਵੀ ਨਹੀਂ ਸੀ, ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 'ਧੁਰ ਕੀ ਬਾਣੀ ਆਈ, ਪੋਥੀ ਪਰਮੇਸਰ ਕਾ ਥਾਨੁ, ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ' ਵਰਗੀਆਂ ਸਮੂਹ ਸਿਖ ਧਾਰਨਾਵਾਂ ਗ਼ਲਤ ਸਿਧ ਹੋ ਜਾਂਦੀਆਂ ਹਨ। ਇਸ ਦਾ ਇਹ ਵੀ ਅਰਥ ਨਿਕਲਦਾ ਹੈ ਕਿ ਇਹ ਬਾਣੀ ਮਾਨਵੀ ਸੀ। ਜੇ ਸੰਪਾਦਨ-ਕਰਤਾ ਨੂੰ ਇਲਹਾਮੀ ਪੁਰਸ਼ ਮੰਨ ਲਿਆ ਜਾਵੇ, ਫਿਰ ਤਾਂ ਇਹ ਵੀ ਮੰਨਣਾ ਪਵੇਗਾ ਕਿ ਪਹਿਲਾਂ ਬਾਣੀ-ਰਚਇਤਾ ਮਹਾਪੁਰਖਾਂ ਨੂੰ ਬਾਣੀ ਇਲਹਾਮ ਹੋਈ, ਫਿਰ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਇਲਹਾਮ ਹੋਈ। ਉਹੋ ਬਾਣੀ ਮਗਰੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਇਲਹਾਮ ਹੋਈ। ਜੇ ਬਾਣੀ ਦਾ ਸੰਗ੍ਰਹਿ-ਕਰਤਾ ਅਸਲ ਇਲਹਾਮੀ ਪੁਰਸ਼ ਹੈ, ਤਾਂ ਤੇ ਕੁਰਾਨ ਦੀਆਂ ਆਇਤਾਂ ਇਕਤਰ ਕਰ ਕੇ ਇਨ੍ਹਾਂ ਨੂੰ ਕੁਰਾਨ ਰੂਪ ਦੇਣ/ਦਿਵਾਉਣ ਵਾਲੇ ਹਜ਼ਰਤ ਜ਼ੈਦ ਜਾਂ ਹਜ਼ਰਤ ਉਸਮਾਨ ਵੀ ਇਲਹਾਮੀ ਪੁਰਖ ਹੋ ਨਿਬੜਦੇ ਹਨ। ਗੁਰਤਰਨ ਜੀ ਨੇ ਬਹੁ-ਪ੍ਰਕਾਰੀ ਪਾਪ ਕੀਤਾ ਹੈ। ਇਕ ਪਾਸੇ ਪਹਿਲੀਆਂ ਪਾਤਸ਼ਾਹੀਆਂ ਦੀ ਰੱਬੀ ਇਕਸੁਰਤਾ ਨੂੰ ਨਕਾਰਣਾ। ਦੂਜਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਭਗਤਾਂ ਦੇ ਅਧੀਨ ਕਰਨਾ, ਕਿਉਂਕਿ ਗੁਰੂ ਜੀ ਭਗਤਾਂ ਦੀ ਬਾਣੀ ਦੁਆਰਾ ਰੱਬ ਨਾਲ ਇਕਸੁਰ ਹੋਏ ਵਿਖਾਏ ਹਨ ਭਾਵ ਦਿਵਯ-ਸ਼ਕਤੀ ਤਕ ਉਨ੍ਹਾਂ ਦੀ ਆਪਣੀ ਸਿਧੀ ਪਹੁੰਚ ਨਹੀਂ ਸੀ। ਤੀਜੇ ਇਹ ਦਸਣਾ ਕਿ ਬਾਣੀਕਾਰਾਂ ਨੂੰ ਗੁਰਬਾਣੀ ਅਕਾਲ-ਪੁਰਖ ਦੇ ਸਾਖਿਆਤਕਾਰ ਤੋਂ ਅਨੁਭੂਤ ਨਹੀਂ ਸੀ ਹੋਈ, ਬਲਕਿ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਨੂੰ ਰੱਬੀ ਬਾਣੀ ਦੇ ਪਦ ਤਕ ਪਹੁੰਚਾ ਦਿੱਤਾ ਹੈ। ਸਾਡੇ ਚਰਚਿਤ ਵਿਦਵਾਨ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰੂ-ਸਰੂਪ ਅਤੇ ਇਸ ਦੇ 'ਧੁਰ ਕੀ ਬਾਣੀ' ਹੋਣ ਦੇ ਦਰਜੇ ਵਿਚ ਅੰਤਰ ਨਹੀਂ ਪਤਾ। ਅਸਲੀਅਤ ਇਹ ਹੈ ਕਿ ਗੁਰਬਾਣੀ ਦਾ ਇਕ-ਇਕ ਪਦ ਆਪਣੇ ਅਵਤ੍ਰਣ ਸਮੇਂ ਹੀ ਦੈਵੀ ਬਾਣੀ ਹੈ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁਰਤਾ ਗੱਦੀ ਦੇ ਯੋਗ ਆਪਣੇ ਪੂਰਨ ਸਰੂਪ ਵਿਚ ਹਨ। ਬਾਣੀ ਦਾ ਰੱਬੀ ਹੋਣਾ ਹੋਰ ਗੱਲ ਹੈ ਅਤੇ ਗੁਰੂ ਰੂਪ ਹੋਣਾ ਹੋਰ ਗੱਲ ਹੈ। ਕੁਰਾਨ ਸ਼ਰੀਫ਼ ਇਲਹਾਮੀ ਗ੍ਰੰਥ

ਹੈ, ਪਰ ਗੁਰੂ ਜਾਂ ਪੈਗੰਬਰ ਦਾ ਦਰਜਾ ਉਸ ਨੂੰ ਮੁਸਲਮਾਨ ਨਹੀਂ ਦੇਂਦੇ। ਸਾਡੇ ਪਰਮ ਬੁਧੀਮਾਨ ਵਿਦਵਾਨ ਜੀ ਧਰਮ-ਸ਼ਾਸਤ੍ਰ ਦੀਆਂ ਮੋਟੀਆਂ-ਮੋਟੀਆਂ ਗੱਲਾਂ ਤੋਂ ਵੀ ਅਭਿਜ ਹਨ, ਧਰਮ ਦੇ ਸੂਖਮ ਤੱਤਾਂ ਦਾ ਵਿਵੇਚਨ ਕੀ ਕਰਨਗੇ ? ਡਾ. ਗੁਰਤਰਨ ਸਿੰਘ ਦੀ ਇਹ ਲਿਖਿਤ ਬੌਧਿਕਤਾ ਦਾ ਹੀ ਅਪਮਾਨ ਨਹੀਂ, ਬਲਕਿ ਸਿਖ ਧਰਮ ਦੇ ਬੁਨਿਆਦੀ ਤੱਤਾਂ ਉਤੇ ਸਮਝ-ਸੋਚ ਕੇ ਕੀਤਾ ਹਮਲਾ ਹੈ। ਮੇਰਾ ਸਵਾਲ ਹੈ ਕਿ ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਰੀ ਬਾਣੀ ਗੁਰੂ ਗੋਬਿੰਦ ਸਿੰਘ ਜੀ ਨੂੰ ਇਲਹਾਮ ਹੋਈ ਹੈ, ਤਾਂ ਸਾਰੀਆਂ ਬਾਣੀਆਂ ਉਤੇ ਮਹਲਾ 10 ਅੰਕਿਤ ਕਰ ਦੇਣਾ ਚਾਹੀਦਾ ਹੈ। ਵਿਵੇਕੀ ਪਾਠਕੋ ! ਗੁਰਤਰਨ ਜੀ ਦਾ ਇਲਹਾਮ ਇਹੋ-ਜਿਹਾ ਹੈ। ਹੋਰਨਾਂ ਦੀ ਉਚਾਰਨ ਕੀਤੀ ਬਾਣੀ ਨੂੰ ਲਿਖਵਾਉਣਾ, ਉਹ ਸਿਧਾ ਅਨੁਭੂਤ ਹੋਇਆ ਇਲਹਾਮ ਹੈ, ਜੋ ਸਤਵੇਂ ਅਕਾਸ਼ ਤੋਂ ਆਉਂਦਾ ਹੈ। ਅਸਲ ਵਿਚ ਗੁਰਤਰਨ ਦੀ ਇਹ ਸਥਾਪਨਾ ਵੀ ਉਸ ਦੇ ਹਰਮਨ ਪਿਆਰੇ ਕੁਰਾਨਿਕ ਮੱਤ ਦੀ ਹੀ ਸੇਵਾ ਹੈ, ਕਿਉਂ ਜੁ ਉਨ੍ਹਾਂ ਸਿਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਕੁਰਾਨ ਦੀ ਬਾਣੀ ਸਿਧੀ ਅੱਲਾਹ ਤੋਂ ਆਈ ਹੈ ਅਤੇ ਸਿਖ ਧਰਮ ਵਿਚ ਦੂਜਿਆਂ ਦੀ ਬਾਣੀ ਨੂੰ ਸੰਪਾਦਿਤ ਕਰਨਾ ਹੀ ਇਲਹਾਮ ਦੀ ਪ੍ਰਾਪਤੀ ਸਮਝਿਆ ਜਾਂਦਾ ਹੈ।

ਗੁਰਤਰਨ ਕਹਿੰਦਾ ਹੈ "ਇਲਹਾਮ ਦੇ ਹਕਦਾਰ ਗੁਰੂਆਂ ਜਾਂ ਪੈਗੰਬਰਾਂ ਨੂੰ ਰੱਬ ਦੇ ਦੋਸਤ (Friends of God) ਮੰਨਿਆ ਗਿਆ ਹੈ।" ਅਸਲੀਅਤ ਇਹ ਹੈ ਕਿ ਇਹ ਧਾਰਨਾ ਸਾਮੀ ਧਰਮਾਂ ਦੀ ਹੈ। ਉਨ੍ਹਾਂ ਧਰਮਾਂ ਵਿਚ ਆਤਮਾ ਅਤੇ ਪਰਮਾਤਮਾ ਦੀ ਅਭੇਦਤਾ ਦੇ ਵਿਧਾਨ ਦਾ ਅਭਾਵ ਹੈ। ਪੈਗੰਬਰ ਰੱਬ ਦੇ ਨੇੜੇ ਰਹਿ ਸਕਦਾ ਹੈ, ਉਸ ਵਿਚ ਵਿਲੀਨ ਨਹੀਂ ਹੋ ਸਕਦਾ। ਸਿਖ ਧਰਮ ਵਿਚ ਸਾਧਕ ਉਸ ਨੂੰ ਮਾਤਾ, ਪਿਤਾ, ਪਤੀ, ਭਰਾ, ਮਿਤ੍ਰ ਸਭ ਕੁਝ ਸਵੀਕਾਰ ਕਰਦਾ ਹੋਇਆ ਵੀ, ਆਪਣੇ-ਆਪ ਨੂੰ ਉਸ ਦਾ ਅੰਸ਼ ਮੰਨਦਾ ਹੈ ਅਤੇ ਅੰਸ਼ੀ ਨਾਲ ਇਕਮਿਕ ਹੋਣਾ ਉਸ ਦੀ ਸਾਧਨਾ ਦਾ ਅੰਤਿਮ ਫਲ ਹੈ। ਜੇ ਰੱਬ ਗੁਰੂ ਜੀ ਦਾ ਦੋਸਤ ਹੈ, ਤਾਂ ਉਹ ਉਸੇ ਤਰ੍ਹਾਂ ਸਿਖਾਂ ਅਤੇ ਸੰਤ-ਭਗਤਾਂ ਦਾ ਵੀ ਮਿਤ੍ਰ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਾਮਦੇਵ ਨੂੰ ਰੱਬ ਦਾ ਦੋਸਤ ਕਹਿੰਦਿਆਂ ਇਹ ਲਿਖਿਆ ਹੈ- **ਹਲੇ ਯਾਰਾਂ ਹਲੇ ਯਾਰਾਂ ਖੁਸਿਖਬਰੀ।** ਜਿਥੋਂ ਤਕ ਹਰਿੰਦਰ ਸਿੰਘ ਮਹਿਬੂਬ ਦੀ ਤੁਲਨਾ ਗੁਰਤਰਨ ਸਿੰਘ ਨੇ ਵਾਰ-ਵਾਰ ਪ੍ਰੋ. ਪੂਰਨ ਸਿੰਘ ਨਾਲ ਕੀਤੀ ਹੈ, ਉਹ ਸਰਬ-ਭਾਂਤ ਅਨੁਚਿਤ ਹੈ।

ਪ੍ਰੋ. ਪੂਰਨ ਸਿੰਘ ਇਕ ਅਤਿ ਉਤਕ੍ਰਿਸ਼ਟ ਵਿਦਵਾਨ ਹੀ ਨਹੀਂ ਸੀ, ਬਲਕਿ ਇਕ ਉਤਮ ਸਾਧਕ ਵੀ ਸੀ। ਉਸ ਨੇ ਜੋ ਕੁਝ ਲਿਖਿਆ ਹੈ, ਉਸ ਦੀ ਲਿਖਿਤ ਇਕ ਸਰੇ-ਸੁਰੇ ਗੁਰਮੁਖ ਦੇ ਅਹੰ-ਮੁਕਤ ਬਚਨ ਹੋਣ ਵਿਚ ਕੋਈ ਸੰਦੇਹ ਨਹੀਂ। ਮਹਿਬੂਬ ਨੇ ਜੋ ਕੁਝ ਲਿਖਿਆ ਹੈ, ਹਰ ਸ਼ਬਦ ਬੌਧਿਕ ਅਹੰਕਾਰ ਵਿਚੋਂ ਉਪਜਿਆ ਹੈ। ਪ੍ਰੋ. ਪੂਰਨ ਸਿੰਘ ਦੇ ਵਿਚਾਰਾਂ ਨਾਲ ਜੇ ਕਿਤੇ ਅਸਹਿਮਤੀ ਵੀ ਹੋਵੇ, ਤਾਂ ਵੀ ਪਾਠਕ ਦੇ ਮਨ ਵਿਚ ਉਸ ਦਾ ਸਨਮਾਨ ਉਸੇ ਤਰ੍ਹਾਂ ਬਣਿਆ ਰਹਿੰਦਾ ਹੈ। ਦੂਜੇ ਪਾਸੇ ਮਹਿਬੂਬ ਦੇ ਵਿਚਾਰਾਂ ਨਾਲ ਜੇ ਕਿਤੇ ਸਹਿਮਤੀ ਵੀ ਹੋਵੇ, ਤਾਂ ਵੀ ਉਸ ਦੀ ਅਹੰਕਾਰ-ਬ੍ਰਿਤੀ ਅਤੇ ਝੂਠਾ ਸ਼ਬਦ-ਜਾਲ ਪਾਠਕ ਕੋਲੋਂ ਸਤਿਕਾਰ ਨਹੀਂ ਅਰਜਿਤ ਕਰ ਸਕਦੇ। ਜਿਥੋਂ ਤਕ ਪ੍ਰੋ. ਪੂਰਨ ਸਿੰਘ ਦੇ ਵਿਚਾਰਾਂ ਦਾ ਸਵਾਲ ਹੈ, ਤਾਂ ਨਿਰਸੰਦੇਹ ਗੁਰਤਰਨ ਸਿੰਘ ਨੇ ਆਪਣੇ ਵਿਚਾਰਾਂ ਦੀ ਝੂਠੀ ਪ੍ਰੋੜਤਾ ਵਾਸਤੇ ਉਸ ਪਰਮ-ਵਿਦਿਤ ਦਰਵੇਸ਼ ਦੇ ਨਾਮ ਦੀ ਦੁਰਵਰਤੋਂ ਕੀਤੀ ਹੈ। ਜੋ ਕੁਝ ਪੂਰਨ ਸਿੰਘ ਕਦੇ ਨਹੀਂ ਲਿਖਿਆ, ਉਹ ਝੂਠੋ-ਝੂਠ ਆਪਣੇ ਕੋਲੋਂ ਬਣਾ ਕੇ ਗੁਰਤਰਨ ਉਸ ਦੇ ਮੱਥੇ ਤੇ ਮੜ੍ਹ ਰਿਹਾ ਹੈ। ਜਿਸ ਅਰਨੈਸਟ ਰਾਈਸ ਦਾ ਠੀਕ ਹਵਾਲਾ ਦਿਤੇ ਬਿਨਾ ਗੁਰਤਰਨ ਜੀ ਆਪਣੇ ਵਿਚਾਰ ਉਸ ਉਤੇ ਥੋਪ ਰਹੇ ਹਨ, ਉਸ ਨੇ ਇਸਲਾਮ ਦੀ ਪੂਜਾ ਨੂੰ ਸਿਖ ਧਰਮ ਤੋਂ ਸਰਵਥਾ ਭਿੰਨ ਆਖਦਿਆਂ ਲਿਖਿਆ ਹੈ, "ਬੁਧ ਅਤੇ ਗੁਰੂ ਨਾਨਕ ਦੇ ਅਸੂਲਾਂ ਦੇ ਟਾਕਰੇ ਉਪਰ ਇਸਲਾਮ ਦਾ ਧਰਮ ਹਿੰਦੂਆਂ ਵਾਂਗ ਦੋ-ਪਖੀ ਪੂਜਾ ਦੇ ਸਿਧਾਂਤਾਂ ਨੂੰ ਮੰਨਣ ਵਾਲਾ ਸੀ।" ਉਸ ਨੇ ਕਬੀਰ ਨੂੰ ਸੁਧਾਰਵਾਦੀ ਪਰਵਕਤਾ ਮੰਨ ਕੇ ਉਸ ਬਾਬਤ ਲਿਖਿਆ ਹੈ "ਅਸੀਂ ਵੇਖਦੇ ਹਾਂ ਕਿ ਉਨ੍ਹਾਂ ਦੀ ਪੈਦਾ ਕੀਤੀ ਜਾਗ੍ਰਿਤੀ ਵਿਚ ਪੰਜਾਬ ਵਿਚ ਗੁਰੂ ਆਤਮਾਵਾਂ ਦੇ ਆਗਮਨ ਦੀ ਪ੍ਰਸਤਾਵਨਾ ਸੀ।" ਇਹ ਵੀ ਸੰਦੇਹ ਨਹੀਂ ਕਿ ਪ੍ਰੋ. ਪੂਰਨ ਸਿੰਘ ਆਪਣੇ-ਆਪ ਨੂੰ ਫ਼ਖਰ ਸਹਿਤ ਅਦ੍ਵੈਤ ਵੇਦਾਂਤੀ ਅਖਵਾਉਂਦੇ ਸਨ, ਜਦੋਂ ਕਿ ਮਹਿਬੂਬ ਅਦ੍ਵੈਤ ਵੇਦਾਂਤ ਦਾ ਕਟਰ ਨਿੰਦਕ ਹੈ। ਉਂਞ ਵੀ ਇਸਲਾਮ ਦੇ ਦ੍ਵੈਤਵਾਦੀ ਵਿਚਾਰਾਂ ਦੀ ਰੰਗਤ ਵਿਚ ਨਖ-ਸਿਖ ਤਕ ਭਿਜਿਆ ਮਹਿਬੂਬ, ਪੂਰਨ ਸਿੰਘ ਵਾਂਗ ਰੱਬ ਨਾਲ ਅਦ੍ਵੈਤ ਦੇ ਮਰਮ ਨੂੰ ਕਿਵੇਂ ਜਾਣ ਸਕਦਾ ਹੈ ? ਉਹ ਰੱਬ ਦੀ ਦੋਸਤੀ ਤੋਂ ਸੰਤੁਸ਼ਟ ਹੈ, ਸਾਡੇ ਧਰਮ ਵਿਚ ਰੱਬ ਨਾਲ ਪੂਰਨ-ਅਦ੍ਵੈਤ (ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ) ਦੀ ਸਰਵੋਤਮ ਵਿਵਸਥਾ ਹੈ। ਦੋਵੇਂ ਸਥਿਤੀਆਂ ਭਿੰਨ ਹਨ। ਪੂਰਨ ਸਿੰਘ ਅਤੇ ਮਹਿਬੂਬ ਦੀ ਤੁਲਨਾ

ਦਾ ਵੀ ਕੋਈ ਆਧਾਰ ਨਹੀਂ, ਨਾ ਵਿਦਵਤਾ ਪਖੋਂ, ਨਾ ਵਿਅਕਤਿਤ੍ਵ ਪਖੋਂ, ਨਾ ਸਾਧਨਾ ਪਖੋਂ, ਨਾ ਨਿਮਰਤਾ ਪਖੋਂ, ਨਾ ਵਚਨਬਧਤਾ ਅਤੇ ਸਿਦਕ ਪਖੋਂ।

ਮੈਂ ਆਪਣੇ ਲੇਖ ਵਿਚ ਮਹਿਬੂਬ ਦੁਆਰਾ ਬਾਬਰੀ ਜਲਾਲ ਦੀ ਭਰਪੂਰ ਪ੍ਰਸ਼ੰਸਾ ਨੂੰ ਇਸਲਾਮਿਕ ਉਲਾਰ ਦਰਸਾਇਆ ਸੀ। ਉਸ ਦਾ ਉਤਰ ਦੇਂਦਿਆਂ ਡਾ. ਗੁਰਤਰਨ ਸਿੰਘ ਨੇ ਬਾਬਰੀ ਜਲਾਲ ਦੀ ਮਹਿਮਾ ਗਾਇਨ ਕਰਨ ਲਗਿਆਂ ਆਪਣ ਵਿਅਕਤਿਤ੍ਵ ਦੀ ਉਹ ਨੀਵੀਂ ਝਲਕ ਵਿਖਾਈ ਹੈ, ਜਿਸ ਦੀ ਕੋਈ ਸੂਝਵਾਨ ਵਿਅਕਤੀ ਕਲਪਨਾ ਵੀ ਨਹੀਂ ਕਰ ਸਕਦਾ। ਇਸ ਕਿਰਦਾਰ ਦੇ ਧਾਰਨ-ਕਰਤਾ ਰਜਵਾੜਿਆਂ ਦੀ ਖ਼ੁਸ਼ਾਮਦ-ਪ੍ਰਸਤੀ ਵਿਚ ਲਿਪਤ ਅਧਮ ਲੋਕਾਂ ਦੇ ਨੀਵੇਂ ਵਿਅਕਤਿਤ੍ਵ ਨੂੰ 'ਦਿਲੀਸ਼ਵਰੋ ਜਗਦੀਸ਼ਵਰੋ' ਅਰਥਾਤ 'ਸ਼ਹਿਨਸ਼ਾਹ ਹੀ ਜਗਤ ਦਾ ਈਸ਼ਵਰ ਹੈ' ਦੀ ਕਹਾਵਤ ਦੁਆਰਾ ਲੋਕੀਂ ਮਜ਼ਾਕ ਰਾਹੀਂ ਵਿਖਿਆਤ ਕਰਦੇ ਸਨ। ਇਸ ਸੰਬੰਧੀ ਗੁਰਤਰਨ ਜੀ ਦੀਆਂ ਸਥਾਪਿਤੀਆਂ ਦਾ ਸਾਰ ਇਸ ਪ੍ਰਕਾਰ ਹੈ-

1. ਪੁਰਾਤਨ ਕਾਲ ਦੇ ਸਭ ਬਾਦਸ਼ਾਹ ਭਾਵੇਂ ਉਹ ਪਾਪੀ ਹੋਣ, ਕਿਸੇ ਦੈਵੀ ਨਿਯਮ ਵਿਚੋਂ ਥਾਪੇ ਮੰਨੇ ਗਏ ਹਨ। ਬਾਦਸ਼ਾਹ ਹਮੇਸ਼ਾ ਦੈਵੀ ਹੈ ਅਤੇ ਦਿਵਯ-ਸ਼ਕਤੀ ਦੁਆਰਾ ਥਾਪਿਆ ਧਰਤੀ ਉਤੇ ਉਸ ਦਾ ਨੁਮਾਇੰਦਾ ਹੈ। ਗੁਰਤਰਨ ਸਿੰਘ ਲਿਖਦਾ ਹੈ, "ਕਾਲੀਦਾਸ ਦੇ ਨਾਟਕਾਂ ਵਿਚ ਵੀ ਇਹ ਗੱਲ ਜ਼ਾਹਿਰ ਹੈ ਕਿ ਬਾਦਸ਼ਾਹ ਇਕ ਸਮੂਹਿਕ ਮਨੁੱਖ ਹੁੰਦਾ ਹੈ ਅਤੇ ਉਸਨੂੰ ਦੈਵੀ ਨਿਯਮ ਪ੍ਰਬੰਧ ਵਲੋਂ ਹੀ ਥਾਪਿਆ ਜਾਂਦਾ ਹੈ।......ਸ਼ੈਕਸਪੀਅਰ ਨੇ ਰੋਮ ਦੇ ਰਾਜਿਆਂ ਜਿਵੇਂ ਕਿ ਪੰਪੀ, ਐਂਥਨੀ, ਜੂਲੀਅਸ ਸੀਜ਼ਰ ਅਤੇ ਟ੍ਰੈਲੈਸ ਆਦਿ ਉਪਰ ਜਗਤ ਪ੍ਰਸਿੱਧ ਨਾਟਕ ਰਚੇ, ਜਿਹਨਾਂ ਦੇ ਅਧਿਐਨ ਰਾਹੀਂ ਇਹ ਗਲ ਵਿਸ਼ਵ ਦੇ ਚਿੰਤਕਾਂ ਵਿਚ ਸਰਵ ਪ੍ਰਵਾਨਤ ਹੈ ਕਿ ਬਾਦਸ਼ਾਹ ਨੂੰ ਇਕ ਦੈਵੀ ਨਿਯਮ ਪ੍ਰਬੰਧ ਥਾਪਦਾ ਹੈ।"
2. ਮੁਸਲਮਾਨ ਚਾਹੇ ਕਿਤਨਾ ਵੀ ਜ਼ਾਲਿਮ ਹੋਵੇ ਮੈਦਾਨ ਜੰਗ ਵਿਚ ਉਸ ਨੂੰ ਹਮੇਸ਼ਾ ਮੁਹੰਮਦ ਸਾਹਿਬ ਦਾ ਮਹਾਨ ਪਵਿੱਤਰ ਜੰਗ ਦਾ ਨਾਅਰਾ ਸਦਾ ਯਾਦ ਹੁੰਦਾ ਹੈ।
3. ਬਾਬਰੀ ਜਲਾਲ ਦੀ ਭਰਪੂਰ ਪ੍ਰਸ਼ੰਸਾ ਇਸ ਕਾਰਨ ਉਚਿਤ ਹੈ, ਕਿਉਂਕਿ ਉਹ ਉਚ ਕੋਟੀ ਦਾ ਵਿਦਵਾਨ ਸੀ, ਦੋ ਬੰਦਿਆਂ ਨੂੰ ਮੋਢਿਆਂ ਨਾਲ ਲਟਕਾ ਕੇ ਕੰਧ ਉਪਰ ਭੱਜ ਸਕਦਾ ਸੀ, ਪੰਜਾਬ ਦੇ ਸਾਰੇ ਦਰਿਆ ਉਸ ਤੈਰ ਕੇ ਪਾਰ ਕੀਤੇ ਸਨ।

4. ਹੁਮਾਯੂੰ ਵੀ ਉਚ ਕੋਟੀ ਦਾ ਵਿਦਵਾਨ ਸੀ।
5. ਸ਼ਾਹਜਹਾਨ ਦੀ ਬੁਲੰਦ ਸ਼ਖ਼ਸੀਅਤ ਦੀ ਪ੍ਰਸ਼ੰਸਾ ਰਾਬਿੰਦਰ ਨਾਥ ਟੈਗੋਰ ਨੇ ਕੀਤੀ ਹੈ।
6. ਜ਼ਫ਼ਰਨਾਮੇ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਨੂੰ ਪਹਾੜ ਵਰਗਾ ਅਹਿਲ ਜੋਧਾ, ਵੱਡੀਆਂ ਬਖ਼ਸ਼ਸ਼ਾਂ ਦਾ ਰੱਬ ਵਲੋਂ ਹੱਕਦਾਰ, ਰੱਜ ਕੇ ਖ਼ੂਬਸੂਰਤ ਅਤੇ ਘੋੜੇ ਦਾ ਮਾਹਿਰ ਸਵਾਰ ਖ਼ੁਦ ਹੀ ਮੰਨਿਆ ਹੈ ਅਤੇ ਗੁਰੂ ਰਾਹੀਂ ਔਰੰਗਜ਼ੇਬ ਦੀਆਂ ਸਿਫਤਾਂ ਨੂੰ ਪ੍ਰਵਾਨ ਕਰਨ ਪਿਛੋਂ ਹੀ ਸਿੱਖ ਧਰਮ ਦੀ ਦੁਨੀਆ ਦੇ ਮਹਾਨ ਧਰਮਾਂ ਵਿਚ ਬੁਲੰਦ ਉਚਾਈ ਸਥਾਪਿਤ ਹੁੰਦੀ ਹੈ।
7. ਗੁਰੂ ਸਾਹਿਬਾਨ ਦੀ ਮਹਾਨਤਾ ਮੁਗ਼ਲ ਬਾਦਸ਼ਾਹਾਂ ਦੀ ਸ਼ਖ਼ਸੀਅਤ ਨੂੰ ਸਹੀ ਰੂਪ ਵਿਚ ਪਛਾਣਨ ਨਾਲ ਹੀ ਜ਼ਾਹਿਰ ਹੁੰਦੀ ਹੈ।
8. ਗੁਰੂਆਂ ਦੇ ਵਿਰੋਧੀਆਂ ਨਾਲ ਘ੍ਰਿਣਾ ਅਤੇ ਵੈਰ ਪਾਲਣ ਕਰ ਕੇ ਸਿਖ ਕੌਮ ਦਾ ਸਾਮੂਹਿਕ ਪਤਨ ਹੋਇਆ ਹੈ।

ਡਾ. ਗੁਰਤਰਨ ਸਿੰਘ ਦੀਆਂ ਇਨ੍ਹਾਂ ਧਾਰਨਾਵਾਂ ਦੀ ਸਮੀਖਿਆ ਅਤਿ ਜ਼ਰੂਰੀ ਹੈ। ਮੈਂ ਆਪਣੀ ਸਮਝ-ਸੂਝ ਅਨੁਸਾਰ ਇਨ੍ਹਾਂ ਸਥਾਪਨਾਵਾਂ ਉਤੇ ਹੇਠਾਂ ਦਿਤੀਆਂ ਟਿਪਣੀਆਂ ਪਾਠਕ-ਜਨਾਂ ਨਾਲ ਸਾਂਝੀਆਂ ਕਰਨਾ ਜ਼ਰੂਰੀ ਸਮਝਦਾ ਹਾਂ-

1. ਡਾ. ਗੁਰਤਰਨ ਸਿੰਘ ਦੀ ਇਹ ਸੁਦ੍ਰਿੜ ਧਾਰਨਾ ਹੈ ਕਿ ਰਾਜਾ ਚਾਹੇ ਪਾਪੀ ਹੋਵੇ, ਉਹ ਹਰ ਹਾਲ ਧਰਤੀ ਉਤੇ ਅਕਾਲ-ਪੁਰਖ ਦਾ ਥਾਪਿਆ ਹੋਇਆ ਉਸ ਦਾ ਪ੍ਰਤੀਨਿਧ ਹੈ। ਇਹ ਵਿਚਾਰਧਾਰਾ ਸਿਖ ਮੱਤ ਦੇ ਪੂਰੀ ਤਰ੍ਹਾਂ ਪ੍ਰਤੀਕੂਲ ਹੈ। ਇਤਿਹਾਸ ਵਿਚ ਅਜਿਹੀ ਮਾਨਤਾ ਬੜੇ ਤੁਛ, ਸਵਾਰਥੀ ਅਤੇ ਚਾਪਲੂਸ ਵਰਗ ਦੇ ਲੋਕਾਂ ਦੀ ਰਹੀ ਹੈ, ਦਿਵਯ ਲੋਕਾਂ ਦੀ ਨਹੀਂ। ਸ਼ਹਿਨਸ਼ਾਹ ਆਮ ਤੌਰ ਤੇ ਪੈਗ਼ੰਬਰਾਂ, ਗੁਰੂਆਂ ਅਤੇ ਹੋਰ ਧਾਰਮਿਕ ਆਗੂਆਂ ਉਤੇ ਹਮੇਸ਼ਾ ਜ਼ੁਲਮ ਕਰਦੇ ਰਹੇ ਹਨ। ਸ਼ਾਸਕ ਦੇ ਜਬਰ ਕਾਰਨ ਉਰ ਪਿੰਡ ਤੋਂ ਜਲਾਵਤਨੀ ਪਾ ਕੇ ਅਬਰਾਹਮ ਨੂੰ ਫਲਸਤੀਨ ਰੂਪ ਪਰਦੇਸ ਵਿਚ ਭਟਕਣ ਲਈ ਮਜਬੂਰ ਕੀਤਾ। ਮਿਸਰ ਦੇ ਫਰਾਊਨ ਬਾਦਸ਼ਾਹ ਦੇ ਜ਼ੁਲਮਾਂ ਦਾ ਸਤਾਇਆ ਪੈਗ਼ੰਬਰ ਮੂਸਾ ਆਪਣੀ ਕੌਮ ਸਮੇਤ ਤਕਲੀਫ਼ਾਂ ਸਹਿੰਦਾ ਰਿਹਾ। ਮੂਸਾ ਵਾਂਗ ਈਸਾ ਸਮੇਂ ਵੀ ਯਹੂਦੀਆਂ ਦੇ ਬੱਚੇ ਮਾਰ ਦੇਣ ਦਾ ਜ਼ਾਲਿਮ ਸ਼ਾਹੀ ਫਰਮਾਣ ਵਜੂਦ ਵਿਚ ਸੀ। ਉਸ ਸਮੇਂ ਨਾ ਕੇਵਲ ਈਸਾ ਸੂਲੀ ਤੇ ਚਾੜ੍ਹੇ ਗਏ, ਬਲਕਿ

ਬਪਤਿਸਮੇ ਵਾਲੇ ਸੰਤ ਜੌਹਨ ਵਰਗੇ ਹੋਰ ਦਰਵੇਸ਼ ਵੀ ਸ਼ਾਸਕਾਂ ਨੇ ਕੋਹ-ਕੋਹ ਕੇ ਮਾਰੇ। ਅਨੇਕਾਂ ਮਨਸੂਰ ਸ਼ਾਸਕਾਂ ਦੀ ਭਿਆਨਕ ਅਤਿਆਚਾਰੀ ਪ੍ਰਵਿਰਤੀ ਕਾਰਨ ਮਹਾ ਦੁਖਦਾਈ ਕਸ਼ਟ ਦੇ ਕੇ ਮਾਰੇ ਗਏ ਹਨ, ਜਿਸ ਕਾਰਨ ਬਾਣੀ ਵਿਚ ਸ਼ਾਸਕਾਂ ਨੂੰ ਦੈਵੀ ਨਹੀਂ, ਮਨੁੱਖਤਾ ਦਾ ਖ਼ੂਨ ਪੀਣ ਵਾਲੇ ਵਡੇ ਕਸਾਈ ਲਿਖਿਆ ਹੈ, ਯਥਾ-

ਰਤੁ ਪੀਣੇ ਰਾਜੇ ਸਿਰੈ ਉਪਰਿ ਰਖੀਅਹਿ ਏਵੈ ਜਾਪੈ ਭਾਉ ॥

ਮਾਝ (ਵਾਰ), ਮਹਲਾ ੧, ਸਫ਼ਾ ੧੪੨

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥

ਮਾਝ (ਵਾਰ), ਮਹਲਾ ੧, ਸਫ਼ਾ ੧੪੫

ਕਾਲੀਦਾਸ, ਸ਼ੈਕਸਪੀਅਰ, ਹਰਿੰਦਰ ਸਿੰਘ ਜਾਂ ਗੁਰਤਰਨ ਸਿੰਘ ਸ਼ਾਸਕਾਂ ਨੂੰ ਦੈਵੀ ਮੰਨਣ ਜਾਂ ਪੂਜਯ ਪਤੀ-ਪਰਮੇਸ਼ਰ, ਮੇਰਾ ਇਸ ਨਾਲ ਕੋਈ ਵਾਸਤਾ ਨਹੀਂ। ਮੇਰਾ ਸਰੋਕਾਰ ਕੇਵਲ ਇਸ ਗੱਲ ਨਾਲ ਹੈ ਕਿ ਗੁਰਬਾਣੀ ਸ਼ਾਸਕਾਂ ਪ੍ਰਤੀ ਕੀ ਕਹਿੰਦੀ ਹੈ ? ਕਿਉਂਕਿ ਸਾਡੀ ਚਰਚਾ 'ਮਹਿਬੂਬ' ਦੀ ਕੀਤੀ ਗੁਰਬਾਣੀ-ਵਿਆਖਿਆ ਨਾਲ ਸੰਬੰਧਿਤ ਹੈ, ਕਾਲੀਦਾਸ ਜਾਂ ਸ਼ੈਕਸਪੀਅਰ ਨਾਲ ਨਹੀਂ। ਗੁਰਬਾਣੀ ਵਿਚ ਰਾਜਿਆਂ ਦੇ ਸਮੁਚਿਤ ਵਿਵਹਾਰ ਸੰਬੰਧੀ ਜੋ ਪੰਕਤੀਆਂ ਉਪਲਬਧ ਹਨ, ਉਨ੍ਹਾਂ ਵਿਚੋਂ ਇਹ ਸਪਸ਼ਟ ਹੁੰਦਾ ਹੈ-

ਸ਼ਹਿਨਸ਼ਾਹ ਅਹੰਕਾਰ ਅਧੀਨ ਰਾਜ-ਵਿਸਤਾਰ ਕਰਦੇ ਹਨ, ਪਰਜਾ ਦੀ ਸੇਵਾ ਵਾਸਤੇ ਨਹੀਂ। ਉਹ ਅਹੰਕਾਰ ਵਿਚ ਹੀ ਖਪਦੇ ਮਰ ਜਾਂਦੇ ਹਨ-

ਹਉਮੈ ਕਰਿ ਰਾਜੇ ਬਹੁ ਧਾਵਹਿ ॥
ਹਉਮੈ ਖਪਹਿ ਜਨਮਿ ਮਰਿ ਆਵਹਿ ॥

ਗਉੜੀ, ਮਹਲਾ 1, ਸਫ਼ਾ 226

ਗੁਰਬਾਣੀ ਕਹਿੰਦੀ ਹੈ ਕਿ ਸ਼ਹਿਨਸ਼ਾਹ ਲੋਕ ਮਾਇਆ ਇਕਤਰ ਕਰਨ ਵਿਚ ਹੀ ਜੀਵਨ ਦਾ ਕੀਮਤੀ ਸਮਾਂ ਨਸ਼ਟ ਕਰਦੇ ਹਨ, ਲੋਕ-ਕਲਿਆਣ ਵਿਚ ਨਹੀਂ-

ਚਉਧਰੀ ਰਾਜੇ ਨਹੀ ਕਿਸੈ ਮੁਕਾਮੁ ॥
ਸਾਹ ਮਰਹਿ ਸੰਚਹਿ ਮਾਇਆ ਦਾਮ ॥

ਗਉੜੀ, ਮਹਲਾ 1, ਸਫ਼ਾ 227

ਦਰਬੁ ਸੰਚਿ ਸੰਚਿ ਰਾਜੇ ਮੂਏ ਗਡਿ ਲੇ ਕੰਚਨ ਭਾਰੀ ॥

ਸੋਰਠਿ, ਕਬੀਰ, ਸਫ਼ਾ 654

ਰਾਜਿਆਂ ਨੂੰ ਲੋਕਾਂ ਦੇ ਦੁਖ-ਸੁਖ, ਨਿਆਇ, ਸਮਾਨਤਾ, ਸੁਰਖਿਆ ਦੀ ਚਿੰਤਾ ਨਹੀਂ ਹੁੰਦੀ, ਉਹ ਕੇਵਲ ਮਾਇਆ ਦੇ ਰਸ-ਭੋਗਾਂ ਵਿਚ ਹੀ ਲਿਪਤ ਰਹਿੰਦੇ ਹਨ। ਭੋਗ-ਵਿਲਾਸਾਂ ਵਿਚ ਦਿਨ ਰਾਤ ਮਸਤ ਸ਼ਾਸਕਾਂ ਨੇ ਦਿਵਯ-ਸ਼ਕਤੀ ਦੇ ਪ੍ਰਤੀਨਿਧ ਕੀ ਹੋਣਾ ਸੀ, ਦਿਵਯ-ਪੁਰਖ ਨੂੰ ਉਹ ਕਦੇ ਯਾਦ ਵੀ ਨਹੀਂ ਕਰਦੇ-

ਕਈ ਕੋਟਿ ਰਾਜੇ ਰਸ ਭੋਗੀ ॥

ਗਉੜੀ (ਸੁਖਮਨੀ), ਮਹਲਾ ੫, ਸਫ਼ਾ ੨੭੫

ਨਰਪਤਿ ਰਾਜੇ ਰੰਗ ਰਸ ਮਾਣਹਿ ਬਿਨੁ ਨਾਵੈ ਪਕੜਿ ਖੜੇ ਸਭਿ ਕਲਘਾ ॥
ਧਰਮ ਰਾਇ ਸਿਰਿ ਡੰਡੁ ਲਗਾਨਾ ਫਿਰਿ ਪਛੁਤਾਨੇ ਹਥ ਫਲਘਾ ॥

ਸੂਹੀ, ਮਹਲਾ ੪, ਸਫ਼ਾ ੭੩੧

ਬਾਬਰ, ਜਿਸ ਦੇ ਜਲਾਲ ਦੀ ਕੀਰਤੀ ਵਿਚ ਪੂਰੀ ਤਨ-ਦਿਲੀ ਨਾਲ ਚਿੱਤ-ਲੀਨ ਗੁਰਤਰਨ ਸਿੰਘ ਗੁਰੂ ਪ੍ਰਤਾਪ ਦੀ ਮਹਿਮਾ ਤੋਂ ਸਰਵਥਾ ਬੇਮੁਖ ਹੈ, ਸੱਤਾ ਦੀ ਪ੍ਰਾਪਤੀ ਵਾਸਤੇ ਸਾਰਾ ਜੀਵਨ ਸੰਘਰਸ਼ ਕਰਦਾ ਰਿਹਾ ਸੀ। ਗੁਰਬਾਣੀ ਕਹਿੰਦੀ ਹੈ ਕਿ ਸੱਤਾ ਦੇ ਲਾਲਚ ਵਾਸਤੇ ਲੜਾਈਆਂ ਵਿਚ ਹੀ ਜੀਵਨ ਦਾ ਸਮਾਂ ਨਸ਼ਟ ਕਰਨ ਵਾਲੇ ਲੋਕ 'ਜਲਾਲ' ਨੂੰ ਨਹੀਂ ਪ੍ਰਾਪਤ ਕਰਦੇ, ਬਲਕਿ ਅਪਮਾਨ ਅਤੇ ਅਧੋਗਤੀ ਪਾਉਂਦੇ ਹਨ। ਗੁਰੂ ਨਾਨਕ ਦੇਵ ਜੀ ਦੇ ਬਾਬਰ ਨੂੰ ਜਾਬਰ ਕਹਿਣ ਵਿਚ ਬਾਬਰ ਦੀ ਅਪਕੀਰਤੀ ਅਤੇ ਅਧੋਗਤੀ ਉਸੇ ਸਮੇਂ ਸਪਸ਼ਟ ਹੋ ਗਈ ਸੀ। ਸਮਕਾਲੀਨ ਸ਼ਾਸਕਾਂ ਦੀ ਇਸ ਅਪਮਾਨਜਨਕ ਸਥਿਤੀ ਬਾਰੇ ਗੁਰੂ ਜੀ ਦਾ ਕਥਨ ਹੈ-

ਰਾਜੇ ਓਇ ਨ ਆਖੀਅਹਿ ਭਿੜਿ ਮਰਹਿ ਫਿਰਿ ਜੂਨੀ ਪਾਹਿ ॥
ਨਾਨਕ ਵਿਣੁ ਨਾਵੈ ਨਕੀ ਵਢੀ ਫਿਰਹਿ ਸੋਭਾ ਮੂਲਿ ਨ ਪਾਹਿ ॥

ਵਡਹੰਸੁ (ਵਾਰ), ਮਹਲਾ ੪, ਸਫ਼ਾ ੫੯੦

ਗੁਰਬਾਣੀ ਦੀ ਮਾਨਤਾ ਹੈ ਕਿ ਸਮੁਚਾ ਸ਼ਾਸਕ ਵਰਗ ਆਪਣੀਆਂ ਮੌਜ-ਮਸਤੀਆਂ ਵਾਸਤੇ ਮਾਇਆ ਰੂਪ ਜ਼ਹਿਰ ਇਕਤਰ ਕਰਨ ਵਿਚ ਲਗਿਆ ਹੋਇਆ ਹੈ। ਮਾਇਆ ਦਾ ਮੋਹ ਉਨ੍ਹਾਂ ਦੇ ਜੀਵਨ ਉਤੇ ਇਤਨਾ ਹਾਵੀ ਹੈ ਕਿ ਧਨ ਦੇ ਲਾਲਚ ਨੇ ਸ਼ਾਸਕ ਹੋਣ ਦਾ ਗੌਰਵ ਉਨ੍ਹਾਂ ਤੋਂ ਖੋਹ ਲਿਆ ਹੈ। ਬਾਬਰ ਵਾਂਗ ਧਾੜਵੀਆਂ ਦੀਆਂ ਡਾਰਾਂ ਇਕੱਠੀਆਂ ਕਰ ਕੇ ਉਹ ਲੁਟ ਦੇ ਲਾਲਚ ਵਿਚ ਦੂਰ-ਦੁਰੇਡਿਓਂ ਆ ਕ

ਹਿੰਦੁਸਤਾਨ ਉਤੇ ਹਮਲੇ ਕਰਨ ਵਾਲੇ ਗੁਰੂ ਜੀ ਨੂੰ ਪਰਾਇਆ ਧਨ ਚੁਰਾਉਣ ਵਾਲੇ ਚੋਰ ਭਾਸਦੇ ਸਨ, ਰਾਜੇ ਨਹੀਂ-

ਭੂਪਤਿ ਰਾਜੇ ਰੰਗ ਰਾਇ ਸੰਚਹਿ ਬਿਖੁ ਮਾਇਆ ॥
ਕਰਿ ਕਰਿ ਹੇਤੁ ਵਧਾਇਦੇ ਪਰ ਦਰਬੁ ਚੁਰਾਇਆ ॥

ਸਾਰੰਗ (ਵਾਰ), ਮਹਲਾ ੧, ਸਫ਼ਾ ੧੨੮੫

ਜਿਨ੍ਹਾਂ ਰਾਜਿਆਂ ਨੂੰ ਡਾ. ਗੁਰਤਰਨ ਸਿੰਘ ਕਈ ਪ੍ਰਮਾਣ ਦੇ ਕੇ ਪੂਜਣਯੋਗ ਦੈਵੀ ਹਸਤੀਆਂ ਸਿਧ ਕਰਦਾ ਹੈ, ਸ੍ਰੀ ਗੁਰੂ ਨਾਨਕ ਦੇਵ ਜੀ ਉਨ੍ਹਾਂ ਨੂੰ ਪ੍ਰਜਾ ਦੀ ਰੱਤ ਪੀਣ ਵਾਲੇ ਖ਼ੂੰਖਾਰ ਸ਼ੇਰ ਕਹਿੰਦੇ ਹਨ। ਜਿਸ ਮੁਗ਼ਲ ਰਾਜ-ਵਿਵਸਥਾ ਦੀ ਕੀਰਤੀ ਲਈ ਗੁਰਤਰਨ ਸਿੰਘ ਦਾ ਰੋਮ-ਰੋਮ ਉਤਾਵਲਾ ਹੋਇਆ ਹੈ, ਗੁਰੂ ਜੀ ਕਹਿੰਦੇ ਹਨ, ਉਸ ਵਿਵਸਥਾ ਦਾ ਹਰ ਅੰਗ ਭ੍ਰਿਸ਼ਟ ਹੈ। ਦਿਨ-ਰਾਤ ਪ੍ਰਜਾ ਦੀ ਖੁਲ੍ਹੀ ਲੁਟ ਹੀ ਸੱਤਾ ਤੇ ਆਸੀਨ ਲੋਕਾਂ ਦਾ ਜੀਵਨ-ਉਦੇਸ਼ ਹੈ। 'ਜੋਰੀ ਮੰਗੈ ਦਾਨ' ਦੇ ਡੰਡੇ ਨਾਲ ਧਨ ਇਕਤਰ ਕਰ ਕੇ ਆਪਣੇ ਅਹੰਕਾਰ ਦੀ ਤੁਸ਼ਟੀ ਕਰਨ ਹਿਤ ਕਦੇ ਫਤਹਿਪੁਰ ਸੀਕਰੀ ਦੇ ਵਿਸ਼ਾਲ ਮਕਬਰਿਆਂ ਤੇ, ਕਦੇ ਗ਼ਰੀਬ ਮਜ਼ਦੂਰਾਂ ਤੋਂ ਜਬਰੀ ਮਜ਼ਦੂਰੀ ਕਰਵਾ ਕੇ ਬੇਗਮਾਂ ਦੀਆਂ ਯਾਦਾਂ ਵਿਚ ਉਸਾਰੀਆਂ ਤਾਜ ਮਹਿਲ ਜਿਹੀਆਂ ਇਮਾਰਤਾਂ ਤੇ, ਕਦੇ ਐਸ਼ੋ-ਇਸ਼ਰਤ ਦੇ ਪ੍ਰਤੀਕ ਲਾਲ ਕਿਲੇ ਦੇ ਨਿਰਮਾਣ ਤੇ ਲੁਟਾਇਆ ਧਨ ਪ੍ਰਜਾ ਦੀ ਕਲਿਆਣ ਵਾਸਤੇ ਨਹੀਂ, ਕੇਵਲ ਆਪਣੀ ਅਹੰਕਾਰ-ਪੂਰਤੀ ਵਾਸਤੇ ਹੈ। ਗੁਰੂ ਜੀ ਕਹਿੰਦੇ ਹਨ ਮੇਰੇ ਸਮੇਂ ਦੇ ਧਾਰਮਿਕ ਆਗੂ, ਰਾਜੇ-ਮਹਾਰਾਜੇ ਅਤੇ ਸ਼ਹਿਨਸ਼ਾਹ ਪ੍ਰਜਾ ਵਾਸਤੇ ਕਿਸੇ ਕੰਮ ਦੇ ਨਹੀਂ ਹਨ। ਸ਼ਹਿਨਸ਼ਾਹ ਭਿਖਾਰੀ ਬ੍ਰਿਤੀ ਦੇ ਹਨ, ਜਦੋਂ ਤਕ ਉਨ੍ਹਾਂ ਦੇ ਠੂਠੇ ਵਿਚ ਕੁਝ ਪਾਓਗੇ ਨਹੀਂ, ਪਿਛਾ ਨਹੀਂ ਛਡਣਗੇ-

ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨਿ੍ ਬੈਠੇ ਸੁਤੇ ॥

ਮਲਾਰ (ਵਾਰ), ਮਹਲਾ ੧, ਸਫ਼ਾ 1288

ਮਾਇਆ ਸੰਚਿ ਰਾਜੇ ਅਹੰਕਾਰੀ ॥

ਪ੍ਰਭਾਤੀ, ਮਹਲਾ ੧, ਸਫ਼ਾ 1342

ਪੰਡਿਤ ਰਾਜੇ ਭੂਪਤੀ ਆਵਹਿ ਕਉਨੇ ਕਾਮ ॥

ਸਲੋਕ, ਕਬੀਰ, ਸਫ਼ਾ 1365

ਰਾਜਾ ਮੰਗੈ ਦਿਤੈ ਗੰਢੁ ਪਾਇ ॥

ਮਾਝ (ਵਾਰ), ਮਹਲਾ ੧, ਸਫ਼ਾ 143

ਗੁਰੂ ਜੀ ਦੇ ਵੇਲੇ ਦੇ ਜਿਨ੍ਹਾਂ ਸੱਤਾ-ਪ੍ਰਾਪਤ ਲੋਕਾਂ ਦੇ ਸੋਹਿਲੇ ਹਰਿੰਦਰ ਸਿੰਘ ਮਹਿਬੂਬ ਤੋਂ ਪ੍ਰੇਰਿਤ ਡਾ. ਗੁਰਤਰਨ ਸਿੰਘ ਦਿਨ-ਰਾਤ ਗਾਉਂਦਿਆਂ ਥਕਦਾ ਨਹੀਂ, ਸਗੋਂ ਸਾਨੂੰ ਵੀ ਸ਼ਾਸਕਾਂ ਦੀ ਚਾਪਲੂਸ ਜਮਾਤ ਵਿਚ ਸ਼ਾਮਿਲ ਹੋਣ ਦੇ ਬਲਪੂਰਵਕ ਨਿਮੰਤ੍ਰਣ ਦੇਂਦਾ ਹੈ, ਉਨ੍ਹਾਂ ਦੇ ਵਿਵਹਾਰ ਦੇ ਹਰ ਅੰਗ ਦੀ ਨਿਖੇਧੀ ਕਰਦਿਆਂ ਗੁਰੂ ਜੀ ਕਹਿੰਦੇ ਹਨ ਕਿ ਪ੍ਰਜਾ ਨੂੰ ਨਿਆਇ ਦੇਣਾ ਸ਼ਾਸਕ ਦਾ ਪਹਿਲਾ ਧਰਮ ਹੈ, ਪਰ ਜਿਨ੍ਹਾਂ ਦੇ ਹਥਾਂ ਵਿਚ ਸੱਤਾ ਹੈ, ਉਹ ਮੁਠੀ ਗਰਮ ਕੀਤੇ ਬਿਨਾ ਕਿਸੇ ਦੀ ਗੱਲ ਹੀ ਨਹੀਂ ਸੁਣਦੇ। ਸਿਖ ਰਿਵਾਇਤਾਂ ਅਨੁਸਾਰ ਪ੍ਰਿਥੀ ਚੰਦ ਦੀ ਸ਼ਾਸਕਾਂ ਤਕ ਫ਼ਰਿਆਦ ਰਿਸ਼ਵਤ ਦੇ ਕੇ ਪਹੁੰਚਦੀ ਸੀ। ਔਰੰਗਜ਼ੇਬ ਤਕ ਗੁਰੂ ਜੀ ਦਾ ਪੱਤਰ ਪਹੁੰਚਾਉਣ ਵਾਸਤੇ ਵੀ ਸਿਖਾਂ ਨੂੰ ਰਿਸ਼ਵਤ ਦੇਣੀ ਪਈ ਸੀ। ਗੁਰੂ ਜੀ ਕਹਿੰਦੇ ਹਨ ਕਿ ਇਤਨੀ ਨਿਰਦਈ ਜੁੰਡਲੀ ਦੇ ਹਥ ਸੱਤਾ ਆ ਗਈ ਹੈ ਕਿ ਗ਼ਰੀਬ ਚਾਹੇ ਕਿਤਨੇ ਹੀ ਖ਼ੁਦਾ ਦੇ ਵਾਸਤੇ ਪਾ ਲਵੇ, ਬਿਨਾ ਰਾਜੇ ਦੇ ਹਥ ਉਤੇ ਆਪਣੀ ਗਾੜ੍ਹੇ ਖ਼ੂਨ ਦੀ ਕਮਾਈ ਭੇਟ ਧਰਿਆਂ ਕੋਈ ਸੁਣਵਾਈ ਨਹੀਂ ਹੋ ਰਹੀ-

ਰਾਜਾ ਨਿਆਉ ਕਰੇ ਹਥਿ ਹੋਇ ॥
ਕਹੈ ਖੁਦਾਇ ਨ ਮਾਨੈ ਕੋਇ ॥

ਆਸਾ, ਮਹਲਾ ੧, ਸਫ਼ਾ 350

ਸ਼ਾਸਨ ਦੀ ਇਸ ਦੁਰਗਤੀ ਨੂੰ ਵੇਖ ਕੇ ਹੀ ਗੁਰੂ ਜੀ ਜਗਤ ਵਿਚ ਵਿਆਪਕ ਕੂੜ ਦੇ ਪਸਾਰੇ ਦੀ ਗੱਲ ਕਰਦਿਆਂ, ਸਭ ਤੋਂ ਪਹਿਲਾਂ ਰਾਜਾ ਅਤੇ ਉਸ ਦੇ ਜ਼ੁਲਮਾਂ ਨੂੰ ਅਸਹਾਇ ਹੋ ਕੇ ਪ੍ਰਵਾਨ ਕਰਨ ਵਾਲੀ ਪ੍ਰਜਾ ਲਈ ਕੂੜ ਸ਼ਬਦ ਵਰਤਦੇ ਹਨ-

ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ ॥

ਆਸਾ (ਵਾਰ), ਮਹਲਾ ੧, ਸਫ਼ਾ 468

'ਆਸਾ ਕੀ ਵਾਰ' ਵਿਚ ਬਾਦਸ਼ਾਹ, ਵਜ਼ੀਰ ਅਤੇ ਉਚ-ਅਧਿਕਾਰੀਆਂ ਨੂੰ ਕ੍ਰਮਵਾਰ ਲਾਲਚ, ਪਾਪ ਅਤੇ ਝੂਠ ਨਾਲ ਸੰਬੰਧਿਤ ਕਰਨਾ, ਉਸ ਸਮੇਂ ਦੀ ਰਾਜਨੀਤਿਕ ਸਥਿਤੀ ਦੀ ਹੀ ਦਰਦਨਾਕ ਦਾਸਤਾਂ ਹੈ-

ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ ॥

ਆਸਾ (ਵਾਰ), ਮਹਲਾ ੧, ਸਫ਼ਾ 468

ਹਾਲਾਕਿ ਗੁਰਬਾਣੀ ਦੇ ਉਪਰੋਕਤ ਪ੍ਰਮਾਣ ਅਸਾਂ ਵਖ-ਵਖ ਗੁਰੂ ਸਾਹਿਬਾਨ ਦੀ ਬਾਣੀ ਵਿਚੋਂ ਲਏ ਹਨ, ਫਿਰ ਵੀ ਗੁਰਤਰਨ ਸਿੰਘ ਇਹ ਸ਼ੰਕਾ ਖੜੀ ਕਰ ਸਕਦਾ

ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਸ ਰਾਜਨੀਤਿਕ ਸਥਿਤੀ ਦਾ ਬਿਆਨ ਕੀਤਾ ਹੈ, ਉਸ ਦਾ ਸੰਬੰਧ ਲੋਧੀ ਸ਼ਾਸਨ ਨਾਲ ਹੈ, ਬਾਬਰ ਨਾਲ ਨਹੀਂ। ਸੋ ਇਸ ਨੁਕਤੇ ਦਾ ਸਮਾਧਾਨ ਵੀ ਜ਼ਰੂਰੀ ਹੈ। ਪਾਠਕ ਜਾਣਦੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਕਿਸੇ ਸ਼ਬਦ ਦਾ ਸਿਧਾ ਸੰਬੰਧ ਕਿਸੇ ਵਿਸ਼ੇਸ਼ ਸ਼ਾਸਕ ਨਾਲ ਨਹੀਂ ਬਣਦਾ। ਇਹ ਉਸ ਸਮੇਂ ਦੀ ਸਮੁਚੀ ਰਾਜਸੀ ਵਿਵਸਥਾ ਦਾ ਵਿਵੇਚਨ ਹੈ। ਪਰ ਬਾਬਰ ਜ਼ਰੂਰ ਕੇਵਲ ਇਕ ਅਜਿਹਾ ਸ਼ਾਸਕ ਹੈ, ਜਿਸ ਦੇ ਹਮਲਿਆਂ ਸਮੇਂ ਹੋਏ ਜ਼ੁਲਮ ਅਤੇ ਬਰਬਾਦੀ ਦਾ ਗੁਰਬਾਣੀ ਵਿਚ ਸਿਧਾ ਉਲੇਖ ਹੋਇਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਚਾਰ ਅਜਿਹੇ ਸ਼ਬਦ ਹਨ (1. ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ-ਤਿਲੰਗੁ ਮਹਲਾ ੧। 2. ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ- ਆਸਾ ਮਹਲਾ ੧। 3. ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ- ਆਸਾ ਮਹਲਾ ੧। 4. ਕਹਾ ਸੁ ਖੇਲ ਤਬੇਲਾ ਘੋੜੇ ਕਹਾ ਭੇਰੀ ਸਹਨਾਈ- ਆਸਾ ਮਹਲਾ ੧।) ਜੋ ਬਾਬਰ ਦੇ ਭਾਰਤ ਉਤੇ ਹਮਲਿਆਂ ਨਾਲ ਸੰਬੰਧਿਤ ਹਨ। ਉਨ੍ਹਾਂ ਦੀ ਸਮੀਖਿਆ ਬਾਬਰ ਸੰਬੰਧੀ ਸਿਖ ਧਾਰਨਾਵਾਂ ਨੂੰ ਦਿਸ਼ਾ ਪ੍ਰਦਾਨ ਕਰ ਸਕਦੀ ਹੈ। ਉਲਿਖਿਤ ਪਹਿਲੇ ਸ਼ਬਦ ਦੀ ਆਰੰਭਿਕ ਸ਼ਬਦਾਵਲੀ ਭਵਿਖਤ ਵਾਕ ਜੈਸੀ ਹੈ, ਪਰ ਅਗੇ ਸਪਸ਼ਟ ਤੌਰ ਤੇ ਵਾਪਰੀਆਂ ਘਟਨਾਵਾਂ ਦਾ ਵਿਵਰਣ ਹੈ। ਵਰਣਿਤ ਘਟਨਾਵਾਂ ਦਾ ਸਾਰ ਇੰਵ ਹੈ-

- ਬਾਬਰ ਇਕ ਗੈਰ-ਵਤਨ (ਕਾਬਲ) ਤੋਂ ਪਾਪ ਦੀ ਬਰਾਤ (ਪਾਪੀ ਫ਼ੌਜ) ਲੈ ਕੇ ਨਿਹਥੇ ਲੋਕਾਂ ਤੇ ਟੁਟ ਪਿਆ ਹੈ ਅਤੇ ਜਬਰੀ ਕੰਨਿਆ-ਦਾਨ ਮੰਗਦਾ ਹੈ ਅਰਥਾਤ ਧਨ ਅਤੇ ਆਬਰੂ ਰਜ ਕੇ ਲੁਟ ਦੇ ਉਸ ਨੇ ਸੈਨਿਕਾਂ ਨੂੰ ਆਦੇਸ਼ ਕੀਤੇ ਹਨ।
- ਨਾ ਸ਼ਰਮ ਹੈ, ਨਾ ਧਰਮ। ਕੇਵਲ ਝੂਠ ਅਤੇ ਪਾਪ ਦਾ ਬੋਲ-ਬਾਲਾ ਹੈ।
- ਸ਼ੈਤਾਨ ਜ਼ਮੀਨ ਉਤੇ ਇੰਵ ਪ੍ਰਗਟ ਹੋਇਆ ਹੈ ਕਿ ਵੇਦੀ ਦੇ ਸਤ ਫੇਰਿਆਂ ਅਤੇ ਨਿਕਾਹ ਤੋਂ ਬਿਨਾ ਹੀ ਸ਼ਰੇ-ਬਾਜ਼ਾਰ ਧੀਆਂ-ਭੈਣਾਂ ਦੀ ਇਜ਼ਤ ਲੁਟੀ ਜਾ ਰਹੀ ਹੈ।
- ਜ਼ੁਲਮ ਕਿਸੇ ਇਕ ਵਰਗ ਤਕ ਸੀਮਿਤ ਨਹੀਂ, ਹਿੰਦੂ ਅਤੇ ਮੁਸਲਮਾਨ, ਦੋਹਾਂ ਧਰਮਾਂ ਦੀਆਂ ਇਸਤ੍ਰੀਆਂ ਵਿਸ਼ੇਸ਼ ਤੌਰ ਤੇ ਪੀੜਿਤ ਹਨ।

- ਵਿਆਹ ਦੇ ਗੀਤਾਂ ਦੀ ਥਾਂ ਹੱਤਿਆ ਅਤੇ ਜ਼ੁਲਮ ਦੀ ਦਰਦਨਾਕ ਦਾਸਤਾਂ ਨੇ ਲੈ ਲਈ ਹੈ, ਕੇਸਰ ਦੀ ਥਾਂ ਮਾਨਵੀ ਰੱਤ ਚਾਰੋਂ ਤਰਫ਼ ਬਿਖਰੀ ਪਈ ਹੈ।
- ਹੇ ਲਾਲੋ ! ਇਹ ਅਨਾਚਾਰ ਸੈਦਪੁਰ ਤਕ ਸੀਮਿਤ ਨਹੀਂ ਰਹੇਗਾ। ਬਾਬਰ ਦੇ ਆਉਣ ਨਾਲ ਸਾਰੇ ਹਿੰਦੁਸਤਾਨ ਵਿਚ ਹੀ ਵਢ-ਟੁਕ ਦਾ ਭਿਆਨਕ ਦੌਰ ਆਰੰਭ ਹੋ ਗਿਆ ਹੈ।

ਦੂਜੇ ਸ਼ਬਦ ਦਾ ਸਾਰ ਹੈ-

- ਬਾਬਰ ਆਪਣੇ ਵਤਨ ਦੀ ਵਾਗ-ਡੋਰ ਕਿਸੇ ਹੋਰ ਨੂੰ ਸੌਂਪ ਕੇ ਹਿੰਦੁਸਤਾਨ ਲਈ ਖ਼ਤਰਾ ਬਣ ਗਿਆ ਹੈ।
- ਅਸਲ ਵਿਚ ਉਹ ਰੱਬ ਵਲੋਂ ਕਤਲੋਗਾਰਤ ਕਰਨ ਵਾਸਤੇ ਥਾਪਿਆ ਯਮਰਾਜ ਹੈ।
- ਹਿੰਦੁਸਤਾਨੀਆਂ ਉਤੇ ਸਰਬ-ਭਾਂਤ ਦੇ ਜ਼ੁਲਮ ਕਰਦਿਆਂ ਉਸ ਦੇ ਮਨ ਵਿਚ ਰਤਾ ਵੀ ਰਹਿਮਦਿਲੀ ਦਾ ਭਾਵ ਪ੍ਰਗਟ ਨਹੀਂ ਹੋਇਆ।
- ਬਾਬਰ ਅਤੇ ਉਸ ਦੀ ਸੈਨਾ ਜਾਬਰ ਹੈ, ਨਿਹਥੀ ਪ੍ਰਜਾ ਬਿਲਕੁਲ ਮਾਸੂਮ। ਜੇ ਉਹ ਸ਼ਾਸਕਾਂ ਨਾਲ ਲੜਦਾ ਤਾਂ ਗੱਲ ਹੋਰ ਸੀ, ਉਸ ਨੇ ਬਹੁਤ ਨਿਰਦੈਤਾ ਨਾਲ ਬੇਕਸੂਰ ਪ੍ਰਜਾ ਨੂੰ ਕੋਹਿਆ ਹੈ।
- ਬਾਬਰ ਦੇ ਕੁਤਿਆਂ ਨੇ ਰਤਨਾਂ ਵਰਗੀਆਂ ਅਨਮੋਲ ਅਤੇ ਬੇਕਸੂਰ ਅਨੇਕਾਂ ਜ਼ਿੰਦਗੀਆਂ ਨਸ਼ਟ ਕੀਤੀਆਂ ਹਨ।
- ਬਾਬਰ ਬਹੁਤ ਮੌਜ-ਮਸਤੀਆਂ ਕਰਦਾ ਹੋਵੇਗਾ, ਉਸ ਨੇ ਨਾਮ ਵੀ ਵਡਾ ਧਾਰਨ ਕੀਤਾ ਹੈ, ਪਰ ਉਸ ਦੇ ਕਰਮ ਮੰਦੇ ਹਨ। ਰੱਬ ਦੀ ਨਜ਼ਰ ਵਿਚ ਉਹ ਮਹਾਨ (ਗੁਰਤਰਨ ਸਿੰਘ ਦਾ ਜਲਾਲ ਦਾ ਪਾਤਸ਼ਾਹ) ਨਹੀਂ, ਨਿਖਿਧ ਕੀੜੇ ਜਿਹਾ ਤੁਛ ਹੈ।

ਤੀਜੇ ਅਤੇ ਚੌਥੇ ਸ਼ਬਦਾਂ ਵਿਚ ਉਸ ਵਲੋਂ ਕੀਤੀ ਗਈ ਬਰਬਾਦੀ ਅਤੇ ਜ਼ੁਲਮ ਦਾ ਸੰਖਿਪਿਤ ਉਲੇਖ ਹੈ-

- ਕੁੰਵਾਰੀਆਂ ਅਤੇ ਨਵ-ਵਿਵਾਹੁਤਾ ਇਸਤ੍ਰੀਆਂ ਦੀ ਵਿਆਪਕ ਬੇਪੱਤੀ ਹੋਈ ਹੈ।
- ਧਨ ਅਤੇ ਜੋਬਨ ਰਜ ਕੇ ਲੁਟੇ ਗਏ ਹਨ।

- ਬਾਬਰ ਨੇ ਸੈਨਿਕਾਂ ਨੂੰ ਹੁਕਮ ਕੀਤਾ ਕਿ ਉਹ ਇਸਤ੍ਰੀਆਂ ਦੀ ਇੱਜ਼ਤ ਲੁਟਣ ਅਤੇ ਸੁੰਦਰੀਆਂ ਨੂੰ ਆਪਣੇ ਨਾਲ ਲੈ ਚਲਨ।
- ਬਾਬਰ ਨੇ ਹੁਕਮ ਦਿੱਤਾ ਕਿ ਇਤਨੀ ਲੁਟ ਮਾਰ ਕਰੋ ਕਿ ਅਮੀਰਾਂ ਦੇ ਘਰਾਂ ਵਿਚ ਵੀ ਇਕ ਡੰਗ ਦੇ ਖਾਣ ਲਈ ਕੁਝ ਨਾ ਬਚੇ।
- ਪੂਜਾ ਅਤੇ ਨਮਾਜ ਦੋਹਾਂ ਦੀ ਮਨਾਹੀ ਹੋ ਗਈ।
- ਬਾਬਰ ਦੇ ਹਮਲੇ ਨੇ ਬਹੁਤੇ ਲੋਕਾਂ ਲਈ ਸਾਰੇ ਜੀਵਨ ਦਾ ਦੁਖ ਉਤਪੰਨ ਕੀਤਾ।
- ਇਸ ਹਮਲੇ ਨੇ ਹਸਦੇ-ਖੇਡਦੇ ਲੋਕਾਂ ਦੇ ਘਰ ਉਜਾੜੇ, ਸੋਹਣੇ ਮਹਿਲ ਮਿਟੀ ਵਿਚ ਮਿਲਾਏ।
- ਇਸਤ੍ਰੀਆਂ ਨਿਰਵਸਤ੍ਰ ਕੀਤੀਆਂ ਗਈਆਂ।
- ਹਰ ਤਰਫ਼ ਵਿਆਪਕ ਬਰਬਾਦੀ ਹੋਈ। ਬਹੁਤ ਲੋਕ ਜ਼ਖ਼ਮੀ ਹੋਏ। ਬਹੁਤ ਮਾਰੇ ਗਏ। ਬਹੁਤ ਇਸਤ੍ਰੀਆਂ ਵਿਧਵਾ ਹੋਈਆਂ, ਬਹੁਤ ਬੱਚੇ ਯਤੀਮ ਹੋਏ।
- ਬਾਬਰ ਦੇ ਇਸ ਹਮਲੇ ਦਾ ਉਦੇਸ਼ ਕੋਈ ਚੰਗਾ ਰਾਜ-ਪ੍ਰਬੰਧ ਦੇਣਾ ਨਹੀਂ ਸੀ, ਉਸ ਦਾ ਮੁਖ ਉਦੇਸ਼ ਸੀ- ਧਨ ਲੁਟਣਾ, ਜਿਸ ਦੀ ਪ੍ਰਾਪਤੀ ਵਾਸਤੇ ਉਸ ਨੇ ਪਾਪ ਦਾ ਰਾਹ ਚੁਣਿਆ ਅਤੇ ਸਮੂਹ ਚੰਗਿਆਈਆਂ ਤੋਂ ਵੰਚਿਤ ਹੋ ਗਿਆ, ਯਥਾ-

ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ ॥
ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥
ਜਿਸ ਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ ॥ ੩ ॥

ਆਸਾ, ਮਹਲਾ ੧, ਸਫ਼ਾ 417

ਸਪਸ਼ਟ ਹੈ ਕਿ ਸਿਖ ਧਰਮ ਸ਼ਹਿਨਸ਼ਾਹਾਂ ਨੂੰ ਧਰਤੀ ਉਤੇ ਅਕਾਲ-ਪੁਰਖ ਦਾ ਨੁਮਾਇੰਦਾ ਨਹੀਂ ਮੰਨਦਾ। ਡਾ. ਗੁਰਤਰਨ ਸਿੰਘ ਨੇ ਕਾਲੀਦਾਸ ਅਤੇ ਸ਼ੈਕਸਪੀਅਰ ਦੇ ਨਾਵਾਂ ਦੀ ਚਰਚਾ ਕੀਤੀ ਹੈ। ਉਨ੍ਹਾਂ ਦੀਆਂ ਰਚਨਾਵਾਂ ਵਿਚੋਂ ਵੀ ਕੋਈ ਉਦਾਹਰਣ ਨਹੀਂ ਪ੍ਰਸਤੁਤ ਕੀਤੀ। ਸਾਡੇ ਵਿਵਾਦ ਦਾ ਕੋਈ ਨੁਕਤਾ ਇਨ੍ਹਾਂ ਮਹਾਨ ਸਾਹਿਤਕਾਰਾਂ ਨਾਲ ਕਿਸੇ ਤਰ੍ਹਾਂ ਵੀ ਸੰਬੰਧਿਤ ਨਹੀਂ। ਗੱਲ ਹੋ ਰਹੀ ਹੈ ਗੁਰਬਾਣੀ ਅਤੇ ਸਿਖ ਧਰਮ ਦੀ ਤੇ ਡਾ. ਗੁਰਤਰਨ ਸਿੰਘ ਮੈਨੂੰ ਸ਼ੈਕਸਪੀਅਰ ਅਤੇ ਕਾਲੀਦਾਸ ਪੜ੍ਹਨ ਦੀ ਨਸੀਹਤ ਦੇ ਰਹੇ ਹਨ। ਕਾਲੀਦਾਸ ਨੂੰ ਪੜ੍ਹਨ ਅਤੇ ਸਮਝਣ ਦੀ ਕੋਈ ਯੋਗਤਾ ਗੁਰਤਰਨ ਜੀ ਕੋਲ ਨਹੀਂ, ਇਹ ਗੱਲ ਮੈਂ ਚੰਗੀ ਤਰ੍ਹਾਂ ਜਾਣਦਾ ਹਾਂ। ਉਨ੍ਹਾਂ ਨੂੰ ਚਾਹੀਦਾ ਸੀ ਕਿ

ਸ਼ਹਿਨਸ਼ਾਹਾਂ ਦੇ ਦਿਵਯ ਹੋਣ ਸੰਬੰਧੀ, ਕੋਈ ਇਕ ਅੱਧ ਹੀ ਸਹੀ, ਗੁਰਬਾਣੀ ਦਾ ਪ੍ਰਮਾਣ ਦੇਂਦੇ। ਕੋਈ ਵਿਅਕਤੀ ਸਾਰੇ ਜਹਾਨ ਦੀਆਂ ਪੁਸਤਕਾਂ ਪੜ੍ਹ ਕੇ, ਪੰਜਾਬ ਦੇ ਸਾਰੇ ਦਰਿਆ ਕੀ ਸੱਤ ਸਮੁੰਦਰ ਤੈਰ ਕੇ ਪਾਰ ਕਰਨ ਨਾਲ ਜਾਂ ਦੋ ਬੰਦਿਆਂ ਨੂੰ ਕੀ ਚਾਰ ਬੰਦਿਆਂ ਨੂੰ ਵੀ ਮੋਢਿਆਂ ਤੇ ਲਟਕਾ ਕੇ ਕਿਲੇ ਦੀ ਕੰਧ ਨਹੀਂ ਖੰਡੇ ਦੀ ਧਾਰ ਤੇ ਦੌੜਨ ਨਾਲ ਵੀ ਦਿਵਯ ਨਹੀਂ ਹੋ ਸਕਦਾ। ਪਹਿਲਵਾਨ ਹੋ ਸਕਦਾ ਹੈ, ਪੜ੍ਹਾਕੂ ਹੋ ਸਕਦਾ ਹੈ, ਚੰਗਾ ਤੈਰਾਕ ਹੋ ਕੇ ਓਲੰਪਿਕ ਖੇਡਾਂ ਵਿਚ ਗੋਲਡ ਮੈਡਲ ਪ੍ਰਾਪਤ ਕਰ ਸਕਦਾ ਹੈ, ਨਵੇਂ ਕੀਰਤੀਮਾਨ ਵੀ ਸਥਾਪਿਤ ਕਰ ਸਕਦਾ ਹੈ। ਪਰ ਦਿਵਯਤਾ ਦਾ ਇਨ੍ਹਾਂ ਚੀਜ਼ਾਂ ਨਾਲ ਕੀ ਸੰਬੰਧ ਹੈ ? ਗੁਰਤਰਨ ਜੀ ਨੇ ਇਕ ਹੋਰ ਅਜੀਬ ਗੱਲ ਲਿਖੀ ਹੈ ਕਿ ਪੁਰਾਤਨ ਕਾਲ ਦੇ ਸਾਰੇ ਸ਼ਹਿਨਸ਼ਾਹ ਦੈਵੀ ਸਨ। ਨਵੇਂ ਸ਼ਾਸਕ ਕਿਉਂ ਦੈਵੀ ਨਹੀਂ, ਪੁਰਾਣੇ ਕਿਉਂ ਹਨ ? ਇਸ ਦਾ ਉਨ੍ਹਾਂ ਕੋਈ ਖੁਲਾਸਾ ਨਹੀਂ ਕੀਤਾ ? ਸ਼ਾਇਦ ਨਵੇਂ ਯੁਗ ਵਿਚ ਰੱਬ ਮਨੁੱਖਾਂ ਕੋਲੋਂ ਰੁਸ ਗਿਆ ਹੈ ਜਾਂ ਇਹ ਵੀ ਹੋ ਸਕਦਾ ਹੈ ਕਿ ਪੁਰਾਣੇ ਰੱਬ ਦਾ ਤਖ਼ਤਾ ਹੀ ਪਲਟ ਗਿਆ ਹੋਵੇ ? ਨਹੀਂ ਇਹ ਸਾਡੀ ਭ੍ਰਾਂਤੀ ਹੈ। ਡਾ. ਗੁਰਤਰਨ ਸਿੰਘ ਜੀ ਨੇ ਫਰਿਥਜਾਫ ਸੂਨ ਦੇ ਮੂੰਹੋਂ ਅਖਵਾਇਆ ਹੈ ਕਿ ਕੁਰਾਨ ਦੇ ਉਚਾਰਨ ਤੋਂ ਬਾਅਦ ਰੱਬ ਨੇ ਬੋਲਣਾ ਬੰਦ ਕਰ ਦਿੱਤਾ ਹੈ। ਵਿਚਾਰੇ ਨਵੇਂ ਸ਼ਾਸਕਾਂ ਨਾਲ ਰੱਬ ਰੁਸ ਗਿਆ ਹੈ, ਚਾਹੇ ਉਹ ਕਿਤਨੇ ਭਲੇ ਹੋਣ। ਪੁਰਾਤਨ ਕਾਲ ਦੇ ਲਹੂ-ਵੀਟਣੇ ਪਾਪੀ ਰਾਜੇ ਵੀ ਇਸ ਪਖੋਂ ਵਡਭਾਗੀ ਸਨ।

2. ਡਾ. ਗੁਰਤਰਨ ਸਿੰਘ ਦੀ ਦੂਜੀ ਮਨੌਤ ਹੈ ਕਿ ਮੁਸਲਮਾਨ ਚਾਹੇ ਕਿਤਨਾ ਵੀ ਜ਼ਾਲਿਮ ਹੋਵੇ ਮੈਦਾਨ ਜੰਗ ਵਿਚ ਉਸ ਨੂੰ ਹਮੇਸ਼ਾ ਮੁਹੰਮਦ ਸਾਹਿਬ ਦਾ ਮਹਾਨ ਪਵਿੱਤਰ ਜੰਗ ਦਾ ਨਾਅਰਾ ਯਾਦ ਹੁੰਦਾ ਹੈ। ਮੈਂ ਇਹ ਸਮਝਦਾ ਹਾਂ ਕਿ ਇਹ ਕਹਿ ਕੇ ਵਿਦਵਾਨ ਲੇਖਕ ਨੇ ਪੈਗ਼ੰਬਰੀ-ਅਮਲ ਨੂੰ ਦਾਗ਼ਦਾਰ ਕੀਤਾ ਹੈ। ਮੇਰਾ ਵਿਚਾਰ ਹੈ ਕਿ ਹਜ਼ਰਤ ਮੁਹੰਮਦ ਸਾਹਿਬ ਮੋਮਿਨ ਦੀਆਂ ਚੰਗਿਆਈਆਂ ਦਾ ਮੂਲ ਹਨ। ਜ਼ਾਲਿਮ ਅਤੇ ਪਾਪੀ ਮੁਸਲਮਾਨ ਦਾ ਵਰਤਾਰਾ ਉਨ੍ਹਾਂ ਦੇ ਵਿਅਕਤਿਤ੍ਵ ਨਾਲ ਸੰਬੰਧਿਤ ਕਰਨਾ ਗੁਨਾਹ ਹੈ। ਗੁਰੂ ਸਾਹਿਬਾਨ ਦੇ ਸਮਕਾਲੀ ਹੁਕਮਰਾਨਾਂ ਦਾ ਵਰਤਾਰਾ ਕਦੇ ਵੀ ਸੱਚੇ ਮੋਮਿਨ ਵਾਲਾ ਨਹੀਂ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਕਾਲ ਵਿਚ ਅਸਲ ਮੁਸਲਮਾਨੀ ਅਮਲ ਅਤੇ ਪ੍ਰਚਲਿਤ ਪਥ-ਭ੍ਰਸ਼ਟ ਵਿਵਹਾਰ ਦੀ ਸਮੀਖਿਆ ਵੀ ਕੀਤੀ ਸੀ। ਉਨ੍ਹਾਂ ਹੁਕਮਰਾਨਾਂ ਨੇ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਸਿਖਾਂ ਵਿਰੁਧ ਛੇੜੀ ਲੰਬੀ

ਭਿਆਨਕ ਜੰਗ ਵਿਚ ਅਨੇਕਾਂ ਵਾਰ ਮਹਾਨ ਪਵਿੱਤਰ ਜੰਗ ਦੇ ਜੋ ਨਾਅਰੇ ਦੁਹਰਾਏ ਸਨ, ਮੇਰੇ ਮਨ ਵਿਚ ਉਨ੍ਹਾਂ ਲਈ ਕੋਈ ਵੀ ਆਦਰ ਦਾ ਭਾਵ ਨਹੀਂ। ਇਹ ਨਾਅਰੇ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦਾ ਕਾਰਨ ਬਣੇ। ਇਨ੍ਹਾਂ ਨਾਅਰਿਆਂ ਨੇ ਚਾਂਦਨੀ ਚੌਕ ਵਿਚ ਗੁਰੂ ਤੇਗ਼ ਬਹਾਦਰ ਜੀ ਦਾ ਸੀਸ ਕਲਮ ਕੀਤਾ, ਸ਼ੀਰ-ਖੋਰ ਸਾਹਿਬਜ਼ਾਦਿਆਂ ਨੂੰ ਸਰਹਿੰਦ ਦੀਆਂ ਨੀਹਾਂ ਵਿਚ ਗਡਵਾਇਆ, ਅਨੇਕਾਂ ਸਿਖਾਂ ਦੇ ਬੰਦ-ਬੰਦ ਕਟੇ, ਅਨੇਕਾਂ ਨੂੰ ਚਰਖੜੀਆਂ ਤੇ ਚਾੜ੍ਹਿਆ, ਅਨੇਕਾਂ ਨੂੰ ਨੇਜਿਆਂ ਤੇ ਟੰਗਿਆ। ਪਵਿੱਤਰਤਾ ਦੇ ਭੇਖ ਵਿਚ ਲਾਏ ਇਨ੍ਹਾਂ ਅਪਵਿੱਤਰ ਨਾਅਰਿਆਂ ਨੇ ਕਈ ਵਾਰ ਹਰਿਮੰਦਿਰ ਡੇਗਿਆ। ਕਈ ਮੱਸੇ ਰੰਘੜਾਂ ਨੇ ਸਾਡੇ ਧਰਮ ਸਥਾਨਾਂ ਦੀ ਪਵਿੱਤਰਤਾ ਰਜ ਕੇ ਭੰਗ ਕੀਤੀ। ਮੈਂ ਮੀਰ ਮਨੂੰ ਦੀ ਜੇਲ ਵਿਚ ਤਸੀਹੇ ਸਹਿੰਦੀਆਂ ਬੀਬੀਆਂ ਦੀ ਸ਼ਹਾਦਤ ਨੂੰ ਨਮਸਕਾਰ ਕਰਾਂ ਕਿ ਸਿਖੀ ਨੂੰ ਹਰ ਹਾਲ ਧਰਤੀ ਤੋਂ ਨਸ਼ਟ ਕਰਨ ਵਾਸਤੇ ਲਾਏ 'ਮਹਾਨ ਪਵਿੱਤਰ ਜੰਗੀ ਨਾਅਰਿਆਂ' ਨੂੰ ਸਿਜਦਾ ਕਰਾਂ ? ਜਿਨ੍ਹਾਂ ਨਾਅਰਿਆਂ ਦੇ ਬਲ ਨਾਲ ਅਜ ਵੀ ਗਵਾਂਢੀ ਮੁਲਕ ਵਿਚ ਮੇਰੇ ਸਿਖ ਭਰਾਵਾਂ ਤੋਂ ਜਜ਼ੀਆ ਉਗਰਾਹਿਆ ਜਾਂਦਾ ਹੋਵੇ, ਉਨ੍ਹਾਂ ਨੂੰ ਸੁਣ ਕੇ ਮੇਰੇ ਕੰਨਾਂ ਨੂੰ ਕੋਈ ਦੈਵੀ ਪਵਿੱਤ੍ਰਤਾ ਨਾ ਪ੍ਰਾਪਤ ਹੁੰਦੀ ਹੈ, ਨਾ ਇਸ ਦੇ ਸ੍ਰਵਣ ਤੋਂ ਉਪਜੇ ਬਹਿਸ਼ਤੀ ਸੁਖਾਂ ਦੀ ਮੈਨੂੰ ਕੋਈ ਲਾਲਸਾ ਹੈ। ਮੇਰੇ ਲਈ ਪਾਪੀ ਅਤੇ ਜ਼ਾਲਿਮ ਮਨੁੱਖ ਦਾ ਹਰ ਨਾਅਰਾ ਸਮਲੀਨਤਾ ਭਰਿਆ ਹੈ, ਚਾਹੇ ਉਹ ਵਿਅਕਤੀ ਕਿਸੇ ਵੀ ਧਰਮ ਨਾਲ ਸੰਬੰਧਿਤ ਹੋਵੇ। ਅਧਰਮ ਵਿਚੋਂ ਧਰਮ ਕਦੇ ਨਹੀਂ ਨਿਕਲ ਸਕਦਾ।

3. ਉਤਰ ਉਪਰ ਆ ਚੁਕਾ ਹੈ।

4. ਮੁਗ਼ਲ ਬਾਦਸ਼ਾਹਾਂ ਦੀ ਦਿਵਯਤਾ ਦੇ ਝੂਲਦੇ ਛਤਰ ਅਤੇ ਨਿਸ਼ਾਨ ਦੀ ਸੁਖਦਾਈ ਛਾਇਆ ਹੇਠ ਮੈਨੂੰ ਆਸਰਾ ਲੈ ਲੈਣ ਦੀ ਪਾਕ-ਪ੍ਰੇਰਨਾ ਦੇਣ ਵਾਸਤੇ ਗੁਰਤਰਨ ਜੀ ਕਹਿੰਦੇ ਹਨ 'ਹੁਮਾਯੂੰ ਵੀ ਉਚ ਕੋਟੀ ਦਾ ਵਿਦਵਾਨ ਸੀ'। ਮੈਂ ਪਹਿਲਾਂ ਹੀ ਕਹਿ ਚੁਕਾ ਹਾਂ ਕਿ ਵਿਦਵਤਾ ਦਾ ਦਿਵਯਤਾ ਨਾਲ ਕੋਈ ਸੰਬੰਧ ਨਹੀਂ। ਇਹ ਇਕ ਮੁਹਾਵਰਾ ਹੈ 'ਹੁਮਾਯੂੰ ਸਾਰੀ ਜ਼ਿੰਦਗੀ ਠੋਕਰਾਂ ਖਾਂਦਾ ਰਿਹਾ ਅਤੇ ਠੋਕਰ ਖਾ ਕੇ ਹੀ ਮਰ ਗਿਆ'। ਕਦੇ ਦੈਵੀ ਪੁਰਸ਼ ਠੋਕਰਾਂ ਖਾਂਦੇ ਹਨ ? ਇਤਿਹਾਸ ਪੜ੍ਹਿਆਂ ਗੁਰਤਰਨ ਜੀ ਨੂੰ ਇਹ ਸਮਝ ਵੀ

ਆ ਜਾਣੀ ਚਾਹੀਦੀ ਸੀ ਕਿ ਸ਼ੇਰ ਸ਼ਾਹ ਸੂਰੀ ਤੋਂ ਹਾਰ ਖਾ ਕੇ ਉਸ ਨੇ ਆਪਣੀ ਪ੍ਰਤਾਪੀ ਤਲਵਾਰ ਸ੍ਰੀ ਗੁਰੂ ਅੰਗਦ ਦੇਵ ਜੀ ਤੇ ਸੂਤ ਲਈ ਸੀ। ਉਸ ਦੀ ਦਿਵਯਤਾ ਦੀ ਫੂਕ ਗੁਰੂ ਜੀ ਦੇ ਇਕ ਵਾਕ ਨਾਲ ਨਿਕਲ ਗਈ ਸੀ- ਜਿਥੇ ਇਹ ਤਲਵਾਰ ਚਲਾਉਣੀ ਸੀ, ਉਥੇ ਚਲਾਈ ਨਹੀਂ, ਹੁਣ ਇਸ ਦੀ ਚਮਕ ਨਾਲ ਫ਼ਕੀਰਾਂ ਨੂੰ ਡਰਾਉਂਦਾ ਹੈਂ।

5. ਡਾ. ਗੁਰਤਰਨ ਸਿੰਘ 'ਬਾਬਰੀ ਜਲਾਲ' ਦਾ ਪ੍ਰਗਟਾਵਾ ਸਾਰੇ ਮੁਗ਼ਲ ਸ਼ਹਿਨਸ਼ਾਹਾਂ ਵਿਚ ਦਰਸਾਉਂਦਿਆਂ ਬਹੁਤ ਚਾਲਾਕੀ ਨਾਲ ਅਕਬਰ ਅਤੇ ਜਹਾਂਗੀਰ ਦਾ ਨਾਮ ਛਡ ਜਾਂਦੇ ਹਨ। ਅਕਬਰ, ਜਿਸ ਦੇ ਸਮੇਂ ਵਿਚ ਮੁਗ਼ਲ ਬਾਦਸ਼ਾਹਤ ਦੀ ਸਿਖ ਧਰਮ ਪ੍ਰਤੀ ਆਦਰਸ਼ਕ ਸੁਹਿਰਦਤਾ ਬਣੀ ਰਹੀ, ਉਸ ਦਾ ਨਾਮ ਲੈਣਾ ਗੁਰਤਰਨ ਸਿੰਘ ਭੁਲ ਨਹੀਂ ਗਿਆ। ਉਸ ਦਾ ਨਾਮ ਜਾਣ-ਬੁਝ ਕੇ ਛਡਿਆ ਗਿਆ ਹੈ। ਉਸ ਦੀ ਸੁਲਹਕੁਲ ਦੀ ਨੀਤੀ ਗੁਰਤਰਨ ਦੇ ਤਾਲਿਬਾਨੀ ਇਸਲਾਮਿਕ ਵਿਚਾਰਾਂ ਦਾ ਸਮਰਥਨ ਨਹੀਂ ਕਰਦੀ। ਅਕਬਰ ਦੀ ਉਦਾਰਤਾ ਅਤੇ ਫ਼ਰਾਖ਼ਦਿਲੀ ਗੁਰਤਰਨ ਦੀ ਤੰਗਦਿਲੀ ਨੂੰ ਇਸ ਕਾਰਨ ਰਾਸ ਨਹੀਂ ਆਉਂਦੀ, ਕਿਉਂਕਿ ਉਹ ਹਿੰਦੂ-ਮੁਸਲਮਾਨ ਨੂੰ ਸਮ-ਦ੍ਰਿਸ਼ਟੀ ਨਾਲ ਵੇਖਦਾ ਸੀ। ਗੁਰਤਰਨ ਲਈ ਉਹ ਬਾਦਸ਼ਾਹ ਦੈਵੀ ਹੈ, ਜੋ ਹਿੰਦੂਆਂ ਉਤੇ ਜ਼ੁਲਮ ਕਰਦਾ ਹੋਵੇ, ਚਾਹੇ ਉਸ ਦੇ ਜ਼ੁਲਮ ਅਤੇ ਪਾਪ ਤੋਂ ਸਮਕਾਲੀ ਸਿਖ ਕਿਤਨੇ ਹੀ ਪੀੜਿਤ ਹੋਏ ਹਨ ? ਪਾਠਕ ਇਹ ਜਾਣ ਲੈਣ ਕਿ ਅਕਬਰ ਜਿਸ ਸਮੇਂ ਸਿਖਾਂ ਅਤੇ ਹਕੂਮਤ ਦੇ ਆਦਰਸ਼ਕ ਸੰਬੰਧ ਰਹੇ, ਉਸ ਦਾ ਨਾਮ ਤਕ ਨਾ ਲੈਣ ਪਿਛੇ ਗੁਰਤਰਨ ਜੀ ਦੀ ਅਗਿਆਨਤਾ ਨਹੀਂ, ਉਨ੍ਹਾਂ ਦਾ ਇਸਲਾਮਿਕ ਉਲਾਰ ਕੰਮ ਕਰ ਰਿਹਾ ਹੈ। ਇਹ ਉਲਾਰ ਇਤਨਾ ਹੈ ਕਿ ਭਾਵੇਂ ਸਿਖ ਧਰਮ ਦਾ ਘਾਣ ਵੀ ਹੋ ਜਾਵੇ, ਇਸਲਾਮਿਕ ਸ਼ਾਨਾਂ ਦੀ ਬੁਲੰਦਗੀ ਗੁਰਤਰਨ ਨੂੰ ਸੁਕੂਨ ਦੇਂਦੀ ਹੈ। ਜਹਾਂਗੀਰ ਦਾ ਨਾਮ ਨਾ ਲੈਣ ਪਿਛੇ ਫਿਰ ਚਾਲਾਕੀ ਵਰਤੀ ਹੈ। ਉਸ ਦੀਆਂ ਤੱਤੀਆਂ ਤਵੀਆਂ ਅਤੇ ਬਲਦੇ ਰੇਤੇ ਦੀ ਕਰੂਰਤਾ ਦਾ ਪ੍ਰਭਾਵ ਸਿਖਾਂ ਦੇ ਮਨ ਉਤੋਂ ਸਾਫ਼ ਕਰਨ ਵਿਚ ਗੁਰਤਰਨ ਦੀ 'ਬਾਬਰੀ ਜਲਾਲ' ਦੀ ਕੀਰਤੀ ਅਤੇ ਜਾਦੂਈ ਪ੍ਰਭਾਵ ਨੇ ਸਫਲ ਨਹੀਂ ਸੀ ਹੋਣਾ, ਗੁਰਤਰਨ ਸਿੰਘ ਇਹ ਜਾਣਦਾ ਹੈ। ਸੋ ਚੁਪ ਰਹਿਣ ਵਿਚ ਹੋਸ਼ਿਆਰੀ ਸਮਝੀ ਹੈ। ਪਰ ਗੁਰਤਰਨ ਦੇ ਚੁਪ ਹੋ ਜਾਣ ਨਾਲ ਇਤਿਹਾਸ ਨੇ ਚੁਪ ਨਹੀਂ ਹੋ

ਜਾਣਾ। ਸਿਖਾਂ ਨੇ ਹਰ ਸਾਲ ਹਰ ਹਾਲ ਆਪਣੇ 'ਜਲਾਲ ਦੇ ਸ਼ਹਿਨਸ਼ਾਹ' ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੂੰ ਪਵਿੱਤਰ ਮਨ ਨਾਲ ਯਾਦ ਕਰਨਾ ਹੈ ਅਤੇ ਬਾਬਰ ਦੇ ਵੰਸ਼ਜਾਂ ਦੀ ਪਾਪ-ਬ੍ਰਿਤੀ ਤੋਂ ਵਾਰ-ਵਾਰ ਸੰਤਾਪਿਤ ਹੋਣ ਨੂੰ ਸੈਦਪੁਰ ਤੋਂ ਸਰਹਿੰਦ ਤਕ ਹੀ ਨਹੀਂ, ਉਸ ਤੋਂ ਅਗੇ ਜ਼ਕਰੀਆ ਖਾਨ ਤਕ, ਛੋਟੇ-ਵਡੇ ਘਲੂਘਾਰਿਆਂ ਤਕ, ਫਿਰ ਮੀਰ ਮਨੂੰ ਤਕ, ਬਲਕਿ 1947 ਵਿਚ ਸਿਖਾਂ ਦੇ ਹੋਏ ਨਰਸੰਹਾਰ ਤਕ ਸਿਖ ਕਦੇ ਵੀ ਭੁਲ ਨਹੀਂ ਸਕਦੇ। ਅਜਿਹੀ ਹਰ ਕਠਿਨ ਪ੍ਰਸਥਿਤੀ ਵਿਚ ਉਨ੍ਹਾਂ ਦਾ ਰਖਿਅਕ ਬਾਬਰੀ ਜਲਾਲ ਨਹੀਂ, ਸ਼ੀ ਗੁਰੂ ਪ੍ਰਤਾਪ ਹੈ। ਗੁਰਤਰਨ ਹੁਮਾਯੂੰ ਦੇ ਸੋਹਿਲਾ-ਗਾਇਨ ਤੋਂ ਸਿਧਾ ਸ਼ਾਹਜਹਾਨ ਦੀ ਪ੍ਰਸ਼ੰਸਾ ਵਿਚ ਚਿਤ-ਲੀਨ ਹੋ ਕੇ ਕਹਿੰਦਾ ਹੈ ਕਿ ਸ਼ਾਹਜਹਾਨ ਦੀ ਬੁਲੰਦ ਸਖ਼ਸੀਅਤ ਦੀ ਪ੍ਰਸ਼ੰਸਾ ਰਾਬਿੰਦਰ ਨਾਥ ਟੈਗੋਰ ਨੇ ਵੀ ਕੀਤੀ ਹੈ। ਮੇਰਾ ਅਤੇ ਗੁਰਤਰਨ ਸਿੰਘ ਦਾ ਇਹ ਅੰਤਰ ਹੈ ਕਿ ਇਸ ਸੰਬੰਧੀ ਉਸ ਦਾ ਮਾਪ-ਦੰਡ ਟੈਗੋਰ ਦੀਆਂ ਰਚਨਾਵਾਂ ਹਨ ਅਤੇ ਮੇਰਾ ਮਾਪ-ਦੰਡ ਉਸ ਦੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਸੰਬੰਧਾਂ ਉਤੇ ਆਧਾਰਿਤ ਹੈ। ਗੁਰੂ ਨਾਲ ਮਾਰੂ ਯੁਧ ਰਚਾਉਣ ਵਾਲਾ ਮੈਨੂੰ ਆਪਣਾ ਅਤੇ ਮਨੁੱਖਤਾ ਦਾ ਸੁਹਿਰਦ ਮਿਤ੍ਰ ਨਹੀਂ ਲਗ ਸਕਦਾ, ਇਸ ਨੂੰ ਗੁਰਤਰਨ ਮੇਰੀ ਕਮਜ਼ੋਰੀ ਜਾਣ ਲਵੇ। ਮੇਰੀ ਇਸ ਕਮਜ਼ੋਰੀ ਦੇ ਦੋ ਆਧਾਰ ਹਨ। ਪਹਿਲਾ ਇਹ ਕਿ ਮੈਂ ਸ਼ਹਿਨਸ਼ਾਹਾਂ ਨੂੰ ਗੁਰਤਰਨ ਵਾਂਗ ਰੱਬ ਦਾ ਰੂਪ ਮੰਨਣ ਤੋਂ ਇਨਕਾਰੀ ਹਾਂ, ਜਦੋਂ ਤਕ ਕਿਸੇ ਸ਼ਾਸਕ ਦਾ ਵਿਅਕਤਿਤ੍ਵ ਦੈਵੀ ਗੁਣਾਂ ਨਾਲ ਭਰਪੂਰ ਨਾ ਹੋਵੇ। ਦੂਜਾ ਇਹ ਕਿ ਮੈਨੂੰ ਆਪਣੇ ਗੁਰੂ-ਪੁਰਖਾਂ ਉਤੇ ਅਟੁਟ ਵਿਸ਼ਵਾਸ ਹੈ ਕਿ ਉਹ ਕਦੇ ਗ਼ਲਤ ਨਹੀਂ ਹੋ ਸਕਦੇ, ਉਹ ਕਦੇ ਹਮਲਾਵਰ ਨਹੀਂ ਹੋ ਸਕਦੇ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਧਰਮ ਅਤੇ ਨਿਆਇ ਨਾਲ ਖੜੋਤੇ ਸਨ ਅਤੇ ਹੱਕ-ਸੱਚ ਦੀ ਆਵਾਜ਼ ਨੂੰ ਦਬਾਉਣ ਵਾਸਤੇ ਸ਼ਹਿਨਸ਼ਾਹ ਸ਼ਾਹਜਹਾਨ ਉਨ੍ਹਾਂ ਉਤੇ ਹਮਲਾਵਰ ਹੋਇਆ ਸੀ। ਜੇ ਮੈਂ ਸ਼ਾਹਜਹਾਨ ਨੂੰ ਬਹੁਤ ਬੁਲੰਦ ਵਿਅਕਤਿਤ੍ਵ ਦਾ ਮਾਲਿਕ ਸਵੀਕਾਰ ਕਰ ਲਵਾਂ, ਤਾਂ ਫਿਰ ਮੈਨੂੰ ਸ੍ਰੀ ਗੁਰੂ ਜੀ ਵਿਚ ਕੁਝ ਦੋਸ਼ ਵੇਖਣੇ ਪੈਣਗੇ। ਇਹ ਕੰਮ ਗੁਰਤਰਨ ਸਿੰਘ ਕਰ ਸਕਦਾ ਹੈ, ਮੈਂ ਨਹੀਂ।

ਪਾਠਕ ਜਨ ਨਿਰਪਖ ਚਿੱਤ ਨਾਲ ਗੁਰਤਰਨ ਜੀ ਦੀ ਇਹ ਇਬਾਰਤ ਪੜ੍ਹਨ "ਜ਼ਫ਼ਰਨਾਮੇ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗ਼ਜ਼ੇਬ ਨੂੰ ਪਹਾੜ ਵਰਗਾ ਅਹਿਲ

ਜੋਧਾ, ਵੱਡੀਆਂ ਬਖ਼ਸ਼ਸ਼ਾਂ ਦਾ ਰੱਬ ਵਲੋਂ ਹੱਕਦਾਰ, ਰੱਜ ਕੇ ਖ਼ੂਬਸੂਰਤ ਅਤੇ ਘੋੜੇ ਦਾ ਮਾਹਿਰ ਸਵਾਰ ਖੁਦ ਹੀ ਮੰਨਿਆ ਹੈ ਅਤੇ ਗੁਰੂ ਰਾਹੀਂ ਔਰੰਗਜ਼ੇਬ ਦੀਆਂ ਸਿਫਤਾਂ ਨੂੰ ਪ੍ਰਵਾਨ ਕਰਨ ਪਿਛੋਂ ਹੀ ਸਿੱਖ ਧਰਮ ਦੀ ਦੁਨੀਆ ਦੇ ਮਹਾਨ ਧਰਮਾਂ ਵਿਚ ਬੁਲੰਦ ਉਚਾਈ ਸਥਾਪਤ ਹੁੰਦੀ ਹੈ।" ਅਸਲ ਵਿਚ ਜਾਪਦਾ ਹੈ ਕਿ ਜਾਂ ਗੁਰਤਰਨ ਸਿੰਘ ਨੇ ਸਾਰਾ ਜ਼ਫ਼ਰਨਾਮਾ ਪੜ੍ਹਿਆ ਨਹੀਂ ਜਾਂ ਉਸ ਨੂੰ ਸਮਝਣ ਦੀ ਯੋਗਤਾ ਤੋਂ ਵੰਚਿਤ ਹੈ। 'ਜ਼ਫ਼ਰਨਾਮਾ' ਇਕ ਅਜਿਹੀ ਸਾਹਿਤਿਕ ਕ੍ਰਿਤੀ ਹੈ, ਜਿਸ ਵਿਚ ਸੱਚੇ ਗੁਰੂ ਨੇ ਕੱਟਰ ਦੁਸ਼ਮਣ ਨਾਲ ਗੱਲਬਾਤ ਕਰਨ ਦਾ ਸ਼ਿਸ਼ਟਾਚਾਰ ਸਮਝਾਇਆ ਹੈ। ਜੋ ਚਾਰ ਪਦ (86 ਤੋਂ 90) ਗੁਰਤਰਨ ਨੂੰ ਔਰੰਗ਼ਜ਼ੇਬ ਦੀਆਂ ਸਿਫ਼ਤਾਂ ਦਾ ਸੋਹਿਲਾ-ਗਾਇਨ ਨਜ਼ਰ ਆਉਂਦੇ ਹਨ, ਵਾਸਤਵ ਵਿਚ ਉਹ ਉਸ ਸ਼ਿਸ਼ਟਾਚਾਰ ਦਾ ਅਹਿਮ ਅੰਗ ਹਨ ਅਤੇ ਜਿਨ੍ਹਾਂ ਸਿਫ਼ਤਾਂ ਦਾ ਗੁਰਤਰਨ ਸਿੰਘ ਜ਼ਿਕਰ ਕਰਦਾ ਹੈ, ਉਹ ਅਜਿਹੇ ਗੁਣ ਹਨ, ਜਿਨ੍ਹਾਂ ਕਾਰਨ ਔਰੰਗ਼ਜ਼ੇਬ ਆਪਣੇ ਆਪ ਨੂੰ ਬਹੁਤ ਮਹਾਨ ਸਮਝ ਰਿਹਾ ਹੈ। ਵਾਸਤਵ ਵਿਚ ਗੁਰੂ ਜੀ ਦਾ ਉਸ ਦੇ ਵਿਅਕਤਿਤ੍ਵ ਸੰਬੰਧੀ ਇਹ ਇਕ ਉਤਮ ਕਟਾਕਸ਼ ਹੈ। ਉਹ ਕਹਿਣਾ ਚਾਹੁੰਦੇ ਹਨ ਕਿ ਤੂੰ ਪਹਾੜ ਵਰਗਾ ਅਹਿਲ ਹੋਵੇਂਗਾ, ਰੱਬ ਦੀਆਂ ਤੇਰੇ ਉਤੇ ਬਹੁਤ ਮਿਹਰਬਾਨੀਆਂ ਹੋਣਗੀਆਂ, ਰੱਬ ਨੇ ਤੈਨੂੰ ਸਰੀਰਿਕ ਖ਼ੂਬਸੂਰਤੀ ਵੀ ਦਿੱਤੀ ਹੋਵੇਗੀ, ਤੂੰ ਘੋੜ-ਸਵਾਰੀ ਵਿਚ ਮਾਹਿਰ ਹੋਵੇਂਗਾ, ਪਰ ਅਗਲੇ ਪਦ (91) ਵਿਚ ਇਹ ਕਹਿ ਕੇ ਉਸ ਦੀ ਅਸਲੀਅਤ ਬਿਆਨ ਕਰ ਦੇਂਦੇ ਹਨ "ਤੂੰ ਸੱਚੇ ਧਰਮ ਤੋਂ ਬਹੁਤ ਦੂਰ ਹੈਂ"। ਚੰਗਾ ਘੋੜ-ਸਵਾਰ ਹੋਣਾ, ਭਾਰੀ ਸੂਰਬੀਰ ਹੋਣਾ, ਰੱਬ ਦੀ ਮਿਹਰ ਹੋਣਾ ਜਾਂ ਰੱਜ ਕੇ ਖ਼ੂਬਸੂਰਤ ਹੋਣਾ ਮਨੁੱਖ ਦੀਆਂ ਚੰਗਿਆਈਆਂ ਦਾ ਸਰਟੀਫਿਕੇਟ ਨਹੀਂ। ਰੱਬ ਨੇ ਸ਼ਹਿਨਸ਼ਾਹੀ ਦਿੱਤੀ, ਪਰ ਉਸ ਨੇ ਦਰ ਆਈ ਮਿਹਰ ਸੰਭਾਲੀ ਨਹੀਂ। ਉਹ ਮਾਸੂਮਾਂ ਅਤੇ ਨਿਰਦੋਸ਼ਾਂ ਦਾ ਖ਼ੂਨ-ਵੀਟਣ ਵਾਲਾ 'ਰੱਤ ਪੀਣਾ ਰਾਜਾ' ਹੋ ਨਿਬੜਿਆ। ਜ਼ਫ਼ਰਨਾਮੇ ਵਿਚ ਖ਼ਵਾਜਾ ਮਰਦੂਦ ਵਰਗਿਆਂ ਦਾ ਕਾਇਰਾਂ ਵਾਂਗ ਛੁਪ-ਛੁਪ ਕੇ ਹਮਲਾ ਕਰਨਾ, ਔਰੰਗ਼ਜ਼ੇਬ ਦੇ ਭੇਜੇ ਬਹਾਦਰਾਂ ਦੀ ਸੂਰਬੀਰਤਾ ਦਾ ਹੀ ਉਲੇਖ ਹੈ। ਵਾਸਤਵ ਵਿਚ ਗੁਰੂ ਜੀ ਦੇ ਇਸ ਯਤਨ ਦਾ ਉਦੇਸ਼ ਔਰੰਗਜ਼ੇਬ ਦੀ ਬਹਾਦਰੀ ਦੀ ਪੋਲ ਖੋਲ੍ਹਣਾ ਹੈ। ਜ਼ਫ਼ਰਨਾਮੇ ਵਿਚ ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਸ਼ਹਿਨਸ਼ਾਹ ਨੂੰ ਕੁਰਾਨ ਦੀ ਉਹ ਪ੍ਰਤੀ ਮੈਂ ਵਿਖਾ ਸਕਦਾ ਹਾਂ, ਜਿਸ ਉਤੇ ਦਸਤਖ਼ਤ ਕਰ ਕੇ ਉਸ ਨੇ ਸੌਂਹ ਖਾਧੀ ਸੀ ਕਿ ਜੇ ਗੁਰੂ ਜੀ ਆਨੰਦਪੁਰ ਛਡ ਦੇਣ ਤਾਂ ਉਨ੍ਹਾਂ ਉਤੇ ਹਮਲਾ ਨਹੀਂ ਕੀਤਾ ਜਾਵੇਗਾ। ਉਸ ਦੀ ਧੋਖੇਬਾਜ਼ੀ ਦਾ ਜੋ ਚਿਤ੍ਰ ਗੁਰੂ-ਲਿਖਿਤ

ਵਿਚ ਸੰਭਾਲਿਆ ਹੈ, ਉਸ ਨੂੰ ਵੇਖਿਆਂ ਉਹ ਇਕ ਬੁਜਦਿਲ ਧੋਖੇਬਾਜ਼ ਸਿਧ ਹੁੰਦਾ ਹੈ, ਬਹਾਦਰ ਨਹੀਂ। ਜਿਹੜੇ ਵਿਅਕਤਿਤ੍ਵ ਦਾ ਪ੍ਰਮਾਣ-ਪੱਤਰ ਔਰੰਗਜ਼ੇਬ ਨੇ ਗੁਰੂ ਗੋਬਿੰਦ ਸਿੰਘ ਤੋਂ ਹਾਸਿਲ ਕੀਤਾ ਹੈ, ਉਹ ਜ਼ਫ਼ਰਨਾਮੇ ਦੇ ਇਨ੍ਹਾਂ ਪਦਾਂ ਵਿਚ ਹੈ-

ਨਦਾਨਮ ਕਿ ਈਂ ਮਰਦਿ ਪੈਮਾਂ ਸ਼ਿਕਨ।
ਕਿ ਦੌਲਤ ਪ੍ਰਸਤਸਤੋ ਈਮਾਂ ਫ਼ਿਗਨ।45।

(ਅਰਥਾਤ ਮੈਨੂੰ ਇਹ ਪਤਾ ਨਹੀਂ ਸੀ ਕਿ ਇਹ ਇਕਰਾਰ ਤੋੜਨ ਵਾਲਾ (ਔਰੰਗਜ਼ੇਬ) ਟਕੇ ਦਾ ਮੁਰੀਦ ਹੈ ਤੇ ਧਰਮ ਈਮਾਨ ਨੂੰ ਪਰੇ ਸੁਟ ਦੇਣ ਵਾਲਾ ਹੈ)।

ਨ ਈਮਾਂ ਪ੍ਰਸਤੀ ਨ ਔਜ਼ਾਇ ਦੀਂ।
ਨ ਸਾਹਿਬ ਸਨਾਸੀ ਨ ਮਹਮਦ ਯਕੀਂ। 46।

(ਅਰਥਾਤ ਹੇ ਔਰੰਗਜ਼ੇਬ ! ਨਾ ਤੂੰ ਦੀਨ ਈਮਾਨ ਉਤੇ ਕਾਇਮ ਹੈਂ ਤੇ ਨਾ ਹੀ ਤੂੰ ਸ਼ਰਾਅ ਸ਼ਰੀਅਤ ਦਾ ਪਾਬੰਦ ਹੈਂ। ਨਾ ਤੈਨੂੰ ਪਰਮਾਤਮਾ ਦੀ ਪਛਾਣ ਹੈ ਅਤੇ ਨਾ ਹੀ ਤੇਰਾ ਹਜ਼ਰਤ ਮੁਹੰਮਦ ਉਤੇ ਹੀ ਭਰੋਸਾ ਹੈ)।

ਔਰੰਗਜ਼ੇਬ ਦਾ ਸ਼ਾਬਦਿਕ ਭਾਵ ਹੈ- ਜੋ ਤਖ਼ਤ ਦੀ ਸ਼ੋਭਾ ਹੋਵੇ (ਔਰੰਗ=ਤਖ਼ਤ+ਜ਼ੇਬ=ਸ਼ੋਭਾ)। ਸਿਖਾਂ ਨੇ ਉਸ ਦੇ ਅਨਿਆਇ ਅਤੇ ਘੋਰ-ਜ਼ੁਲਮ ਨੂੰ ਧਿਆਨ ਵਿਚ ਰਖਦਿਆਂ, ਉਸ ਦਾ ਨਾਮ 'ਨੁਰੰਗਾ' ਰਖਿਆ ਹੈ। 'ਨੁਰੰਗਾ' ਕਹਿਣਾ ਕੋਈ ਗਾਲ੍ਹ ਨਹੀਂ, ਉਸ ਦੇ ਵਿਅਕਤਿਤ੍ਵ ਦਾ ਮੁਲਾਂਕਣ ਹੈ। ਗੁਰਤਰਨ ਦੀ ਸੁਵਿਧਾ ਵਾਸਤੇ ਦਸ ਦੇਵਾਂ ਕਿ ਇਸ ਪਦ ਦਾ ਅਰਥ ਹੈ- ਜੋ ਤਖ਼ਤ ਦੀ ਸ਼ੋਭਾ ਨਹੀਂ ਭਾਵ ਜੋ ਤਖ਼ਤ ਦੇ ਲਾਇਕ ਨਹੀਂ (ਨਾ+ਔਰੰਗ)। ਜਦੋਂ ਇਹ ਕੌਮ ਦਾ ਫ਼ਤਵਾ ਹੈ ਕਿ ਔਰੰਗਜ਼ੇਬ ਇਕ ਧਾੜਵੀ ਵਾਂਗ ਸੱਤਾ ਉਤੇ ਕਾਬਜ਼ ਹੋਇਆ ਸੀ, ਉਸ ਵਿਚ ਸ਼ਹਿਨਸ਼ਾਹਾਂ ਵਾਲਾ ਕੋਈ ਗੁਣ ਨਹੀਂ ਸੀ, ਮੈਂ ਗੁਰੂ-ਪੰਥ ਦੇ ਫ਼ਤਵੇ ਦੇ ਵਿਰੁਧ ਨਹੀਂ ਜਾ ਸਕਦਾ। ਕੌਮ ਦੇ ਇਸ ਫ਼ਤਵੇ ਤੋਂ ਔਰੰਗਜ਼ੇਬ ਦਾ ਪਰਮ-ਹਿਤੈਸ਼ੀ ਗੁਰਤਰਨ ਇਤਨਾ ਪੀੜਿਤ ਹੈ ਕਿ ਉਹ ਸਾਰੀ ਕੌਮ ਉਤੇ ਮਹਾਂਦੋਸ਼ ਆਇਦ ਕਰਦਿਆਂ ਲਿਖਦਾ ਹੈ, "ਗੁਰੂਆਂ ਦੇ ਵਿਰੋਧੀਆਂ ਨਾਲ ਘ੍ਰਿਣਾ ਅਤੇ ਵੈਰ ਪਾਲਣ ਕਰ ਕੇ ਸਿਖ ਕੌਮ ਦਾ ਸਾਮੂਹਿਕ ਪਤਨ ਹੋਇਆ ਹੈ।" ਇਸ ਤੋਂ ਗੁਰਤਰਨ ਦੀ ਪ੍ਰੇਰਨਾ ਬਹੁਤ ਸਪਸ਼ਟ ਹੈ। ਹਰ ਸਿਖ ਅਮ੍ਰਿਤ ਵੇਲੇ ਉਠੇ, ਵੁਜ਼ੂ ਕਰੇ। ਹੱਥ ਵਿਚ ਹਰੇ ਮਣਕਿਆਂ ਵਾਲੀ ਤਸਬੀਹ ਲੈ ਕੇ ਪਹਿਲਾਂ ਸਾਹਿਬਜ਼ਾਦਿਆਂ ਦੇ ਕਾਤਿਲ ਵਜ਼ੀਰ ਖਾਨ ਦੇ ਨਾਮ ਦਾ ਜਾਪ ਕਰੇ। ਫਿਰ ਔਰੰਗਜ਼ੇਬ, ਜਹਾਂਗੀਰ, ਮੀਰ ਮਨੂੰ, ਜ਼ਕਰੀਆ ਖ਼ਾਨ, ਨਾਦਿਰ

ਸ਼ਾਹ, ਅਬਦਾਲੀ, ਫ਼ਰਖ਼ਸੀਅਰ ਆਦਿ ਪੁੰਨ-ਆਤਮਾਵਾਂ ਨੂੰ ਸਜਦਾ ਕਰ ਕੇ ਭਰਪੂਰ ਸਿਮਰਨ ਕਰੇ। ਤਾਂ ਖ਼ਾਲਸਾ ਪੰਥ ਉਨਤੀ ਅਤੇ ਵਿਗਾਸ ਵਲ ਪਰਤ ਸਕੇਗਾ। ਮੇਰਾ ਯਕੀਨ ਹੈ ਕਿ ਸਿਖ ਤਾਂ ਕਦੇ ਅਜਿਹਾ ਨਹੀਂ ਕਰਨ ਲਗੇ, ਗੁਰਤਰਨ ਅਤੇ ਮਹਿਬੂਬ ਮਨ ਚਾਹਿਆ ਕਰਨ ਵਿਚ ਸੁਤੰਤਰ ਹਨ।

ਮੈਂ ਆਪਣੇ ਲੇਖ ਵਿਚ ਲਿਖਿਆ ਸੀ ਕਿ ਹਰਿੰਦਰ ਸਿੰਘ ਮਹਿਬੂਬ ਆਪਣੀ ਤੰਗ-ਦਿਲ ਸੋਚ ਕਾਰਨ ਗੁਰੂ ਪਾਤਸ਼ਾਹਾਂ ਦੇ ਨਾਵਾਂ ਵਿਚ ਵਿਗਾੜ ਪਾ ਰਿਹਾ ਹੈ। ਇਸ ਨੂੰ ਸੁਹਿਰਦ ਮਨ ਨਾਲ ਪ੍ਰਵਾਨ ਕਰਦਿਆਂ ਗੁਰਤਰਨ ਲਿਖਦਾ ਹੈ, "ਹਰਿੰਦਰ ਸਿੰਘ ਨੇ ਗੁਰੂ ਨਾਨਕ ਦੇਵ ਨੂੰ ਗੁਰੂ ਨਾਨਕ ਸਾਹਿਬ ਆਖਿਆ ਹੈ। ਇਸ ਵਿਚ ਹਰਭਜਨ ਸਿੰਘ ਜੀ ਨੂੰ ਕੀ ਇਤਰਾਜ਼ ਹੈ ? ਨੌਵੇਂ ਗੁਰੂ ਸਾਹਿਬ ਦਾ ਨਾ ਤਿਆਗ ਮੱਲ ਸੀ, ਪ੍ਰੰਤੂ ਉਨ੍ਹਾਂ ਨੂੰ ਤੇਗ ਬਹਾਦਰ ਨਾਲ ਲਿਖਦੇ ਹਾਂ। ਜਦੋਂ ਗੁਰੂ ਸਾਹਿਬ ਨੇ ਦਸਵੇਂ ਜਾਮੇ ਵਿਚ ਖਾਲਸੇ ਦੇ ਪ੍ਰਕਾਸ਼ ਰਾਹੀਂ ਹਿੰਦੂ ਧਰਮ ਅਤੇ ਹਿੰਦੂ ਨਾਵਾਂ ਨਾਲੋਂ ਆਪਣੇ ਆਪ ਨੂੰ ਮੁਕੰਮਲ ਤੌਰ 'ਤੇ ਇਕ ਵੱਖਰੀ ਕੌਮ ਦੇ ਤੌਰ 'ਤੇ ਅਲਹਿਦਾ ਕਰ ਲਿਆ ਸੀ, ਤਦ ਫੇਰ ਇਸ ਵਿਚ ਕੋਈ ਇਤਰਾਜ਼ ਨਹੀਂ ਬਣਦਾ"। ਪਾਠਕ-ਜਨ ਸਾਡੇ ਵਿਦਵਾਨ ਮਿਤ੍ਰ ਦੇ ਅਨਮੋਲ ਬਚਨਾਂ ਦੀ ਆਪਣੇ ਵਿਵੇਕ ਨਾਲ ਪਰਖ ਕਰ ਲੈਣ। ਮੈਨੂੰ ਤਾਂ ਇਹ ਸਮਝ ਆਉਂਦਾ ਹੈ ਕਿ ਗੁਰੂ ਤੇਗ਼ ਬਹਾਦਰ ਜੀ ਦਾ ਬਚਪਨ ਤੋਂ ਹੀ ਇਹੋ ਨਾਮ ਸੀ। ਜੇ ਗੁਰਤਰਨ ਜੀ ਦੀ ਗੱਲ, ਜੋ ਕੁਝ ਗ੍ਰੰਥਾਂ ਵਿਚ ਆਈ ਹੈ, ਮੰਨ ਵੀ ਲਈ ਜਾਵੇ, ਤਾਂ ਗੁਰੂ ਜੀ ਨੂੰ ਆਪਣਾ ਨਾਮ ਬਦਲਣ ਦਾ ਅਧਿਕਾਰ ਸੀ, ਉਨ੍ਹਾਂ ਦੇ ਮਾਤਾ ਪਿਤਾ ਨੂੰ ਵੀ ਇਹ ਅਧਿਕਾਰ ਸੀ, ਗੁਰੂ ਨੂੰ ਵੀ ਇਹ ਅਧਿਕਾਰ ਹੈ (ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲਹਿਣੇ ਦਾ ਨਾਮ ਅੰਗਦ ਦੇਵ ਰਖਿਆ ਸੀ), ਪਰ ਕਿਸੇ ਸਿਖ ਨੂੰ ਗੁਰੂ ਸਾਹਿਬਾਨ ਦੇ ਨਾਮ ਬਦਲਣ ਦਾ ਕੋਈ ਅਧਿਕਾਰ ਨਹੀਂ। ਜੇ ਸਾਰੇ ਗੁਰੂ ਪਾਤਸ਼ਾਹਾਂ ਨੂੰ ਖੰਡੇ-ਬਾਟੇ ਦੀ ਪਾਹੁਲ ਛਕਾ ਕੇ 'ਮੈਸਰਜ਼ ਹਰਿੰਦਰ ਸਿੰਘ ਗੁਰਤਰਨ ਸਿੰਘ ਐਂਡ ਕੰਪਨੀ' ਨੇ ਪੰਥਕ ਨਾਮ ਦੇਣੇ ਹੀ ਹਨ, ਤਾਂ ਸਾਰੇ ਗੁਰੂ ਪਾਤਸ਼ਾਹਾਂ ਦੇ ਨਾਵਾਂ ਨਾਲ ਸਿੰਘ ਪਦ ਲਗਾ ਦੇਣਾ ਚਾਹੀਦਾ ਹੈ। ਪਰ ਅਫ਼ਸੋਸ ਇੰਞ ਵੀ ਹਿੰਦੂ ਨਾਵਾਂ ਤੋਂ ਖਹਿੜਾ ਨਹੀਂ ਛੁਟ ਜਾਣਾ। ਅਰਜੁਨ ਸਿੰਘ, ਨਟਵਰ ਸਿੰਘ, ਵੀ. ਪੀ. ਸਿੰਘ, ਮਾਧੋ ਸਿੰਘ ਸੋਲੰਕੀ, ਅਜੀਤ ਸਿੰਘ, ਚੌਧਰੀ ਚਰਨ ਸਿੰਘ, ਜਸਵੰਤ ਸਿੰਘ ਆਦਿ ਨੇਤਾਵਾਂ ਸਹਿਤ ਭਾਰਤ ਦੇ ਕਰੋੜਾਂ ਹਿੰਦੂਆਂ ਦੇ ਨਾਮ ਸਿਖਾਂ ਵਰਗੇ ਹਨ। ਸਿਖਾਂ ਦੇ ਵੀਹ ਪ੍ਰਤੀਸ਼ਤ ਨਾਵਾਂ ਵਿਚ ਰਿਗਵੇਦ ਦਾ ਸਭ ਤੋਂ ਵਡਾ ਦੇਵਤਾ 'ਇੰਦ੍ਰ'

ਸ਼ੋਭਿਤ ਹੋ ਰਿਹਾ ਹੈ। ਹਰਿੰਦਰ ਸਿੰਘ ਦਾ ਆਪਨਾ ਨਾਮ ਹਰੀ (ਵਿਸ਼ਣੂ)+ਇੰਦ੍ਰ ਦਾ ਸੁਮੇਲ ਹੈ। ਮਹਿਬੂਬ ਨੇ ਆਪਣਾ ਨਾਮ ਕਿਉਂ ਨਹੀਂ ਬਦਲਿਆ ? ਉਸ ਦੇ ਨਾਮ ਵਿਚ ਕੁਝ ਵੀ ਸਿਖੀ ਨਹੀਂ, ਕੇਵਲ ਬ੍ਰਾਹਮਣਵਾਦੀ ਨਾਮ ਹੈ। ਗੁਰੂ ਪਾਤਸ਼ਾਹਾਂ ਦੇ ਨਾਵਾਂ ਵਿਚੋਂ ਹਿੰਦੁਵਾਦ ਦੀ ਬਦਬੂ ਅਨੁਭਵ ਕਰਨ ਵਾਲਾ ਇਹ ਪਰਮ ਧਰਮ-ਚਿੰਤਕ, ਆਪਣੇ ਨਾਮ ਵਿਚੋਂ ਹਿੰਦੂਵਾਦ ਨੂੰ ਕਿਉਂ ਨਹੀਂ ਨਸ਼ਟ ਕਰ ਸਕਿਆ ? ਧਾਰਮਿਕ ਤੰਗਦਿਲੀ ਵਿਚ ਗੁਰੂ ਸਾਹਿਬਾਨ ਦੇ ਨਾਮ ਬਦਲਣ ਤੋਂ ਪਹਿਲਾਂ ਮਹਿਬੂਬ ਨੂੰ ਇਹ ਉਪਕਾਰ ਆਪਣੇ-ਆਪ ਉਤੇ ਕਰਨਾ ਚਾਹੀਦਾ ਸੀ। ਜੇ ਉਸ ਨੂੰ ਗੁਰੂ ਸਾਹਿਬਾਨ ਦੇ ਨਾਵਾਂ ਨਾਲ ਦੇਵ, ਦਾਸ ਲਗਿਆ ਚੰਗਾ ਨਹੀਂ ਲਗਦਾ, ਤਾਂ ਸਾਨੂੰ ਵੀ ਉਸ ਦੇ ਨਾਮ ਵਿਚ ਪਏ ਹਿੰਦੂ ਧਰਮ ਦੇ ਦੋ ਸਰਵੁਚ ਦੇਵਤੇ ਬਹੁਤ ਤਕਲੀਫ਼ ਦੇਂਦੇ ਹਨ। ਪਹਿਲਾਂ ਤਾਲਿਬਾਨੀ ਸਿਖੀ ਆਪ ਧਾਰਨ ਕਰੋ, ਫਿਰ ਇਹ ਉਪਕਾਰ ਹੋਰਨਾਂ ਤੇ ਕਰ ਲੈਣਾ। ਖ਼ਾਲਸਾ ਪੰਥ ਨੂੰ ਹਿੰਦੁਸਤਾਨ ਤੋਂ ਸਰਵਥਾ ਭਿੰਨ ਕਰਨ ਵਾਸਤੇ ਸ਼ਾਇਦ ਅਲੀ, ਹਸਨ, ਹੁਸੈਨ, ਖਾਂ, ਦੀਨ ਆਦਿ ਜ਼ਿਆਦਾ ਕਾਰਗਰ ਹੋ ਸਕਦੇ ਹਨ।

ਆਸ ਹੈ ਮੇਰੇ ਮਿਤ੍ਰ ਡਾ. ਗੁਰਤਰਨ ਸਿੰਘ ਮੇਰੀ ਇਤਨੀ ਤੁਛ ਜਿਹੀ ਸੇਵਾ ਪ੍ਰਵਾਨ ਕਰਨਗੇ, ਕਿਉਂਕਿ ਜਿਤਨਾ ਵਿਵਾਦ ਵਧਾਉਣਗੇ, ਉਤਨੇ ਹੀ ਸਿਧਾਂਤਹੀਣ ਸਿਧ ਹੋਣਗੇ।

ਸਮਾਪਤ

44. ਪੰਨਾ 409

ਅੰਤਿਕਾ 1

ਕਿੰਨਾ ਕੁ ਹੈ ਮਹਿਬੂਬ ਉਤੇ ਇਸਲਾਮੀ ਪਰੰਪਰਾ ਦਾ ਪ੍ਰਭਾਵ !!!

ਡਾ. ਗੁਰਤਰਨ ਸਿੰਘ

ਡਾ. ਹਰਭਜਨ ਸਿੰਘ ਦੇ ਲੇਖ 'ਸਿੱਖ ਵਿਦਵਾਨ ਹਰਿੰਦਰ ਸਿੰਘ ਮਹਿਬੂਬ ਦਾ ਇਸਲਾਮਿਕ ਉਲਾਰ. ਦੇ ਜਵਾਬ ਵਿਚ ਜਾਣ ਤੋਂ ਪਹਿਲਾਂ ਅਸੀਂ ਹਰਿੰਦਰ ਸਿੰਘ ਮਹਿਬੂਬ ਦੀ ਵਾਰਤਕ ਵਿਚ ਰਚੀ ਪੁਸਤਕ ''ਸਹਿਜੇ ਰਚਿਓ ਖਾਲਸਾ", ਜਿਸਨੂੰ ਕਿ ਉਹਨਾਂ ਨੇ ਆਪਣੇ ਹੱਥਲੇ ਲੇਖ ਦਾ ਮੂਲ ਅਧਾਰ ਬਣਾਇਆ ਹੈ, ਵਿਚੋਂ ਗੁਰੂ ਸਾਹਿਬਾਨ, ਗੁਰੂ ਗ੍ਰੰਥ ਸਾਹਿਬ ਅਤੇ ਖਾਲਸੇ ਬਾਰੇ ਉਹਨਾਂ ਦੇ ਸੰਕੇਤਕ ਹਵਾਲੇ ਦੇਣੇ ਉਚਿਤ ਸਮਝਦੇ ਹਾਂ ਤਾਂ ਕਿ ਪਾਠਕ ਨੂੰ ਮੁੱਢ ਵਿਚ ਹੀ ਇਹ ਗਿਆਨ ਹੋ ਜਾਵੇ ਕਿ ਹਰਿੰਦਰ ਸਿੰਘ ਮਹਿਬੂਬ ਨੇ ਆਪਣੀਆਂ ਕ੍ਰਮਵਾਰ ਰਚੀਆਂ ਪੁਸਤਕਾਂ 'ਝਨਾਂ ਦੀ ਰਾਤ' (ਕਵਿਤਾ), 'ਸਹਿਜੇ ਰਚਿਓ ਖਾਲਸਾ' (ਵਾਰਤਕ), 'ਇਲਾਹੀ ਨਦਰ ਦੇ ਪੈਂਡੇ (ਜ਼ਿਲਦ ਪਹਿਲੀ ਗੁਰੂ ਨਾਨਕ ਸਾਹਿਬ)' ਅਤੇ 'ਇਲਾਹੀ ਨਦਰ ਦੇ ਪੈਂਡੇ (ਜ਼ਿਲਦ ਚੌਥੀ ਸ੍ਰੀ ਗੁਰੂ ਗੋਬਿੰਦ ਸਿੰਘ)' ਦੋਵੇਂ ਮਹਾਂਕਾਵਿ ਆਦਿ ਰਚਨਾਵਾਂ ਵਿਚ ਕਿਵੇਂ ਵਿਸ਼ਵ ਧਰਮਾਂ ਦੇ ਸੰਦਰਭ ਵਿਚ ਸਿੱਖ ਧਰਮ ਨੂੰ ਇਸ ਧਰਤੀ ਦਾ ਸਭ ਤੋਂ ਸੰਪੂਰਨ ਅਤੇ ਸਰਬਉੱਤਮ ਧਰਮ ਦ੍ਰਿੜ ਕਰਵਾਇਆ ਹੈ।

ਇਥੇ ਉਨ੍ਹਾਂ ਦੀ ਪੁਸਤਕ 'ਸਹਿਜੇ ਰਚਿਓ ਖ਼ਾਲਸਾ' ਵਿਚੋਂ ਗੁਰੂ ਸਾਹਿਬਾਨ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਖਾਲਸੇ ਦੇ ਵਿਸ਼ਵ ਧਰਮਾਂ ਦੇ ਪ੍ਰਸੰਗ ਵਿਚ ਨਿਆਰਾ ਹੋਣ ਪ੍ਰਤੀ ਹਵਾਲੇ ਪੇਸ਼ ਕਰਦੇ ਹਾਂ। ਅੱਜ ਤੋਂ ਕੋਈ 529 ਸਾਲ ਅਤੇ ਸੱਤ ਮਹੀਨੇ ਪਹਿਲਾਂ ਗੁਰੂ ਨਾਨਕ ਸਾਹਿਬ ਕੱਤਕ ਦੀ ਪੂੰਨਿਆਂ ਨੂੰ ਆਦਮਜਾਤ ਉੱਤੇ ਸਭ ਤੋਂ

ਵੱਡੀ ਬਖਸ਼ਿਸ਼ ਕਰਨ ਲਈ ਰਾਏ ਬੁਲਾਰ ਦੀ ਤਲਵੰਡੀ ਵਿਚ ਮਹਿਤਾ ਕਾਲੂ ਦੇ ਘਰ ਪੈਦਾ ਹੋਏ (ਸਹਿਜੇ ਰਚਿਓ ਖਾਲਸਾ ਸਫਾ 34)।

—

ਸਾਨੂੰ ਮੁਲਕਾਂ ਦੀ ਲੰਬਾਈ ਚੌੜਾਈ ਨਾਲ ਵਾਸਤਾ ਨਹੀਂ ਅਤੇ ਨਾ ਗਿਣਤੀ ਦਾ ਹੀ ਸਵਾਲ ਉਠਾਉਂਦੇ ਹਾਂ। ਕੇਵਲ ਇਹੋ ਕਥਨ ਕਰਨਾ ਹੈ ਕਿ ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਵੇਦਾਂ ਅਤੇ ਪੁਰਾਤਨ ਅੰਜੀਲ ਦੇ ਜ਼ਮਾਨਿਆਂ ਤੋਂ ਲੈ ਕੇ ਕਿਸੇ ਖੁਦਾਈ ਕਿਤਾਬ, 'ਵਿਵੇਕ ਸ਼ਾਸਤਰ', ਕਿਸੇ ਸੰਤ-ਰਿਸ਼ੀ-ਮੁਨੀ, ਕਵੀ, ਯੋਗੀ, ਅਵਤਾਰ ਜਾਂ ਪੈਗੰਬਰ ਨੇ ਅਕਾਲ ਫਤਿਹ ਦਾ ਪੂਰਨ ਪ੍ਰਕਾਸ਼ ਨਹੀਂ ਕੀਤਾ। (ਸਹਿਜੇ ਰਚਿਓ ਖਾਲਸਾ, ਸਫਾ-35)

—

ਅਕਾਲ ਫ਼ਤਿਹ ਦੀ ਮੰਜ਼ਿਲ ਸਮੇਂ ਬਖਸ਼ਿਸ਼ ਦੀ ਸਾਦਗੀ ਅਪਾਰ ਹੁੰਦੀ ਹੈ। ਕੋਈ ਨੀਵਾਂ ਨਹੀਂ, ਜਿਸ ਉੱਤੇ ਬਖਸ਼ਿਸ਼ ਹੋ ਰਹੀ ਹੈ । ਜਦ ਨੀਵੇਂ ਨੂੰ ਬਖਸ਼ਿਸ਼ ਦਾ ਯਕੀਨ ਹੋ ਜਾਂਦਾ ਹੈ ਤਾਂ ਨੀਵਾਂ ਵੀ ਬਖਸ਼ਿਸ਼ ਜੇਡਾ ਹੀ ਹੋ ਜਾਂਦਾ ਹੈ। ਗੁਰੂ ਨਾਨਕ ਸਾਹਿਬ ਨੇ ਤਵਾਰੀਖ ਵਿਚ ਜਿਸ ਅਕਾਲ ਫਤਹ ਦੀ ਸਿੱਖਰ ਨੂੰ ਪਹਿਲੀ ਵਾਰ ਸਪਰਸ਼ ਕੀਤਾ, ਉਸਦੀਆਂ ਪੰਜ ਤੈਹਾਂ ਹਨ। ਪਹਿਲੀ ਤੈਹ 'ਅੰਤਿਮ-ਹੈ' ਦੀ ਦੂਰੀ ਤੋਂ ਵਿਆਪਦੀ ਵਿਆਕੁਲਤਾ ਵਿਚ ਦਿੱਤਾ ਮਹਾਂਧਰਵਾਸ ਹੈ। ਇਹ ਦੂਰੀ ਭੈਅ ਵਿਚੋਂ ਵਿਆਪਦੀ ਹੈ। ਇਸ ਤਹਿ ਦੇ ਛੇ ਰੂਪ ਹਨ:

1. ਬੇਜਾਨ, ਅਚਿਹਨਤਾ ਜੋ ਗਿਣਤੀ ਮਿਣਤੀ ਵਿਚ ਆ ਕੇ ਬਿਬੇਕ ਨੂੰ ਬੇਸਹਾਰਾ ਕਰਦੀ ਹੈ।
2. ਮੌਤ ਦਾ ਸੱਚੀ ਮੁੱਚੀ ਦਾ ਭੈਅ ਜੋ ਕਿ ਰਿਗਵੇਦ, ਅਯੁਰਵੇਦ, ਪੁਰਾਣਾਂ ਅਤੇ ਪੁਰਾਤਨ ਅੰਜੀਲ ਵਿਚ ਮਿਲਦਾ ਹੈ।
3. ਜੋ ਸਿਧਾਂਤ ਵਰਣ ਉਚ ਨੀਚਤਾ ਵਿਚ ਬੰਨ੍ਹਿਆ ਹੈ, ਉਸ ਇਕਹਿਰੇ ਸਿਧਾਂਤ ਨਾਲ ਅੰਤਿਮ ਅਸਲੀਅਤ ਦੇ ਪੈਮਾਨੇ ਨੀਅਤ ਕਰਨੇ ਅਤੇ ਇਸ ਵਿਰੋਧ ਵਿਚੋਂ ਉਪਜਿਆ ਨਾਸਤਿਕ ਭੈਅ।
4. ਨਵੀਂ ਅੰਜੀਲ ਦੀ ਪਾਪ ਪ੍ਰਧਾਨ ਇਕਾਗਰਤਾ ਦਾ ਭੈਅ।
5. ਜ਼ਿੰਦਗੀ ਨੂੰ ਸਰਬ ਦੁੱਖ ਵਿਚ ਚਿਤਵਦਾ ਭੈਅ।
6. ਪ੍ਰਤੱਖ ਕੁਦਰਤ ਤੋਂ ਮੁਨਕਰ ਸ਼ੂਨਯ ਦਾ ਭੈਅ।

ਅਕਾਲ ਫਤਿਹ ਦੀ ਦੂਸਰੀ ਤਹਿ ਨਿੱਕੀ ਤੋਂ ਨਿੱਕੀ ਚੀਜ਼ ਵਿੱਚ ਸਿਦਕ ਉਪਜਾਉਂਦੀ ਹੈ। ਹੁਕਮ ਦੀ ਤਾਨ ਹਰ ਚੀਜ਼ ਵਿਚੋਂ ਪਾਰਦਰਸ਼ੀ ਹੋ ਕੇ ਝਾਕਦੀ ਹੈ। ਅਕਾਲ ਫਤਹ ਦੀ ਤੀਸਰੀ ਤਹਿ ਜੀਵਨ ਦੀ ਤੁੱਛਤਾ ਨੂੰ ਆਪਣੀ ਪਹਿਚਾਣ ਹੇਠ ਲਿਆਉਣ ਦਾ ਕ੍ਰਮ ਕਰਦੀ ਹੈ। ਹਰ ਚੀਜ਼ ਕਿਸੇ ਇਕਰਾਰ ਨਾਲ ਬੱਝ ਜਾਂਦੀ ਹੈ। ਅਕਾਲ ਫਤਹ ਦੀ ਚੌਥੀ ਤਹਿ ਖਾਲਸ ਵਜਦ ਦਾ ਉਹ ਰੂਪ ਹੈ ਜਦ ਸਿੱਖ ਉੱਤੇ ਅਪਾਰ ਬਖਸ਼ਿਸ਼ ਦੀ ਬੇਪ੍ਰਵਾਹ ਭਰਪੂਰਤਾ ਛਾ ਜਾਂਦੀ ਹੈ ਅਤੇ ਉਹ ਸਦਾ ਸਲਾਮਤ ਹੋਣ ਦੇ ਚਾਅ ਵਿਚ ਤੁਰਦਾ ਹੈ।

ਅਕਾਲ ਫਤਿਹ ਦੀ ਪੰਜਵੀਂ ਤਹਿ ਉਪਰੋਕਤ ਚਾਰ ਰੂਪਾਂ ਨੂੰ ਇਨਸਾਨ ਵਿਚ ਅਭੇਦ ਕਰਦੀ ਹੈ। ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ ਦੀ ਮਹਾਨ ਸੰਗਤ ਉਪਰੋਕਤ ਚਾਰ ਤੈਹਾਂ ਦੀ ਪਛਾਣ ਵਿਚ ਹੋਣੀ ਜ਼ਰੂਰੀ ਹੈ। (ਸਹਿਜੇ ਰਚਿਓ ਖਾਲਸਾ, ਸਫਾ 48) (ਜਰੂਰੀ ਨੋਟ: ਅਕਾਲ ਫਤਹ ਕਰਮ/ਬਖਸ਼ਿਸ, ਹੁਕਮ ਅਤੇ ਵਜਦ ਦੇ ਗੁਰਬਾਣੀ ਵਿਚ ਕੀ ਅਰਥ ਹਨ ਇਸਦੀ ਅਤਿ ਤਸਲੀਬਖਸ਼ ਵਿਆਖਿਆ ਵੀ ਸੂਖਮ ਤਰਕ ਰਾਹੀਂ ਵਿਸਥਾਰ ਵਿਚ ਹਰਿੰਦਰ ਸਿੰਘ ਮਹਿਬੂਬ ਤੋਂ ਪਹਿਲਾਂ ਕਿਸੇ ਨੇ ਵੀ ਨਹੀਂ ਕੀਤੀ)। ਗੁਰੂ ਨਾਨਕ ਸਾਹਿਬ ਨੂੰ ਛੱਡ ਕੇ ਬਾਕੀ ਧਰਮਾਂ ਵਿਚੋਂ ਕੇਵਲ ਇਸਲਾਮ ਧਰਮ ਨੇ ਅਕਾਲ ਫਤਹ ਦੀਆਂ ਕੁਝ ਨਿਸ਼ਾਨੀਆਂ ਨਮੁਦਾਰ ਕੀਤੀਆਂ ਹਨ (ਸਹਿਜੇ ਰਚਿਓ ਖਾਲਸਾ ਸਫਾ -50) ਪਰ ਗੁਰੂ ਨਾਨਕ ਸਾਹਿਬ ਅਤੇ ਬਾਕੀ ਗੁਰੂ ਸਾਹਿਬਾਨ ਦੇ ਸਬੰਧ ਵਿਚ ਇਥੇ ਮੁਹੰਮਦ ਸਾਹਿਬ ਦੀ ਇਲਾਹੀ ਬਰਕਤ ਦੀ ਸੀਮਾ ਨੂੰ ਸਪਸ਼ਟ ਸ਼ਬਦਾਂ ਵਿਚ ਲਿਖਿਆ ਹੈ। "ਅਕਾਲ ਫਤਹ ਦੀਆਂ ਕੁਝ ਨਿਸ਼ਾਨੀਆਂ" ਤੋਂ ਭਾਵ ਸਾਫ ਹੈ ਕਿ ਮੁਹੰਮਦ ਸਾਹਿਬ ਦੀ ਪਹੁੰਚ ਇਲਾਹੀ ਜਗਤ ਵਿਚ ਗੁਰੂ ਦੇ ਬਰਾਬਰ ਨਹੀਂ ਹਾਂ ਬਾਕੀ ਧਰਮਾਂ ਵਿਚ ਇਹ ਸਭ ਤੋਂ ਮਹਾਨ ਹਨ। ਇਸਦਾ ਨਿਖੇੜਾ ਤਰਕ ਸਹਿਤ ਅੱਗੇ ਜਾ ਕੇ ਕਰਾਂਗੇ। ਅੱਗੇ ਜਾ ਕੇ ਹਰਿੰਦਰ ਸਿੰਘ ਮਹਿਬੂਬ ਨੇ ਇਸਲਾਮ ਦੀ ਕਿਆਮਤ ਦੀ ਘੜੀ ਦੇ ਪ੍ਰਸੰਗ ਵਿਚ ਫੇਰ ਮੋਮਨ ਦੇ ਸਿਦਕ ਉਪਰ ਕਿੰਤੂ ਕੀਤਾ ਹੈ :

2. ਕਿਆਮਤ ਦੀ ਘੜੀ ਸਮੇਂ ਜਦ ਜ਼ਾਮਨ ਪਹੁੰਚਿਆ ਤਾਂ ਈਮਾਨ ਵਿਚ ਲੱਖਾਂ ਖੂਬੀਆਂ ਹੁੰਦਿਆਂ ਵੀ ਮੋਮਨ ਇਨ੍ਹਾਂ ਦੇ ਨਾ ਮੁਕੰਮਲ ਹੋਣ ਦੇ ਡਰ ਨਾਲ ਭਰ ਗਿਆ। ਖੂਬੀਆਂ ਹੁੰਦਿਆਂ ਵੀ ਮੋਮਨ ਇਨ੍ਹਾਂ ਦੇ ਨਾ ਮੁਕੰਮਲ ਹੋਣ ਦੇ ਡਰ ਨਾਲ ਭਰ ਗਿਆ। ਅਜਲ ਦਾ ਸਾਰਾ ਵਜੂਦ ਹੀ ਕੰਬ ਉਠਿਆ। ਇਸ ਨੁਕਤੇ ਵਿਚ ਇਸਲਾਮ ਦੀ ਤੌਬਾ ਅਤੇ ਪਰਹੇਜ਼ਗਾਰੀ ਦਾ ਰਾਜ ਹੈ। (ਸਹਿਜੇ ਰਚਿਓ ਖਾਲਸਾ, ਸਫਾ 52) ਅਕਾਲ

ਫਤਹ ਦੀਆਂ ਬੁਲੰਦੀਆਂ ਉਤੇ ਪਹੁੰਚ ਕੇ ਵੀ ਇਸਲਾਮ ਦੀਆਂ ਰੂਹਾਨੀ ਤੈਹਾਂ ਵਿਚ ਸ਼ੰਕੇ ਦਾ ਬੀਜ ਰਿਹਾ। ਮੈਨੂੰ ਕੁਰਾਨ ਮਜੀਦ ਦੇ ਇਲਾਹੀ ਹੋਣ ਤੇ ਯਕੀਨ ਹੈ ਕਿ ਜਿੱਥੇ ਇਲਾਹੀ ਕਰਮ ਨੇ ਮੁਹੰਮਦ ਸਾਹਿਬ ਲਈ ਉੱਚੀਆਂ ਫਜ਼ੀਲਤਾਂ ਦੇ ਦਰਾਂ ਨੂੰ ਖੋਲ੍ਹਿਆ, ਉਥੇ ਇਸ ਗੱਲ ਦਾ ਸੰਕੇਤ ਕੀਤਾ ਕਿ:

1. ਮੀਰੇ ਕਾਰਵਾਂ ਨੂੰ ਜ਼ਿੰਦਗੀ ਦੀਆਂ ਨਿੱਕੀਆਂ ਨਿੱਕੀਆਂ ਜਾਤੀ ਨਾਕਾਮੀਆਂ ਦੀ ਚਿੰਤਾ ਹੈ।
2. ਹਜ਼ੂਰ (ਮੁਹੰਮਦ ਸਾਹਿਬ) ਉੱਤੇ ਸੰਸਾਰਕ ਅਪਮਾਨ ਦੀ ਚਿੰਤਾ ਵੀ ਹਾਵੀ ਹੈ। ਸੂਰਾ ਅਹਿਜਾਬ ਵਿਚ ਗੈਰਾਂ ਦੀ ਮੰਦੀ ਨਜ਼ਰ ਤੋਂ ਬਚਣ ਲਈ ਪਤਨੀਆਂ ਨੂੰ ਕੀਤੀ ਨਸੀਹਤ, ਜ਼ੈਨਬ ਨਾਲ ਵਿਆਹ ਕਰਵਾਉਣ ਦੀ ਸਫਾਈ ਦੇਣੀ, ਪੈਗੰਬਰ ਦੇ ਜਾਣ ਪਿੱਛੋਂ ਉਸਦੀਆਂ ਪਤਨੀਆਂ ਨਾਲ ਵਿਆਹ ਨਾ ਕਰਵਾਉਣ ਦੀ ਹਦਾਇਤ ਅਤੇ ਸੂਰਾ ਨੂਰ ਵਿਚ ਕਿਸੇ ਖਾਸ ਘਟਨਾ ਪਿੱਛੋਂ ਪਵਿੱਤਰ ਆਇਸ਼ਾ ਦੀ ਸ਼ਾਨ ਵਿਚ ਨਾਜ਼ਲ ਹੋਈਆਂ ਕੁਝ ਆਇਤਾਂ ਅਤੇ ਖਾਸ ਗੁਨਾਹ ਲਈ ਤਜਵੀਜ਼ ਕੀਤੀਆਂ ਖਾਸ ਸਜ਼ਾਵਾਂ ਵਗੈਰਾ, ਕੁਝ ਮਿਸਾਲਾਂ ਦੱਸਦੀਆਂ ਹਨ ਕਿ ਈਮਾਨ ਦੀਆਂ ਇਲਾਹੀ ਰਮਜ਼ਾਂ ਵੀ ਕਦੇ ਕਦੇ ਕਮਜ਼ੋਰ ਅਤੇ ਮਾਮੂਲੀ ਚਿੰਤਾਵਾਂ ਅਤੇ ਸ਼ੰਕਿਆਂ ਨੂੰ ਅਹਿਮੀਅਤ ਦੇ ਦਿੰਦੀਆਂ ਹਨ ਅਤੇ ਇਹ ਮਾਮੂਲੀ ਜਿਹੀ ਅਹਿਮੀਅਤ ਵੀ ਪੈਗੰਬਰ ਦੀ ਅਕਾਲ ਫਤਹ ਵਿਚ ਨਾ ਮੁਕੰਮਲ ਹੋਣ ਦਾ ਛਿੱਦ੍ਰ ਪੈਦਾ ਕਰ ਦਿੰਦੀ ਹੈ। (ਸਹਿਜੇ ਰਚਿਓ ਖਾਲਸਾ, ਸਫਾ 53)

ਇਸ ਅਕਾਲ ਫਤਹ ਦਾ ਮੁਕੰਮਲ ਜ਼ਹੂਰ ਕੇਵਲ ਗੁਰੂ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹਰਿੰਦਰ ਸਿੰਘ ਮਹਿਬੂਬ ਨੇ ਇਸ ਪੁਸਤਕ ਦੇ 1230 ਸਫ਼ਿਆਂ ਵਿਚ ਤਰਾਂ ਤਰਾਂ ਦੇ ਅਧਿਆਤਮਕ ਸੰਕਲਪਾਂ ਰਾਹੀਂ ਦ੍ਰਿੜ ਕਰਵਾਇਆ ਹੈ।

ਅਸੀਂ ਇਹ ਜਾਣਨਾ ਚਾਹੁੰਦੇ ਹਾਂ ਕਿ ਹਰਿੰਦਰ ਸਿੰਘ ਮਹਿਬੂਬ ਵਿਚ ਕਿਹੜਾ ਉਲਾਰ ਹੈ ਜਿਸ ਕਰਕੇ ਹਰਭਜਨ ਸਿੰਘ ਨੂੰ ਆਪਣੀ ਅਗਿਆਨਤਾ ਰਾਹੀਂ ਇਥੋਂ ਤੱਕ ਸ਼ੋਰ ਮਚਾਉਣਾ ਪਿਆ। 'ਸਹਿਜੇ ਰਚਿਓ ਖਾਲਸਾ' ਨੂੰ ਥਾਂ-ਥਾਂ ਨੂੰ ਹਵਾਲਿਆਂ ਵਜੋਂ ਪੇਸ਼ ਕਰਦਿਆਂ ਉਨ੍ਹਾਂ ਨੂੰ ਕ੍ਰੋਧ ਦੇ ਬਾਣ 'ਤੇ ਚੜ੍ਹੀ ਅਗਿਆਨਤਾ ਕਾਰਨ ਇਹ ਵੀ ਪਤਾ ਨਹੀਂ ਲਗਦਾ ਕਿ ਕਿਹੜੇ ਸ਼ਬਦ ਗੁਰੂ ਗੋਬਿੰਦ ਸਿੰਘ ਜੀ ਦੇ ਆਪਣੇ ਹਨ ਅਤੇ ਕਿਹੜੇ ਮਹਿਬੂਬ ਸਾਹਿਬ ਵਲੋਂ ਹਨ। ਮਿਸਾਲ ਲਈ ਜ਼ਫਰਨਾਮੇ ਦੇ ਸਬੰਧ

ਵਿਚ ਗੁਰੂ ਗੋਬਿੰਦ ਸਿੰਘ ਵਲੋਂ ਔਰੰਗਜ਼ੇਬ ਵਿਚ ਜਿਹੜੀਆਂ ਚਾਰ ਸਿਫ਼ਤਾਂ ਪ੍ਰਵਾਨ ਕੀਤੀਆਂ ਗਈਆਂ ਹਨ ਉਨ੍ਹਾਂ ਨੂੰ ਹਰਿੰਦਰ ਸਿੰਘ ਦੀਆਂ ਮੰਨ ਕੇ ਵਿਅੰਗ ਨਾਲ ਮਹਿਬੂਬ ਦੀ ਥਾਂ ਸਗੋਂ ਆਪਣਾ ਹੀ ਮਜ਼ਾਕ ਉਡਵਾਇਆ ਹੈ। ਇਸੇ ਤਰ੍ਹਾਂ ਬਾਬਰ ਦੇ ਬੁੱਤ ਨਾਲ ਇਕ ਸੁਰ ਹੋਣ ਨੂੰ ਹਰਿੰਦਰ ਸਿੰਘ ਮਹਿਬੂਬ ਨੇ ਉਸਦੀ ਕਮਜ਼ੋਰੀ ਵਜੋਂ ਉਸਨੂੰ ਪੇਸ਼ ਕੀਤਾ ਹੈ। ਪ੍ਰੰਤੂ ਹਰਭਜਨ ਸਿੰਘ ਇਸਨੂੰ ਸਿਫ਼ਤ ਮੰਨ ਰਿਹਾ ਹੈ। ਹਰਭਜਨ ਸਿੰਘ ਨੂੰ ਗੁਰਬਾਣੀ ਅਤੇ ਇਸਲਾਮ ਅਨੁਸਾਰ ਬੁੱਤ ਦੇ ਮਾਅਨੇ ਨਾ ਆਉਣ ਕਾਰਨ ਹੀ ਇਹ ਅਗਿਆਨਤਾ ਹੈ। ਪਰ ਇਕ ਹੋਰ ਅਗਿਆਨਤਾ ਵੀ ਜ਼ਾਹਰ ਹੋਈ ਹੈ। ਬੁਤ ਦੇ ਅਧਿਆਤਮਕ ਦ੍ਰਿਸ਼ਟੀ ਤੋਂ ਅਸਲ ਅਰਥ "ਬਿਪਰ ਸੰਸਕਾਰ" ਵਾਲੀ ਛੇਵੀਂ ਕਿਤਾਬ ਪੜ੍ਹ ਕੇ ਵੇਖ ਲੈਣੇ ਚਾਹੀਦੇ ਸਨ। ਪ੍ਰੰਤੂ ਦੁਖਾਂਤ ਵਾਰ ਵਾਰ ਦੁਹਰਾਉਣਾ ਪੈਂਦਾ ਹੈ ਕਿ ਹਰਭਜਨ ਸਿੰਘ ਕੋਲ ਇਹਨਾਂ ਅਧਿਆਤਮਕ ਦ੍ਰਿਸ਼ਟੀ ਵਾਲੇ ਸੰਕਲਪਾਂ ਨੂੰ ਸਮਝਣ ਵਾਲਾ ਅਨੁਭਵ ਨਹੀਂ। ਬਿਪਰ ਸੰਸਕਾਰ ਅਥਵਾ ਬੁੱਤ ਦੀ ਦਾਰਸ਼ਨਿਕ ਪਹਿਚਾਣ ਵੀ ਛੇਵੀਂ ਕਿਤਾਬ ਵਿਚ ਮਹਿਬੂਬ ਨੇ ਹੀ ਪਹਿਲੀ ਵਾਰ ਕਰਵਾਈ ਹੈ। 'ਸਹਿਜੇ ਰਚਿਓ ਖ਼ਾਲਸਾ' ਦੀ ਤੀਜੀ ਕਿਤਾਬ 'ਸ਼ਬਦ ਅਸਗਾਹ' ਵਿਚ ਹਰਿੰਦਰ ਸਿੰਘ ਮਹਿਬੂਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰੂਹਾਨੀ ਪ੍ਰਵਾਜ਼ ਨੂੰ ਵਿਸ਼ਵ ਧਰਮਾਂ ਦੇ ਸਬੰਧ ਵਿਚ ਸਭ ਤੋਂ ਬੁਲੰਦ ਅਤੇ ਉੱਚੀ ਸ਼ਾਨ ਵਾਲੀ ਮੰਨਦਿਆਂ ਇਸਨੂੰ ਅਨੁਭਵ ਦੀ ਪਾਰਗਾਮੀ ਉਚਾਈ ਰਾਹੀ ਅਨੇਕ ਤਰਾਂ ਨਾਲ ਦ੍ਰਿੜ ਕਰਵਾਇਆ ਹੈ। ਪ੍ਰੋ. ਪੂਰਨ ਸਿੰਘ ਨੂੰ ਛਡਕੇ ਕਿਸੇ ਹੋਰ ਸਿੱਖ ਵਿਦਵਾਨ ਨੇ ਅਜਿਹਾ ਤਸੱਲੀਬਖਸ਼ ਨਿਰਣਾ ਗੁਰੂ ਗ੍ਰੰਥ ਸਾਹਿਬ ਦੇ ਸਬੰਧ ਵਿਚ ਹਾਲੀ ਤੱਕ ਨਹੀਂ ਕਰਵਾਇਆ। ਇਸਦੀ ਸ਼ੁਰੂ ਅੱਗੇ ਲਿਖੇ ਸ਼ਬਦਾਂ ਰਾਹੀਂ ਹੁੰਦੀ ਹੈ;

'ਆਖਿਰ ਉਸ ਪਾਕ ਕਿਤਾਬ ਨੇ ਜਨਮ ਲਿਆ, ਜਿਸਦੀ ਇਲਾਹੀ ਸ਼ਾਨ ਸੰਸਾਰ ਦੇ ਇਤਿਹਾਸ ਵਿਚ ਸੱਚ ਮੁੱਚ ਬੇਨਜ਼ੀਰ ਹੈ, ਜਿਸਦੇ ਪੈਦਾ ਹੋਣ ਦਾ ਅੰਦਾਜ਼ ਚਾਰ ਵੇਦਾਂ, ਦੋਵੇਂ ਪਵਿਤਰ ਅੰਜੀਲਾਂ ਅਤੇ ਕੁਰਾਨ ਸ਼ਰੀਫ ਨਾਲੋਂ ਬਿਲਕੁਲ ਵਖਰਾ ਹੈ ਅਤੇ ਜੋ ਸਮਾਂ ਬੀਤਣ ਉਤੇ ਕਲਗੀਆਂ ਵਾਲੇ ਦੀ ਮਿਹਰ ਅਤੇ ਹੁਕਮ ਸਦਕਾ ਗੁਰੂ ਦਾ ਰੁਤਬਾ ਅਖਤਿਆਰ ਕਰ ਗਈ।

ਕੁਰਾਨ ਮਜੀਦ ਦੇ ਇਲਹਾਮ ਨੂੰ ਉਤਰਿਆਂ ਇਕ ਹਜ਼ਾਰ ਸਾਲ ਹੋਣ ਵਾਲਾ ਸੀ। ਹਜ਼ਰਤ ਈਸਾ ਦਾ 1604ਵਾਂ ਸਾਲ ਸੀ, ਅਤੇ ਸੰਮਤ ਬਿਕਰਮੀ 1661 ਚੱਲ ਰਿਹਾ ਸੀ, ਜਦੋਂ ਸ਼ਹੀਦਾਂ ਦੇ ਸਿਰਤਾਜ ਦੀ ਗੁਰੂ ਲਿਵ ਵਿਚੋਂ ਪਾਵਨ ਬੀੜ ਦਾ

ਪ੍ਰਕਾਸ਼ ਹੋਇਆ। ਪਾਵਨ ਬੀੜ ਦੀ ਤਰਤੀਬ ਇਕਸਾਰ ਅਤੇ ਉਜਲ ਸਾਦਗੀ ਵਾਲੀ ਹੈ, ਪਰ ਇਸਨੂੰ ਸੰਪਾਦਨਾ ਆਖਣਾ ਭੁੱਲ ਹੈ, ਕਿਉਂਕਿ ਇਸਦਾ ਪ੍ਰਕਾਸ਼ ਹੋਇਆ ਸੀ ਅਤੇ ਇਸਨੂੰ ਉਸ ਤਰ੍ਹਾਂ ਨਹੀਂ ਜੋੜਿਆ ਗਿਆ ਸੀ, ਜਿਸ ਤਰ੍ਹਾਂ 'ਗੁਰੂ ਗ੍ਰੰਥ ਸਾਹਿਬ ਦਰਪਣ' ਦੇ ਕਰਤਾ ਜੀ ਵਾਰ ਵਾਰ ਫੁਰਮਾਉਂਦੇ ਹਨ।' (ਸਫਾ 236)।

ਇਸੇ ਪੁਸਤਕ 'ਸ਼ਬਦ ਅਸਗਾਹ' ਵਿਚ ਹੀ ਹਰਿੰਦਰ ਸਿੰਘ ਮਹਿਬੂਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਬੰਧ ਵਿਚ ਕਰਮ ਵਾਰ ੴ, ਹੁਕਮ, ਨਿਆਂ, ਕਰਮ ਅਰਥਾਤ ਫਜ਼ਲ, ਵਿਲਾਸ, ਦਰਗਾਹ ਅਤੇ ਸੱਚ ਦੀ ਜੋ ਵਿਆਖਿਆ ਇਕ ਨਵੇਂ ਅਤੇ ਮੌਲਿਕ ਦ੍ਰਿਸ਼ਟੀਕੋਣ ਤੋਂ ਕੀਤੀ ਹੈ, ਉਸਦਾ ਬਦਲ ਪੰਜਾਬੀ ਦੇ ਧਾਰਮਕ ਅਤੇ ਸਾਹਿਤਕ ਖੇਤਰ ਵਿਚ ਹਾਲੀ ਤੱਕ ਕਿਤੇ ਵੀ ਨਹੀਂ। ਇਸਤੋਂ ਬਿਨਾਂ ਗੁਰਬਾਣੀ ਦੇ ਸੰਕਲਪ ਜਿਵੇਂ ਕਿ ਵਿਸਮਾਦ, ਸ਼ਬਦ, ਨਾਮ, ਸਰੀਰ ਅਤੇ ਗੁਰਮੁਖ ਦੀ ਵਿਆਖਿਆ ਵੀ ਆਪਣੇ ਆਪਣੇ ਪ੍ਰਸੰਗ ਵਿਚ ਹਾਲੀਂ ਤੱਕ ਅਛੋਹ ਅਤੇ ਅਪਹੁੰਚ ਹੀ ਰਹੀ ਹੈ। ਏਸੇ ਪੁਸਤਕ ਵਿਚ ਹਰਿੰਦਰ ਸਿੰਘ ਮਹਿਬੂਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਬਾਕੀ ਧਰਮ ਗ੍ਰੰਥਾਂ ਦੇ ਸਬੰਧ ਵਿੱਚ ਮਹਾਂਪਰਵਾਜ਼ ਦੇ ਸਿਰਲੇਖ ਥੱਲੇ ਨਿਖੇੜਾ ਕੀਤਾ ਹੈ- ਹੁਣ ਅਸੀਂ ਗੁਰੂ ਗ੍ਰੰਥ ਸਾਹਿਬ ਦੀ ਉਸ ਮਹਾਂਪਰਵਾਜ਼ ਨੂੰ ਬਿਆਨ ਕਰਾਂਗੇ ਜਿਸਦਾ ਇਕਰਾਰ ਇਕ ਪਾਸੇ ਤਾਂ ਗੁਰੂ, ਗੁਰਮੁਖ, ਸ਼ਬਦ ਅਤੇ ਨਾਮ ਦੀ ਵਿਸ਼ਾਲ ਦੈਵੀ ਤਰਜ਼ ਵਿਚ ਸਮਾਇਆ ਹੈ, ਪਰ ਦੂਜੇ ਪਾਸੇ ਇਸਦਾ ਜਲਾਲ ਮਨੁੱਖ ਦੇ ਆਲੀਸ਼ਾਨ ਅਮਲ ਵਿਚ ਲਰਜ਼ ਰਿਹਾ ਹੈ। ਇਹ ਮਹਾਂ ਪਰਵਾਜ਼ ਖਿਆਲ ਦੇ ਨਿਰੰਕੁਸ਼ ਪੁਲਾੜ ਤੋਂ ਅਗੇਰੇ ਚੱਲ ਰਹੀ ਹੈ, ਅਤੇ ਇੰਜ ਸੁਕਰਾਤ ਦੇ ਵੇਲਿਆਂ ਤੋਂ ਬਣਦੇ ਉਭਰਦੇ ਚਿੰਤਨ ਦੇ ਪੁਖਤਾ ਚਿਹਨਚਕਰਾਂ ਤੋਂ ਸੁਤੰਤਰ ਦਿਸ਼ਾ ਵਿਚ ਨਮੂਦਾਰ ਹੋ ਰਹੀ ਹੈ। ਇਹ ਮਹਾਂ ਪਰਵਾਜ਼ ਭਗਵਦ ਗੀਤਾ ਦੇ ਵਿਰਾਟ ਦਰਸ਼ਨ, ਵੇਦਾਂ ਦੀ ਪ੍ਰਕ੍ਰਿਤੀ ਉਡਾਣ, ਉਪਨਿਸ਼ਦਾਂ ਦੇ ਬ੍ਰਹਮ ਅਤੇ ਬੁੱਧ ਜੀ ਦੀ ਨਿਰਵਾਨ ਚੁੱਪ ਨੂੰ ਆਪਣੀ ਵਿਜੈਈ ਥਰਥਰਾਹਟ ਵਿਚ ਅਭੇਦ ਕਰਦੀ ਹੋਈ ਆਪਣਾ ਅਸੀਮ ਨਿਆਰਾਪਣ ਦਰਸਾ ਰਹੀ ਹੈ। ਪਰ ਅਜਿਹੀਆਂ ਅਧਿਆਤਮਕ ਰਮਜ਼ਾਂ ਦੇ ਆਖਿਰੀ ਰਹੱਸ ਅਤੇ ਤਰਕ ਦੀਆਂ ਅਪਕੜ ਵਿਸ਼ਲੇਸ਼ਣ ਰੇਖਾਵਾਂ ਦਾ ਸਪਰਸ਼ ਕਰਕੇ ਵੀ ਇਹ ਮਹਾਂ ਪਰਵਾਜ਼ ਕੋਈ ਅਲੌਕਿਕ ਨਿਰਾਕਾਰਤਾ ਜਾਂ ਅਗੰਮ ਥਰਥਰਾਹਟ ਨਹੀਂ, ਸਗੋਂ ਮਨੁੱਖ ਦੀ ਅਪਣਤ ਵਿਚ ਉਸਦੇ ਅਮਲ ਦਾ ਅੰਗ ਬਣਕੇ ਨਿਵਾਸ ਕਰਦੀ ਹੈ। ਇਹ ਵੱਖਰੀ ਗੱਲ ਹੈ ਕਿ ਮਨੁੱਖ ਦੇ ਅਮਲ ਦਾ ਅੰਗ ਹੁੰਦੀ ਹੋਈ ਵੀ ਉਸਦੀ ਅਪਣਤ

ਵਿਚਲੀ ਬਲਵਾਨ ਤੀਬਰਤਾ ਜਗਾ ਕੇ ਉਸਨੂੰ ਅਗੋਚਰ ਦੂਰੀਆਂ ਤੱਕ ਲੈ ਜਾਂਦੀ ਹੈ। (ਸਫਾ 291)

ਡਾ. ਹਰਭਜਨ ਸਿੰਘ ਦੇ ਉਪਰੋਕਤ ਲੇਖ ਦੀ ਲੱਭਤ ਕਿ "ਹਰਿੰਦਰ ਸਿੰਘ ਮਹਿਬੂਬ ਦੀਆਂ ਲਿਖਤਾਂ ਵਿਚ ਇਸਲਾਮਿਕ ਉਲਾਰ" ਹੈ, ਕੀ ਉਪਰੋਕਤ ਹਵਾਲੇ ਕਾਫੀ ਨਹੀਂ ਕਿ ਹਰਿੰਦਰ ਸਿੰਘ ਮਹਿਬੂਬ ਨੇ ਗੁਰੂ ਗ੍ਰੰਥ ਸਾਹਿਬ ਦੀ ਇਲਾਹੀ ਬਾਣੀ ਨੂੰ ਇਕ ਸੁਤੰਤਰ ਦ੍ਰਿਸ਼ਟੀਕੋਣ ਤੋਂ ਸੂਖਮ ਤਰਕ ਰਾਹੀਂ ਦ੍ਰਿੜ ਕਰਵਾਇਆ ਹੈ।

ਡਾ. ਹਰਭਜਨ ਸਿੰਘ ਵਲੋਂ ਆਪਣੀ ਅਗਿਆਨਤਾ ਰਾਹੀਂ ਖੜੇ ਕੀਤੇ ਢੇਰ ਸੁਆਲਾਂ ਵਿਚੋਂ ਕੁਝ ਕੁ ਦੇ ਜਵਾਬ ਹੀ ਦੇ ਸਕਦੇ ਹਾਂ, ਕਿਉਂਕਿ ਸਾਰੇ ਸੁਆਲਾਂ ਦੇ ਜਵਾਬ ਦਾ ਵਿਸਥਾਰ ਬਹੁਤ ਜਿਆਦਾ ਵਧ ਜਾਵੇਗਾ। ਉਹਨਾਂ ਨੇ ਲਿਖਿਆ ਹੈ ਕਿ

'ਦੇਵ' ਸ਼ਬਦ ਵਿਚੋਂ ਵੈਦਿਕ ਬੂ ਆਉਣ ਕਰਕੇ ਗੁਰੂ ਨਾਨਕ ਦੇਵ ਨਾ ਕਹਿਣ ਦੀ-ਸਹੁੰ ਪਾ ਕੇ ਵਾਰ-ਵਾਰ ਉਹਨਾਂ ਦਾ ਅਧੂਰਾ ਨਾਮ ਗੁਰੂ ਨਾਨਕ ਸਾਹਿਬ ਲਿਖਣਾ, ਗੁਰੂ ਨਾ ਕਹਿਕੇ ਉਹਨਾਂ ਨੂੰ ਪੈਗੰਬਰ ਕਹਿਣਾ ਅਤੇ ਬਾਣੀ ਨੂੰ ਸ਼ਬਦ ਨਾ ਕਹਿ ਕੇ ਇਲਹਾਮ ਕਹਿਣਾ ਗੁਰੂ ਨਾਨਕ ਸਤ ਨੂੰ ਕੁਰਾਨਿਕ ਦਵੈਤ ਦੀਆਂ ਪਰਛਾਈਆਂ ਵਿਚ ਢਕਣ ਦੇ ਨਾਪਾਕ ਇਰਾਦੇ ਨਹੀਂ ਤਾਂ ਕੀ ਇਹ ਕੋਈ ਉਚੇਰੀ ਗੁਰਮੁਖੀ-ਸੁਹਿਰਦਤਾ ਹੈ?

ਹਰਿੰਦਰ ਸਿੰਘ ਨੇ ਗੁਰੂ ਨਾਨਕ ਦੇਵ ਨੂੰ ਗੁਰੂ ਨਾਨਕ ਸਾਹਿਬ ਆਖਿਆ ਹੈ। ਇਸ ਵਿਚ ਹਰਭਜਨ ਸਿੰਘ ਜੀ ਨੂੰ ਕੀ ਇਤਰਾਜ਼ ਹੈ? ਨੌਵੇਂ ਗੁਰੂ ਸਾਹਿਬ ਦਾ ਨਾਂ ਤਯਾਗ ਮੱਲ ਸੀ, ਪ੍ਰੰਤੂ ਉਹਨਾਂ ਨੂੰ ਤੇਗ ਬਹਾਦਰ ਨਾਲ ਲਿਖਦੇ ਹਾਂ। ਜਦੋਂ ਗੁਰੂ ਸਾਹਿਬ ਨੇ ਦਸਵੇਂ ਜਾਮੇ ਵਿਚ ਖਾਲਸੇ ਦੇ ਪ੍ਰਕਾਸ਼ ਰਾਹੀਂ ਹਿੰਦੂ ਧਰਮ ਅਤੇ ਹਿੰਦੂ ਨਾਵਾਂ ਨਾਲੋਂ ਆਪਣੇ ਆਪ ਨੂੰ ਮੁਕੰਮਲ ਤੌਰ 'ਤੇ ਇਕ ਵੱਖਰੀ ਕੌਮ ਦੇ ਤੌਰ 'ਤੇ ਅਲਹਿਦਾ ਕਰ ਲਿਆ ਸੀ, ਤਾਂ ਫੇਰ ਇਸ ਵਿਚ ਕੋਈ ਇਤਰਾਜ਼ ਨਹੀਂ ਬਣਦਾ। 'ਸਹਿਜੇ ਰਚਿਓ ਖਾਲਸਾ' ਪੁਸਤਕ ਕੇਵਲ ਹਰਭਜਨ ਸਿੰਘ ਜੀ ਲਈ ਨਹੀਂ ਲਿਖੀ ਗਈ, ਕੁਲ ਸਿੱਖਾਂ ਅਤੇ ਵਿਸ਼ਵ ਧਰਮਾਂ ਦੇ ਸੰਦਰਭ ਵਿਚ ਲਿਖੀ ਹੋਣ ਕਰਕੇ ਇਹਨੇ ਗੁਰੂ ਦੀ ਬਾਣੀ ਨੂੰ ਇਲਹਾਮ ਇਸ ਲਈ ਆਖਿਆ ਹੈ, ਕਿਉਂਕਿ ਬਾਣੀ ਤਾਂ ਭਗਤਾਂ ਨੇ ਵੀ ਲਿਖੀ ਹੈ। ਪ੍ਰੰਤੂ ਇਲਹਾਮ ਤੇ ਬਾਣੀ ਵਿਚ ਇਹ ਫਰਕ ਹੈ ਕਿ ਇਲਹਾਮ (Revelation) ਰੱਬ ਵਲੋਂ ਸਿੱਧੇ ਰੂਪ ਵਿਚ ਆਉਂਦਾ ਹੈ, ਅਤੇ ਇਲਹਾਮ ਦੇ ਹਕਦਾਰ ਗੁਰੂਆਂ ਜਾਂ ਪੈਗੰਬਰਾਂ ਨੂੰ ਰੱਬ ਦੇ ਦੋਸਤ (Friends of God) ਮੰਨਿਆ

ਗਿਆ ਹੈ। ਇਲਹਾਮ ਰਾਹੀਂ ਉਤਰੀ ਬਾਣੀ ਨੂੰ ਧਰਮ ਗ੍ਰੰਥ (Scripture) ਦਾ ਰੁਤਬਾ ਪ੍ਰਾਪਤ ਹੈ। ਜਦੋਂਕਿ ਭਗਤ ਬਾਣੀ ਨੂੰ ਪ੍ਰੇਰਨਾ ਮੰਨਿਆ ਹੈ। ਪ੍ਰੋ. ਪੂਰਨ ਸਿੰਘ ਅਤੇ ਹਰਿੰਦਰ ਸਿੰਘ ਮਹਿਬੂਬ ਵੀਹਵੀਂ ਸਦੀ ਦੇ ਸਭ ਤੋਂ ਮਹਾਨ ਲੇਖਕ ਅਤੇ ਸ਼ਾਇਰ ਹਨ। ਇਹਨਾਂ ਦੋਵਾਂ ਨੇ ਭਗਤ ਬਾਣੀ ਨੂੰ ਪ੍ਰੇਰਨਾ (Inspiration) ਮੰਨਿਆ ਹੈ, ਜਦੋਂਕਿ ਗੁਰੂ ਦੀ ਬਾਣੀ ਨੂੰ ਇਲਹਾਮ (Revelation) ਦਾ ਰੁਤਬਾ ਦਿੱਤਾ ਹੈ। ਵੀਹਵੀਂ ਸਦੀ ਦੇ ਮਹਾਨ ਚਿੰਤਕਾਂ ਮਾਰਟਨ ਲਿੰਗਜ, ਰੈਨੇਗੁਈਨਾਨ ਅਤੇ ਫਰਿਥਜਾਫਸ਼ੂਨ ਨੇ ਵਿਸ਼ਵ ਦੇ ਵਿਸ਼ੇਸ਼ ਧਰਮਾਂ ਦਾ ਉਥੋਂ ਦੀ ਜ਼ਬਾਨ ਸਿੱਖ ਕੇ ਸਹੀ ਰੂਪ ਵਿਚ ਅਧਿਐਨ ਕੀਤਾ ਹੈ।

ਇਹਨਾਂ ਦੀਆਂ ਹਿੰਦੂ ਧਰਮ, ਇਸਾਈ ਧਰਮ, ਬੁੱਧ ਮੱਤ, ਇਸਲਾਮ, ਤਾਓਵਾਦ, ਜੈਨਮੱਤ ਅਤੇ ਇਹਨਾਂ ਧਰਮਾਂ ਦੀ ਪਾਰਗਾਮੀ ਏਕਤਾ ਸਬੰਧੀ ਸਭ ਤੋਂ ਤਸੱਲੀਬਖਸ਼ ਅਤੇ ਵਿਸ਼ਵ ਧਰਮਾਂ ਵਿਚ ਸਰਵਪ੍ਰਵਾਨਿਤ ਪੁਸਤਕਾਂ ਹਨ। ਫਰਿਥ ਜਾਫ ਸ਼ੂਨ ਨੇ ਆਪਣੀ ਪੁਸਤਕ 'ਦੀ ਟਰਾਂਸੈਂਡੈਂਟ ਯੂਨਿਟੀ ਆਫ ਰਿਲੀਜ਼ਨਜ਼' ਵਿਚ ਭਾਰਤ ਦੀ ਭਗਤ ਬਾਣੀ ਅਤੇ ਤਾਂਤਰਿਕ ਨੂੰ ਭਾਰਤ ਦੇ ਮੁਢਲੇ ਧਰਮਾਂ ਨੂੰ ਮੁੜ ਪੁਨਰਸੁਰਜੀਤ ਕਰਨ ਦੇ ਸਮਰੱਥ ਵੀ ਨਹੀਂ ਮੰਨਿਆ। ਅਸੀਂ ਏਥੇ ਉਹਨਾਂ ਦਾ ਹਵਾਲਾ ਦੇਣਾ ਉਚਿਤ ਸਮਝਦੇ ਹਾਂ- Hinduism thus came to lose some of its actuality or vitality in the gradual process of moving away from its origins, and neither spiritual readaptations such as the advent up the tantric and bhaktiee ways nor social readaptations such as the spilitting up of the castes already refered to, sufficed to eliminate the disproportion between the primordiality inherent in religion and a mentality increasingiy linked to the passions. (Page 87-88)

ਹਰਭਜਨ ਸਿੰਘ ਦੇ ਹਰਿੰਦਰ ਸਿੰਘ ਦੇ ਇਸਲਾਮਿਕ ਉਲਾਰ ਪ੍ਰਤੀ ਨਿਗੁਣੇ ਅਤੇ ਗੂੜ੍ਹੀ ਅਗਿਆਨਤਾ ਵਿਚੋਂ ਲਾਏ ਦੋਸ਼ "ਸਹਿਜੇ ਰਚਿਓ ਖਾਲਸਾ" ਦੀ ਹਰ ਕਿਤਾਬ ਵਿਚ ਨਿਰਮੂਲ ਸਾਬਤ ਹੁੰਦੇ ਹਨ, ਕਿਉਂਕਿ "ਸਹਿਜੇ ਰਚਿਓ ਖਾਲਸਾ" ਕਰਮਵਾਰ ਅੱਠ ਲਘੂ ਆਕਾਰੀ ਪੁਸਤਕਾਂ ਦਾ ਇਕ ਸੰਗ੍ਰਹਿ ਹੈ। ਏਸੇ ਪੁਸਤਕ ਦੀ ਸੱਤਵੀਂ ਕਿਤਾਬ "ਮਜ਼ਬ੍ਹਾਂ ਦਾ ਸਫਰ" ਵਿਚ ਹਰਿੰਦਰ ਸਿੰਘ ਮਹਿਬੂਬ ਨੇ ਵਿਸ਼ਵ

ਦੇ ਧਰਮਾਂ ਜਿਵੇਂ ਕਿ ਚੀਨ ਦਾ ਤਾਓਵਾਦ, ਪੁਰਾਣੀ ਬਾਈਬਲ, ਨਵੀਂ ਬਾਈਬਲ, ਯੂਨਾਨ ਅਤੇ ਰੋਮ ਦੀਆਂ ਮਿੱਥਾਂ ਅਤੇ ਫਿਲਾਸਫਰ, ਬੁਧ ਧਰਮ, ਹਿੰਦੂ ਧਰਮ, ਜਾਪਾਨ ਦਾ ਜੈੱਨ ਮੱਤ, ਇਸਲਾਮ ਅਤੇ ਸਿੱਖ ਧਰਮ ਦੇ ਸਬੰਧ ਵਿਚ ਵਿਸ਼ਵ ਧਰਮਾਂ ਦੇ ਪਾਰਗਾਮੀ ਰਹੱਸ ਨੂੰ ਤਰ੍ਹਾਂ ਤਰ੍ਹਾਂ ਬਿਆਨ ਕਰਦਿਆਂ ਇਹ ਸਪਸ਼ਟ ਕੀਤਾ ਹੈ ਕਿ ਦੁਨੀਆਂ ਦੇ ਵੱਖਰੇ ਵੱਖਰੇ ਮਜ਼੍ਹਬ੍ਹਾਂ ਵਿਚ ਸਾਂਝੀਆਂ ਕਲਿਆਣਕਾਰੀ ਸਿਫਤਾਂ ਦੇ ਬਾਵਜੂਦ ਮਜ਼੍ਹਬ੍ਹਾਂ ਦੇ ਇਲਹਾਮ (Revelation) ਦੀ ਰੂਹਾਨੀ ਉਚਾਈ ਵਿਚ ਕੀ ਕੀ ਅੰਤਰ ਅਤੇ ਵਿਸ਼ੇਸ਼ ਸਿਫਤਾਂ ਹਨ ਜਿਨ੍ਹਾਂ ਦੇ ਆਧਾਰ 'ਤੇ ਮਜ਼੍ਹਬਾਂ ਦੀ ਰੂਹਾਨੀ ਉਚਾਈ ਦੀ ਇਕ ਤਰਤੀਬ ਸਾਹਮਣੇ ਪ੍ਰਕਾਸ਼ਮਾਨ ਹੁੰਦੀ ਹੈ। ਮਿਸਾਲ ਲਈ ਵਿਸ਼ਵ ਦੇ ਮਜ਼੍ਹਬਾਂ ਵਿਚ ਧਾਰਮਿਕ ਗ੍ਰੰਥ ਦੀ ਦੈਵੀ ਸੁਰਤਿ ਦੇ ਤਾਲ ਅਨੁਸਾਰ ਇਤਿਹਾਸ ਪੈਦਾ ਕਰਨ ਵਿਚ ਸਿੱਖ ਧਰਮ ਦਾ ਸਭ ਤੋਂ ਉੱਤਮ ਸਥਾਨ ਹੈ। ਧਰਮ ਗ੍ਰੰਥ ਦੀ ਲਿਵ ਅਨੁਸਾਰ ਇਤਿਹਾਸ ਚਿਤਰਨ ਵਿਚ ਵਿਸ਼ਵ ਧਰਮਾਂ ਦੇ ਖੇਤਰ ਵਿਚ ਦੂਸਰਾ ਸਥਾਨ ਇਸਲਾਮ ਦਾ ਹੀ ਬਣਦਾ ਹੈ ਅਤੇ ਤੀਸਰਾ ਸਥਾਨ ਪੁਰਾਣੀ ਅੰਜੀਲ ਨੂੰ ਪ੍ਰਾਪਤ ਹੈ। ਪਾਠਕ ਇਸ ਪੁਸਤਕ 'ਸਹਿਜੇ ਰਚਿਓ ਖਾਲਸਾ" (ਮਜ਼੍ਹਬਾਂ ਦਾ ਸਫਰ) ਦੀ ਸੱਤਵੀਂ ਕਿਤਾਬ ਦੇ ਅਧਿਐਨ ਰਾਹੀਂ ਆਪ ਹੀ ਇਸਦਾ ਨਿਰਣਾ ਕਰ ਸਕਦਾ ਹੈ। ਇਸ ਪੁਸਤਕ ਦੇ ਅਧਿਐਨ ਤੋਂ ਵਿਦਵਾਨ ਪਾਠਕਾਂ ਨੂੰ ਇਹ ਅੰਦਾਜ਼ਾ ਵੀ ਸਹਿਜ ਭਾਵ ਹੀ ਲੱਗ ਜਾਂਦਾ ਹੈ ਕਿ ਵਿਸ਼ਵ ਦੇ ਇਤਿਹਾਸਕਾਰਾਂ, ਧਾਰਮਿਕ ਚਿੰਤਕਾਂ ਅਤੇ ਸਾਹਿਤਕਾਰਾਂ ਨੇ ਜੋ ਇਤਿਹਾਸ ਦੇ ਸਹੀ ਦਿਸ਼ਾ ਵਲ ਹੋਣ ਪ੍ਰਤੀ ਪੱਖ ਪੇਸ਼ ਕੀਤੇ ਹਨ, ਉਨ੍ਹਾਂ ਵਿਚ ਸਭ ਤੋਂ ਵਧ ਤਸੱਲੀਬਖਸ਼ ਇਤਿਹਾਸਕ ਦ੍ਰਿਸ਼ਟੀਕੋਣ ਹਰਿੰਦਰ ਸਿੰਘ ਮਹਿਬੂਬ ਦਾ ਹੀ ਬਣਦਾ ਹੈ।

ਹੁਣ ਅਸੀਂ ਏਥੇ ਸਿੱਖ ਧਰਮ ਦੇ ਵੀ ਗੁਰੂ ਗ੍ਰੰਥ ਸਾਹਿਬ ਦੀ ਰੂਹਾਨੀ ਤਰਤੀਬ ਦੇ ਅਨੁਕੂਲ ਹੋਣ ਪ੍ਰਤੀ-ਸਿੱਖ ਇਤਿਹਾਸ ਦੇ ਹਵਾਲੇ ਪੇਸ਼ ਕਰਨ ਦੇ ਨਾਲ ਇਸਲਾਮ ਧਰਮ ਦੇ ਇਤਿਹਾਸ ਦੀਆਂ ਕੁਰਾਨ ਮਜੀਦ ਦੇ ਦਾਅਵੇ ਦੇ ਪ੍ਰਤੀਕੂਲ ਉਦਾਹਰਣਾਂ ਵੀ ਏਥੇ ਸੰਕੇਤ ਮਾਤਰ ਦੇਣੀਆਂ ਯੋਗ ਸਮਝਾਂਗੇ ਕਿ ਹਰਭਜਨ ਸਿੰਘ ਦੇ ਮਨ ਵਿਚ ਪਿਆ ਹਰਿੰਦਰ ਸਿੰਘ ਮਹਿਬੂਬ ਦੀ ਪੁਸਤਕ 'ਸਹਿਜੇ ਰਚਿਓ ਖਾਲਸਾ' ਦੇ ਸਬੰਧ ਵਿਚ ਇਸਲਾਮਿਕ ਉਲਾਰ ਦਾ ਭੁਲੇਖਾ ਦੂਰ ਹੋ ਜਾਵੇ। ਉਨ੍ਹਾਂ ਦੇ ਭੁਲੇਖੇ ਦਾ ਤਾਂ ਮੈਂ ਜ਼ਿੰਮੇਵਾਰ ਵੀ ਨਹੀਂ ਪ੍ਰੰਤੂ ਜੇਕਰ ਹਰਭਜਨ ਸਿੰਘ ਦੇ ਉਪਰੋਕਤ ਲੇਖ ਨੇ ਪਾਠਕ ਦ

ਮਨ ਵਿਚ ਇਸ ਪ੍ਰਤੀ ਕੋਈ ਭੁਲੇਖਾ ਖੜਾ ਕੀਤਾ ਹੈ, ਉਹ ਅਵਸ਼ ਹੀ ਦੂਰ ਹੋ ਜਾਵੇਗਾ।

ਹਰਿੰਦਰ ਸਿੰਘ ਮਹਿਬੂਬ ਨੇ ਗੁਰਬਾਣੀ ਆਵੇਸ਼ ਵਿਚੋਂ ਗੁਰੂ ਸ਼ਖ਼ਸੀਅਤ ਦੀ ਅਪਹੁੰਚ ਸਿਖ਼ਰ ਨੂੰ ਸਮਝਣ ਅਤੇ ਸਮਝਾਉਣ ਲਈ 'ਸਹਿਜੇ ਰਚਿਓ ਖਾਲਸਾ' ਪੁਸਤਕ ਵਿਚ ਅਨੇਕ ਨਵੇਂ ਤੋਂ ਨਵੇਂ ਸੰਕਲਪ ਸਿਰਜੇ ਹਨ। ਉਹ ਸੰਕਲਪ ਆਪਣੇ ਆਪਣੇ ਢੰਗ ਨਾਲ ਗੁਰੂ ਸ਼ਖ਼ਸੀਅਤ ਅਤੇ ਗੁਰੂ ਗ੍ਰੰਥ ਸਾਹਿਬ ਦੇ ਅਧਿਆਤਮਕ ਰਹੱਸ ਨੂੰ ਸਮਝਣ ਵਿਚ ਇਸ ਤਰ੍ਹਾਂ ਸਹਾਈ ਅਤੇ ਅਨਿੱਖੜ ਹਨ ਜਿਵੇਂ ਅਸਮਾਨ ਨੂੰ ਦਰਸਾਉਣ ਅਤੇ ਇਸ ਦੀ ਸਪੇਸ ਨੂੰ ਭਰਨ ਲਈ ਸੂਰਜ, ਚੰਨ ਅਤੇ ਤਾਰੇ ਆਪਣੀ ਥਾਂ ਲਾਜ਼ਮੀ ਹਨ। ਅਸੀਂ ਹਰਿੰਦਰ ਸਿੰਘ ਮਹਿਬੂਬ ਦੇ ਬਹੁਤ ਸਾਰੇ ਸਵੈਸਿਰਜੇ ਸੰਕਲਪਾਂ ਦਾ ਜ਼ਿਕਰ ਪਿਛੇ ਕਰ ਆਏ ਹਾਂ। ਪ੍ਰੰਤੂ ਗੁਰੂ ਗ੍ਰੰਥ ਸਾਹਿਬ ਵਿਚ ਸਥਾਪਤ ਖਾਲਸ ਕੁਦਰਤ ਅਤੇ ਅਕਾਲ ਫਤਹ ਦੇ ਸੰਕਲਪ ਰਾਹੀਂ ਸਿੱਖ ਧਰਮ ਨੇ ਵਿਸ਼ਵ ਇਤਿਹਾਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦੈਵੀ ਨਿਯਮ ਪ੍ਰਬੰਧ ਨੂੰ ਜਿਵੇਂ 500 ਸਾਲਾਂ ਦੇ ਸਮੇਂ ਵਿਚ ਪ੍ਰਕਾਸ਼ਮਾਨ ਕੀਤਾ, ਇਸਦੀ ਮਿਸਾਲ ਵਿਸ਼ਵ ਦੇ ਕਿਸੇ ਵੀ ਹੋਰ ਧਰਮ ਵਿਚ ਪ੍ਰਾਪਤ ਨਹੀਂ ਜਿਸਨੇ ਕਿ ਆਪਣੇ ਧਾਰਮਕ ਗ੍ਰੰਥ ਦੇ ਅਨੁਕੂਲ ਸ਼ੁਧ ਇਤਿਹਾਸ ਸਿਰਜਿਆ ਹੋਵੇ। ਏਥੇ ਇਸਲਾਮ ਧਰਮ ਦੀ ਇਸ ਦ੍ਰਿਸ਼ਟੀਕੋਣ ਤੋਂ ਊਣਤਾ ਦਾ ਵੀ ਹਰਿੰਦਰ ਸਿੰਘ ਮਹਿਬੂਬ ਨੇ ਅਧਿਆਤਮਕ ਤਰਕ ਰਾਹੀਂ ਮੰਨਣਯੋਗ ਢੰਗ ਸਹਿਤ ਨਿਖੇੜਾ ਕੀਤਾ ਹੈ।

ਜਿਸ ਇਤਿਹਾਸ ਦੇ ਪਿਛੋਕੜ ਵਿਚ ਪੈਗੰਬਰ ਦੀ ਪ੍ਰੇਰਨਾ ਹੈ, ਉਥੇ ਅਕਾਲ ਫਤਹ ਮਜ਼ਬ੍ਹੀ ਬਾਣੇ ਵਿਚ ਜਰੂਰ ਹੀ ਪ੍ਰਕਾਸ਼ਮਾਨ ਹੋਵੇਗੀ। ਫਿਰ ਵਿਸ਼ੇਸ਼ ਇਤਿਹਾਸ ਵਿਚੋਂ ਪੈਗੰਬਰੀ ਸਫਰ ਮੁਕਦਾ ਜਾਵੇਗਾ, ਤਿਉਂ ਤਿਉਂ ਉਸ ਵਿਸ਼ੇਸ਼ ਇਤਿਹਾਸ ਦੀ ਸ਼ਾਨ ਘਟਦੀ ਜਾਵੇਗੀ। ਗੁਰੂ ਗੋਬਿੰਦ ਸਿੰਘ ਸਾਹਿਬ ਦੇ ਜੋਤੀ ਜੋਤ ਸਮਾਉਣ ਪਿੱਛੋਂ ਦੇ ਪੰਜਾਹ ਸਾਲਾਂ ਦੇ ਸਿੱਖ ਇਤਿਹਾਸ ਨੂੰ ਅਕਾਲ ਫਤਹ ਇਕ ਲਾਸਾਨੀ ਸ਼ਕਲ ਦਿੰਦੀ ਹੈ। ਸਮੇਂ ਅਤੇ ਸਥਾਨ ਦੇ ਪੱਖੋਂ ਇਹ ਇਤਿਹਾਸ ਇਕ ਮਾਮੂਲੀ ਹਸਤੀ ਰੱਖਦਾ ਜਾਪੇਗਾ, ਪਰ ਇਸ ਅੰਦਰ ਕਾਲ ਦੇ ਵੱਡੇ ਤੋਂ ਵੱਡੇ ਸਫਰ ਨੂੰ ਰਹੱਸਮਈ ਅਰਥ ਦੇਣ ਵਾਲੀ ਇਕ ਬਹੁਤ ਵੱਡੀ ਤਾਕਤ ਹੈ। ਇਸ ਅੰਦਰ ਕਾਲ ਧਰਾਤਲ ਉਤੇ ਤਿਲ੍ਹਕਦੇ ਬਿਨਸਦੇ ਤੇ ਉਭਰਦੇ ਵਿਸ਼ਾਲ ਮਨੁੱਖੀ ਕਾਫਲੇ ਅੰਦਰ ਅਨੇਕ ਪਸਾਰੀ ਮੇਲਾ ਜਗਾ ਦੇਣ ਦੀ ਭਾਰੀ ਪ੍ਰੇਰਨਾ ਹੈ ਅਤੇ ਇਸਦੀਆਂ ਗਹਿਰਾਈਆਂ ਮਾਨਵ ਅਮਲ

ਨੂੰ ਨਵੇਂ ਤੋਂ ਨਵੇਂ ਜਾਵੀਏ ਬਖਸ਼ ਕੇ ਇਕ ਅਲੌਕਿਕ ਹਰਕਤ ਦੇ ਸਕਦੀਆਂ ਹਨ। ਸਿੱਖ ਇਤਿਹਾਸ ਦੇ ਇਹ ਪੰਜਾਹ ਸਾਲ ਇਕ ਪਾਸੇ ਠੋਸ ਇਨਸਾਨੀ ਹਕੀਕਤ ਦੀ ਤਸਵੀਰ ਹਨ, ਦੂਜੇ ਪਾਸੇ ਇਸਦੇ ਤਾਣੇ ਪੇਟੇ ਵਿਚ ਅਦ੍ਰਿਸ਼ਟ ਦੀਆਂ ਅਨੇਕਾਂ ਤੰਦਾਂ ਪੂਰੀ ਗਰਮ ਜੋਸ਼ੀ ਵਿਚ ਦੌੜ ਰਹੀਆਂ ਹਨ। ਇਨ੍ਹਾਂ ਪੰਜਾਹ ਸਾਲਾਂ ਦੀ ਇਤਿਹਾਸਕ ਕਾਇਨਾਤ ਹੇਠ ਲਹੂ ਮਾਸ ਦੇ ਹੱਥਾਂ ਨੇ ਹਜ਼ਾਰਾਂ ਤੱਥ ਸਾਜੇ, ਪਰ ਉਨ੍ਹਾਂ ਹੱਥਾਂ ਪਿੱਛੇ ਹੋਰ ਹੱਕਾਂ ਦੀਆਂ ਕਰੋੜਾਂ ਹਰਕਤਾਂ ਹਨ, ਜਿਹੜੀਆਂ ਦ੍ਰਿਸ਼ਟਮਾਨ ਤੱਥਾਂ ਨੂੰ ਕ੍ਰਿਸ਼ਮਿਆਂ ਵਿਚ ਬਦਲਦੀਆਂ ਹਨ। ਇਕ ਪਾਸੇ ਇਹ ਪੰਜਾਹ ਸਾਲ ਇਤਿਹਾਸ ਦੀ ਇਕ ਨਗਨ ਅਸਲੀਅਤ ਹਨ, ਦੂਜੇ ਪਾਸੇ ਏਸੇ ਨਗਨ ਅਸਲੀਅਤ ਨੇ ਇਕ ਸ਼ਾਨਦਾਰ ਮਿੱਥ ਦੀ ਪਦਵੀ ਗ੍ਰਹਿਣ ਕੀਤੀ ਹੋਈ ਹੈ।

ਇਤਿਹਾਸ ਦਾ ਬਾਹਰਲਾ ਚੌਖਟਾ ਸਰੀਰਕ ਹੈ, ਪਰ ਉਸਦੀ ਸਮੁੱਚੀ ਬਾਰੀਕ ਹਰਕਤ ਪਰਾ ਸਰੀਰਕ ਹੈ, ਅਬੁੱਝ ਅਤੇ ਅਕਹਿ ਹੈ। ਬਾਹਰਲੇ ਤੱਥਾਂ ਦੀ ਯਥਾਰਥਕ ਅਤੇ ਸਥਾਨਕ ਹੋਂਦ ਕਿਹੜੇ ਕਾਰਨ ਕਰਕੇ ਪਰਾ ਸਰੀਰਕ ਜਗਤ ਦੀ ਅਬੁੱਝ ਸੀਮਾ ਤਕ ਪਹੁੰਚਦੀ ਹੈ? ਜੁਆਬ ਹੈ ਕਿ ਅਕਾਲ ਫਤਹ ਦੀ ਰੂਹਾਨੀਅਤ ਨੇ ਉਨ੍ਹਾਂ ਦੀ ਖਲੋਤੀ ਹੋਂਦ ਨੂੰ ਇਹ ਤਰਲ ਜਲੌਅ ਬਖਸ਼ਿਆ ਹੈ। ਸਿੱਖ ਇਤਿਹਾਸ ਦੇ ਇਨ੍ਹਾਂ ਹਜ਼ਾਰਾਂ ਸੂਖਮ ਤੱਥਾਂ ਦੀ ਇਸ ਪ੍ਰਬਲ ਕਾਂਗ ਨੂੰ ਗੁਰੂ ਨਾਨਕ ਸੋਚ ਦੀ ਜਲਾਲੀ ਗਤੀ ਡੌਲਦੀ ਅਤੇ ਤਰਾਸ਼ਦੀ ਹੈ। ਭਾਰਤੀ ਇਤਿਹਾਸ ਦੇ ਪਿਛਲੇ ਦੋ ਹਜ਼ਾਰ ਸਾਲ ਦੇ ਤੱਥਾਂ ਦੇ ਮੁਕਾਬਲੇ ਵਿਚ ਇਨ੍ਹਾਂ ਪੰਜਾਹ ਸਾਲਾਂ ਦੇ ਤੱਥਾਂ ਨੂੰ ਗਿਣਾਤਮਕ ਦ੍ਰਿਸ਼ਟੀ ਤੋਂ ਵੇਖਣਾ ਮੂਰਖਤਾ ਹੋਵੇਗੀ। ਇਕ ਖਾਸ ਸਮੇਂ ਦੇ ਤੱਥਾਂ ਅੰਦਰਲੀ ਅਰਥਾਂ ਦੀ ਸ਼ਕਤੀ ਅਤੇ ਇਨ੍ਹਾਂ ਨੂੰ ਸਿਰਜਣ ਵਾਲੀ ਅਦ੍ਰਿਸ਼ਟ ਪ੍ਰੇਰਨਾ ਹੀ ਉਨ੍ਹਾਂ ਦੀ ਸਾਰਥਕਤਾ ਅਤੇ ਵਡਿਆਈ ਦਾ ਆਧਾਰ ਬਣਦੀਆਂ ਹਨ। ਤੱਥ ਦੀ ਵਡਿਆਈ ਨਿਰੀ ਤੱਥ ਹੋਣ ਕਾਰਨ ਨਹੀਂ ਅਤੇ ਨਾਂਹ ਹੀ ਇਸਦੀ ਬਾਹਰਮੁਖੀ ਵਿਸ਼ੇਸ਼ਤਾ ਨੂੰ ਮੁੱਖ ਰਖਕੇ ਇਸ ਨਾਲ ਇਨਸਾਫ ਹੋ ਸਕਦਾ ਹੈ। ਤੱਥਾਂ ਦੀ ਓਪਰਲੀ ਸਤਹ ਹੇਠ ਇਤਿਹਾਸ ਨੇ ਅਨੇਕਾਂ ਗਹਿਰਾਈਆਂ ਬਣਾਈਆਂ ਹੁੰਦੀਆਂ ਹਨ ਅਤੇ ਇਸਦੀ ਨੇੜੇ ਦੀ ਹਰਕਤ ਪਿਛੇ ਦੂਰ ਦੇ ਵੰਨ ਸੁਵੰਨੇ ਸਫਰਾਂ ਦੀ ਕਹਾਣੀ ਹੁੰਦੀ ਹੈ। ਇਤਿਹਾਸ ਦੇ ਜਿਹੜੇ ਤੱਥ ਅਕਾਲ ਫਤਿਹ ਦੀ ਸਾਮਗਰੀ ਵਿਚੋਂ ਉਭਰਦੇ ਹਨ, ਉਨ੍ਹਾਂ ਦੀਆਂ ਸੀਮਾਵਾਂ ਨੂੰ ਕਟਕੇ ਕਿਸੇ ਅਲਹਿਦਗੀ ਵਿਚ ਰਖਣਾ ਭਾਰੀ ਗਲਤੀ ਹੈ। (ਸਫਾ 770)

ਕਾਫੀ ਵਿਸਥਾਰ ਵਿਚ ਦਿੱਤੇ ਉਪਰੋਕਤ ਹਵਾਲੇ ਤੋਂ ਭਾਵ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਵਡਿਤਣ ਅਤੇ ਵਿਸ਼ਵ ਦੇ ਇਤਿਹਾਸ ਵਿਚ ਸਿੱਖ ਇਤਿਹਾਸ ਦੀ ਬੁਲੰਦ ਉਚਾਈ ਨੂੰ ਸਥਾਪਤ ਕਰਨ ਪਿੱਛੇ ਕਿਹੜਾ ਇਸਲਾਮਿਕ ਉਲਾਰ ਹੈ ਜੋ ਕਿ ਹਰਭਜਨ ਸਿੰਘ ਨੂੰ ਇੰਨਾ ਤੜਪਾ ਰਿਹਾ ਹੈ? ਮੇਰੀ ਇਹੋ ਬੇਨਤੀ ਹੈ ਕਿ ਹਰਭਜਨ ਸਿੰਘ ਲਈ ਇਸਨੂੰ ਸਮਝਣਾ ਉਸਦੀ ਸਮੱਰਥਾ ਤੋਂ ਬਾਹਰ ਦੀ ਗੱਲ ਹੈ।

ਅਸੀਂ ਹਰਿੰਦਰ ਸਿੰਘ ਦੀ ਪੁਸਤਕ 'ਸਹਿਜੇ ਰਚਿਓ ਖਾਲਸਾ' ਉਪਰ ਛਾਏ ਨਿਰਮੂਲ ਅਤੇ ਨਿਰਆਧਾਰ ਇਸਲਾਮਿਕ ਉਲਾਰ ਦੇ ਦੋਸ਼ ਦਾ ਖੰਡਨ ਕਰਦੇ ਹੋਏ ਇਸੇ ਪੁਸਤਕ ਵਿਚੋਂ ਇਸਲਾਮ ਧਰਮ ਰਾਹੀਂ ਸਿਰਜੇ ਅਧੂਰੇ ਇਤਿਹਾਸ ਦਾ ਹਵਾਲਾ ਪੇਸ਼ ਕਰਨਾ ਏਥੇ ਬੱਸ ਸਮਝਦੇ ਹੋਏ, ਇਸ ਪਿਛੋਂ ਹਰਭਜਨ ਸਿੰਘ ਵਲੋਂ ਅਗਿਆਨਤਾ ਵੱਸ ਲਾਏ ਹੋਰ ਦੋਸ਼ਾਂ ਦਾ ਵੀ ਸਪਸ਼ਟੀਕਰਨ ਦੇਣ ਦਾ ਯਤਨ ਕਰਾਂਗੇ:

ਇਸਲਾਮੀ ਇਤਿਹਾਸ ਵਿਚ ਅਕਾਲ ਫਤਹ ਸਾਰੇ ਤੱਥਾਂ ਨੂੰ ਆਪਣੀ ਲਪੇਟ ਵਿਚ ਲੈ ਕੇ ਨਿਰੰਤਰ ਵਹਿਣ ਵਿਚ ਨਹੀਂ ਵਗੀ, ਸਗੋਂ ਅਨੇਕਾਂ ਵਿਘਨ ਪੈਂਦੇ ਰਹੇ ਹਨ। ਖਲੀਫਾ ਉਮਰ ਤੱਕ ਅਕਾਲ ਫ਼ਤਹ ਦਾ ਤੇਜ਼ ਜਲਵਾ ਸਾਰੇ ਇਸਲਾਮੀ ਇਤਿਹਾਸ ਨੂੰ ਨੂਰੋ ਨੂਰੋ ਕਰ ਰਿਹਾ ਹੈ। ਇਨਸਾਨੀ ਅਮਲ ਵਿਚ ਕੁਰਾਨ ਦੀ ਬਲਵਾਨ ਤਰਜ਼ ਬਣ ਰਹੀ ਹੈ। ਉਸਦੀ ਤੇਗ ਦੇ ਕਹਿਰ ਵਿਚ ਨੂਰਲ ਮੁਹੰਮਦੀਆ ਦੀ ਸ਼ਾਨ ਜਗਮਗ ਜਗਮਗ ਕਰ ਰਹੀ ਹੈ। ਮੁਜਾਹਿਦ ਦੇ ਰਾਹ ਉੱਤੇ ਪੈਗੰਬਰ ਦੀਆਂ ਬਾਹਾਂ ਗੂੜ੍ਹੀ ਛਾਂ ਵਾਂਗ ਫੈਲੀਆਂ ਹਨ। ਘੋੜ ਸਵਾਰਾਂ ਨੂੰ ਪੈਗੰਬਰ ਦੇ ਹੁਸੀਨ ਰਾਜਾਂ ਦੀ ਆਹਟ ਲਗਾਤਾਰ ਸੁਣ ਰਹੀ ਹੈ। ਹਾਂ, ਇਹੋ ਅਕਾਲ ਫਤਹ ਦਾ ਜਲਵਾ ਸੀ, ਪਰ ਇਹ ਜਲਵਾ ਵਕਤ ਦੇ ਵਰਕੇ ਉੱਤੇ ਲੰਮਾ ਹੋ ਕੇ ਨਹੀਂ ਫੈਲਿਆ। ਖਲੀਫਾ ਅਲੀ ਦੇ ਅੰਤ ਤੋਂ ਕਰਬਲਾ ਦੇ ਦੁਖ ਭਰੇ ਸਾਕੇ ਤਕ ਦਾ ਇਸਲਾਮੀ ਇਤਿਹਾਸ ਅਕਾਲ ਫਤਹ ਨੂੰ ਸੰਸਾਰੀ ਤਸਵੀਰ ਵਾਲੇ ਨਾਮ ਤਕ ਸੁਆਰਥ ਨਾਲ ਢਕ ਰਖਦਾ ਹੈ, ਅਤੇ ਇਸ ਪਿਛੋਂ ਅਕਾਲ ਫਤਹ ਆਮ ਤੌਰ ਉੱਤੇ ਵਿਅਕਤੀਗਤ ਵਿਲਖਣਤਾ ਦੇ ਬੇਮਿਸਾਲ ਜੌਹਰ ਵਿਖਾਉਣ ਤਕ ਹੀ ਸੰਤੁਸ਼ਟ ਰਹੀ ਹੈ। ਪਰ ਖਲੀਫਾ ਉਮਰ ਤੋਂ ਪਿਛੋਂ ਹੁਣ ਤੱਕ ਕਦੇ ਵੀ ਇਸਲਾਮੀ ਇਤਿਹਾਸ ਨੇ ਨਿਰੰਤਰ ਪੰਜਾਹ ਸਾਲ ਅਕਾਲ ਫਤਹ ਨੂੰ ਕਿਸੇ ਇਕਾਗਰ ਅਤੇ ਸਮੂਹਿਕ ਚਾਲ ਵਿਚ ਬੰਨ੍ਹਣ ਦਾ ਕਮਾਲ ਨਹੀਂ ਕੀਤਾ।

ਉਪਰੋਕਤ ਹਵਾਲਿਆਂ ਨੂੰ ਵਿਸਥਾਰ ਵਿਚ ਇਸ ਲਈ ਦੇਣਾ ਪਿਆ ਤਾਂ ਕਿ ਪਾਠਕ ਨੂੰ "ਸਹਿਜੇ ਰਚਿਓ ਖਾਲਸਾ" ਪੁਸਤਕ ਦੇ ਸਿੱਖ ਦ੍ਰਿਸ਼ਟੀਕੋਣ ਵਾਲੇ

ਅਧਿਆਤਮਕ ਰਹੱਸ ਦਾ ਕੁਝ ਨਾ ਕੁਝ ਆਪਣੇ ਤੌਰ 'ਤੇ ਅੰਦਾਜ਼ਾ ਲਗ ਸਕੇ। ਇਸ ਪੁਸਤਕ ਦੇ ਅਸਲ ਮਨਰੋਥ ਅਤੇ ਇਸਦੇ ਵਿਸ਼ਵ ਧਰਮਾਂ ਦੇ ਸੰਦਰਭ ਵਿਚ ਸੂਖਮ ਤਰਕ ਦੀ ਬੁਲੰਦ ਉਚਾਈ ਤਾਂ ਇਸਦੇ ਅਧਿਐਨ ਰਾਹੀਂ ਹੀ ਜਾਣੀ ਜਾ ਸਕਦੀ ਹੈ। ਇਸ ਪੁਸਤਕ ਦੇ ਰਚਣ ਪਿਛੇ ਲੇਖਕ ਦਾ ਮੂਲ ਮਨੋਰਥ ਇਹ ਹੈ ਕਿ ਧਰਮ ਕਿਵੇਂ ਖਤਮ ਹੁੰਦੇ ਹਨ, ਉਨ੍ਹਾਂ ਵਿਚ ਕਦੋਂ ਕਦੋਂ ਅਤੇ ਕਿਵੇਂ ਕਿਵੇਂ ਵੱਖ ਵੱਖ ਸਮਿਆਂ ਵਿਚ ਚੜ੍ਹਤਲਾਂ ਅਤੇ ਨਿਘਾਰ ਆਏ। ਇਸ ਚੜ੍ਹਤ ਅਤੇ ਨਿਘਾਰ ਪਿਛੇ ਕੀ ਕਾਰਨ ਹਨ? ਧਰਮ ਨੂੰ ਜਿੰਦਾ ਕਿਵੇਂ ਰੱਖਿਆ ਜਾ ਸਕਦਾ ਹੈ? ਸਿੱਖ ਧਰਮ ਦੀ ਚੜ੍ਹਤ ਨੂੰ ਸਥਾਪਤ ਰੱਖਣ ਪਿਛੇ ਕਿਹੜੇ ਅਦ੍ਰਿਸ਼ਟ ਮਾਰੂ ਵਿਰੋਧ ਹਨ ਅਤੇ ਉਨ੍ਹਾਂ ਤੋਂ ਛੁਟਕਾਰਾ ਕਿਵੇਂ ਪਾਇਆ ਜਾ ਸਕਦਾ ਹੈ? ਆਦਿ ਵਿਸ਼ੇਸ਼ ਕਾਰਨਾਂ ਨੂੰ ਧਿਆਨ ਵਿਚ ਰਖਕੇ ਇਸ ਮਹਾਨ ਪੁਸਤਕ ਦੀ ਰਚਨਾ ਹਰਿੰਦਰ ਸਿੰਘ ਮਹਿਬੂਬ ਨੇ ਤੀਹ ਸਾਲ ਲਗਾਤਾਰ ਅੰਤਰ ਧਿਆਨ ਹੋ ਕੇ ਵਿਸ਼ਵ ਦੇ ਧਰਮਾਂ ਅਤੇ ਸਬੰਧਤ ਚੀਜ਼ਾਂ ਦਾ ਅਧਿਐਨ ਕਰਨ ਉਪਰੰਤ ਕੀਤੀ ਹੈ। ਵਿਸ਼ਵ ਧਰਮਾਂ ਦੀ ਸਹਿਜ ਪਹਿਚਾਣ ਕਰਵਾਉਣ ਵਿਚ ਇਹ ਪੁਸਤਕ ਵਿਸ਼ੇਸ਼ ਰੁਤਬੇ ਦੀ ਸਦਾ ਹੀ ਹੱਕਦਾਰ ਰਹੇਗੀ।

ਭਗਤਬਾਣੀ ਅਤੇ ਗੁਰੂ ਦੀ ਬਾਣੀ ਜਿਸਨੂੰ ਕਿ ਇਸ ਨਾਲੋਂ ਨਿਖੇੜ ਕੇ ਇਸਦਾ ਸਿੱਧਾ ਰੱਬ ਨਾਲ ਰਿਸ਼ਤਾ ਹਰਿੰਦਰ ਸਿੰਘ ਮਹਿਬੂਬ ਨੇ ਆਪਣੀ ਅਨੁਭਵੀ ਪ੍ਰਵਾਜ਼ ਰਾਹੀ ਦ੍ਰਿੜ ਕਰਵਾਇਆ ਹੈ, ਇਸੇ ਸੰਦਰਭ ਵਿਚ ਪ੍ਰੋ. ਪੂਰਨ ਸਿੰਘ ਨੇ ਆਪਣੀਆਂ ਅੰਗਰੇਜ਼ੀ ਵਿਚ ਰਚੀਆਂ ਪੁਸਤਕਾਂ "ਦੀ-ਸਪਿਰਟ ਬਾਰਨ ਪੀਪਲ", "ਦੀ ਸਪਿਰਟ ਆਫ ਦੀ ਓਰੀਐਂਟਲ ਪੋਇਟਰੀ" ਅਤੇ "ਸਪਿਰਟ ਆਫ ਦੀ ਸਿੱਖ" (ਤਿੰਨ ਭਾਗ) ਵਿਚ ਭਗਤ ਅਤੇ ਗੁਰੂ ਦੀ ਬਾਣੀ ਵਿਚ ਥਾਂ ਥਾਂ ਅਨੁਭਵੀ ਦ੍ਰਿਸ਼ਟੀ ਰਾਹੀਂ ਪ੍ਰਵਾਨਿਤ ਢੰਗ ਨਾਲ ਨਿਖੇੜਾ ਕੀਤਾ ਹੈ। ਪ੍ਰੋ. ਪੂਰਨ ਸਿੰਘ ਦੀ ਅੰਗਰੇਜ਼ੀ ਵਿਚ ਰਚੀ ਪੁਸਤਕ "ਦੀ ਟੈੱਨ ਮਾਸਟਰਜ਼" ਦੀ ਭੂਮਿਕਾ ਅੰਗਰੇਜ਼ ਵਿਦਵਾਨ ਅਰਨੈਸਟ ਐਂਡ ਰਾਈਜ਼ ਨੇ ਲਿਖੀ ਹੈ। ਉਸਨੇ ਇਸ ਭੂਮਿਕਾ ਵਿਚ ਫਰਿਥਜਾਫ ਸ਼ੂਨ ਵਾਲੇ ਵਿਚਾਰ ਹੀ ਭਗਤ ਬਾਣੀ ਬਾਰੇ ਦਿੱਤੇ ਹਨ। ਉਹਨਾਂ ਅਨੁਸਾਰ ਭਗਤ ਕਬੀਰ ਅਤੇ ਰਾਮਾਨੰਦ ਦੀ ਭਗਤੀ ਲਹਿਰ ਆਪਣੇ ਸਮੇਂ ਦੇ ਰੂਹਾਨੀ ਪਤਨ ਨੂੰ ਸੰਭਾਲਣ ਦੇ ਸਮਰੱਥ ਨਾ ਹੋਣ ਕਾਰਨ ਇਹ ਆਪਣੇ ਸਮੇਂ ਵਿਚ ਹੀ ਕਮਜ਼ੋਰ ਪੈ ਗਈ ਸੀ। ਉਨ੍ਹਾਂ ਅਨੁਸਾਰ ਇਹ ਇਕ ਕਮਜ਼ੋਰ ਰੂਹਾਨੀ ਲਹਿਰ ਸੀ, ਜਿਸ ਵਿਚ ਧਾਰਮਿਕ ਨਿਘਾਰ ਨੂੰ ਮੁੜ ਉਠਾਉਣ ਦਾ ਸਿਦਕ ਨਹੀਂ ਸੀ। ਏਸੇ ਭੂਮਿਕਾ ਵਿਚ ਅਰਨੈਸਟ ਐਂਡ ਰਾਈਜ਼ ਨੇ

ਗੁਰੂ ਨਾਨਕ ਸਾਹਿਬ ਦੀ ਬਾਣੀ ਦਾ ਭਗਤ ਬਾਣੀ ਨਾਲੋਂ ਨਿਖੇੜਾ ਕਰਦਿਆਂ ਇਹ ਦਰਸਾਇਆ ਹੈ ਕਿ ਬ੍ਰਹਮ ਗਿਆਨੀ, ਸਾਧ, ਸੰਤ, ਸੰਨਿਆਸ, ਯੋਗ, ਸਿੱਧ, ਨਿਰਵਾਨ ਆਦਿ ਸਭ ਸ਼ਬਦ ਪਹਿਲਾਂ ਸਥਾਪਤ ਸਨ। ਪ੍ਰੰਤੂ ਗੁਰੂ ਨਾਨਕ ਸਾਹਿਬ ਦੇ ਆਉਣ ਨਾਲ ਇਹਨਾਂ ਨੂੰ ਅੰਦਰੂਨੀ ਚਮਕ (inner illumination) ਪ੍ਰਾਪਤ ਹੁੰਦੀ ਹੈ। ਫਰਿਥ ਜਾਫ ਸ਼ੁਨ ਨੂੰ ਪ੍ਰੋ. ਪੂਰਨ ਸਿੰਘ ਨੇ ਬਿਲਕੁਲ ਨਹੀਂ ਪੜ੍ਹਿਆ ਅਤੇ ਨਾਂ ਹੀ ਹਾਲੀ ਤੱਕ ਹਰਿੰਦਰ ਸਿੰਘ ਮਹਿਬੂਬ ਨੇ ਹੀ ਇਸਨੂੰ ਪੜ੍ਹਿਆ ਹੈ। ਮੈਂ ਵੀ ਕੈਨੇਡਾ ਵਿਚ ਪਹੁੰਚਕੇ ਇਹਨਾਂ ਦੋ ਸਾਲਾਂ ਦੇ ਵਿਚਕਾਰ ਦੇ ਸਮੇਂ ਵਿਚ ਹੀ ਇਸਨੂੰ ਪੜ੍ਹਿਆ ਹੈ। ਫਰਿਥਜਾਨ ਸ਼ੁਨ ਭਗਤ ਬਾਣੀ ਅਤੇ ਗੁਰਬਾਣੀ ਵਿਚ ਇਕ ਚਮਤਕਾਰੀ ਅੰਦਾਜ਼ ਵਿਚ ਅਚੇਤ ਹੀ ਨਿਖੇੜਾ ਕਰਦਿਆਂ ਇਹ ਦਰਸਾਉਂਦਾ ਹੈ ਕਿ ਆਧੁਨਿਕ ਯੁੱਗ ਵਿਚ ਭਾਸ਼ਾਵਾਂ ਅਤੇ ਸਮੂਹਿਕ ਮਨੁੱਖ ਵਿਚ ਏਥੋਂ ਤੱਕ ਨਿਘਾਰ ਆ ਚੁੱਕਿਆ ਹੈ ਕਿ ਅੱਜ ਦੇ ਸਮੇਂ (Revealed Book) ਇਲਹਾਮ ਵਾਲਾ ਕੋਈ ਧਰਮ ਗ੍ਰੰਥ ਪੈਦਾ ਨਹੀਂ ਹੋ ਸਕਦਾ। ਪ੍ਰੰਤੂ ਏਸੇ ਥਾਂ ਤੇ ਉਹ ਪੁਸਤਕ ਦੇ ਫੁਟ ਨੋਟ ਤੇ ਇਹ ਲਿਖਦੇ ਹਨ ਕਿ ਹਾਂ "ਸਿੱਖ ਸੰਗਤ ਦੇ ਰੂਪ ਵਿਚ ਕਬੀਰ ਰਾਹੀਂ ਪੈਦਾ ਹੋਇਆ ਧਰਮ ਇਕ ਵਿਸ਼ੇਸ਼ ਧਰਮ ਗ੍ਰੰਥ (Revealed Book) ਦੇ ਰੁਤਬੇ ਦਾ ਹੋ ਸਕਦਾ ਹੈ। ਇਥੇ ਉਸ ਨੂੰ ਅਚੇਤ ਹੀ ਪਾਰਦਰਸ਼ੀ ਦ੍ਰਿਸ਼ਟੀ ਰਾਹੀਂ ਇਹ ਪਤਾ ਹੈ ਕਿ ਕਬੀਰ ਦੀ ਬਾਣੀ ਪਿੱਛੇ ਗੁਰੂ ਜਾਂ ਪੈਗੰਬਰ ਵੀ ਹੋ ਸਕਦਾ ਹੈ।

ਕਬੀਰ ਆਦਿ ਭਗਤਾਂ ਬਾਰੇ ਤਾਂ ਉਹ ਵੱਖ ਵੱਖ ਥਾਵਾਂ 'ਤੇ ਇਹ ਸਪਸ਼ਟ ਕਰ ਚੁੱਕੇ ਹਨ ਕਿ ਭਗਤ ਬਾਣੀ ਜਿਵੇਂ ਕਿ ਚੈਤੰਨਿਆ ਆਦਿ ਦੀ ਰਚਨਾ ਪਿਆਰ ਵਿਚੋਂ ਪੈਦਾ ਹੋਈ ਹੈ। ਪਿਆਰ ਦੀ ਉਪਜ ਨੂੰ ਉਹ ਇਲਹਾਮ ਨਹੀਂ ਮੰਨਦਾ। ਭਗਤ ਬਾਣੀ ਰੱਬ ਨਾਲ ਸਿੱਧੇ ਰਿਸ਼ਤੇ ਵਿਚੋਂ ਪੈਦਾ ਨਹੀਂ ਹੋਈ, ਸਗੋਂ ਇਸਦਾ ਸਰੋਤ ਇਸਾਈ ਸੰਤਾਂ ਵਾਲਾ ਭਾਵ ਇਲਹਾਮ ਦੀ ਥਾਂ ਪ੍ਰੇਰਨਾ (Inspiration) ਵਿਚੋਂ ਹੈ। ਅਸੀਂ ਆਪਣੇ ਮੱਤ ਦੀ ਪੁਸ਼ਟੀ ਲਈ ਉਨ੍ਹਾਂ ਦੇ ਵਿਚਾਰ ਉਨ੍ਹਾਂ ਦੀਆਂ ਪੁਸਤਕਾਂ ਕਰਮਵਾਰ 'ਦੀ ਅੰਡਰਸਟੈਂਡਿੰਗ ਇਸਲਾਮ" ਅਤੇ ਦੀ ਟਰਾਸੈਂਡੈਂਟ ਯੂਨਿਟੀ ਆਫ ਰਿਲੀਜਨਜ਼ ਵਿਚੋਂ ਇਥੇ ਦੇਣੇ ਉਚਿਤ ਸਮਝਦੇ ਹਾਂ- A language is sacred when God has spoken it, and in order that God should speak in it, it must have certain charactoristics such as are not found in any medern language, finally, it is essential to understand that

after a certain cyclical period and the hardening of the terrestrial ambience which it comprises, God no longer speaks, at least not as revealer. (Page 47)

ਪ੍ਰੰਤੂ ਏਸੇ ਖਿਆਲ ਦੇ ਅਗਲੇ ਸਫੇ ਦੇ ਫੁਟ ਨੋਟ ਵਿਚ ਫਰਿਥ ਜਾਫ ਸ਼ੁਨ ਸਿੱਖ ਧਰਮ ਵਿਚ ਇਲਹਾਮ (Revelation) ਵਾਲਾ ਧਰਮ ਗ੍ਰੰਥ ਹੋਣ ਸਬੰਧੀ ਸਹਿਮਤ ਹੈ। ਉਸਨੇ ਭਾਵੇਂ ਗੁਰੂ ਗ੍ਰੰਥ ਸਾਹਿਬ ਤਾਂ ਨਹੀਂ ਸੀ ਪੜ੍ਹਿਆ, ਪ੍ਰੰਤੂ ਉਸਨੂੰ ਕਿਸੇ ਵਸੀਲੇ ਰਾਹੀਂ ਕੋਈ ਜਾਣਕਾਰੀ ਸਿੱਖ ਧਰਮ ਗ੍ਰੰਥ ਪ੍ਰਤੀ ਜ਼ਰੂਰ ਸੀ। ਏਸੇ ਲਈ ਉਸਨੂੰ ਆਧੁਨਿਕ ਯੁਗ ਵਿਚ ਕਿਸੇ ਇਲਹਾਮ ਦੀ ਸੰਭਾਵਨਾ ਨਾ ਹੋਣ ਦੇ ਬਾਵਜੂਦ ਇਹ ਕਹਿਣਾ ਪਿਆ ਕਿ ਸਿੱਖ ਧਰਮ ਜ਼ਰੂਰ ਇਲਾਹੀ ਬਾਣੀ ਦਾ ਹੱਕਦਾਰ ਹੋ ਸਕਦਾ ਹੈ। ਫਰਿਥ ਜਾਫ ਸ਼ੁਨ ਦੀ ਅੱਗੇ ਲਿਖੀ ਟਿੱਪਣੀ ਇਸਦਾ ਸੰਕੇਤ ਹੈ ਕਿ "ਸ੍ਰੀ ਗੁਰੂ ਗ੍ਰੰਥ ਸਾਹਿਬ" ਇਕ ਪਵਿੱਤਰ ਧਰਮ ਗ੍ਰੰਥ (Revealed Book) ਹੈ ਅਤੇ ਗੁਰੂ ਦਾ ਸਰੀਰ ਸ਼ਬਦ (Work in flesh) ਹੈ - In fact Islam is the last world religion. As for the Sikh brotherhood, this is an asterism analogous to that of Kabir, the special position of which is explained by the quite exceptional conditions arising from the contiguity of Hinduism and sufism, but here too it is a case of a final possibility. Page 48. Foot note 13.

ਅਸੀਂ ਏਥੇ ਇਹ ਦਰਸਾਉਣਾ ਚਾਹੁੰਦੇ ਹਾਂ ਕਿ ਫਰਿਥ ਜਾਫ ਸ਼ੁਨ ਨੂੰ ਭਾਵੇਂ ਗੁਰੂਆਂ ਬਾਰੇ ਸਿੱਧੇ ਰੂਪ ਵਿਚ ਨਹੀਂ ਸੀ ਪਤਾ, ਪ੍ਰੰਤੂ ਉਸਨੂੰ ਇਸ ਧਰਤੀ ਉਪਰ ਅਗਲੇ ਧਰਮ, ਅੰਤਮ ਧਰਮ ਦੇ ਸੰਭਵ ਹੋਣ ਪ੍ਰਤੀ ਜੋ ਯਕੀਨ ਹੈ, ਉਸਦਾ ਆਧਾਰ ਕਬੀਰ ਭਗਤ ਨਹੀਂ। ਕਿਉਂਕਿ ਭਗਤ ਬਾਣੀ ਤਾਂ ਉਨ੍ਹਾਂ ਨੇ ਕਿਤੇ ਵੀ ਰੱਬ ਵਲੋਂ ਆਈ ਸਿੱਧੀ ਬਾਣੀ ਪ੍ਰਵਾਨ ਹੀ ਨਹੀਂ ਕੀਤੀ। ਇਸਦਾ ਇਕ ਹੋਰ ਹਵਾਲਾ ਏਥੇ ਦੇਣਾ ਉਚਿਤ ਸਮਝਦੇ ਹਾਂ ਤਾਂ ਕਿ ਪਾਠਕ ਦੀ ਭਗਤ ਬਾਣੀ ਦੇ ਦੈਵੀ ਸਥਾਨ ਪ੍ਰਤੀ ਤਸੱਲੀ ਹੋ ਸਕੇ। ਉਹ ਗੁਰਬਾਣੀ ਅਤੇ ਭਗਤ ਦੀ ਬਾਣੀ ਵਿਚ ਨਿਖੇੜਾ ਕਰਨ ਦੇ ਸਮਰੱਥ ਹੋ ਸਕੇ- Faith is in fact nothing else than the 'bhaktic' mode of knowledge and of intellectual certainty, which means that faith is a passive act of the intelligence, its immediate object being

not the truth as such but a symbol of the truth. This symbol will yield up its secrets in proportion to the greatness of the faith, which in its tern will be determined by an attitude of confidence or of emotional certainty, That is to say, by an element of bhakti or love Insofar as faith is a contemplative attitude, its subject is the intelligence, it can therefore be said to constitute a virtual knowledge. But since its mode is passive, it must compensate this passivity by a complementary active attitude, that is to say, by an attitude of the will. The substance of which is precisely confidence and fervor by virtue of which the intelligence will receive spiritual certainties. (ਦੇਖੋ ਸਫਾ 139, ਦੀ ਟਰਾਂਸੈਂਡੈਂਟ ਯੂਨਿਟੀ ਆਫ ਰਿਲੀਜ਼ਨਜ਼ ਬਾਈ ਫਰਿਥ ਜਾਫ ਸ਼ੂਨ)

ਸਾਡਾ ਉਪਰੋਕਤ ਹਵਾਲਿਆਂ ਤੋਂ ਭਾਵ ਇਹ ਹੈ ਕਿ ਇਨ੍ਹਾਂ ਤਿੰਨ ਵਿਸ਼ਵਪ੍ਰਸਿੱਧ ਚਿੰਤਕਾਂ ਨੇ ਭਗਤ ਬਾਣੀ ਨੂੰ ਇਸਾਈ ਸੰਤਾਂ ਵਾਂਗ ਪਿਆਰ ਦੀ ਉਪਜ ਮੰਨਿਆ ਹੈ, ਜੋ ਕਿ ਗੁਰੂ ਅਥਵਾ ਪੈਗੰਬਰ ਦੇ ਇਲਹਾਮ ਦਾ ਰੁਤਬਾ ਨਹੀਂ ਰਖਦੀ। ਹਰਿੰਦਰ ਸਿੰਘ ਮਹਿਬੂਬ ਅਤੇ ਪ੍ਰੋ. ਪੂਰਨ ਸਿੰਘ ਨੇ ਹੀ ਹਾਲੀ ਤਕ ਭਗਤ ਬਾਣੀ ਬਾਰੇ ਸਭ ਤੋਂ ਸੋਹਣਾ ਅਤੇ ਤਸਲੀਬਖਸ਼ ਲਿਖਿਆ ਹੈ। ਪ੍ਰੰਤੂ ਉਹ ਇਸਨੂੰ ਗੁਰੂ ਦੇ ਬਰਾਬਰ ਦਾ ਇਲਹਾਮ ਫਰਿਥ ਜਾਫ ਸ਼ੂਨ, ਰੈਨੇਗੁਈਨਾਨ ਅਤੇ ਮਾਰਟਿਨ ਲਿੰਗਜ਼ ਵਾਂਗ ਹੀ ਪ੍ਰਵਾਨ ਨਹੀਂ ਕਰਦੇ। ਇਹ ਇਲਹਾਮ ਵਿਚ ਸ਼ਾਮਿਲ ਹੋਣ ਦਾ ਰੁਤਬਾ ਜ਼ਰੂਰ ਰਖਦੀ ਹੈ ਕਿਉਂਕਿ ਇਲਹਾਮ ਨੂੰ ਪੈਦਾ ਕਰਨ ਵਾਲੇ ਤੇ ਧਿਆਨ ਕੇਂਦਰਤ ਕਰਨ ਨਾਲ ਉਪਜੇ ਪਿਆਰ ਵਿਚੋਂ ਇਹਨਾਂ ਦੀ ਬਾਣੀ ਪੈਦਾ ਹੋਈ ਹੈ।

ਕੁਰਾਨ ਵਿਚ ਲਿਖਿਆ ਹੈ ਕਿ ਧਰਤੀ ਤੇ ਕਿੰਨਾ ਵੀ ਨਿਘਾਰ ਅਤੇ ਗਿਰਾਵਟ ਕਿਉਂ ਨਾ ਆ ਜਾਵੇ, ਪ੍ਰੰਤੂ ਰੱਬ ਵਲੋਂ ਭੇਜੇ ਵੱਖ ਵੱਖ ਧਰਮਾਂ ਦੇ ਸਬੰਧ ਵਿਚ ਇਸਨੂੰ ਸਿਦਕ ਦੇਣ ਲਈ ਚਾਲੀ ਚੁਣੇ ਹੋਏ ਮਨੁੱਖ (ਰੱਬ ਦੇ ਦੋਸਤ) ਏਸ ਧਰਤੀ ਤੇ ਜ਼ਰੂਰ ਰਹਿਣਗੇ। ਹਰਿੰਦਰ ਸਿੰਘ ਮਹਿਬੂਬ, ਪ੍ਰੋ. ਪੂਰਨ ਸਿੰਘ, ਰੈਨੇਗੁਈਨਾਨ, ਫਰਿਥ ਜਾਫ ਸ਼ੂਨ ਅਤੇ ਮਾਰਟਿਨ ਲਿੰਗਜ਼ ਇਨ੍ਹਾਂ ਉਪਰੋਕਤ ਚਾਲੀ ਬੰਦਿਆਂ ਵਿਚ ਹੀ ਆਪਣਾ ਸਥਾਨ ਰੱਖਦੇ ਹਨ। ਵਿਸ਼ਵ ਧਰਮਾਂ ਦੀ ਏਕਤਾ ਨੂੰ ਆਪਣੇ ਆਪਣੇ

ਅਨੁਭਵ ਰਾਹੀਂ ਪਹਿਚਾਣਦਿਆਂ ਇਨ੍ਹਾਂ ਦੇ ਆਪਸੀ ਖਿਆਲ ਹਰ ਥਾਂ ਤੇ ਸਾਂਝੇ ਹਨ। ਕਿਤੇ ਵੀ ਕੋਈ ਮੱਤਭੇਦ ਨਹੀਂ। ਪਾਠਕ ਇਸ ਅਧਿਐਨ ਰਾਹੀਂ ਖੁਦ ਹੀ ਨਿਰਣਾ ਕਰ ਸਕਦੇ ਹਨ।

ਪ੍ਰੋ. ਪੂਰਨ ਸਿੰਘ ਅਤੇ ਹਰਿੰਦਰ ਸਿੰਘ ਮਹਿਬੂਬ ਵਾਂਗ ਹੀ ਉਪਰੋਕਤ ਤਿੰਨੇ ਦਰਵੇਸ਼ ਚਿੰਤਕਾਂ ਨੇ ਈਸਾਈ ਧਰਮ ਦੇ ਪਿਤਾ, ਪੁਤਰ ਅਤੇ ਪਵਿਤਰ ਆਤਮਾ, ਵੇਦਾਂਤ ਦੇ ਸੱਤ, ਚਿਤ ਅਤੇ ਅਨੰਦ, ਬੁੱਧ, ਈਸਾ ਅਤੇ ਹਿੰਦੁਸਤਾਨ ਦੇ ਅਵਤਾਰਾਂ ਨੂੰ ਇਕ ਇਲਹਾਮ ਵਾਲਾ ਗ੍ਰੰਥ (Revealed Book) ਪੈਦਾ ਕਰਨ ਤੋਂ ਅਸਮਰਥ ਮੰਨਿਆ ਹੈ, ਭਾਵੇਂ ਕਿ ਇਨ੍ਹਾਂ ਨੂੰ ਰੱਬੀ ਹੱਕ ਹਾਸਲ ਕਰਨ ਵਾਲੇ ਜ਼ਰੂਰ ਮੰਨਿਆ ਹੈ। ਮਹਾਤਮਾ ਈਸਾ, ਮਹਾਤਮਾ ਬੁੱਧ ਅਤੇ ਹਿੰਦੂ ਅਵਤਾਰ ਇਨ੍ਹਾਂ ਅਨੁਸਾਰ ਕਿਸੇ ਹੱਦ ਤੱਕ ਆਪ ਤਾਂ ਸ਼ਬਦ (Word in flesh) ਆਖੇ ਜਾ ਸਕਦੇ ਹਨ, ਪ੍ਰੰਤੂ ਇਹਨਾਂ ਦੇ ਵਚਨ ਇਲਹਾਮ (Revelation) ਨਹੀਂ। ਬ੍ਰਹਮਾ, ਬਿਸ਼ਨੂ, ਮਹੇਸ਼, ਸੱਤ, ਚਿਤ, ਆਨੰਦ (ਵੇਦਾਂਤ) ਅਤੇ ਪਿਤਾ ਪੁੱਤਰ ਤੇ ਪਵਿਤਰ ਆਤਮਾ ਕਿਤੇ ਵੀ ਇਕ ਰੱਬ ਵਿਚ ਇਕ ਹੋ ਕੇ ਆਪਣੀ ਤ੍ਰਿਵੈਣੀ ਮੂਰਤੀ ਨੂੰ ਇਕ ਵਿਚ ਪੂਰੀ ਤਰ੍ਹਾਂ ਕਿਤੇ ਵੀ ਨਹੀਂ ਵੇਖਦੇ। ਇਸਦੀ ਪੁਸ਼ਟੀ ਲਈ ਅਸੀਂ 'ਅੰਡਰਸਟੈਂਡਿੰਗ ਇਸਲਾਮ' ਵਿਚੋਂ ਹਵਾਲਾ ਪੇਸ਼ ਕਰਦੇ ਹਾਂ ਜੋ ਕਿ ਇਸਾਈ ਧਰਮ ਅਤੇ ਵੇਦਾਂਤ ਦੇ ਤ੍ਰੈਗੁਣੀ ਸਿਧਾਂਤ ਦੇ ਸਬੰਧ ਵਿਚ ਫਰਿਥ ਜਾਫ ਸ਼ੂਨ ਨੇ ਦਿਤਾ ਹੈ- The Absolute is not the Absolute, in as much as It contains aspects, but in as much as It transcends them, in as much as It is trinity. It is therefore not Absolute. (ਅੰਡਰ ਸਟੈਂਡਿੰਗ ਇਸਲਾਮ-ਸਫਾ 53 ਉਪਰਲਾ ਧਰਮ ਸਫਾ ਅਤੇ ਫੁਟਨੋਟ) ਵਿਸ਼ਵ ਦੀਆਂ ਚੋਣਵੀਆਂ ਧਰਮ ਪੁਸਤਕਾਂ ਵਿਚ ਪੁਰਾਣੀ ਬਾਈਬਲ ਦੀਆਂ ਪਹਿਲੀਆਂ ਪੰਜ ਪੁਸਤਕਾਂ ਜੋ ਹਜ਼ਰਤ ਮੂਸਾ ਰਾਹੀਂ ਇਲਹਾਮ ਦੇ ਰੂਪ ਵਿਚ ਉਤਰੀਆਂ, ਕੁਰਾਨ ਮਜੀਦ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਆਉਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਇਕ ਇਲਹਾਮ ਦਾ ਦਰਜਾ ਰਖਣ ਵਾਲਾ ਧਰਮ ਗ੍ਰੰਥ ਉਦੋਂ ਹੀ ਸਥਾਪਤ ਹੁੰਦਾ ਹੈ ਜਦੋਂ ਇਸਦਾ ਆਖਰੀ ਰੂਪ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਇਲਹਾਮ ਵਿਚੋਂ ਨੌ ਮਹੀਨੇ ਨੌ ਦਿਨ ਅਤੇ ਨੌ ਘੜੀਆਂ ਵਿਚ ਦਮਦਮੇ ਸਾਹਿਬ ਨਾਜ਼ਲ ਹੋਇਆ। ਇਹਨਾਂ ਵਿਸ਼ੇਸ਼ ਧਰਮ ਗ੍ਰੰਥਾਂ ਦਾ ਨਿਖੇੜਾ ਕਰਦਿਆਂ ਸ਼ੂਨ ਦੇ ਆਪਣੇ ਵਿਚਾਰ ਏਥੇ ਵਿਸ਼ੇਸ਼ ਤੌਰ 'ਤੇ ਦੇਣੇ ਯੋਗ ਸਮਝਦੇ ਹਾਂ- It should be clearly understood that

sacred scriptures "of the first Rank" are never exoteric in themselves, what ever their ex-pressions or their silences. They always leave a possibility of reconstituting the total truth, perhaps so from some minute element, which means that they always let it shine through them. They are never entirely compact crystallization of partial perspectives.

"ਅੰਡਰਸਟੈਂਡਿੰਗ ਇਸਲਾਮ ਸਫਾ 86, ਵਧੇਰੇ ਤਸੱਲੀ ਲਈ ਏਥੇ ਹੀ ਸਫਾ 87-88-89, ਨੂੰ ਵੀ ਸੰਤੁਸ਼ਟਤਾ ਲਈ ਵੇਖਿਆ ਜਾ ਸਕਦਾ ਹੈ)

ਕੁਰਾਨ ਵਿਚ ਅਲਾਹ ਨੇ ਫਰਮਾਇਆ ਹੈ ਕਿ "The ink of the learned is the blood of the martyrs" ਭਾਵ ਇਲਹਾਮ ਵਾਲੇ ਧਰਮ ਗ੍ਰੰਥਾਂ ਦੇ ਲਿਖਣ ਲਈ ਪ੍ਰਯੋਗ ਵਿਚ ਆਈ ਸਿਆਹੀ ਸ਼ਹੀਦਾਂ ਦੇ ਲਹੂ ਦਾ ਰੁਤਬਾ ਰਖਦੀ ਹੈ, ਕਿਉਂਕਿ ਲਿਖਣ ਵਾਲਾ ਕਾਤਿਬ ਵੀ ਇਸ ਇਲਹਾਮ ਵਿਚ ਅਭੇਦ ਹੋਣ ਕਾਰਨ ਉਹ ਇਸਦਾ ਸਬੂਤ ਸ਼ਹਾਦਤ ਰਾਹੀਂ ਹੀ ਦ੍ਰਿੜ ਕਰਵਾ ਸਕਦਾ ਹੈ। ਭਾਈ ਮਨੀ ਸਿੰਘ ਦੀ ਬੰਦ ਬੰਦ ਕੱਟਣ ਦੇ ਰਾਜ਼ ਰਾਹੀਂ ਹੋਈ ਸ਼ਹਾਦਤ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਕੁਰਾਨ ਦੇ ਉਪਰੋਕਤ ਹਵਾਲੇ ਅਨੁਸਾਰ ਦੁਨੀਆਂ ਦੇ ਸਭ ਤੋਂ ਮਹਾਨ ਧਰਮ ਗ੍ਰੰਥ ਦਾ ਰੁਤਬਾ ਪ੍ਰਦਾਨ ਕਰਦੀ ਹੈ। ਹਰਿੰਦਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਨੇ ਹਿੰਦੂ ਧਰਮ ਨੂੰ ਗੁਰੂ ਗ੍ਰੰਥ ਸਾਹਿਬ ਦੇ ਸੰਬਧ ਵਿੱਚ ਉਪਰੋਕਤ ਸਥਾਨ ਹੀ ਦਿੱਤਾ ਹੈ। ਵਿਸ਼ਵ ਧਰਮਾਂ ਨਾਲ ਨਿਆਂ ਕਰਨ ਵਾਲੀ ਅਨੁਭਵੀ ਦ੍ਰਿਸ਼ਟੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਹੀ ਪ੍ਰਾਪਤ ਕੀਤੀ ਹੈ। ਹਰਭਜਨ ਸਿੰਘ ਵਾਂਗ ਹੀ ਸਾਨੂੰ ਸਾਰਿਆਂ ਨੂੰ ਆਪਣੀ ਤੁਛ ਬੁੱਧੀ ਅਤੇ ਅਗਿਆਨਤਾ ਨੂੰ ਪ੍ਰਵਾਨ ਕਰਕੇ ਇਨ੍ਹਾਂ ਉਪਰੋਕਤ ਅਨੁਭਵੀ ਲੇਖਕਾਂ ਦਾ ਨਿੱਠ ਕੇ ਅਧਿਐਨ ਕਰਨਾ ਬਣਦਾ ਹੈ, ਤਾਂ ਕਿ ਪੰਜਾਬ ਅਤੇ ਵਿਸ਼ਵ ਦੇ ਮਨੁੱਖ ਵਿਚ ਆਏ ਸਮੂਹਿਕ ਪਤਨ ਨੂੰ ਉਸਾਰੀ ਵਲ ਲਿਜਾਇਆ ਜਾ ਸਕੇ। ਡਾ. ਹਰਭਜਨ ਸਿੰਘ ਨੇ ਗੁਰੂ ਸਾਹਿਬਾਨ, ਭਗਤ ਬਾਣੀ ਅਤੇ ਹਿੰਦੂ ਧਰਮ ਪ੍ਰਤੀ ਆਪਣੀ ਅਗਿਆਨਤਾ ਦੇ ਗੰਧਲ ਅਤੇ ਈਰਖਾ ਵਿਚੋਂ ਹਰਿੰਦਰ ਸਿੰਘ ਮਹਿਬੂਬ ਦੀ ਪੁਸਤਕ "ਸਹਿਜੇ ਰਚਿਓ ਖਾਲਸਾ" ਦੇ ਸਬੰਧ ਵਿਚ ਜੋ ਨਿਰਮੂਲ ਇਤਰਾਜ਼ ਲਗਾਏ ਹਨ, ਉਨ੍ਹਾਂ ਦਾ ਸਪਸ਼ਟੀਕਰਨ ਲਗਭਗ ਹੋ ਚੁਕਿਆ ਹੈ। ਰਹੀ ਗੱਲ ਉਨ੍ਹਾਂ ਰਾਹੀਂ ਵਿਅੰਗ ਦੇ ਤੌਰ 'ਤੇ ਉਠਾਏ ਇਤਰਾਜ਼ "ਬਾਬਰੀ ਜਲਾਲ" ਦਾ ਸਪਸ਼ਟੀਕਰਨ ਦੇਣ ਦੀ। ਚੰਗੀ ਗੱਲ

ਤਾਂ ਇਹ ਹੈ ਕਿ ਡਾ. ਹਰਭਜਨ ਸਿੰਘ ਇਨ੍ਹਾਂ ਮੁਗਲ ਬਾਦਸ਼ਾਹ ਅਤੇ ਗੁਰੂਆਂ ਨਾਲ ਸੰਪਰਕ ਵਿਚ ਆਏ ਮੁਸਲਮਾਨ ਫਕੀਰਾਂ ਨੂੰ ਸਹੀ ਰੂਪ ਵਿਚ ਸਮਝਣ ਲਈ ਸਭ ਤੋਂ ਪਹਿਲਾਂ ਤਾਂ ਹਜ਼ਰਤ ਮੁਹੰਮਦ ਸਾਹਿਬ ਦੇ "ਮਹਾਨ ਪਵਿੱਤਰ ਜੰਗ" (The Greater Holy War) ਨੂੰ ਐਲਾਨਣ ਦੇ ਮਨੁੱਖ ਦੇ ਸਵੈ ਤੋਂ ਲੈ ਕੇ ਬਾਹਰ ਮੁਖੀ ਸੰਸਾਰ ਤਕ ਸਹੀ ਰੂਪ ਵਿਚ ਸਮਝਣ ਦੀ ਕੋਸ਼ਿਸ਼ ਕਰਨ ਤਾਂ ਕਿ ਉਨ੍ਹਾਂ ਨੂੰ ਇਸ ਵਿਚ ਕੋਈ ਭੁਲੇਖਾ ਨਾ ਰਹੇ ਕਿ ਇਕ ਸਾਧਾਰਨ ਤੋਂ ਸਾਧਾਰਨ ਮੁਸਲਮਾਨ ਭਾਵੇਂ ਉਹ ਕਿੰਨਾ ਵੀ ਜ਼ਾਲਿਮ ਕਿਉਂ ਨਾ ਹੋਵੇ, ਜਦੋਂ ਉਹ ਕਿਸੇ ਮੈਦਾਨੇ ਜੰਗ ਵਿਚ ਖੁਦ ਹਾਜ਼ਰ ਹੁੰਦਾ ਹੈ ਤਾਂ ਉਸਨੂੰ ਮੁਹੰਮਦ ਸਾਹਿਬ ਦਾ ਮਹਾਨ ਪਵਿੱਤਰ ਜੰਗ ਦਾ ਨਾਅਰਾ ਸਦਾ ਯਾਦ ਆਉਂਦਾ ਹੈ। ਮੁਹੰਮਦ ਸਾਹਿਬ ਦੇ ਇਹ ਇਲਾਹੀ ਸ਼ਬਦ ਹਰ ਮੁਸਲਮਾਨ ਸਾਹਮਣੇ ਮੈਦਾਨੇ ਜੰਗ ਅਤੇ ਆਮ ਜੀਵਨ ਵਿਚ ਵੀ ਉਸਦੇ ਅਮਲਾਂ ਅਨੁਸਾਰ ਪ੍ਰਤਿਬਿੰਬਤ ਹੁੰਦੇ ਹਨ।

ਬਾਬਰੀ ਜਲਾਲ ਕੋਈ ਇਕੱਲੇ ਬਾਬਰ ਨਾਲ ਹੀ ਸਬੰਧਤ ਨਹੀਂ ਸਗੋਂ ਸਮੁੱਚੇ ਮੁਗਲਕਾਲ ਨਾਲ ਹੈ। ਬਾਬਰੀ ਜਲਾਲ ਸਬੰਧੀ ਬਾਬਰ ਉਪਰ ਮਹਾਨ ਨਾਵਲ ਵੀ ਰੂਸ ਦੇ ਲਿਖਾਰੀ ਪੀ. ਕਾਦੀਰੋਵ ਨੇ "ਸਟਾਰੀ ਨਾਈਟਸ" ਦੇ ਸਿਰਲੇਖ ਥੱਲੇ ਲਿਖਿਆ ਹੈ। ਜਦੋਂ ਮੁਗਲ ਬਾਦਸ਼ਾਹਾਂ ਵਿਚੋਂ ਕੋਈ ਵੀ ਗੁਰੂ ਸੰਪਰਕ ਵਿਚ ਕਿਸੇ ਨਾ ਕਿਸੇ ਤਰ੍ਹਾਂ ਆਉਂਦਾ ਹੈ ਤਾਂ ਉਸਨੂੰ ਮੁਹੰਮਦ ਸਾਹਿਬ ਦੇ ਉਪਰੋਕਤ ਵਚਨ ਅੱਵਸ਼ ਯਾਦ ਆਉਂਦੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਤਿਬਿੰਬਤ ਰੂਪ ਵਿਚ ਇਨ੍ਹਾਂ ਬਾਦਸ਼ਾਹਾਂ ਤੇ ਵੱਖਰੇ ਵੱਖਰੇ ਪ੍ਰਸੰਗ ਵਿੱਚ ਵੱਖਰੀ ਵੱਖਰੀ ਤਰ੍ਹਾਂ ਪ੍ਰਗਟ ਹੋਣਾ ਕੁਦਰਤੀ ਹੈ। ਜਿਥੋਂ ਤੱਕ ਜਲਾਲ ਦਾ ਸੁਆਲ ਹੈ ਪੁਰਾਤਨ ਕਾਲ ਦੇ ਸਭ ਬਾਦਸ਼ਾਹ ਭਾਵੇਂ ਉਹ ਪਾਪੀ ਵੀ ਹੋਣ, ਕਿਸੇ ਦੈਵੀ ਨਿਯਮ ਵਿਚੋਂ ਥਾਪੇ ਮੰਨੇ ਗਏ ਹਨ।

ਡਾ. ਹਰਭਜਨ ਸਿੰਘ ਨੂੰ ਮਹਿਬੂਬ ਦੇ ਗੁਰਬਾਣੀ ਅਨੁਭਵ ਵਿਚੋਂ ਸਿਰਜੇ ਮੌਲਿਕ ਸੰਕਲਪ "ਬਾਬਰੀ ਜਲਾਲ" 'ਤੇ ਖਾਸ ਰੰਜਸ਼ ਹੈ। ਇਹ ਸ਼ਬਦ ਉਹਨਾਂ ਦੀ ਬਰਦਾਸ਼ਤ ਤੋਂ ਬਾਹਰ ਹੈ। ਜਿਥੋਂ ਤੱਕ ਬਾਬਰ ਦਾ ਸੁਆਲ ਹੈ, ਉਹ ਉਚ ਕੋਟੀ ਦਾ ਵਿਦਵਾਨ ਸੀ। ਦੋ ਬੰਦਿਆਂ ਨੂੰ ਮੋਢਿਆਂ ਨਾਲ ਲਟਕਾ ਕੇ ਕੰਧ ਉਪਰ ਭੱਜ ਸਕਦਾ ਸੀ। ਉਸਨੇ ਪੰਜਾਬ ਦੇ ਸਾਰੇ ਦਰਿਆ ਤੈਰ ਕੇ ਪਾਰ ਕੀਤੇ ਹੋਏ ਸਨ। ਉਸਨੇ ਆਪਣੇ ਬੇਟੇ ਹਮਾਯੂੰ ਦੀ ਮੌਤ ਸਮੇਂ ਖੁਦ ਅਰਦਾਸ ਰਾਹੀਂ ਆਪਣੀ ਜ਼ਿੰਦਗੀ ਨੂੰ ਬੇਟੇ ਦੇ ਸਪੁਰਦ ਕਰਕੇ ਉਸਨੂੰ ਜਿੰ ਕਰ ਲਿਆ ਸੀ। ਜਿਵੇਂ ਖਲੀਫਾ ਅਬੂ ਬਕਰ ਨੇ ਮੁਹੰਮਦ

ਸਾਹਿਬ ਨੂੰ ਨਮਾਜ਼ ਦੇ ਸਿਦਕ ਨਾਲ ਮੌਤ ਦੇ ਘੇਰੇ ਵਿਚੋਂ ਕਢ ਲਿਆ ਸੀ। ਬਾਬਰ ਦੀ ਇਸ ਸ਼ਹਾਦਤ ਦਾ ਰੁਤਬਾ ਧਾਰਨ ਕਰਨ ਵਾਲੀ ਅਰਦਾਸ ਪਿਛੇ ਇਹ ਗੱਲ ਵੀ ਸਪਸ਼ਟ ਹੀ ਅਭੇਦ ਹੈ ਕਿ ਉਸ ਦੇ ਪੁਤਰ ਹਮਾਯੂੰ ਨੇ ਅਗਲਾ ਬਾਦਸ਼ਾਹ ਵੀ ਜ਼ਰੂਰ ਬਣਨਾ ਸੀ।

ਹਮਾਯੂੰ ਉਚ ਕੋਟੀ ਦਾ ਵਿਦਵਾਨ ਸੀ। ਉਸਦੀ ਮੌਤ ਵੀ ਲਾਇਬ੍ਰੇਰੀ ਦੀਆਂ ਪੌੜੀਆਂ ਵਿਚੋਂ ਡਿਗਕੇ ਹੀ ਹੋਈ ਸੀ। ਕੁਰਾਨ ਵਿਚ ਲਿਖਿਆ ਏਥੇ ਫੇਰ ਦੁਹਰਾਉਂਦੇ ਹਾਂ ਕਿ ਇੰਕ ਆਫ ਦੀ ਲਰਨਡ, ਇਜ਼ ਦੀ ਬਲੱਡ ਆਫ ਦੀ ਮਾਰਟਾਇਰ" ਹਮਾਯੂੰ ਦਾ ਇਲਮ ਬਾਬਰ ਦੀ ਸ਼ਹਾਦਤ ਦਾ ਲਹੂ ਬਣਕੇ ਆਪਣੇ ਬੇਟੇ ਦੀ ਆਤਮਾ ਵਿਚੋਂ ਜ਼ਹੂਰ ਕਰਦਾ ਹੈ। ਡਾ. ਹਰਭਜਨ ਸਿੰਘ ਨੇ ਜੇਕਰ ਬਾਬਰੀ ਜਲਾਲ ਦੇ ਰਾਜ ਨੂੰ ਸਮਝਣਾ ਹੈ ਤਾਂ ਸ਼ੈਕਸਪੀਅਰ ਦੇ ਨਾਟਕਾਂ ਦਾ ਅਧਿਐਨ ਉਨ੍ਹਾਂ ਲਈ ਜਰੂਰੀ ਹੈ। ਪ੍ਰੰਤੂ ਦੁੱਖ ਦੀ ਗੱਲ ਇਹ ਹੈ ਕਿ ਹਰਭਜਨ ਸਿੰਘ ਨੇ ਗੁਰਬਾਣੀ ਦੀ ਅਨੁਭਵੀ ਪ੍ਰਵਾਜ਼ ਨੂੰ ਤਾਂ ਕੀ ਸਮਝਣਾ ਹੈ, ਉਨ੍ਹਾਂ ਕੋਲ ਸ਼ੈਕਸਪੀਅਰ ਦੇ ਨਾਟਕਾਂ ਨੂੰ ਸਮਝਣ ਵਾਲਾ ਅਨੁਭਵ ਵੀ ਨਹੀਂ। ਜਿਸ ਰਾਹੀਂ ਉਸਨੂੰ ਬਾਦਸ਼ਾਹ ਦੇ ਸਹੀ ਮਾਅਨਿਆਂ ਦੀ ਸਮਝ ਪੈ ਸਕੇ। ਸ਼ੈਕਸਪੀਅਰ ਨੇ ਰੋਮ ਦੇ ਰਾਜਿਆਂ ਜਿਵੇਂ ਕਿ ਪੰਪੀ, ਐਥਨੀ, ਜੁਲੀਅਸ ਸੀਜ਼ਰ ਅਤੇ ਟ੍ਰੈਲੈਸ ਆਦਿ ਉਪਰ ਜਗਤ ਪ੍ਰਸਿਧ ਨਾਟਕ ਰਚੇ, ਜਿਹਨਾਂ ਦੇ ਅਧਿਐਨ ਰਾਹੀਂ ਇਹ ਗਲ ਵਿਸ਼ਵ ਦੇ ਚਿੰਤਕਾਂ ਵਿਚ ਸਰਵ ਪ੍ਰਵਾਨਤ ਹੈ ਕਿ ਬਾਦਸ਼ਾਹ ਨੂੰ ਇਕ ਦੈਵੀ ਨਿਯਮ ਪ੍ਰਬੰਧ ਥਾਪਦਾ ਹੈ। ਸੋ, ਉਸਦੀ ਸ਼ਖਸੀਅਤ ਦੇ ਸੰਤੁਲਨ ਅਤੇ ਅਸੰਤੁਲਨ ਰਾਹੀਂ ਦੈਵੀ ਨਿਯਮ ਪ੍ਰਬੰਧ ਵਿਚ ਵੀ ਇਸਦੇ ਉਸਾਰੂ ਅਤੇ ਮਾਰੂ ਪ੍ਰਭਾਵ ਦਿਸਦੇ ਹਨ। ਸੈ ਦਾ ਰੁਤਬਾ ਵਿਸ਼ਵ ਸਾਹਿਤ ਵਿਚ ਸੇਕਰਡ ਲਿਟਰੇਚਰ ਦੇ ਤੌਰ 'ਤੇ ਸਥਾਪਤ ਹੈ। ਸੋਫੋਕਲੀਜ਼ ਅਤੇ ਕਾਲੀਦਾਸ ਦੇ ਨਾਟਕਾਂ ਵਿਚ ਵੀ ਇਹ ਗੱਲ ਜ਼ਾਹਿਰ ਹੈ ਕਿ ਬਾਦਸ਼ਾਹ ਇਕ ਸਮੂਹਿਕ ਮਨੁੱਖ ਹੁੰਦਾ ਹੈ ਅਤੇ ਉਸਨੂੰ ਦੈਵੀ ਨਿਯਮ ਪ੍ਰਬੰਧ ਵਲੋਂ ਹੀ ਥਾਪਿਆ ਜਾਂਦਾ ਹੈ। ਜੇਕਰ ਬਾਦਸ਼ਾਹਾਂ ਵਿਚ ਕੁਝ ਊਣਤਾਈਆਂ ਵੀ ਹੋਣ, ਉਹ ਉਨ੍ਹਾਂ ਦੀਆਂ ਨਿਜੀ ਕਮਜ਼ੋਰੀਆਂ ਆਖੀਆਂ ਜਾ ਸਕਦੀਆਂ ਹਨ, ਜਿਨ੍ਹਾਂ ਦੇ ਵਧਣ ਘਟਣ ਨਾਲ ਉਸਦਾ ਦੈਵੀ ਸਿਦਕ ਵੀ ਉਸੇ ਅਨੁਪਾਤ ਵਿਚ ਵਧਦਾ ਘਟਦਾ ਹੈ। ਪੰਜਾਬ ਦਾ ਮਹਾਰਾਜਾ ਰਣਜੀਤ ਸਿੰਘ ਵੀ ਉਪਰੋਕਤ ਬਾਦਸ਼ਾਹਾਂ ਦੀ ਕਤਾਰ ਵਿਚ ਇਕ ਵਿਸ਼ੇਸ਼ ਸਥਾਨ ਰਖਦਾ ਹੈ। ਡਾ. ਹਰਭਜਨ ਸਿੰਘ ਜੇਕਰ ਆਪ ਬਾਬਰ ਨੂੰ ਉਪਰੋਕਤ ਦ੍ਰਿਸ਼ਟੀਕੋਣ ਤੋਂ ਵੇਖਣ ਦੀ ਸੂਝ

ਰਖਦੇ ਹੁੰਦੇ ਤਾਂ ਨਿਰਸੰਦੇਹ ਬਾਬਰ ਸ਼ੈਕਸਪੀਅਰ ਰਾਹੀਂ ਰਚੇ ਨਾਟਕਾਂ ਦੇ ਸਮੁੱਚੇ ਬਾਦਸ਼ਾਹਾਂ ਨਾਲੋਂ ਬਹੁਤ ਬੁਲੰਦ ਸ਼ਖਸੀਅਤ ਦਾ ਮਾਲਕ ਹੈ।

ਉਸਦੇ ਅੰਤਰੀਵ ਸੋਹਜ ਨੂੰ ਉਸ ਦੀ ਆਪਣੇ ਬੇਟੇ ਹਮਾਯੂੰ ਲਈ ਕਬੂਲ ਹੋਈ ਅਰਦਾਸ ਦੇ ਅੰਤਰੀਵ ਰਹੱਸ ਵਿਚੋਂ ਪਹਿਚਾਣਿਆ ਜਾ ਸਕਦਾ ਹੈ। ਰਾਬਿੰਦਰ ਨਾਥ ਟੈਗੋਰ ਨੇ ਸ਼ਾਹ ਜਹਾਨ ਬਾਦਸ਼ਾਹ ਦੀ ਬੁਲੰਦ ਸ਼ਖਸੀਅਤ ਨੂੰ ਆਪਣੀ ਕਵਿਤਾ ਵਿਚ ਦਰਸਾਉਂਦਿਆਂ ਬਾਬਰੀ ਜਲਾਲ ਦਾ ਹੀ ਅਗਲਾ ਰੂਪ ਇਕ ਮਹਾਨ ਕਾਵਿਕ ਰਹੱਸ ਰਾਹੀਂ ਪੇਸ਼ ਕੀਤਾ ਹੈ। ਮੁਗਲ ਬਾਦਸ਼ਾਹਾਂ ਦੇ ਗੁਰੂਆਂ ਨਾਲ ਮਿਲਣੀਆਂ ਦੇ ਉਤਾਰ ਚੜ੍ਹਾਅ ਜਿਸ ਦੂਰਦਰਸ਼ੀ ਦ੍ਰਿਸ਼ਟੀ ਰਾਹੀਂ ਹਰਿੰਦਰ ਸਿੰਘ ਮਹਿਬੂਬ ਨੇ ਦਰਸਾਏ ਹਨ, ਉਨ੍ਹਾਂ ਨੂੰ ਸਮਝਣਾ ਹਰ ਸਿੱਖ ਦਾ ਫਰਜ਼ ਹੈ ਭਾਵੇਂ ਕਿ ਹਰਭਜਨ ਸਿੰਘ ਦੇ ਇਹ ਵੱਸ ਤੋਂ ਬਾਹਰ ਹੈ। ਪ੍ਰੰਤੂ ਹਰ ਸਿੱਖ ਨੂੰ ਮੁਗਲ ਬਾਦਸ਼ਾਹ ਦੀ ਸ਼ਖਸੀਅਤ ਨੂੰ ਸਹੀ ਰੂਪ ਵਿਚ ਪਹਿਚਾਨਣਾ ਇਸ ਲਈ ਜ਼ਰੂਰੀ ਹੈ ਕਿਉਂਕਿ ਇਨ੍ਹਾਂ ਦੇ ਉਪਰੋਕਤ ਪ੍ਰਸੰਗ ਵਿਚ ਗੁਰੂਆਂ ਦੀ ਮਹਾਨਤਾ ਆਪਣੀ ਆਪਣੀ ਤਰ੍ਹਾਂ ਜ਼ਾਹਿਰ ਹੁੰਦੀ ਹੈ। ਸਿੱਖ ਕੌਮ ਦੇ ਸਮੂਹਿਕ ਪਤਨ ਦਾ ਕਾਰਨ ਹੀ ਇਹ ਹੈ ਕਿ ਉਨ੍ਹਾਂ ਨੇ ਗੁਰੂ ਸਾਹਿਬਾਨ ਦੇ ਮਿਹਰਬਾਨ ਰੂਪ ਨੂੰ ਸਮਝਕੇ ਆਪਣੀ ਸਿੱਖ ਉਚਾਈ ਦੇ ਅਹਿਸਾਸ ਤਕ ਆਉਣ ਦੀ ਥਾਂ ਸਗੋਂ ਗੁਰੂਆਂ ਦੇ ਵਿਰੋਧੀਆਂ ਨਾਲ ਘ੍ਰਿਣਾ ਤੇ ਵੈਰ ਪਾਲਕੇ ਗੁਰੂ ਦੀ ਵਡਿੱਤਣ ਤੋਂ ਹੀ ਇਕ ਤਰ੍ਹਾਂ ਬੇਮੁਖ ਹੋਣ ਦਾ ਘਿਨਾਉਣਾ ਅਮਲ ਪਾਲਿਆ ਹੈ। ਹਰਭਜਨ ਸਿੰਘ ਦਾ ਇਕ ਦੁਖਾਂਤ ਹੋਰ ਹੈ ਕਿ ਉਹ ਗੁਰੂਆਂ ਨੂੰ ਕਈ ਵਾਰ ਆਪਣੇ ਜੇਡਾ ਵੀ ਕਲਪ ਰਹੇ ਹਨ, ਭਾਵੇਂ ਕਿ ਉਨ੍ਹਾਂ ਦੀ ਮਹਿਮਾ ਵਿਚ ਬੇਲੋੜਾ ਸ਼ਬਦਾਂ ਦਾ ਭਾਰ ਜ਼ਰੂਰ ਹੈ। ਇਹ ਉਨ੍ਹਾਂ ਦੇ ਲੇਖ ਵਿਚ ਥਾਂ-ਥਾਂ ਪ੍ਰਾਪਤ ਹੈ। ਜ਼ਫਰਨਾਮੇ ਵਿਚ ਗੁਰੂ ਗੋਬਿੰਦ ਸਿੰਘ ਨੇ ਔਰੰਗਜ਼ੇਬ ਨੂੰ ਪਹਾੜ ਵਰਗਾ ਅਹਿਲ ਜੋਧਾ, ਵੱਡੀਆਂ ਬਖਸ਼ਸ਼ਾਂ ਦਾ ਰੱਬ ਵਲੋਂ ਹੱਕਦਾਰ, ਰੱਜ ਕੇ ਖੂਬਸੂਰਤ ਅਤੇ ਘੋੜੇ ਦਾ ਮਾਹਿਰ ਸਵਾਰ ਖੁਦ ਹੀ ਮੰਨਿਆ ਹੈ। ਕਮਾਲ ਦੀ ਗੱਲ ਤਾਂ ਇਹ ਹੈ ਕਿ ਇਨ੍ਹਾਂ ਸਿਫਤਾਂ ਨੂੰ ਕਬੂਲ ਕਰਕੇ ਵੀ ਔਰੰਗਜ਼ੇਬ ਗੁਰੂ ਸ਼ਖਸੀਅਤ ਦੇ ਕਿਸੇ ਪ੍ਰਛਾਵੇਂ ਦੇ ਵੀ ਹਾਣ ਦਾ ਨਹੀਂ। ਔਰੰਗਜ਼ੇਬ ਨਾਲ ਗੁਰੂ ਦਾ ਜੋ ਮਿਹਰਬਾਨ ਰੂਪ ਹੈ, ਹਰਭਜਨ ਸਿੰਘ ਨੂੰ ਉਹ ਪ੍ਰਵਾਨ ਨਹੀਂ ਕਿਉਂਕਿ ਉਹ ਆਪਣੀ ਘ੍ਰਿਣਾ, ਤੰਗਦਿਲੀ ਅਤੇ ਖੁਣਸ ਵਿਚੋਂ ਬਾਹਰ ਹੀ ਨਹੀਂ ਆ ਸਕਦੇ। ਗੁਰੂ ਰਾਹੀਂ ਔਰੰਗਜ਼ੇਬ ਦੀਆਂ ਸਿਫਤਾਂ ਨੂੰ ਪ੍ਰਵਾਨ ਕਰਨ ਪਿਛੋਂ ਹੀ ਸਿੱਖ ਧਰਮ ਦੀ

ਦੁਨੀਆਂ ਦੇ ਮਹਾਨ ਧਰਮਾਂ ਵਿਚ ਬੁਲੰਦ ਉਚਾਈ ਸਥਾਪਤ ਹੁੰਦੀ ਹੈ। ਇਹ ਉਚਾਈ ਮਹਿਬੂਬ ਨੇ ਆਪਣੀ ਪੁਸਤਕ ਵਿਚ ਗੁਰੂ ਸਾਹਿਬਾਨ, ਖਾਲਸਾ (ਆਪਣੇ ਸ਼ੁਧ ਅਮਲ ਵਿਚ) ਵਿਸ਼ਵ ਧਰਮਾਂ, ਵਿਸ਼ਵ ਇਤਿਹਾਸ, ਵਿਸ਼ਵ ਮਿਥਿਹਾਸ, ਵਿਸ਼ਵ ਲੋਕਯਾਨ ਅਤੇ ਵਿਸ਼ਵ ਕਬੀਲਿਆਂ ਦੇ ਪ੍ਰਸੰਗ ਵਿਚ ਤਰ੍ਹਾਂ ਤਰ੍ਹਾਂ ਨਾਲ ਪੇਸ਼ ਕੀਤੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਸ਼ਵ ਧਰਮਾਂ ਵਿਚ ਵਿਸ਼ੇਸ਼ ਦੇਣ ਪ੍ਰਤੀ ਉਸਨੇ ਪੂਰਨ ਸਿੰਘ ਵਾਲੀ ਸ਼ੁਧ ਦ੍ਰਿਸ਼ਟੀ ਨੂੰ ਹੀ ਨੇਪਰੇ ਚਾੜ੍ਹਿਆ ਹੈ। ਮੇਰੀ ਬੇਨਤੀ ਹੈ ਕਿ ਪੂਰਨ ਸਿੰਘ ਅਤੇ ਮਹਿਬੂਬ ਨੂੰ ਪੜ੍ਹਨ ਤੋਂ ਬਿਨਾਂ ਸਾਡੀ ਸਾਧਾਰਨ ਦ੍ਰਿਸ਼ਟੀ ਦਾ ਆਪਣੀ ਆਪਣੀ ਤਰ੍ਹਾਂ ਹਰਭਜਨ ਸਿੰਘ ਵਾਲਾ ਹਾਲ ਹੀ ਹੈ। ਉਨ੍ਹਾਂ ਦਾ ਅਜਿਹਾ ਹਾਲ ਇਸ ਲਈ ਹੈ ਕਿ ਉਨ੍ਹਾਂ ਨੂੰ ਪੜ੍ਹਕੇ ਸਮਝ ਨਹੀਂ ਆਉਂਦੀ, ਸਾਡਾ ਹਾਲ ਇਹ ਹੈ ਕਿ ਅਸੀਂ ਉਨ੍ਹਾਂ ਨੂੰ ਹਾਲੀ ਤਕ ਤਸੱਲੀਬਖਸ਼ ਢੰਗ ਨਾਲ ਪੜ੍ਹਿਆ ਹੀ ਨਹੀਂ।

ਗੁਰੂ ਗੋਬਿੰਦ ਸਿੰਘ ਨਾਲ ਸੈਦਾਬੇਗ ਅਤੇ ਸੈਦਖਾਨ ਦੀਆਂ ਜੰਗਾਂ ਸਮੇਂ ਇਨ੍ਹਾਂ ਦੀ ਅੰਤਰੀਵ ਆਤਮਾ ਵਿਚ ਆਏ ਗੁਰੂ ਪ੍ਰਤੀ ਵੈਰਾਗ ਵਿਚੋਂ ਜੰਗਾਂ ਦਾ ਸਦੀਵੀ ਤਿਆਗ ਵਾਂਗ ਹੀ ਬਾਬਰ ਵੀ ਅਰਧ ਚੇਤਨ ਅਵਸਥਾ ਵਿਚ ਅਗਲੇ ਬਾਦਸ਼ਾਹ ਵਾਂਗ ਹੀ ਗੁਰੂ ਸੁਰਤ ਦੇ ਦੂਰ ਨੇੜੇ ਹੋ ਰਿਹਾ ਹੈ। ਇਹ ਉਸਦੇ ਅਮਲਾਂ ਦੀ ਪੂੰਜੀ ਅਨੁਸਾਰ ਹੀ ਹੈ। ਹਰ ਮੁਸਲਮਾਨ ਦੀ ਆਤਮਾ ਵਿਚ ਜਹਾਦ ਅਥਵਾ ਪਵਿੱਤਰ ਮਹਾਂ ਜੰਗ (Greater Holywar) ਦਾ ਤਸੱਵਰ ਲਗਾਤਾਰ ਸਥਾਪਤ ਰਹਿੰਦਾ ਹੈ। ਸੋ ਕੁਦਰਤੀ ਹੈ ਕਿ ਜਦੋਂ ਕੋਈ ਵੀ ਮੁਸਲਮਾਨ ਗੁਰੂ ਸੁਰਤਿ ਨਾਲ ਕਿਸੇ ਤਰ੍ਹਾਂ ਵੀ ਤਾਲ ਵਿਚ ਆਉਂਦਾ ਹੈ ਤਾਂ ਉਸਦੇ ਸ਼ੁੱਧ ਅਮਲਾਂ ਅਨੁਸਾਰ ਹੀ ਮੁਹੰਮਦ ਸਾਹਿਬ ਦੇ ਉਪਰੋਕਤ ਸ਼ਬਦਾਂ ਦੀ ਨਸੀਹਤ ਉਸਦੇ ਅਮਲਾਂ ਦੇ ਸਿਦਕ ਅਨੁਸਾਰ ਪ੍ਰਤਿਬਿੰਬਤ ਹੁੰਦੀ ਹੈ। ਵਜ਼ੀਰ ਖਾਂ, ਪੈਂਦੇ ਖਾਂ, ਸਯਦ ਅਜ਼ੀਮ ਖਾਂ ਤੇ ਲਾਹੌਰ ਦੇ ਹਾਕਮ ਵਜ਼ੀਰ ਖਾਂ (ਪੰਜਵੇਂ ਗੁਰੂ ਸਮੇਂ) ਨੂਰਜਹਾਂ ਬੇਗਮ, ਔਰੰਗਜ਼ੇਬ ਅਤੇ ਉਸਦੇ ਬੇਟੇ ਕਾਮਬਖਸ਼ ਆਦਿ ਆਪਣੀ ਆਪਣੀ ਤਰ੍ਹਾਂ ਸੁਰਤ ਦੇ ਉਤਾਰ ਚੜ੍ਹਾਵਾਂ ਅਨੁਸਾਰ ਸਮੇਂ ਸਮੇਂ ਇਸ ਅਦ੍ਰਿਸ਼ਟ ਰਮਜ਼ ਨੂੰ ਦੁਹਰਾਉਂਦੇ ਰਹੇ ਹਨ। ਸਾਂਈਂ ਮੀਆਂ ਮੀਰ ਰਾਹੀਂ ਹਰਮੰਦਰ ਸਾਹਿਬ ਦੀ ਨੀਂਹ ਰਖਾਉਣੀ, ਪੰਜਵੇਂ ਗੁਰੂ ਸਾਹਿਬ ਨੂੰ ਮਿਲਨ ਵਾਲੇ ਅਨਾਇਤਸ਼ਾਹ ਚਿਸ਼ਤੀ, ਮੁਲਾਹ ਸ਼ਾਹ (ਦਾਰਾਸ਼ਕੋਹ ਦਾ ਗੁਰੂ) ਸ਼ਾਹ ਹੁਸੈਨ, ਸੁਲੇਮਾਨ ਭੀਲੋਵਾਲੀਆ, ਕਾਨ੍ਹਾਂ ਸ਼ਾਹ ਅਤੇ ਮੀਆਂ ਮੀਰ ਆਦਿ ਸੂਫੀ, ਫਕੀਰਾਂ ਦੀ ਲਾਹੌਰ ਵਿਖੇ ਗੁਰੂ

ਸਾਹਿਬਾਨ ਨਾਲ ਗੂੜ੍ਹੀ ਨੇੜ੍ਹਤਾ ਇਸ ਬਾਬਰੀ ਜਲਾਲ ਦੇ ਸੰਕਲਪ ਦੀ ਪਹਿਚਾਣ ਹੀ ਹਨ। ਹਰਭਜਨ ਸਿੰਘ ਨੂੰ ਮੁਸਲਮਾਨਾਂ ਨਾਲ ਜੋ ਰੰਜਸ਼ ਹੈ ਉਹ ਇਕ ਸੱਚੇ ਸਿੱਖ ਵਾਲੀ ਨਹੀਂ ਸਗੋਂ ਇਕ ਈਰਖਾਲੂ ਬ੍ਰਾਹਮਣ ਵਾਲੀ ਹੈ, ਕਿਉਂਕਿ ਸੱਚੇ ਸਿੱਖ ਅੰਦਰ ਗੁਰੂ ਦਾ ਦੁਸ਼ਮਣ ਲਈ ਮਿਹਰਬਾਨ ਰੂਪ ਸਦਾ ਹੀ ਅਭੇਦ ਹੈ। ਉਹ ਹਰਭਜਨ ਸਿੰਘ ਵਾਂਗ ਮੁਸਲਮਾਨ ਤੇ ਈਰਖਾ ਦੇ ਹੜ੍ਹ ਵਿਚ ਕ੍ਰੋਧਵਾਨ ਹੋ ਕੇ ਆਪਣੇ ਅੰਦਰਲੀ ਬੁਲੰਦ ਉਚਾਈ ਦੇ ਸਹਿਜ ਦੇ ਅਨੁਪਾਤ ਨੂੰ ਤੋੜ ਕੇ ਸਿੱਖ ਅਮਲਾਂ ਦਾ ਖੰਡਨ ਕਰਦਾ ਹੋਇਆ ਆਪਣਾ ਪਤਨ ਆਪ ਹੀ ਕਿਉਂ ਕਰੇਗਾ।

ਹਰਭਜਨ ਸਿੰਘ ਦੇ ਜੁਆਬ ਵਿਚ ਗੰਡਾ ਸਿੰਘ ਇਤਿਹਾਸਕਾਰ ਦੇ ਇਤਿਹਾਸਕ ਤੱਥਾਂ ਪ੍ਰਤੀ ਹਰਿੰਦਰ ਸਿੰਘ ਮਹਿਬੂਬ ਨੇ ਜੋ ਖੰਡਨ ਕੀਤਾ ਹੈ, ਉਸ ਪਿਛੇ ਮਹਿਬੂਬ ਦੀ ਮਹਾਨ ਪ੍ਰਤਿਭਾ ਨੂੰ ਵਿਸ਼ਵ ਧਰਮਾਂ, ਵਿਸ਼ਵ ਇਤਿਹਾਸ ਅਤੇ ਵਿਸ਼ਵ ਦੀਆਂ ਕੌਮਾਂ ਦੀ ਸੂਖਮ ਜਾਣਕਾਰੀ ਦਾ ਵਿਸ਼ੇਸ਼ ਰੁਤਬਾ ਪ੍ਰਾਪਤ ਹੈ। ਉਸਨੇ ਵਿਸ਼ਵ ਦੇ ਹਰ ਇਤਿਹਾਸਕਾਰ ਦੀ ਵੱਖ ਵੱਖ ਧਰਮਾਂ ਨੂੰ ਸਮਝਣ ਪ੍ਰਤੀ ਸਹੀ ਅਤੇ ਅਧੂਰੀ ਦ੍ਰਿਸ਼ਟੀ ਨੂੰ ਦਲੀਲਾਂ ਸਹਿਤ ਬੇਨਕਾਬ ਕੀਤਾ ਹੈ। ਟਾਲਸਟਾਏ, ਪਾਸਤਰਨਾਕ, ਵਿਕਟਰ ਹਿਊਗੋ, ਆਰਨਲਡ ਟੋਆਇਨਬੀ ਅਤੇ ਗੁਡਬਿਨ ਜਿਹੇ ਦਾਨਸ਼ਮੰਦ ਇਤਿਹਾਸਕਾਰਾਂ ਦੀ ਇਤਿਹਾਸ ਪ੍ਰਤੀ ਕਿਥੋਂ ਤਕ ਦ੍ਰਿਸ਼ਟੀ ਸਹੀ ਅਤੇ ਕਿਥੇ ਜਾ ਕੇ ਇਤਿਹਾਸਕ ਘਟਨਾਵਾਂ ਨਾਲ ਸਹੀ ਨਿਆਂ ਨਹੀਂ ਕਰਦੀ ਆਦਿ ਦਾ ਨਿਖੇੜਾ ਕਰਦਿਆਂ ਇਤਿਹਾਸ ਦਾ ਵਿਸ਼ਵ ਮਜ਼੍ਹਬਾਂ ਦੇ ਸਹੀ ਇਤਿਹਾਸ ਪ੍ਰਤੀ ਇਕ ਬਿਲਕੁਲ ਨਵਾਂ ਅਤੇ ਮੌਲਿਕ ਦ੍ਰਿਸ਼ਟੀਕੋਣ ਸਿਰਜਿਆ ਹੈ, ਜਿਥੋਂ ਵੇਖਿਆਂ ਗੁਰੂ ਇਤਿਹਾਸ ਅਤੇ ਵਿਸ਼ਵ ਇਤਿਹਾਸ ਦੀ ਸਹੀ ਰੂਪ ਰੇਖਾ ਪਾਠਕ ਦੇ ਸਾਹਮਣੇ ਸਾਕਾਰ ਹੁੰਦੀ ਹੈ।

ਤੀਜੇ ਗੁਰੂ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਵਿਚ ਆਖਿਆ ਹੈ ਕਿ 'ਮੈਨੂੰ ਜਿੱਤ ਹਾਰ ਦੀ ਸੋਝੀ ਕਿਵੇਂ ਪਈ ਹੈ।' ਇਸ ਦੈਵੀ ਇਲਹਾਮ ਦੀ ਸੋਝੀ ਵਿਚੋਂ ਜਿੱਤੇ ਹੋਏ ਹਾਰੇ ਦਿਸਦੇ ਹਨ ਅਤੇ ਹਾਰੇ ਹੋਏ ਜਿੱਤ ਪ੍ਰਾਪਤ ਕਰਨ ਵਾਲੇ ਹਨ - ਆਦਿ ਦਾ ਨਿਖੇੜਾ ਹਰਿੰਦਰ ਸਿੰਘ ਮਹਿਸੂਸ ਨੇ ਉਪਰੋਕਤ ਦ੍ਰਿਸ਼ਟੀਕੋਣ ਰਾਹੀਂ ਹੀ ਨੇਪਰੇ ਚਾੜ੍ਹਿਆ ਹੈ। ਹਰਿੰਦਰ ਸਿੰਘ ਮਹਿਬੂਬ ਦੇ ਵਿਸ਼ਵ ਇਤਿਹਾਸ ਨੂੰ ਪਰਖਣ ਵਾਲੇ ਸਭ ਤੋਂ ਸਹੀ ਅਤੇ ਸ਼ੁਧ ਰੂਪ ਬਾਰੇ ਆਪਣੀ ਤਸੱਲੀ ਲਈ 'ਸਹਿਜੇ ਰਚਿਓ ਖਾਲਸਾ' ਦੀ ਭੂਮਿਕਾ, ਏਸੇ ਪੁਸਤਕ ਦੀ ਸੱਤਵੀਂ ਕਿਤਾਬ 'ਮਜ਼੍ਹਬਾਂ ਦਾ ਸਫਰ', ਅੱਠਵੀਂ

ਕਿਤਾਬ 'ਸ਼ਮਸ਼ੀਰਾਂ ਦਾ ਵਜਦ', ਛੇਵੀਂ ਕਿਤਾਬ 'ਬਿਪਰ ਸੰਸਕਾਰ', ਪੰਜਵੀਂ ਕਿਤਾਬ 'ਜ਼ਫਰਨਾਮਾ' ਅਤੇ ਵਿਸ਼ੇਸ਼ ਕਰਕੇ ਪਹਿਲੀ ਕਿਤਾਬ 'ਜਿਉਂਕਰ ਸੂਰਜ ਨਿਕਲਿਆ' ਆਦਿ ਦੇ ਅਧਿਐਨ ਰਾਹੀਂ ਅਧਿਆਤਮਕ ਦ੍ਰਿਸ਼ਟੀ (Metaphysical Approach) ਰਾਹੀਂ ਸਿੱਖ ਇਤਿਹਾਸ ਅਤੇ ਵਿਸ਼ਵ ਇਤਿਹਾਸ ਨੂੰ ਵੇਖਣ ਵਾਲਾ ਸਹੀ ਮਾਪ ਧਾਰਨ ਕੀਤਾ ਜਾ ਸਕਦਾ ਹੈ, ਜਿਥੇ ਕਿ ਹਰ ਧਰਮ ਰਾਹੀਂ ਸਿਰਜੇ ਇਤਿਹਾਸ ਦਾ ਅਸਲ ਰੂਪ ਤੁਹਾਡੇ ਸਾਹਮਣੇ ਸਹਿਜ ਸੁਭਾਵਿਕ ਹੀ ਸਾਕਾਰ ਹੋ ਜਾਵੇਗਾ। ਬਸ 'ਸਹਿਜੇ ਰਚਿਓ ਖਾਲਸਾ' ਨੂੰ ਸਬਰ, ਸਿਦਕ ਅਤੇ ਸਹਿਜ ਨਾਲ ਪੜ੍ਹਨ ਦੀ ਹੀ ਲੋੜ ਹੈ। ਇਸਦੇ ਨਾਲ ਉਸਦੇ ਦੋਵਾਂ ਮਹਾਂਕਾਵਿ ਦੀ ਭੂਮਿਕਾ ਅਤੇ ਮਹਾਂਕਾਵਿ ਦਾ ਅਧਿਐਨ ਵੀ ਇਸ ਮੱਤ ਦੀ ਪੂਰੀ ਸੰਤੁਸ਼ਟੀ ਕਰਵਾਉਂਦਾ ਹੈ।

ਸੁਲਤਾਨ ਬਾਹੂ ਨੇ ਦੋਹੇ ਵਿਚ ਲਿਖਿਆ ਹੈ ਕਿ "ਮੇਰੇ ਇਕ ਇਕ ਰੋਮ ਵਿਚ ਮਹਿਬੂਬ ਨੂੰ ਲੱਖਾਂ ਹੀ ਵੇਖਣ ਵਾਲੀਆਂ ਅੱਖਾਂ ਹਨ ਜੋ ਕਿ ਹਰ ਨੈਣ ਵਿਚੋਂ ਮਹਿਬੂਬ ਦੀ ਵੱਖਰੀ ਨੁਹਾਰ ਨੂੰ ਇਕੋ ਵੇਲੇ ਇਕੋ ਚਿਹਰੇ ਵਿਚ ਲੱਖਾਂ ਸਕਲਾਂ ਵਿਚ ਵੇਖ ਰਹੀਆਂ ਹਨ।" ਏਸੇ ਤਰ੍ਹਾਂ ਹੀ ਹਰਿੰਦਰ ਸਿੰਘ ਮਹਿਬੂਬ ਦੀ ਹਰ ਰਚਨਾ ਵਿਚ ਸ਼ਬਦਾਂ ਅਤੇ ਫਿਕਰਿਆਂ ਨਾਲ ਵਿਸ਼ਵ ਧਰਮਾਂ, ਪ੍ਰੰਪਰਾਵਾਂ, ਸਮਾਂ, ਸਥਾਨ ਅਤੇ ਇਤਿਹਾਸ ਦੀਆਂ ਵੰਨ ਸੁਵੰਨੀਆਂ ਰਮਜ਼ਾਂ ਇਕੋ ਵੇਲੇ ਜ਼ਾਹਿਰ ਹੁੰਦੀਆਂ ਹਨ ਪ੍ਰੰਤੂ ਹਰਭਜਨ ਸਿੰਘ ਨੂੰ ਇਹ ਸਮਝ ਨਹੀਂ ਆਵੇਗਾ। ਹਰਭਜਨ ਸਿੰਘ ਨੇ ਹਰਪਾਲ ਸਿੰਘ ਪੰਨੂ ਦੀ ਭਾਸ਼ਾ ਦੀ ਸਿਫਤ ਕੀਤੀ ਹੈ। ਹਰਿੰਦਰ ਸਿੰਘ ਮਹਿਬੂਬ ਦੀ ਭਾਸ਼ਾ ਉਹ ਪੁਰਾਤਨ ਕਲਾਸੀਕਲ ਭਾਸ਼ਾ ਹੈ ਜੋ ਕਿ ਧਰਮ ਦੀ ਮੌਲਿਕਤਾ, ਉਸ ਯੁੱਗ ਦੀ ਸਹੀ ਰੂਪ ਰੇਖਾ ਅਤੇ ਅੱਜ ਦੀ ਜਿੰਦਗੀ ਨੂੰ ਸਾਬਤ ਰੱਖਣ ਵਿਚ ਸਭ ਤੋਂ ਵਧ ਸਹਾਈ ਹੋ ਸਕਦੀ ਹੈ ਤੇ ਵਿਸ਼ਵ ਦੇ ਧਰਮ ਗ੍ਰੰਥਾਂ ਦੀ ਰਚਨਾ ਕਰਨ ਵਾਲੀਆਂ ਸਭ ਭਾਸ਼ਾਵਾਂ ਦੀ ਮੌਲਿਕ ਸੁਰ ਉਸਦੀ ਸਰਬੋਤਮ ਭਾਸ਼ਾ ਦੇ ਨਾਲ ਅਚੇਤ ਹੀ ਅਭੇਦ ਹੈ। ਉਨ੍ਹਾਂ ਦੀ ਭਾਸ਼ਾ ਬਾਰੇ ਇਕ ਲੰਮਾ ਲੇਖ ਲਿਖਣਾ ਬਣਦਾ ਹੈ, ਜਿਸਦੀ ਮੈਂ ਲਗਭਗ ਤਿਆਰੀ ਕਰ ਲਈ ਹੈ ਅਤੇ ਕਦੀ ਫੇਰ ਮੈਂ ਇਹ ਪਾਠਕਾਂ ਸਾਹਮਣੇ ਲਿਆਵਾਂਗਾ। ਹਰਿੰਦਰ ਸਿੰਘ ਮਹਿਬੂਬ ਜਿਹੀ ਭਾਸ਼ਾ ਨੂੰ ਵਿਸ਼ਵ ਦੇ ਧਾਰਮਕ ਚਿੰਤਕਾਂ ਨੇ ਦੇਵਤਿਆਂ ਦੀ ਭਾਸ਼ਾ (Language of the Gods) ਆਖਿਆ ਹੈ, ਜਿਸ ਵਿਚ ਜ਼ਿੰਦਗੀ ਅਤੇ ਅਨੁਭਵ ਦਾ ਮੁਕੰਮਲ ਹੁੰਗਾਰਾ ਸੰਭਾਲਣ ਦੀ ਸਮਰੱਥਾ ਹੈ। ਜਿਥੋਂ ਤੱਕ ਹਰਪਾਲ

ਸਿੰਘ ਪੰਨੂ ਦਾ ਸੁਆਲ ਹੈ ਅਸੀਂ ਸ਼ਹਿਰਾਂ ਵਿਚ ਫਰਨੀਚਰ ਦੀਆਂ ਦੁਕਾਨਾਂ ਆਮ ਵੇਖਦੇ ਹਾਂ। ਪ੍ਰੰਤੂ ਪੰਨੂ ਸਾਹਿਬ ਵਿਚ ਇਹ ਵਿਸ਼ੇਸ਼ ਖ਼ੂਬੀ ਹੈ ਕਿ ਉਨ੍ਹਾਂ ਨੇ ਆਪਣੀਆਂ ਰਚਨਾਵਾਂ ਰਾਹੀਂ ਇਕ ਸਾਹਿਤਕ ਫਰਨੀਚਰ ਦੀ ਦੁਕਾਨ ਵੀ ਇਸ ਸਦੀ ਵਿਚ ਖੋਲ੍ਹਣ ਦਾ ਜਤਨ ਕੀਤਾ ਹੈ। ਉਹ ਇਹ ਹੈ ਕਿ ਫਰਨੀਚਰ ਵਾਂਗ ਹੀ ਉਹ ਵਖ ਵਖ ਸਾਖੀਆਂ ਵਿਚੋਂ ਲੱਤਾਂ ਬਾਹਾਂ ਅਤੇ ਆਸਰਾ ਲਭ ਕੇ ਉਨ੍ਹਾਂ ਨੂੰ ਆਪਣੇ ਸ਼ਬਦਾਂ ਦੇ ਨਟ-ਪੇਚ ਕਸਕੇ ਇਕ ਸਾਖੀ ਤਿਆਰ ਕਰ ਲੈਂਦੇ ਹਨ, ਜੋ ਕਿ ਦਿਲਚਸਪ ਜ਼ਰੂਰ ਹੁੰਦੀ ਹੈ ਕਿਉਂਕਿ ਸਾਖੀਆਂ ਦੀ ਭਾਸ਼ਾ ਵੀ ਦੇਵਤਿਆਂ ਦੀ ਹੀ ਭਾਸ਼ਾ ਹੈ, ਉਸਨੂੰ ਜਿਥੇ ਮਰਜ਼ੀ ਰੱਖ ਲਵੋ। ਭਾਸ਼ਾ ਨੇ ਉਸ ਯੁੱਗ ਦਾ ਜੋ ਕੁਝ ਸੰਭਾਲਿਆ ਹੋਇਆ ਹੈ, ਉਹ ਉਸ ਵਿਚੋਂ ਪ੍ਰਕਾਸ਼ਮਾਨ ਹੋਣਾ ਕੁਦਰਤੀ ਹੈ। ਪੰਨੂ ਸਾਹਿਬ ਕੋਲ ਤਾਂ ਕੇਵਲ ਕੁਝ ਨਟਾਂ-ਪੇਚਾਂ ਦੇ ਰੂਪ ਵਿਚ ਹੀ ਚੋਣਵੇਂ ਸ਼ਬਦ ਹਨ ਜਿਨ੍ਹਾਂ ਦਾ ਪ੍ਰਯੋਗ ਉਹ ਕਿਸੇ ਹੱਦ ਤੱਕ ਠੀਕ ਹੀ ਕਰ ਲੈਂਦੇ ਹਨ। ਇਸ ਵਿਚ ਉਨ੍ਹਾਂ ਦਾ ਆਪਣਾ ਆਪ ਕੀ ਹੈ? ਇਹ ਆਪ ਉਨ੍ਹਾਂ ਦੀ ਕੋਈ ਲਿਖਤ ਪੜ੍ਹਕੇ ਅੰਦਾਜ਼ਾ ਲਗਾ ਸਕਦੇ ਹੋ। ਰਹੀ ਗੱਲ ਕੁਲਵੰਤ ਗਰੇਵਾਲ ਦੀ। ਉਨ੍ਹਾਂ ਨੂੰ ਮਹਾਨ ਕਵਿਤਾ ਦੀ ਦਾਤ ਰੱਬ ਵਲੋਂ ਪ੍ਰਾਪਤ ਸੀ ਪ੍ਰੰਤੂ ਉਨ੍ਹਾਂ ਨੇ ਆਪਣੀ ਅੰਦਰਲੀ ਈਰਖਾ ਕਾਰਨ ਮਹਿਬੂਬ ਸਾਹਿਬ ਨਾਲ ਲਗਾਤਾਰ ਵਿਰੋਧ ਪਾਲਦਿਆਂ ਅਤੇ ਪੰਨੂ ਸਾਹਿਬ ਅਤੇ ਹਰਭਜਨ ਸਿੰਘ ਨੂੰ ਮਹਿਬੂਬ ਦੇ ਸਬੰਧ ਵਿਚ ਬੇਲੋੜੀ ਹੱਲਾਸ਼ੇਰੀ ਦਿੰਦਿਆਂ, ਆਪਣੇ ਅੰਦਰਲੀ ਕਵਿਤਾ ਦੀ ਕੁਦਰਤੀ ਦਾਤ ਦਾ ਆਪ ਹੀ ਘਾਣ ਕੀਤਾ ਹੈ। ਉਨ੍ਹਾਂ ਦੀ ਮਹਾਨ ਸ਼ਾਇਰੀ ਦੀ ਰੱਬੀ ਦਾਤ ਬਾਰੇ ਕੋਈ ਕਿਸੇ ਨੂੰ ਭੁਲੇਖਾ ਨਹੀਂ ਹੋਣਾ ਚਾਹੀਦਾ, ਪ੍ਰੰਤੂ ਇਸਨੂੰ ਤੰਦਰੁਸਤ ਰੱਖਣ ਲਈ ਜੋ ਸੁਹਿਰਦਤਾ ਦੀ ਲੋੜ ਹੁੰਦੀ ਹੈ, ਉਹ ਉਨ੍ਹਾਂ ਕੋਲ ਨਾ ਹੋਣ ਕਾਰਨ ਪੰਜਾਬ ਨੂੰ ਇਕ ਨਾ ਭੁਲਣ ਵਾਲਾ ਨੁਕਸਾਨ ਹੋਇਆ ਹੈ। ਜਿਥੋਂ ਤੱਕ ਹਿੰਦੂ ਧਰਮ ਬਾਰੇ ਮਹਿਬੂਬ ਸਾਹਿਬ ਦੇ ਦ੍ਰਿਸ਼ਟੀਕੋਣ ਦਾ ਸੁਆਲ ਹੈ, ਉਨ੍ਹਾਂ ਨੇ ਗੁਰਬਾਣੀ ਨੂੰ ਲਗਾਤਾਰ ਹਵਾਲਿਆਂ ਸਹਿਤ ਆਧਾਰ ਬਣਾਕੇ ਨਵੇਂ ਦਾਰਸ਼ਨਿਕ ਦ੍ਰਿਸ਼ਟੀਕੋਣ ਰਾਹੀਂ ਇਸਦੀ ਭਰਵੀਂ ਜਾਣਕਾਰੀ ਕਰਵਾਈ ਹੈ। ਮਹਿਬੂਬ ਨੇ 1960 ਦੇ ਨਜ਼ਦੀਕ "ਰਿਗਵੇਦ ਦੀਆਂ ਆਵਾਜ਼ਾਂ" ਦੇ ਸਿਰਲੇਖ ਥੱਲੇ ਇਕ ਵਿਸਥਾਰਤ ਲੇਖ ਲਿਖਿਆ ਸੀ। ਉਸ ਵੇਲੇ ਸੰਸਕ੍ਰਿਤ ਦੇ ਪ੍ਰਸਿੱਧ ਵਿਦਵਾਨ ਵਿਦਿਆ ਭਾਸਕਰ ਅਰੁਣ ਨੇ ਮਹਿਬੂਬ ਨੂੰ ਸੰਸਕ੍ਰਿਤ ਦਾ ਇਕ ਉਚਕੋਟੀ ਦਾ ਵਿਦਵਾਨ ਹੋਣ ਦਾ ਰੁਤਬਾ ਦਿੱਤਾ ਸੀ। ਵੀਹਵੀਂ

ਸਦੀ ਵਿਚ ਪ੍ਰੋ. ਪੂਰਨ ਸਿੰਘ ਅਤੇ ਹਰਿੰਦਰ ਸਿੰਘ ਮਹਿਬੂਬ ਸਿੱਖ ਕੌਮ ਦੇ ਉਨ੍ਹਾਂ ਚਾਲ੍ਹੀ ਸਿੱਖਾਂ ਵਿਚੋਂ ਇਕ ਹਨ ਜਿਹੜੇ ਚਮਕੌਰ ਦੀ ਗੜ੍ਹੀ ਅਤੇ ਚਾਲੀ ਮੁਕਤਿਆਂ ਦੇ ਰੂਪ ਵਿਚ ਗੁਰੂ ਦੇ ਨਾਲ ਰਹੇ ਅਤੇ ਅੱਜ ਵੀ ਇਹ ਗਿਣਤੀ ਕਾਇਮ ਹੈ। ਪ੍ਰੰਤੂ ਇਹ ਚਾਲੀ ਚੁਣੇ ਹੋਏ ਬੰਦਿਆਂ ਦੀ ਪੇਸ਼ੀਨਗੋਈ ਵੀ ਕੁਰਾਨ ਵਿਚ ਹੀ ਮਿਲਦੀ ਹੈ ਜੋ ਕਿ ਗੁਰੂ ਸਾਹਿਬਾਨ ਤੇ ਪਹੁੰਚ ਕੇ ਹੀ ਅਸਲ ਵਿਚ ਪੂਰੀ ਉਤਰਦੀ ਹੈ। ਕੁਰਾਨ ਵਿਚ ਲਿਖਿਆ ਹੈ ਕਿ "ਧਰਤੀ ਤੇ ਕਿੰਨਾ ਵੀ ਪਤਨ ਆ ਜਾਵੇ, ਇਸ ਉਪਰ ਰੱਬ ਵਲੋਂ ਚੁਣੇ ਚਾਲੀ ਬੰਦਿਆਂ ਦਾ ਆਸਰਾ ਸਦਾ ਰਹੇਗਾ।"

ਦਸਮ ਗ੍ਰੰਥ ਦੀ ਬਾਣੀ ਬਾਰੇ ਡਾ. ਹਰਭਜਨ ਸਿੰਘ ਨੇ ਜੋ ਇਤਰਾਜ਼ ਉਠਾਇਆ ਹੈ, ਉਸਦੇ ਸਬੰਧ ਵਿਚ ਜੁਆਬ ਇਹ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਇਕ ਇਲਹਾਮ (Revelation) ਵਾਲੇ ਧਰਮ ਗ੍ਰੰਥ ਦਾ ਰੁਤਬਾ ਦਮਦਮਾ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਰਾਹੀਂ ਭਾਈ ਮਨੀ ਸਿੰਘ ਦੇ ਕਾਤਿਬ ਵਜੋਂ ਸਹਿਯੋਗ ਨਾਲ ਆਪਣੇ ਅੰਤਰੀਵ ਵਿਚੋਂ ਲਿਖਵਾਉਣ ਉਪਰੰਤ ਹੀ ਪ੍ਰਾਪਤ ਹੁੰਦਾ ਹੈ। ਏਥੇ ਗੁਰੂ ਤੇ ਗੁਰੂ ਗ੍ਰੰਥ ਸਾਹਿਬ ਇਕ ਹਨ। ਉਨ੍ਹਾਂ ਨੂੰ ਇਕ ਦੂਜੇ ਤੋਂ ਨਿਖੇੜਿਆ ਨਹੀਂ ਜਾ ਸਕਦਾ। ਜੇ ਇਹ ਆਪਸੀ ਨਿਖੇੜਾ ਸਰਸਾ ਵਿਚ ਪਹਿਲੀ ਬੀੜ ਰੁੜ੍ਹਨ ਕਾਰਨ ਹੋਂਦ ਵਿਚ ਆਇਆ ਤਾਂ ਗੁਰੂ ਸਾਹਿਬ ਨੇ ਮੁੜ ਆਪਣੇ ਅੰਤਰ ਧਿਆਨੀ ਜਿਸਮ ਜੋ ਕਿ ਮੁਕੰਮਲ ਗੁਰੂ ਗ੍ਰੰਥ ਸਾਹਿਬ ਦਾ ਜ਼ਹੂਰ (Word in flesh) ਸੀ, ਵਿਚੋਂ ਮੁੜ ਪ੍ਰਕਾਸ਼ ਕਰ ਲਿਆ। ਭਾਵ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਸਾਹਿਬਾਨ ਖਾਲਸੇ ਦੇ ਸ਼ੁਧ ਅਮਲਾਂ ਦੇ ਜ਼ਹੂਰ ਰਾਹੀਂ ਇਕ ਦੂਸਰੇ ਵਿਚ ਇੰਜ ਅਭੇਦ ਹੋ ਚੁੱਕੇ ਹਨ ਜਿਵੇਂ ਚਾਨਣ ਵਿਚ ਚਾਨਣ ਅਭੇਦ ਹੁੰਦਾ ਹੈ। ਸੋ ਇਸ ਦ੍ਰਿਸ਼ਟੀਕੋਣ ਦੀ ਸੂਝ ਰਖਣ ਵਾਲਿਆਂ ਪਾਠਕਾਂ ਨੂੰ ਕੋਈ ਭੁਲੇਖਾ ਨਹੀਂ ਰਹਿਣਾ ਚਾਹੀਦਾ ਕਿ ਦਸਮ ਗ੍ਰੰਥ ਦੀ ਬਾਣੀ ਦਾ ਕੀ ਸਥਾਨ ਹੋਣਾ ਚਾਹੀਦਾ ਹੈ। ਪ੍ਰੋ. ਪੂਰਨ ਸਿੰਘ ਨੇ ਆਪਣੀ ਅੰਗਰੇਜ਼ੀ ਵਿਚ ਰਚੀ ਪੁਸਤਕ "ਦੀ ਟੈੱਨ ਮਾਸਟਰਜ਼" ਵਿਚ ਦਸਮ ਗ੍ਰੰਥ ਦੀ ਬਾਣੀ ਨੂੰ ਕੁਝ ਸੰਸਕ੍ਰਿਤ ਵਿਦਵਾਨਾਂ ਦੇ ਤਰਜ਼ਮਿਆਂ ਤੋਂ ਵੱਧ ਕੁਝ ਨਹੀਂ ਮੰਨਿਆ। ਉਨ੍ਹਾਂ ਨੇ ਇਥੇ ਇਹ ਦੁਖਾਂਤ ਵੀ ਜ਼ਾਹਿਰ ਕੀਤਾ ਹੈ ਕਿ "ਸਿੱਖ ਇਸ ਘਿਨਾਉਣੀ ਰਚਨਾ ਨੂੰ ਦਸਮ ਗ੍ਰੰਥ ਆਖਦੇ ਹਨ"। ਦਸਮ ਗ੍ਰੰਥ ਦੀ ਬਾਣੀ ਜੇਕਰ ਇੰਨੀ ਕੀਮਤੀ ਸੀ ਤਾਂ ਗੁਰੂ ਗੋਬਿੰਦ ਸਿੰਘ ਨੇ ਹਜ਼ੂਰ ਸਾਹਿਬ ਤਕ ਕਿਸੇ ਸਿੱਖ ਨੂੰ ਇਸਦੇ ਲਿਖਣ ਦੀ ਜ਼ਿੰਮੇਵਾਰੀ ਕਿਉਂ ਨਹੀਂ ਲਾਈ।

ਜਦੋਂਕਿ ਅੰਤ 'ਤੇ ਉਨ੍ਹਾਂ ਨੇ ਸਵਾਸ ਤਿਆਗਦਿਆਂ ਦੀਪ ਸਿੰਘ ਅਤੇ ਬਲਬੀਰ ਸਿੰਘ ਨੂੰ ਬੀੜਾਂ ਦੇ ਨਵੇਂ ਉਤਾਰੇ ਤਿਆਰ ਕਰਕੇ ਦਮਦਮਾ ਸਾਹਿਬ ਅਤੇ ਅਬਚਲ ਨਗਰ ਵਿਖੇ ਪਹੁੰਚਾਉਣ ਦੀ ਵਿਸ਼ੇਸ਼ ਹਦਾਇਤ ਕੀਤੀ ਸੀ। ਹਰਿੰਦਰ ਸਿੰਘ ਮਹਿਬੂਬ ਦੀ ਛੇਵੀਂ ਕਿਤਾਬ "ਬਿਪਰ ਸੰਸਕਾਰ" ਦੇ ਅਧਿਐਨ ਰਾਹੀਂ ਹਰ ਪਾਠਕ ਦਾ ਵਹਿਮ ਦੂਰ ਹੋ ਜਾਵੇਗਾ ਕਿ ਦਸਮ ਗ੍ਰੰਥ ਦੀ ਬਾਣੀ ਕਿਸੇ ਤਰ੍ਹਾਂ ਨਾਲ ਵੀ ਗੁਰੂ ਦੀ ਨਹੀਂ ਮੰਨੀ ਜਾ ਸਕਦੀ। ਜੋ ਗੁਰੂ ਗੋਬਿੰਦ ਸਿੰਘ ਦੀ ਸੰਜਮ ਵਿਚ ਲਿਖੀ ਆਪਣੀ ਬਾਣੀ ਹੈ ਸੱਚੇ ਸਿੱਖਾਂ ਨੂੰ ਉਸ ਬਾਰੇ ਕੋਈ ਭੁਲੇਖਾ ਨਹੀਂ।

ਹਰਭਜਨ ਸਿੰਘ ਨੇ "ਵਿਗਿਆਨ ਦਾ ਵਿਸ਼ਾਲ ਫੈਲਾਉ" (ਜੇ ਵਿਗਿਆਨਿਕ ਖੋਜਾਂ ਦੀ ਲਿਸਟ ਦੇ ਦਿੰਦੇ ਤਾਂ ਸਾਇੰਸਦਾਨਾਂ ਦੀ ਸੱਚੀ ਰਹਿਨੁਮਾਈ ਵੀ ਹੋ ਜਾਂਦੀ) ਆਦਿ ਹਵਾਲਿਆਂ ਵਿਚ ਫੇਰ ਆਪਣੀ ਅਗਿਆਨਤਾ ਦੀ ਹੀ ਪ੍ਰਦਰਸ਼ਨੀ ਕੀਤੀ ਹੈ। ਏਥੇ ਕਵੀ ਦਾ ਭਾਵ ਆਧੁਨਿਕ ਵਿਗਿਆਨ ਤੋਂ ਉਕਾ ਹੀ ਨਹੀਂ, ਸਗੋਂ ਪੁਰਾਤਨ ਵਿਗਿਆਨ (Ancient Science) ਤੋਂ ਹੈ ਜਦੋਂ ਵਿਗਿਆਨ ਅਤੇ ਧਰਮ ਇਕ ਸਨ। ਇਹ ਅਰਸਤੂ ਤੋਂ ਪਹਿਲਾਂ ਦਾ ਸਮਾਂ ਹੈ। ਕੁਰਾਨ ਪੁਰਾਤਨ ਜੁ ਦੀ ਉਸੇ ਸ਼ੈਲੀ ਦੀ ਉਪਜ ਹੈ ਜਦੋਂ ਧਰਮ ਤੇ ਵਿਗਿਆਨ ਇਕਮੱਤ ਸਨ। ਜਦੋਂ ਇਨ੍ਹਾਂ ਨੇ ਮਨੁੱਖੀ ਮਨ ਵਿਚ ਅਲਹਿਦਗੀ ਧਾਰਨ ਕੀਤੀ ਤਾਂ ਦੋਵਾਂ ਵਿਚ ਆਪਣੀ ਆਪਣੀ ਤਰ੍ਹਾਂ ਦੀਆਂ ਤ੍ਰੇੜਾਂ ਆਈਆਂ ਹਨ। ਅਸਲ ਦੁਖਾਂਤ ਇਹ ਹੈ ਕਿ ਹਰਭਜਨ ਸਿੰਘ ਦਾ ਧਰਮਾਂ ਪ੍ਰਤੀ ਅਧਿਐਨ ਬਹੁਤ ਸਾਧਾਰਨ ਹੈ ਅਤੇ ਦੂਸਰਾ ਨਿਜੀ ਅਨੁਭਵ ਦੀ ਘਾਟ ਕਾਰਨ ਉਨ੍ਹਾਂ ਦੇ ਇਸ ਲੇਖ ਵਿਚ ਉਨ੍ਹਾਂ ਨੂੰ ਇਹ ਹੀ ਨਹੀਂ ਪਤਾ ਕਿ ਉਹ ਮਹਿਬੂਬ ਸਾਹਿਬ ਨੂੰ ਗਾਲ੍ਹਾਂ ਕੱਢ ਰਹੇ ਹਨ, ਜਾਂ ਇਨ੍ਹਾਂ ਗਾਲਾਂ ਅਤੇ ਮਹਿਬੂਬ ਦੀਆਂ ਲਗਾਤਾਰ ਵੱਖ-ਵੱਖ ਤਰ੍ਹਾਂ ਦੀਆਂ ਸਤਰਾਂ ਦੇਣ ਪਿਛੇ ਉਸਦੀ ਪ੍ਰਤਿਭਾ ਨੂੰ ਸਾਹਮਣੇ ਲਿਆ ਰਹੇ ਹਨ। ਮਹਾਨ ਜੰਗਾਂ ਵੀ ਗੁਰੂ ਸਾਹਿਬਾਨ ਦੇ ਮਿਹਰਬਾਨ ਅਤੇ ਨਿਰਭੈਅ ਰੂਪ ਨੂੰ ਸਾਕਾਰ ਕਰਨ ਵਿਚ ਸਭ ਤੋਂ ਵੱਧ ਸਹਾਈ ਹਨ। ਮਹਿਬੂਬ ਨੇ ਇਨ੍ਹਾਂ ਜੰਗਾਂ ਦੀ ਰੂਹਾਨੀ ਮਹੱਤਤਾ ਨੂੰ ਸਿੱਖ ਦ੍ਰਿਸ਼ਟੀਕੋਣ ਦੇ ਪਾਰਗਾਮੀ ਰਹੱਸ ਤੋਂ ਤਸੱਲੀਬਖਸ਼ ਢੰਗ ਨਾਲ ਆਪਣੀ ਵਾਰਤਕ ਵਿਚ ਰਚੀ ਪੁਸਤਕ "ਸਹਿਜੇ ਰਚਿਓ ਖਾਲਸਾ" ਅਤੇ ਦੋਵੇਂ ਮਹਾਂਕਾਵਿ ਵਿਚ ਪਹਿਲੀ ਵਾਰ ਪ੍ਰਵਾਨਿਤ ਢੰਗ ਨਾਲ ਇਕ ਵਿਲੱਖਣ ਉਚਾਈ ਤੋਂ ਪੇਸ਼ ਕੀਤਾ ਹੈ।

ਹਰਭਜਨ ਸਿੰਘ ਦੇ ਇਸ ਸਮੁੱਚੇ ਲੇਖ ਵਿਚ ਵਿਚਾਰਾਂ ਦਾ ਇੰਨਾ ਗੰਧਲ ਅਤੇ ਅਸਪਸ਼ਟਤਾ ਹੈ ਕਿ ਸਾਰੇ ਦਾ ਤਰਤੀਬਵਾਰ ਜਵਾਬ ਦੇਣ ਲਈ ਬਹੁਤ ਵਿਸਥਾਰ ਦੀ ਲੋੜ ਹੈ। ਮੇਰਾ ਯਕੀਨ ਹੈ ਕਿ ਪਾਠਕ ਸਾਡੇ ਮੱਤ ਨਾਲ ਹਰਿੰਦਰ ਸਿੰਘ ਮਹਿਬੂਬ ਦੇ ਦ੍ਰਿਸ਼ਟੀਕੋਣ ਪ੍ਰਤੀ ਅਵੱਸ਼ ਸਹਿਮਤ ਹੋਵੇਗਾ ਕਿਉਂਕਿ ਉਨ੍ਹਾਂ ਨੇ ਜਿਥੇ ਕਿਸੇ ਧਰਮ ਦੀ ਨਿਸ਼ੰਗ ਹੋ ਕੇ ਸਿਫਤ ਕੀਤੀ ਹੈ, ਉਹ ਇਸ ਲਈ ਹੈ ਕਿ ਵੱਡੀ ਸਿਫਤ ਵਾਲੇ ਧਰਮ ਦੂਸਰੇ ਧਰਮਾਂ ਦੀਆਂ ਸਿਫਤਾਂ ਨੂੰ ਪ੍ਰਵਾਨ ਕਰਦੇ ਹਨ। ਸਿੱਖ ਧਰਮ ਦੀ ਵਿਸ਼ਵ ਧਰਮਾਂ ਦੇ ਸੰਦਰਭ ਵਿਚ ਵਡਿੱਤਣ ਨੂੰ ਦਰਸਾਉਣ ਪ੍ਰਤੀ ਹਰਿੰਦਰ ਸਿੰਘ ਮਹਿਬੂਬ ਦਾ ਕੋਈ ਜਵਾਬ ਨਹੀਂ।

ਸਮਾਪਿਤ